**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969

*Jassi Gill*
CA DRE# 00966763



**Ad space available**
Call 847-359-0746



COVERED CALIFORNIA
**ਓਬਾਮਾ ਕੇਅਰ**
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
November 1 to January 31
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com

License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ



Sixteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 17, Issue 6, February 6, 2016 20451 N Plum Grove Rd., Palatine, IL 60074 Ph:847-359-0746, Fax:847-705-9388


## ਬਾਦਲਾਂ ਵੱਲੋਂ ਸੱਖਣੇ ਚੋਣ ਮੈਦਾਨ ਵਿਚ ਕੌਡੀ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਖਡੂਰ ਸਾਹਿਬ ਵਿਧਾਨ ਸਭਾ ਚੋਣਾਂ ਵਿਚ ਸਾਰੀਆਂ ਅਹਿਮ ਸਿਆਸੀ ਧਿਰਾਂ ਵੱਲੋਂ ਮੈਦਾਨ ਛੱਡ ਜਾਣ ਕਾਰਨ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਲਈ ਕਸੂਤੀ ਸਥਿਤੀ ਬਣ ਗਈ ਹੈ। ਖਾਸਕਰ, ਕਾਂਗਰਸ ਵੱਲੋਂ ਐਨ ਮੌਕੇ ਉਤੇ ਖੇਡੇ ਪੱਤੇ ਨੇ ਅਕਾਲੀ ਦਲ ਲਈ ਧਰਮ ਸੰਕਟ ਖੜ੍ਹਾ ਕਰ ਦਿੱਤਾ ਹੈ।

ਕਾਂਗਰਸ ਵੱਲੋਂ ਚੋਣ ਮੈਦਾਨ ਵਿਚ ਨਾ ਉਤਰਨ ਦਾ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਤ ਘਟਨਾਵਾਂ ਨੂੰ ਦੱਸਿਆ ਜਾ ਰਿਹਾ ਹੈ ਤੇ ਇਸੇ ਰੋਸ ਵਜੋਂ ਹਲਕੇ ਦੇ ਲੋਕਾਂ ਨੂੰ ਵੀ ਚੋਣਾਂ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ ਹੈ। ਅਕਾਲੀ ਦਲ ਨੂੰ ਕਾਂਗਰਸ ਦਾ ਇਹ ਪੱਤਾ ਕਾਫੀ ਮਹਿੰਗਾ ਪੈਂਦਾ ਨਜ਼ਰ ਆ ਰਿਹਾ ਹੈ, ਕਿਉਂਕਿ ਹਾਕਮ ਧਿਰ ਜੇ ਚੋਣ ਜਿੱਤ ਵੀ ਜਾਂਦੀ ਹੈ ਤਾਂ ਉਸ ਨੂੰ ਪੰਥਕ ਵੋਟ ਨੂੰ ਖੋਰਾ ਲੱਗਣ ਦਾ ਡਰ ਸਤਾ ਰਿਹਾ ਹੈ।

ਯਾਦ ਰਹੇ ਕਿ ਖਡੂਰ ਸਾਹਿਬ ਤੋਂ ਕਾਂਗਰਸ ਦੇ ਵਿਧਾਇਕ ਰਮਨਜੀਤ ਸਿੰਘ ਸਿੱਕੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਰੋਸ ਵਜੋਂ ਅਸਤੀਫਾ ਦਿੱਤਾ ਸੀ ਤੇ ਇਸੇ ਰੋਸ ਨੂੰ ਆਧਾਰ ਬਣਾ ਕੇ ਹੁਣ ਚੋਣਾਂ ਲੜਨ ਤੋਂ ਨਾਂਹ ਕਰ ਦਿੱਤੀ; ਹਾਲਾਂਕਿ ਇਕ ਵਾਰ ਕਾਂਗਰਸ ਹਾਈਕਮਾਨ ਨੇ ਚੋਣਾਂ ਲਈ ਕਮਰ ਕੱਸੇ ਕਰ ਲਏ ਸਨ ਤੇ ਸਿੱਕੀ ਨੂੰ ਹੀ ਮੁੜ ਉਮੀਦਵਾਰ ਐਲਾਨ ਦਿੱਤਾ ਸੀ, ਪਰ ਨਾਮਜ਼ਦਗੀ ਪੱਤਰ ਦਾਖਲ ਕਰਨ ਦੇ ਆਖਰੀ ਦਿਨ ਚੋਣ ਲੜਨ ਤੋਂ



ਨਾਂਹ ਕਰ ਦਿੱਤੀ ਗਈ। ਮੰਨਿਆ ਜਾ ਰਿਹਾ ਹੈ ਕਿ ਸ. ਸਿੱਕੀ ਨੇ ਖੁਦ ਹੀ ਚੋਣ ਲੜਨ ਤੋਂ ਇਨਕਾਰ ਕਰ ਦਿੱਤਾ ਸੀ। ਹੁਣ ਸਿਰਫ ਅਕਾਲੀ ਦਲ ਹੀ ਮੁੱਖ ਸਿਆਸੀ ਧਿਰ ਵਜੋਂ ਮੈਦਾਨ ਵਿਚ ਹੈ। ਆਮ ਆਦਮੀ ਪਾਰਟੀ (ਆਪ) ਪਹਿਲਾਂ ਹੀ ਮੈਦਾਨ ਤੋਂ ਬਾਹਰ ਹੈ। ਇਸ ਵੇਲੇ ਸੱਤ ਉਮੀਦਵਾਰ ਮੈਦਾਨ ਵਿਚ ਹਨ। ਲੋਕ ਸਭਾ ਚੋਣਾਂ ਦੌਰਾਨ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਰਹੇ ਭਾਈ ਬਲਦੀਪ ਸਿੰਘ ਦੇ ਨਾਮਜ਼ਦਗੀ ਪੱਤਰ ਰੱਦ ਹੋ ਗਏ ਸਨ। ਇਸ ਜ਼ਿਮਨੀ ਚੋਣ ਲਈ ਵੋਟਾਂ 13 ਫਰਵਰੀ ਨੂੰ ਪੈਣਗੀਆਂ ਤੇ ਵੋਟਾਂ ਦੀ ਗਿਣਤੀ

*(ਬਾਕੀ ਸਫਾ 6 ’ਤੇ)*

### ਕਾਂਗਰਸ ਦੀ ਪਲਟੀ ‘ਤੇ ਵਾਰ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਖਡੂਰ ਸਾਹਿਬ ਵਿਧਾਨ ਸਭਾ ਦੀ ਉਪ ਚੋਣ ਦੇ ਕਾਗਜ਼ ਨਾਮਜ਼ਦਗੀ ਦਾਖਲ ਕਰਨ ਦੇ ਆਖਰੀ ਦਿਨ ਚੋਣ ਨਾ ਲੜਨ ਦੇ ਐਲਾਨ ਨੇ ਸਿਆਸੀ ਹਲਕਿਆਂ ਵਿਚ ਬਹਿਸ ਛੇੜ ਦਿੱਤੀ ਹੈ। ਕਾਂਗਰਸ ਦਾਅਵਾ ਕਰ ਰਹੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਰੋਸ ਵਜੋਂ ਚੋਣਾਂ ਨਾ ਲੜਨ ਦਾ ਐਲਾਨ ਕੀਤਾ ਹੈ, ਪਰ ਚੋਣਾਂ ਲਈ ਨਾਮਜ਼ਦਗੀਆਂ ਭਰਨ ਦੇ ਆਖਰੀ ਦਿਨ ਤੱਕ ਪਾਰਟੀ ‘ਚੋਣ ਲੜੇ ਜਾਂ ਨਾ ਲੜੇ’ ਵਾਲੇ ਗੇੜ ਵਿਚ ਫਸੀ ਰਹੀ। ਇਸ ਤੋਂ ਇਲਾਵਾ ਕੈਪਟਨ ਨੇ ਚੋਣਾਂ ਵਿਚ ਅਕਾਲੀ ਦਲ ਨਾਲ ਟਾਕਰੇ ਲਈ ਸਾਰੀ ਰਣਨੀਤੀ ਉਲੀਕੀ ਹੋਈ ਸੀ। ਮੰਨਿਆ ਜਾ ਰਿਹਾ ਹੈ ਕਿ ਕੈਪਟਨ ਦੀ ਸਲਾਹ ’ਤੇ ਹੀ ਹਾਈਕਮਾਨ ਨੇ ਰਮਨਜੀਤ ਸਿੰਘ ਸਿੱਕੀ ਨੂੰ ਮੁੜ ਮੈਦਾਨ ਵਿਚ ਉਤਾਰਨ ਦਾ ਫੈਸਲਾ ਕੀਤਾ ਸੀ, ਪਰ ਐਨ ਮੌਕੇ ’ਤੇ ਕਾਂਗਰਸ ਦੇ ਕੱਟ ਨੇ ਕਈ ਸਵਾਲ ਖੜ੍ਹੇ ਕੀਤੇ ਹਨ। ਅਸਲ ਵਿਚ ਸਿੱਕੀ ਨੂੰ ਉਮੀਦਵਾਰ ਐਲਾਨਣ ਪਿੱਛੋਂ ਸਵਾਲ ਉੱਠਣ ਲੱਗੇ ਸਨ ਕਿ ਜਿਸ ਮਕਸਦ ਨਾਲ ਕਾਂਗਰਸ ਵਿਧਾਇਕ ਨੇ ਅਸਤੀਫਾ ਦਿੱਤਾ ਸੀ, ਉਹ ਪੂਰਾ ਹੋ ਗਿਆ ਹੈ। ਬੇਅਦਬੀ ਕਾਂਡ ਤੇ ਉਸ ਤੋਂ ਬਾਅਦ


*(ਬਾਕੀ ਸਫਾ 6 ’ਤੇ)*

## ਭਾਜਪਾ ਦੀ ਅਕਾਲੀ ਦਲ ਨਾਲ ਗੱਠਜੋੜ ਤੋਂ ਤੋਬਾ?

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਮੁੜ ਤਰੇੜਾਂ ਉਭਰ ਆਈਆਂ ਹਨ। ਗੱਠਜੋੜ ਵਿਚ ਹੁਣ ਤੱਕ ਹੇਠਲੇ ਲੀਡਰਾਂ ਤੇ ਵਰਕਰਾਂ ਵਿਚਾਲੇ ਹੀ ਖਿੱਚੋਤਾਣ ਸੀ, ਪਰ ਪਿਛਲੇ ਦਿਨੀਂ ਭਾਜਪਾ ਅਤੇ ਅਕਾਲੀ ਦਲ ਦੇ ਸੀਨੀਅਰ ਆਗੂਆਂ ਨੇ ਵੀ ਇਕ-ਦੂਜੇ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ। ਮੰਨਿਆ ਜਾ ਰਿਹਾ ਹੈ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਵੱਖਰਾ ਰਾਹ ਚੁਣ ਸਕਦੀ ਹੈ। ਖਡੂਰ ਸਾਹਿਬ ਜ਼ਿਮਨੀ ਚੋਣ ਵਿਚ ਭਾਜਪਾ ਨੇ ਅਕਾਲੀ ਦਲ ਦੇ ਉਮੀਦਵਾਰ ਬਾਰੇ ਚੁੱਪ ਧਾਰੀ ਹੋਈ ਹੈ। ਗਣਤੰਤਰ ਦਿਹਾੜੇ ‘ਤੇ ਪਰੇਡ ਵਿਚ ਸਿੱਖ ਰੈਜੀਮੈਂਟ ਦੀ ਟੁਕੜੀ ਸ਼ਾਮਲ ਨਾ ਕਰਨ ‘ਤੇ ਅਕਾਲੀ ਦਲ ਨੇ ਮੋਦੀ ਸਰਕਾਰ ਉਤੇ ਨਿਸ਼ਾਨਾ ਸਾਧਿਆ ਹੈ।

ਸੂਤਰਾਂ ਮੁਤਾਬਕ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਮੋਦੀ ਸਰਕਾਰ ਦੇ ਰਵੱਈਏ ਤੋਂ ਖੁਸ਼ ਨਹੀਂ ਹਨ। ਇਸ ਮਾਮਲੇ ਨੂੰ ਲੈ ਕੇ ਬਾਦਲ ਨੇ ਮੋਦੀ ਨੂੰ ਚਿੱਠੀ ਵੀ ਲਿਖੀ ਹੈ।

ਇਸ ਗੱਲ ਦੀ ਚਰਚਾ ਹੈ ਕਿ ਭਾਜਪਾ, ਪੰਜਾਬ ਦੀ ਕਮਾਨ ਸਿੱਖ ਚਿਹਰੇ ਨਵਜੋਤ ਸਿੰਘ ਸਿੱਧੂ ਨੂੰ ਦੇਣ ਜਾ ਰਹੀ ਹੈ। ਨਵਜੋਤ ਸਿੱਧੂ ਅਤੇ ਉਨ੍ਹਾਂ ਦੀ ਪਤਨੀ ਅਕਾਲੀ ਦਲ ਦੀਆਂ ਨੀਤੀਆਂ ਦੇ ਕੱਟੜ ਆਲੋਚਕ ਹਨ। ਇਸ ਲਈ ਜੇ ਸਿੱਧੂ ਪੰਜਾਬ ਭਾਜਪਾ ਦੇ ਪ੍ਰਧਾਨ ਬਣਦੇ ਹਨ ਤਾਂ ਗੱਠਜੋੜ ਕਾਇਮ ਰਹਿਣਾ ਮੁਸ਼ਕਿਲ ਹੈ। ਭਾਜਪਾ



ਫਰਵਰੀ ਦੇ ਆਖਰੀ ਹਫਤੇ ਪੰਜਾਬ ਪ੍ਰਧਾਨ ਦਾ ਐਲਾਨ ਕਰ ਸਕਦੀ ਹੈ। ਇਸ ਮਗਰੋਂ ਹੀ ਗੱਠਜੋੜ ਦਾ ਭਵਿਖ ਤੈਅ ਹੋਏਗਾ।

ਇਸ ਤੋਂ ਇਲਾਵਾ ਭਾਜਪਾ ਅਕਾਲੀ ਦਲ ਨਾਲੋਂ ਵੱਖ ਹੋ ਕੇ ਸੱਤਾ ਵਿਰੋਧੀ ਹਵਾ ਤੋਂ ਵੀ ਬਚਣਾ ਚਾਹੁੰਦੀ ਹੈ ਕਿਉਂਕਿ ਪਿਛਲੇ 10 ਸਾਲਾਂ ਤੋਂ ਸੱਤਾ ‘ਤੇ ਬਿਰਾਜਮਾਨ ਸਰਕਾਰ ਤੇ ਖਾਸਕਰ ਅਕਾਲੀ ਦਲ ਖਿਲਾਫ ਕਾਫੀ ਰੋਸ ਹੈ। ਭਾਜਪਾ ਦੇ ਹੇਠਲੇ ਲੀਡਰ ਅਤੇ ਕਾਡਰ ਪਹਿਲਾਂ ਹੀ ਅਕਾਲੀ ਦਲ ਤੋਂ ਵੱਖ ਹੋਣ ਦੀ ਦੁਹਾਈ ਦਿੰਦਾ ਆ ਰਿਹਾ ਹੈ। ਹੁਣ ਸੀਨੀਅਰ ਲੀਡਰਸ਼ਿਪ ਵੀ ਅਕਾਲੀ ਦਲ ‘ਤੇ ਅਣਦੇਖਿਆ ਕਰਨ ਦੇ ਇਲਜ਼ਾਮ ਲਾ ਰਹੇ ਹਨ। ਕੇਂਦਰੀ ਗ੍ਰਹਿ ਰਾਜ

*(ਬਾਕੀ ਸਫਾ 6 ’ਤੇ)*


**We Do Real Estate in Bay Area & Central Valley**
**We do loans anywhere in California**

Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011




Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com



**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)

Manpreet S. Gahra
*Attorny At Law*
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com


BIGGEST SALE EVER
On Desi TV!
40% OFF
PER MONTH FOR 12 MONTHS
PUNJABI MEGA PACK
$24.99/mo
Regular price
$14 99/mo
FOR 12 MONTHS
Requires credit qualification and subscription to qualifying American or DishLATINO programming.
Use Offer Code SAVEBIG
Cannot be combined with other International offers.
FROM SERIOUS ISSUES TO NON-STOP COMEDY, DISH HAS IT ALL.
jus
Ajj Da Mudda
aapka colors
Comedy Nights With Kapil
$54.99/mo
EVERYDAY PRICE
$24 99/mo
FOR 12 MONTHS
AND MANY MORE
OVER 50% OFF
PER MONTH FOR 12 MONTHS
HINDI MEGA PACK
Requires credit qualification and subscription to qualifying American or DishLATINO programming. Cannot be combined with other International offers
Use Offer Code SAVEBIG
FREE
• 100+ Bollywood Movies On Demand
• Professional Installation in up to 6 rooms
ORDER NOW!
1-888-622-8456
MUST MENTION OFFER CODE:
SAVEBIG
AT TIME OF ORDERING.
Cannot be combined with other Offer Codes
dish
International programming requires additional $10/mo International Basic package or any America's Top or DishLATINO package.
Important Terms and Conditions: Promotional Offers:
$10/mo. Credit for 12 Months Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Must provide Offer Code at time of order. Receive a monthly credit of $10 for the first 12 months.
$30/mo. Credit for 12 Months Offer: Valid for activation and installation of qualifying new DISH service. Requires subscription to a qualifying American or DishLATINO package in addition to Hindi Mega Pack. Must provide Offer Code at time of order. Receive a monthly credit of $30 for the first 12 months.
Requires activation of new qualifying DISH service. All prices, fees, charges, packages, programming, features, functionality and offers subject to change without notice. After 12 months, then-current everyday monthly price applies unless you call or go online to downgrade. ETF: If you cancel service during first 24 months, early termination fee of $20 for each month remaining applies.
Additional Requirements: Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers. Activation Fee may apply. Offers subject to terms of applicable Promotional and Residential Customer agreements. Taxes or reimbursement charges for state gross earnings taxes may apply. Additional restrictions and taxes may apply. Offers end 4/30/2016.
© 2016 DISH Network L.L.C. All rights reserved.

# ਗੁਰਦੁਆਰਾ ਟਾਇਰਾ ਬਿਊਨਾ ਦੀ ਮੈਂਬਰਸ਼ਿਪ ਮੀਟਿੰਗ 28 ਫਰਵਰੀ ਨੂੰ ਕਰਾਉਣ ਦਾ ਹੁਕਮ

**ਯੂਬਾ ਸਿਟੀ (ਬਿਊਰੋ):** ਸਥਾਨਕ ਗੁਰਦੁਆਰਾ ਟਾਇਰਾ ਬਿਊਨਾ ਦੇ ਕਈ ਸਾਲਾਂ ਤੋਂ ਕੋਰਟ ਵਿਚ ਲਟਕਦੇ




ਕੇਸ ਨੂੰ ਉਸ ਸਮੇਂ ਵਿਰਾਮ ਮਿਲਿਆ ਜਦੋਂ ਸੁਪੀਰੀਅਰ ਕੋਰਟ, ਯੂਬਾ ਸਿਟੀ ਨੇ ਗੁਰਦੁਆਰਾ ਸਾਹਿਬ ਦੀ ਮੈਂਬਰਸ਼ਿਪ ਮੀਟਿੰਗ 28 ਫਰਵਰੀ ਨੂੰ ਕਰਾਉਣ ਦਾ ਹੁਕਮ ਸੁਣਾ ਦਿੱਤਾ। ਇਹ ਮੈਂਬਰਸ਼ਿਪ ਮੀਟਿੰਗ ਸਵੇਰੇ 9 ਵਜੇ ਸ਼ੁਰੂ ਹੋਵੇਗੀ ਜਿਸ ਵਿਚ ਕਾਬਜ਼ ਬੋਰਡ ਦਾ ਭਵਿੱਖ ਵਿਚਾਰਿਆ ਜਾਵੇਗਾ।

ਜ਼ਿਕਰਯੋਗ ਹੈ ਕਿ ਪਹਿਲਾਂ ਸੁਪੀਰੀਅਰ ਕੋਰਟ ਨੇ ਫੈਸਲਾ ਦਿੱਤਾ ਸੀ ਕਿ ਮੈਂਬਰਸ਼ਿਪ ਮੀਟਿੰਗ 29 ਫਰਵਰੀ ਤੋਂ ਪਹਿਲਾਂ ਪਹਿਲਾਂ ਕਰਵਾਈ ਜਾਵੇ। ਸੱਦੀ ਜਾ ਰਹੀ ਇਸ ਮੀਟਿੰਗ ਵਿਚ ਕੋਰਮ ਪੂਰਾ ਕਰਨ ਦੀ ਸ਼ਰਤ ਨਹੀਂ ਹੋਵੇਗੀ। ਜਿੰਨੇ ਵੀ ਮੈਂਬਰ ਉਥੇ ਜਾਣਗੇ, ਉਨ੍ਹਾਂ ਵਿਚੋਂ ਬਹੁਸੰਮਤੀ ਦਾ ਫੈਸਲਾ ਲਾਗੂ ਹੋਵੇਗਾ। ਜਿਹੜੀ ਮੈਂਬਰਸ਼ਿਪ 2008 ਵਿਚ ਬਣੀ ਸੀ, ਉਹੀ ਵੋਟ ਪਾ ਸਕਣਗੇ।

ਅਦਾਲਤ ਦਾ ਇਹ ਫੈਸਲਾ ਦੋਹਾਂ ਧਿਰਾਂ ਵਲੋਂ ਮਨਜ਼ੂਰ ਕੀਤਾ ਗਿਆ ਹੈ ਅਤੇ ਮੈਂਬਰਸ਼ਿਪ ਮੀਟਿੰਗ ਲਈ ਦੋਹਾਂ ਧਿਰਾਂ ਵਲੋਂ ਤਿਆਰੀਆਂ ਅਰੰਭ ਕੀਤੀਆਂ ਜਾ ਚੁਕੀਆਂ ਹਨ। ਇਸ ਫੈਸਲੇ ਨਾਲ ਯੂਬਾ ਸਿਟੀ ਦੀ ਸਿੱਖ ਸੰਗਤ ਨੇ ਵੀ ਸੁੱਖ ਦਾ ਸਾਹ ਲਿਆ ਹੈ ਕਿ ਕੋਰਟ ਨੇ ਸਿੱਖਾਂ ਦੇ ਹਿਤ 'ਚ ਫੈਸਲਾ ਲਿਆ ਹੈ।

ਦੱਸਣਯੋਗ ਹੈ ਕਿ ਗੁਰਦੁਆਰਾ ਟਾਇਰਾ ਬਿਊਨਾ ਵਿਚ ਪਿਛਲੇ ਕਈ ਸਾਲਾਂ ਤੋਂ ਨਵੀਆਂ ਚੋਣਾਂ ਕਰਾਉਣ ਦੇ ਮਾਮਲੇ ਉਤੇ ਖਿੱਚੋਤਾਣ ਚੱਲ ਰਹੀ ਹੈ ਅਤੇ ਖੂਨੀ ਝੜੱਪਾਂ ਵੀ ਹੋ ਚੁਕੀਆਂ ਹਨ। ਨਵੀਂ ਚੋਣ ਕਰਾਉਣ ਦੀ ਮੰਗ ਨੂੰ ਲੈ ਕੇ ਇਸ ਤੋਂ ਪਹਿਲਾਂ ਇਹ ਮਾਮਲਾ ਅਦਾਲਤ ਵਿਚ ਜਾ ਚੁਕਾ ਹੈ। ਪ੍ਰਬੰਧ ਉਤੇ ਕਾਬਜ਼ ਹੋਣ ਲਈ ਮੌਜੂਦਾ ਪ੍ਰਬੰਧਕੀ ਧੜੇ ਅਤੇ ਵਿਰੋਧੀ ਧੜੇ ਵਿਚਾਲੇ ਖਿੱਚੋਤਾਣ ਦਾ ਸਿਖਰ ਉਦੋਂ ਵੇਖਣ ਨੂੰ ਮਿਲਿਆ ਜਦੋਂ ਚੜ੍ਹੇ ਸਾਲ ਪਹਿਲੀ ਜਨਵਰੀ ਪੁਲਿਸ ਨੂੰ ਗੁਰਦੁਆਰਾ ਸਾਹਿਬ ਦੇ ਗੇਟ ਤਾਲਾਬੰਦ ਕਰਨੇ ਪਏ ਅਤੇ ਦੋ-ਤਿੰਨ ਦਿਨ ਸੰਗਤਾਂ ਗੁਰੂ ਘਰ ਮੱਥਾ ਟੇਕਣ ਤੋਂ ਵਾਂਝੀਆਂ ਰਹੀਆਂ।

ਜ਼ਿਕਰਯੋਗ ਹੈ ਕਿ ਗੁਰਦੁਆਰਾ ਟਾਇਰਾ ਬਿਊਨਾ ਦੀਆਂ ਸੰਗਤਾਂ ਦੇ ਉਦਮ ਨਾਲ ਹਰ ਸਾਲ ਨਵੰਬਰ ਮਹੀਨੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਪ੍ਰਕਾਸ਼ ਦਿਵਸ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਸਜਾਇਆ ਜਾਂਦਾ ਹੈ ਜੋ ਅਮਰੀਕਾ ਵਿਚ ਸ਼ਾਇਦ ਸਭ ਤੋਂ ਵੱਡਾ ਨਗਰ ਕੀਰਤਨ ਹੁੰਦਾ ਹੈ।

## 'ਪੰਜਾਬ ਟਾਈਮਜ਼ ਨਾਈਟ' 26 ਮਾਰਚ ਨੂੰ

**ਸ਼ਿਕਾਗੋ (ਬਿਊਰੋ):** ਪੰਜਾਬ ਟਾਈਮਜ਼ ਦੀ 16ਵੀਂ ਵਰ੍ਹੇਗੰਢ 'ਤੇ ਸਾਲਾਨਾ ਸਮਾਗਮ 'ਪੰਜਾਬ ਟਾਈਮਜ਼ ਨਾਈਟ' ਇਸ ਵਾਰ 26 ਮਾਰਚ, ਸਨਿਚਰਵਾਰ ਨੂੰ ਕੋਟੇਲੀਅਨ ਬੈਂਕੁਇਟ ਹਾਲ, ਪੈਲਾਟਾਈਨ ਵਿਚ ਹੋਵੇਗੀ।

ਇਸ ਮੌਕੇ ਪੰਜਾਬ ਟਾਈਮਜ਼ ਦੇ ਪ੍ਰਸ਼ੰਸਕ ਇਕੱਤਰ ਹੋਣਗੇ ਅਤੇ ਗੀਤ-ਸੰਗੀਤ ਦਾ ਪ੍ਰੋਗਰਾਮ ਹੋਵੇਗਾ। ਪ੍ਰੋਗਰਾਮ ਸ਼ਾਮੀ 6:30 ਵਜੇ ਤੋਂ ਦੇਰ ਰਾਤ ਤੱਕ ਚੱਲੇਗਾ। ਹੋਰ ਜਾਣਕਾਰੀ ਲਈ ਫੋਨ 847-359-0746 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ

ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ

ਪਹਿਲਾਂ ਘਰ ਲੀਜ਼ 'ਤੇ ਲਓ ਤੇ ਫਿਰ ਖਰੀਦੋ

Duplex, Four Plax ਅਤੇ Apartment Building ਵਿਚ Investment ਲਈ ਕਾਲ ਕਰੋ ਜੀ



ਜਗਦੇਵ ਸਿੰਘ

ਫੋਨ: 510-689-4625

REALTOR EQUAL HOUSING OPPORTUNITY

JAGDEV SINGH
*Realtor*
CalBre #01423409
42820 Albrae, St.,
Fremont, CA 94538



STATEN SOLAR
AFFORDABLE ENERGY FOR EVERYONE

**Save with Solar**


**Commercial, Agricultural and Residential**



For South California



Simran Deol
*Solar Engineer*
661-412-4728
661-427-0843 (fax)



BYE BILL

No One Can Beat Our Price Guaranteed!

Top Quality Product *20 Years Performance Guarantee *25 Years Guarantee for Panels *Free Maintenance for 20 Years *No Need to worry about increasing utility *Professional Installation *24/7 Monitoring

For North California



Balwinder Garcha
*Sales Rep Bay Area by North California*
510-468-9525

# ਗਣਤੰਤਰ ਦਿਵਸ ਪਰੇਡ 'ਚ ਪੰਜਾਬ ਦੀ ਗੈਰਹਾਜ਼ਰੀ ਬਣੀ ਮੁੱਦਾ

**ਅੰਮ੍ਰਿਤਸਰ:** ਗਣਤੰਤਰ ਦਿਵਸ ਮੌਕੇ ਪਰੇਡ ਵਿਚ ਸਿੱਖ ਰੈਜੀਮੈਂਟ ਨੂੰ ਸ਼ਾਮਲ ਨਾ ਕਰਨ ਕਰਕੇ ਮੋਦੀ ਸਰਕਾਰ 'ਤੇ ਸਵਾਲ ਉਠੇ ਹਨ। ਹੁਣ ਤੱਕ ਅਕਸਰ ਸਿੱਖ ਰੈਜੀਮੈਂਟ ਪੂਰੇ ਉਤਸ਼ਾਹ ਨਾਲ ਪਰੇਡ ਦਾ ਹਿੱਸਾ ਬਣਦੀ ਰਹੀ ਹੈ ਤੇ ਉਸ ਦਾ ਮਾਰਚ ਪਰੇਡ ਵਿਚ ਬੇਹੱਦ ਸ਼ਾਨਦਾਰ ਹੁੰਦਾ ਸੀ। ਪੰਜਾਬ ਭਾਰਤ ਦਾ ਦੋ ਫੀਸਦੀ ਹਿੱਸਾ ਹੈ, ਪਰ ਆਜ਼ਾਦੀ ਵਿਚ ਇਸ ਦੀਆਂ ਕੁਰਬਾਨੀਆਂ 80 ਫੀਸਦੀ ਤੋਂ ਵੀ ਵਧੇਰੇ ਹਨ। ਸਿੱਖ ਜਥੇਬੰਦੀਆਂ ਨੇ ਇਸ ਨੂੰ ਕੋਝੀ ਸਾਜ਼ਿਸ਼ ਕਰਾਰ ਦਿੱਤਾ ਹੈ।

ਇਸ ਵਾਰ ਪੰਜਾਬ ਸਰਕਾਰ ਨੇ ਉਪਰੋਕਤ ਸਮਾਰੋਹ ਵਿਚ ਪੰਜਾਬ ਦੀ ਸ਼ਮੂਲੀਅਤ ਲਈ ਉਚੇਚੇ ਤੌਰ 'ਤੇ ਵਿਰਾਸਤ-ਏ-ਖਾਲਸਾ ਅਨੰਦਪੁਰ ਸਾਹਿਬ ਦੀ ਝਾਕੀ ਤਿਆਰ ਕੀਤੀ ਸੀ, ਪਰ ਕੇਂਦਰੀ ਰੱਖਿਆ ਮੰਤਰਾਲੇ ਨੇ ਉਸ ਝਾਕੀ ਨੂੰ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਵਾਰ ਗਣਤੰਤਰ ਦਿਵਸ ਪਰੇਡ ਵਿਚ ਯੂ.ਪੀ., ਬਿਹਾਰ, ਗੋਆ, ਗੁਜਰਾਤ, ਸਿੱਕਮ, ਜੰਮੂ ਕਸ਼ਮੀਰ, ਰਾਜਸਥਾਨ, ਚੰਡੀਗੜ੍ਹ (ਯੂ.ਟੀ.), ਬਿਹਾਰ, ਆਸਾਮ, ਤ੍ਰਿਪੁਰਾ, ਉੜੀਸਾ, ਪੱਛਮੀ ਬੰਗਾਲ, ਮੱਧ ਪ੍ਰਦੇਸ਼, ਕਰਨਾਟਕ, ਤਾਮਿਲਨਾਡੂ, ਉਤਰਾਖੰਡ ਦੀਆਂ 17 ਝਾਕੀਆਂ ਤੇ ਕੇਂਦਰੀ ਸਮਾਜਿਕ ਨਿਆਂ ਮੰਤਰਾਲੇ ਵੱਲੋਂ ਤਿਆਰ ਛੇ ਝਾਕੀਆਂ ਸ਼ਾਮਲ ਕੀਤੀਆਂ ਗਈਆਂ। ਹੈਰਾਨੀਜਨਕ ਗੱਲ ਇਹ ਹੈ ਕਿ ਪੰਜਾਬ ਦੀ ਝਾਕੀ ਇਥੋਂ ਦੀ ਵਿਰਾਸਤ ਨਾਲ ਸਬੰਧਤ ਸੀ ਤੇ ਪੁਰਾਤਨ ਪੰਜਾਬ ਤੇ ਉਸ ਵੇਲੇ ਦੇ ਪੰਜਾਬੀਆਂ ਦੀ ਰਹਿਣੀ-ਬਹਿਣੀ ਦੀ ਤਸਵੀਰ ਪੇਸ਼ ਕਰ ਰਹੀ ਸੀ, ਜਿਸ ਨੂੰ ਪਰੇਡ 'ਚ ਸ਼ਾਮਲ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ ਜਦਕਿ ਰਾਜਸਥਾਨ ਦੇ ਹਵਾ ਮਹਿਲ, ਗੋਆ ਦੇ ਇਕ ਲੋਕ ਨਾਚ, ਗੁਜਰਾਤ ਦੇ ਗਿਰ ਖੇਤਰ ਵਿਚਲੇ ਜੰਗਲ ਵਿਚ ਵਸਦੇ ਇਕ ਕਬੀਲੇ ਅਤੇ ਉਥੋਂ ਦੇ ਸ਼ੇਰ, ਯੂ.ਪੀ. ਦੀ ਜਰਦੋਜ਼ੀ ਵਿਰਾਸਤ ਅਤੇ ਮੱਧ ਪ੍ਰਦੇਸ਼ ਦੇ ਸਫੈਦ ਚੀਤੇ ਨੂੰ ਵਧੇਰੇ ਮਹੱਤਵਪੂਰਨ ਮੰਨਦਿਆਂ ਪਰੇਡ ਵਿਚ ਜਗ੍ਹਾ ਦਿੱਤੀ ਗਈ।

ਸਮਾਗਮ ਵਿਚ ਪੰਜਾਬ ਦੀ ਸ਼ਮੂਲੀਅਤ ਲਈ ਵਿਭਾਗ ਨੇ ਕੇਂਦਰੀ ਰੱਖਿਆ ਮੰਤਰਾਲੇ ਨੂੰ ਤਿੰਨ ਝਾਕੀਆਂ ਦੀ ਤਜਵੀਜ਼ ਭੇਜੀ ਸੀ, ਜਿਨ੍ਹਾਂ 'ਚੋਂ ਇਕ ਝਾਕੀ ਦੀ ਚੋਣ ਕੇਂਦਰੀ ਮੰਤਰਾਲੇ ਨੇ ਕਰਨੀ ਸੀ। ਵਿਭਾਗ ਨੇ ਵਿਰਾਸਤ-ਏ-ਖਾਲਸਾ ਦੇ ਨਾਲ-ਨਾਲ 'ਮਾਈ ਭਾਗੋ ਆਰਮਡ ਫੋਰਸਿਜ਼ ਇੰਸਟੀਚਿਊਟ' ਤੇ 'ਸੂਰਜੀ ਊਰਜਾ' ਦੀਆਂ ਝਾਕੀਆਂ ਬਾਰੇ ਤਜਵੀਜ਼ਾਂ ਭੇਜੀਆਂ ਸਨ। ਕੇਂਦਰੀ ਮੰਤਰਾਲੇ ਨੇ ਹੋਰਾਂ ਸੂਬਿਆਂ ਤੋਂ ਆਈਆਂ ਝਾਕੀਆਂ 'ਚੋਂ ਸਭ ਤੋਂ ਬਿਹਤਰੀਨ 10 ਝਾਕੀਆਂ ਦੀ ਚੋਣ ਕਰਨੀ ਸੀ, ਪਰ ਪੰਜਾਬ ਦੀ ਝਾਕੀ ਦੀ ਉਨ੍ਹਾਂ 10 ਝਾਕੀਆਂ ਵਿਚ ਚੋਣ ਨਹੀਂ ਕੀਤੀ ਗਈ। ਤਿੰਨ ਸਾਲ ਪਹਿਲਾਂ ਸਾਲ 2012 ਵਿਚ ਗਣਤੰਤਰ ਦਿਵਸ ਸਮਾਰੋਹ ਮੌਕੇ ਪੰਜਾਬ ਦੀ ਝਾਕੀ ਨਜ਼ਰ ਆਈ ਸੀ। ਉਸ ਮੌਕੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਤ ਝਾਕੀ ਗਣਤੰਤਰ ਦਿਵਸ ਪਰੇਡ ਵਿਚ ਨਜ਼ਰ ਆਈ ਸੀ। ਉਸ ਤੋਂ ਅਗਲੇ ਸਾਲਾਂ ਪੰਜਾਬ ਵੱਲੋਂ ਤੀਜ ਮੇਲਾ, ਬਾਬਾ ਫਰੀਦ ਅਤੇ ਕਿਲਾ ਰਾਏਪੁਰ ਖੇਡਾਂ 'ਤੇ ਆਧਾਰਤ ਝਾਕੀਆਂ ਦੀਆਂ ਤਜਵੀਜ਼ਾਂ ਕੇਂਦਰੀ ਮੰਤਰਾਲੇ ਨੂੰ ਭੇਜੀਆਂ ਜਾਂਦੀਆਂ ਰਹੀਆਂ, ਪਰ ਉਨ੍ਹਾਂ ਝਾਕੀਆਂ ਨੂੰ ਗਣਤੰਤਰ ਦਿਵਸ ਪਰੇਡ ਵਿਚ ਜਗ੍ਹਾ ਨਹੀਂ ਦਿੱਤੀ ਗਈ। ਪਰੇਡ ਵਿਚ ਫੌਜ ਦੇ ਸਿੱਖ ਦਸਤੇ ਨੂੰ ਸ਼ਾਮਲ ਨਾ ਕਰਨ ਦਾ ਮਾਮਲਾ ਵੀ ਸੋਸ਼ਲ ਮੀਡੀਆ 'ਤੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਸਿੱਖ ਤੇ ਪੰਜਾਬ ਰੈਜਮੈਂਟਾਂ ਭਾਰਤੀ ਫ਼ੌਜ ਦੇ ਸਭ ਤੋਂ ਪੁਰਾਣੇ ਦਸਤਿਆਂ ਵਿਚੋਂ ਹਨ ਅਤੇ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਇਸ ਵਾਰੀ ਗਣਤੰਤਰ ਦਿਵਸ ਪਰੇਡ ਵਿਚ ਸ਼ਾਮਲ ਨਾ ਕਰਨਾ ਕੇਂਦਰ ਦੇ ਘੱਟ ਗਿਣਤੀਆਂ ਪ੍ਰਤੀ ਰਵਈਏ ਦਾ ਪ੍ਰਗਟਾਵਾ ਹੈ।



### ਬਾਦਲ ਦਾ ਕੇਂਦਰ ਨਾਲ ਗਿਲਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਗਣਤੰਤਰ ਦਿਵਸ ਦੀ ਪਰੇਡ ਵਿਚੋਂ ਸਿੱਖ ਰੈਜੀਮੈਂਟ ਦੀ ਸ਼ਮੂਲੀਅਤ ਨਾ ਹੋਣ ਨੂੰ ਦੁਖਦਾਈ ਅਤੇ ਅਫ਼ਸੋਸਜਨਕ ਦੱਸਿਆ ਹੈ। ਸ. ਬਾਦਲ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਲਿਖੇ ਪੱਤਰ ਵਿਚ ਕਿਹਾ ਕਿ ਗਣਤੰਤਰ ਦਿਵਸ ਮੌਕੇ ਸਿੱਖ ਰੈਜੀਮੈਂਟ ਨੂੰ ਪਰੇਡ ਵਿਚ ਸ਼ਾਮਲ ਨਾ ਕਰਨ ਕਰਕੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਪਰੇਡ ਮੌਕੇ ਸਦਾ ਹੀ ਭਾਰਤ ਦੇ ਬਹੁ-ਸਭਿਆਚਾਰ, ਬਹੁ ਧਾਰਮਿਕ ਪਛਾਣ ਅਤੇ ਧਰਮ-ਨਿਰਪੱਖ ਵਿਸ਼ਵਾਸਾਂ ਨੂੰ ਦਰਸਾਇਆ ਜਾਂਦਾ ਰਿਹਾ ਹੈ।

### ਸ਼੍ਰੋਮਣੀ ਕਮੇਟੀ ਨੇ ਮੋਦੀ ਸਰਕਾਰ ਨੂੰ ਘੇਰਿਆ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕੇਂਦਰ ਸਰਕਾਰ 'ਤੇ ਦੋਸ਼ ਲਾਇਆ ਕਿ ਗਣਤੰਤਰ ਦਿਵਸ ਮੌਕੇ ਫਰਾਂਸ ਦੇ ਰਾਸ਼ਟਰਪਤੀ ਸਾਹਮਣੇ ਜਾਣਬੁੱਝ ਕੇ ਸਿੱਖ ਰੈਜਮੈਂਟ ਨੂੰ ਪਰੇਡ ਵਿਚ ਸ਼ਾਮਲ ਨਹੀਂ ਕੀਤਾ ਗਿਆ ਤਾਂ ਜੋ ਉਨ੍ਹਾਂ ਨੂੰ ਦਸਤਾਰ ਦੀ ਮਹੱਤਤਾ ਬਾਰੇ ਪਤਾ ਨਾ ਲੱਗ ਸਕੇ। ਇਸ ਕਾਰਨ ਸਮੁੱਚੇ ਸਿੱਖ ਵਰਗ ਵਿਚ ਰੋਸ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ ਇਸ ਵਾਰ ਗਣਤੰਤਰ ਦਿਵਸ ਮੌਕੇ ਫਰਾਂਸ ਦੇ ਰਾਸ਼ਟਰਪਤੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਲਈ ਪੁੱਜੇ ਸਨ। ਉਨ੍ਹਾਂ ਨੂੰ ਮਿਲਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਮਾਂ ਵੀ ਮੰਗਿਆ ਗਿਆ ਸੀ। ਇਸ ਬਾਰੇ 21 ਜਨਵਰੀ ਨੂੰ ਪ੍ਰਧਾਨ ਮੰਤਰੀ ਨੂੰ ਪੱਤਰ ਵੀ ਭੇਜਿਆ ਗਿਆ ਸੀ। ਉਨ੍ਹਾਂ ਆਖਿਆ ਕਿ ਫਰਾਂਸ ਵਿਚ ਸਿੱਖ ਭਾਈਚਾਰੇ ਨੂੰ ਦਸਤਾਰ ਸਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਜਦੋਂ ਸਿੱਖ ਭਾਈਚਾਰਾ ਵਿਦੇਸ਼ੀ ਆਗੂ ਅੱਗੇ ਦਸਤਾਰ ਦੀ ਮਹੱਤਤਾ ਪੇਸ਼ ਕਰਨ ਦਾ ਯਤਨ ਕਰ ਰਿਹਾ ਸੀ ਤਾਂ ਕੇਂਦਰ ਸਰਕਾਰ ਨੇ ਕੌਮੀ ਪਰੇਡ ਵਿਚੋਂ ਸਿੱਖਾਂ ਨੂੰ ਮਨਫ਼ੀ ਕਰ ਦਿੱਤਾ ਤਾਂ ਜੋ ਫਰਾਂਸ ਦੇ ਰਾਸ਼ਟਰਪਤੀ ਨੂੰ ਇਸ ਬਾਰੇ ਪਤਾ ਨਾ ਲੱਗ ਸਕੇ।

### ਵਿਦੇਸ਼ੀ ਦਬਾਅ ਹੇਠ ਕੰਮ ਕਰ ਰਹੀ ਹੈ ਸਰਕਾਰ: ਝੀਂਡਾ

**ਕਰਨਾਲ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਗਣਤੰਤਰ ਦਿਵਸ 'ਤੇ ਦਿੱਲੀ ਵਿਚ ਹੋਈ ਪਰੇਡ ਦੌਰਾਨ ਸਿੱਖ ਰੈਜਮੈਂਟ ਨੂੰ ਸ਼ਾਮਲ ਨਾ ਕੀਤੇ ਜਾਣ 'ਤੇ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਦੀ ਮੋਦੀ ਸਰਕਾਰ ਵਿਦੇਸ਼ੀਆਂ ਦੇ ਦਬਾਅ ਹੇਠ ਕੰਮ ਕਰ ਰਹੀ ਹੈ। ਜਥੇਦਾਰ ਝੀਂਡਾ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਤੋਂ ਲੈ ਕੇ 2015 ਤੱਕ 26 ਜਨਵਰੀ ਦੀ ਪਰੇਡ ਦੌਰਾਨ ਸਿੱਖ ਰੈਜਮੈਂਟ ਨੂੰ ਸ਼ਾਮਲ ਕੀਤਾ ਗਿਆ ਪਰ ਇਸ ਸਾਲ ਮੋਦੀ ਸਰਕਾਰ ਨੇ ਸਿੱਖਾਂ ਦਾ ਅਪਮਾਨ ਕੀਤਾ ਹੈ।

## ਪਾਕਿ ਵਲੋਂ ਪਠਾਨਕੋਟ ਹਮਲੇ ਦੀ ਜਾਂਚ ਦਾ ਭਰੋਸਾ

**ਲਾਹੌਰ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਭਰੋਸਾ ਦਿੱਤਾ ਹੈ ਕਿ ਉਨ੍ਹਾਂ ਦਾ ਦੇਸ਼ ਪਠਾਨਕੋਟ ਅਤਿਵਾਦੀ ਹਮਲੇ ਦੀ ਜਾਂਚ ਛੇਤੀ ਪੂਰੀ ਕਰਕੇ ਇਸ ਨੂੰ ਜਨਤਕ ਕਰੇਗਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦੀ ਯਾਤਰਾ ਬਾਅਦ ਭਾਰਤ ਨਾਲ ਗੱਲਬਾਤ ਸਹੀ ਦਿਸ਼ਾ ਵਿਚ ਜਾ ਰਹੀ ਸੀ, ਪਰ ਅਫਸੋਸ ਹੈ ਕਿ ਪਠਾਨਕੋਟ ਹਮਲੇ ਨੇ ਇਸ ਗੱਲਬਾਤ ਦੀ ਪ੍ਰਕਿਰਿਆ ਵਿਚ ਖ਼ਲਲ ਪਾ ਦਿੱਤਾ।

ਉਨ੍ਹਾਂ ਕਿਹਾ ਕਿ ਪਠਾਨਕੋਟ ਹਮਲੇ ਬਾਰੇ ਜਾਂਚ ਜਾਰੀ ਹੈ ਤੇ ਇਸ ਦਾ ਨਤੀਜਾ ਚਾਹੇ ਜੋ ਵੀ ਨਿਕਲੇ ਉਸ ਨੂੰ ਛੇਤੀ ਹੀ ਜਨਤਕ ਕੀਤਾ ਜਾਵੇਗਾ। ਸ਼ਰੀਫ ਨੇ ਸੰਕਲਪ ਲਿਆ ਕਿ ਦੋ ਜਨਵਰੀ ਨੂੰ ਜੈਸ਼-ਏ-ਮੁਹੰਮਦ ਦੇ ਅਤਿਵਾਦੀਆਂ ਵੱਲੋਂ ਪਠਾਨਕੋਟ ਏਅਰਬੇਸ 'ਤੇ ਕੀਤੇ ਹਮਲੇ ਵਿਚ ਆਪਣੀ ਸਰਜ਼ਮੀਨ ਦੀ ਵਰਤੋਂ ਨੂੰ ਬੇਨਕਾਬ ਕਰਨ ਲਈ ਪਾਕਿਸਤਾਨ ਕਿਸੇ ਵੀ ਹੱਦ ਤੱਕ ਜਾਵੇਗਾ। ਜੇਕਰ ਹਮਲੇ ਲਈ ਪਾਕਿਸਤਾਨ ਦੀ ਧਰਤੀ ਵਰਤੀ ਗਈ ਹੈ ਤਾਂ ਇਹ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਇਸ ਨੂੰ ਬੇਨਕਾਬ ਕੀਤਾ ਜਾਵੇ। ਸਰਕਾਰ ਅਜਿਹਾ ਕਰੇਗੀ ਤੇ ਚੱਲ ਰਹੀ ਜਾਂਚ ਛੇਤੀ ਪੂਰੀ ਹੋਵੇਗੀ। ਅਤਿਵਾਦੀਆਂ ਨੂੰ ਮਾਤ ਦਿੱਤੀ ਜਾ ਰਹੀ ਹੈ। ਉਹ (ਅਤਿਵਾਦੀ) ਆਪਣੀ ਹੋਂਦ ਦਰਜ ਕਰਵਾਉਣ ਲਈ ਵੱਖ-ਵੱਖ ਹਰਕਤਾਂ ਕਰ ਰਹੇ ਹਨ। ਬਾਕੀ ਬਚੇ ਹੋਏ ਅਤਿਵਾਦੀਆਂ ਦਾ ਵੀ ਸਫਾਇਆ ਕਰ ਦਿੱਤਾ ਜਾਵੇਗਾ।

ਇਸੇ ਦੌਰਾਨ ਸੂਬਾ ਪੰਜਾਬ ਦੇ ਕਾਨੂੰਨ ਮੰਤਰੀ ਰਾਣਾ ਸਨਾਉਲ੍ਹਾ ਨੇ ਕਿਹਾ ਕਿ ਪਠਾਨਕੋਟ ਹਮਲੇ ਸਬੰਧੀ ਗ੍ਰਿਫਤਾਰ ਕੀਤੇ ਗਏ ਮਸ਼ਕੂਕਾਂ ਵਿਚੋਂ ਕਿਸੇ 'ਤੇ ਵੀ ਇਸ ਕਾਂਡ ਬਾਰੇ ਕੇਸ ਦਰਜ ਨਹੀਂ ਕੀਤਾ ਗਿਆ। ਇਸ ਹਮਲੇ ਪਿੱਛੇ ਜੈਸ਼-ਏ-ਮੁਹੰਮਦ ਦਾ ਹੱਥ ਹੋਣ ਬਾਰੇ ਉਨ੍ਹਾਂ ਕਿਹਾ ਕਿ ਜਾਂਚ ਟੀਮ ਇਸ ਦੀ ਵੀ ਘੋਖ ਕਰ ਰਹੀ ਹੈ।

### ਭਾਈ ਮੋਹਕਮ ਸਿੰਘ ਮੁੜ ਗ੍ਰਿਫ਼ਤਾਰ

**ਅੰਮ੍ਰਿਤਸਰ:** ਯੂਨਾਈਟਿਡ ਅਕਾਲੀ ਦਲ ਦੇ ਮੁਖੀ ਤੇ ਸਰਬੱਤ ਖ਼ਾਲਸਾ ਦੇ ਪ੍ਰਬੰਧਕ ਭਾਈ ਮੋਹਕਮ ਸਿੰਘ ਨੂੰ ਪੁਲਿਸ ਨੇ ਅਦਾਲਤ ਵਿਚ ਪੇਸ਼ੀ ਦੌਰਾਨ ਮੁੜ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਨੂੰ ਹਾਲ ਹੀ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਦੇਸ਼ ਧਰੋਹ ਵਾਲੇ ਮਾਮਲੇ ਵਿਚ ਅਤੇ ਸਥਾਨਕ ਅਦਾਲਤ ਵੱਲੋਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਹੇਠ ਦਰਜ ਮਾਮਲਿਆਂ ਵਿਚ ਜ਼ਮਾਨਤ ਦਿੱਤੀ ਗਈ ਸੀ। ਉਨ੍ਹਾਂ ਨੂੰ ਹੁਣ ਤਰਨ ਤਾਰਨ ਪੁਲਿਸ ਵੱਲੋਂ 29 ਨਵੰਬਰ ਨੂੰ ਹਰੀਕੇ ਵਿਚ ਆਵਾਜਾਈ ਰੋਕਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ।

### ਪਾਕਿ ਮਦਰੱਸਿਆਂ ਲਈ ਸਾਊਦੀ ਅਰਬ ਦਾ ਪੈਸਾ

**ਵਾਸ਼ਿੰਗਟਨ:** ਅਮਰੀਕਾ ਦੇ ਇਕ ਸੀਨੀਅਰ ਸੈਨੇਟਰ ਨੇ ਕਿਹਾ ਹੈ ਕਿ ਸਾਊਦੀ ਅਰਬ, ਪਾਕਿਸਤਾਨ ਵਿਚ ਤਕਰੀਬਨ 24 ਹਜ਼ਾਰ ਮਦਰੱਸਿਆਂ ਨੂੰ ਮਾਲੀ ਸਹਾਇਤਾ ਮੁਹੱਈਆ ਕਰਵਾ ਰਿਹਾ ਹੈ ਅਤੇ ਉਹ 'ਅਸਹਿਣਸ਼ੀਲਤਾ' ਫੈਲਾਉਣ ਲਈ 'ਧਨ ਦੀ ਸੁਨਾਮੀ' ਭੇਜ ਰਿਹਾ ਹੈ। ਸੈਨੇਟਰ ਕ੍ਰਿਸ ਮਰਫੀ ਨੇ ਕਿਹਾ ਕਿ ਅਮਰੀਕਾ ਨੂੰ ਸਾਊਦੀ ਅਰਬ ਵੱਲੋਂ ਕੱਟੜਪੰਥੀ ਇਸਲਾਮ ਨੂੰ ਸਪਾਂਸਰ ਕੀਤੇ ਜਾਣ 'ਤੇ ਆਪਣੀ ਮੌਨ ਸਹਿਮਤੀ ਨੂੰ ਖਤਮ ਕਰਨ ਦੀ ਲੋੜ ਹੈ।

ਸ੍ਰੀ ਮਰਫੀ ਨੇ ਕਿਹਾ ਕਿ ਪਾਕਿਸਤਾਨ ਇਸ ਗੱਲ ਦੀ ਮਿਸਾਲ ਹੈ ਜਿਥੇ ਸਾਊਦੀ ਅਰਬ ਤੋਂ ਆ ਰਹੇ ਪੈਸੇ ਦੀ ਵਰਤੋਂ ਉਨ੍ਹਾਂ ਮਦਰੱਸਿਆਂ 'ਚ ਕੀਤੀ ਜਾ ਰਹੀ ਹੈ ਜਿਥੇ ਨਫਰਤ ਤੇ ਅਤਿਵਾਦ ਨੂੰ ਸ਼ਹਿ ਦਿੱਤੀ ਜਾਂਦੀ ਹੈ। ਵਿਦੇਸ਼ੀ ਸਬੰਧਾਂ ਬਾਰੇ ਕੌਂਸਲ ਨੂੰ ਸੰਬੋਧਨ ਕਰਦਿਆਂ ਸੈਨੇਟਰ ਨੇ ਕਿਹਾ ਕਿ 1956 'ਚ ਪਾਕਿਸਤਾਨ ਵਿਚ ਸਿਰਫ 244 ਮਦਰੱਸੇ ਸਨ ਪਰ ਅੱਜ ਇਨ੍ਹਾਂ ਦੀ ਗਿਣਤੀ 24 ਹਜ਼ਾਰ ਹੋ ਗਈ ਹੈ।

## ਆਹਲੂਵਾਲੀਆ ਕੈਨੇਡੀਅਨ ਜ਼ਿਲ੍ਹਾ ਪੁਲਿਸ ਬੋਰਡ ਦੇ ਚੇਅਰਮੈਨ ਬਣੇ

**ਟੋਰਾਂਟੋ:** ਬਰੈਂਪਟਨ ਵਾਸੀ ਅਮਰੀਕ ਸਿੰਘ ਆਹਲੂਵਾਲੀਆ ਨੂੰ ਓਂਟਾਰੀਓ ਸੂਬੇ ਦੇ ਪੀਲ ਜ਼ਿਲ੍ਹੇ ਦੇ ਪੁਲਿਸ ਸਰਵਿਸਿਜ਼ ਬੋਰਡ ਦਾ ਚੇਅਰਮੈਨ ਥਾਪਿਆ ਗਿਆ ਹੈ। ਅਜਿਹੇ ਅਹੁਦੇ ਉਤੇ ਪੁੱਜਣ ਵਾਲੇ ਉਹ ਪਹਿਲੇ ਸਰਦਾਰ ਹਨ। ਸਾਲ 2011 ਵਿਚ ਉਹ ਪਹਿਲੀ ਵਾਰ ਬੋਰਡ ਦੇ ਮੈਂਬਰ ਨਿਯੁਕਤ ਹੋਏ ਤੇ 2014 ਵਿਚ ਦੁਬਾਰਾ ਚੁਣੇ ਗਏ।



ਦੱਸਣਯੋਗ ਹੈ ਕਿ ਪੀਲ ਪੁਲਿਸ ਮੁਲਕ ਦੀ ਤੀਜੀ ਵੱਡੀ ਮਿਊਂਸਪਲ ਫੋਰਸ ਹੈ। ਸੱਤ ਮੈਂਬਰੀ ਬੋਰਡ ਦਾ ਸਰਬਸੰਮਤੀ ਨਾਲ ਮੁਖੀ ਚੁਣੇ ਜਾਣ 'ਤੇ ਸ. ਆਹਲੂਵਾਲੀਆ ਨੇ ਆਖਿਆ ਕਿ ਉਹ ਇਸ ਮੁਲਕ ਵਿਚ ਆ ਕੇ ਮਾਣ ਮਹਿਸੂਸ ਕਰਦੇ ਹਨ ਅਤੇ ਆਪਣਾ ਕੰਮ ਪੂਰੀ ਦਿਆਨਤਦਾਰੀ ਨਾਲ ਕਰਨ ਦਾ ਯਤਨ ਕਰਨਗੇ। ਉਨ੍ਹਾਂ ਦੀ ਚੋਣ ਉਸ ਵੇਲੇ ਹੋਈ ਹੈ ਜਦੋਂ ਰਿਪੋਰਟਾਂ ਵਿਚ ਸਾਹਮਣੇ ਆਇਆ ਹੈ ਕਿ ਕਈ ਲੋਕ ਪੁਲਿਸ ਦੇ ਵਿਤਕਰੇ ਦਾ ਸ਼ਿਕਾਰ ਬਣੇ ਹਨ। ਸ. ਆਹਲੂਵਾਲੀਆ ਪੁਲਿਸ ਦੀ ਅਜਿਹੀ 'ਕਾਰਵਾਈ' ਨੂੰ ਬੰਦ ਕਰਨ ਦੇ ਹੱਕ ਵਿਚ ਹਨ। ਪੁਲਿਸ ਦੇ ਬਜਟ ਤੇ ਕਾਰਵਾਈਆਂ 'ਤੇ ਨਜ਼ਰਸਾਨੀ ਤੇ ਆਮ ਨੀਤੀਆਂ ਘੜਨਾ ਬੋਰਡ ਦੀ ਜ਼ਿੰਮੇਵਾਰੀ ਹੈ।

ਪੈਟਰੋ-ਕੈਮੀਕਲ ਖੇਤਰ ਦੇ ਪਿਛੋਕੜ ਵਾਲੇ ਸ. ਆਹਲੂਵਾਲੀਆ 'ਸ਼ੈੱਲ ਕੈਨੇਡਾ' ਦੇ ਜਨਰਲ ਮੈਨੇਜਰ ਵਜੋਂ ਸੇਵਾਮੁਕਤ ਹੋਏ ਹਨ। ਕਲੈਰਿਟਨ ਯੂਨੀਵਰਸਿਟੀ ਤੋਂ ਇੰਜੀਨੀਅਰਿੰਗ ਦੀ ਮਾਸਟਰਜ਼ ਤੇ ਮੈਕਮਾਸਟਰ ਯੂਨੀਵਰਸਿਟੀ ਤੋਂ ਐਮ.ਬੀ.ਏ. ਕਰਨ ਵਾਲੇ ਸ. ਆਹਲੂਵਾਲੀਆ ਕੈਲਗਰੀ ਸਿੱਖ ਸੁਸਾਇਟੀ ਦੇ ਪ੍ਰਧਾਨ ਤੇ ਖਾਲਸਾ ਕ੍ਰੈਡਿਟ ਯੂਨੀਅਨ ਦੇ ਬਾਨੀ ਡਾਇਰੈਕਟਰ ਵੀ ਰਹੇ।

## ਕਮਾਈ ਪੱਖੋਂ ਉਮੀਦਾਂ 'ਤੇ ਖਰਾ ਨਾ ਉਤਰਿਆ ਸ਼ਰਾਬ ਦਾ ਕਾਰੋਬਾਰ

**ਚੰਡੀਗੜ੍ਹ:** ਪੰਜਾਬ ਸਿਰਫ ਵੈਟ ਇਕੱਤਰ ਕਰਨ ਵਿਚ ਹੀ ਸੁਸਤ ਨਹੀਂ ਸਗੋਂ ਸ਼ਰਾਬ ਦਾ ਆਬਕਾਰੀ ਕਰ ਇਕੱਠੇ ਕਰਨ ਵਿਚ ਵੀ ਪਛੜਿਆ ਹੋਇਆ ਹੈ। ਇਸ ਦਾ ਕਾਰਨ ਇਹ ਹੈ ਕਿ ਸੂਬਾ ਸਰਕਾਰ ਨਾਜਾਇਜ਼ ਸ਼ਰਾਬ ਦੀ ਵਿਕਰੀ ਨੂੰ ਰੋਕਣ ਵਿਚ ਅਸਫਲ ਰਹੀ ਹੈ ਜਦ ਕਿ ਸਾਲ ਦਰ ਸਾਲ ਸ਼ਰਾਬ ਦਾ ਕੋਟਾ ਵਧ ਰਿਹਾ ਹੈ।

ਇਕ ਪਾਸੇ ਸਰਕਾਰ ਸਾਲ 2016-17 ਲਈ ਨਵੀਂ ਆਬਕਾਰੀ ਨੀਤੀ ਬਣਾਉਣ ਵਿਚ ਜੁਟ ਗਈ ਹੈ ਪਰ ਹਾਲੇ ਤੱਕ ਸੂਬੇ ਦੇ 90 ਫੀਸਦੀ ਅਜਿਹੇ ਠੇਕੇਦਾਰ ਹਨ ਜਿਨ੍ਹਾਂ ਨੇ ਆਪਣੇ ਲਾਇਸੈਂਸਾਂ ਦੀ ਫੀਸ ਦੀ ਆਖਰੀ ਕਿਸ਼ਤ ਨਹੀਂ ਭਰੀ। ਇਹ ਫੀਸ ਭਰਨ ਦੀ ਆਖਰੀ ਤਰੀਕ 31 ਦਸੰਬਰ ਸੀ। ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਅਜਿਹੇ ਠੇਕੇਦਾਰਾਂ ਤੋਂ ਵਸੂਲੀ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।

ਫੀਸ ਨਾ ਭਰਨ ਵਾਲੇ ਠੇਕੇਦਾਰ ਬਹੁਤੇ ਬਠਿੰਡਾ, ਮੋਗਾ, ਸੰਗਰੂਰ ਤੇ ਬਰਨਾਲਾ ਨਾਲ ਸਬੰਧਤ ਹਨ। ਸਰਕਾਰ ਨੇ ਸ਼ਰਾਬ ਦੀ ਵਿਕਰੀ ਤੋਂ ਸਾਲ 2014-15 ਵਿਚ ਮਾਲੀਆ ਇਕੱਠਾ ਕਰਨ ਦਾ ਟੀਚਾ 4600 ਕਰੋੜ ਰੁਪਏ ਮਿੱਥਿਆ ਸੀ ਤੇ ਉਸ ਨੂੰ ਪ੍ਰਾਪਤੀ 426.11 ਕਰੋੜ ਰੁਪਏ ਦੀ ਹੋਈ। ਇਸ ਤੋਂ ਬਾਅਦ ਸਾਲ 2015-16 ਵਿਚ ਇਹ ਟੀਚਾ 5040 ਕਰੋੜ ਰੁਪਏ ਦਾ ਸੀ ਜੋ ਬੀਤੇ ਸਾਲ ਅਕਤੂਬਰ ਤੱਕ 2736 ਕਰੋੜ ਰੁਪਏ ਹੀ ਹੋ ਸਕੀ ਹੈ।

## ਸ਼੍ਰੋਮਣੀ ਕਮੇਟੀ ਤੋਂ ਮੁੱਖ ਸਕੱਤਰ ਬਾਰੇ ਜਵਾਬ ਤਲਬ

ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਿਯੁਕਤ ਕੀਤੇ ਗਏ ਨਵੇਂ ਮੁੱਖ ਸਕੱਤਰ ਦੀ ਨਿਯੁਕਤੀ ਨੂੰ ਲੈ ਕੇ ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਨੋਟਿਸ ਜਾਰੀ ਕਰ ਕੇ 25 ਫ਼ਰਵਰੀ ਨੂੰ ਜਵਾਬ ਦੇਣ ਲਈ ਕਿਹਾ ਗਿਆ ਹੈ। ਯਾਦ ਰਹੇ ਕਿ ਪੰਥਕ ਲੀਡਰ ਬਲਦੇਵ ਸਿੰਘ ਸਿਰਸਾ ਵੱਲੋਂ ਮੁੱਖ ਸਕੱਤਰ ਹਰਚਰਨ ਸਿੰਘ ਦੀ ਨਿਯੁਕਤੀ ਤੋਂ ਬਾਅਦ ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਕੋਲ ਪਟੀਸ਼ਨ ਦਾਇਰ ਕਰ ਕੇ ਇਸ ਨਿਯੁਕਤੀ ਨੂੰ ਚੁਣੌਤੀ ਦਿੱਤੀ ਸੀ। ਉਨ੍ਹਾਂ ਕਿਹਾ ਸੀ ਕਿ ਮੁੱਖ ਸਕੱਤਰ ਨੂੰ 3 ਲੱਖ ਰੁਪਏ ਮਹੀਨਾ ਤਨਖਾਹ ਦੇਣਾ ਵਾਜਿਬ ਨਹੀਂ ਹੈ ਤੇ ਗੁਰਦੁਆਰਾ ਐਕਟ 1925 ਦੇ ਨਿਯਮਾਂ ਦੇ ਬਿਲਕੁਲ ਉਲਟ ਹੈ। ਪਹਿਲਾਂ ਸ਼੍ਰੋਮਣੀ ਕਮੇਟੀ ਨੂੰ ਜਵਾਬ ਦੇਣ ਲਈ 22 ਤੇ 27 ਜਨਵਰੀ ਨੂੰ ਕਿਹਾ ਗਿਆ ਸੀ, ਪਰ ਕੋਈ ਜਵਾਬ ਨਹੀਂ ਦਿੱਤਾ ਗਿਆ ਹੈ। ਹੁਣ ਕਮਿਸ਼ਨ ਵੱਲੋਂ 25 ਫਰਵਰੀ ਨੂੰ ਕਮਿਸ਼ਨ ਵਿਚ ਹਾਜ਼ਰ ਹੋ ਕੇ ਜਵਾਬ ਦੇਣ ਲਈ ਨੋਟਿਸ ਜਾਰੀ ਕੀਤਾ ਗਿਆ ਹੈ।

ਸ. ਬਲਦੇਵ ਸਿੰਘ ਸਿਰਸਾ ਦੇ ਵਕੀਲ ਵੱਲੋਂ ਕਮਿਸ਼ਨ ਨੂੰ ਇਹ ਦਲੀਲ ਵੀ ਦਿੱਤੀ ਗਈ ਸੀ ਕਿ ਸ਼੍ਰੋਮਣੀ ਕਮੇਟੀ 58 ਸਾਲ ਤੋਂ ਵੱਧ ਉਮਰ ਦੇ ਵਿਅਕਤੀ ਨੂੰ ਕੰਮ-ਕਾਜ ਲੈ ਨਹੀਂ ਰੱਖ ਸਕਦੀ, ਪਰ ਕਮੇਟੀ ਨੇ 70 ਸਾਲ ਦੇ ਮੁੱਖ ਸਕੱਤਰ ਨੂੰ ਰੱਖ ਕੇ ਸਾਰੇ ਨਿਯਮਾਂ ਦਾ ਉਲੰਘਣ ਕੀਤੀ ਹੈ। ਸ਼੍ਰੋਮਣੀ ਕਮੇਟੀ ਕੋਲ ਪਹਿਲਾਂ ਹੀ ਤਿੰਨ ਸਕੱਤਰ ਹਨ ਤੇ ਕਈ ਮੀਤ ਸਕੱਤਰ ਹਨ ਜਿਸ ਤੋਂ ਸਾਫ਼ ਹੈ ਕਿ ਮੁੱਖ ਸਕੱਤਰ ਦੀ ਨਿਯੁਕਤੀ ਸਿਆਸੀ ਦਬਾਅ ਹੇਠ ਕੀਤੀ ਗਈ ਹੈ। ਇਸੇ ਦੌਰਾਨ ਸ. ਸਿਰਸਾ ਨੇ ਕਿਹਾ ਕਿ ਜੇ ਇਸ ਨਿਯੁਕਤੀ ਨੂੰ ਕਮਿਸ਼ਨ ਵਲੋਂ ਖਾਰਜ ਨਾ ਕੀਤਾ ਗਿਆ ਤਾਂ ਉਹ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣਗੇ।

## ਸਿੱਖ ਕਤਲੇਆਮ ਕੇਸ ਵਿਚ ਸੀ.ਬੀ.ਆਈ. ਦਾ ਐਸ.ਪੀ. ਤਲਬ

**ਨਵੀਂ ਦਿੱਲੀ:** 1984 ਦੇ ਦਿੱਲੀ ਸਿੱਖ ਕਤਲ-ਏ-ਆਮ ਕੇਸ ਦੀ ਸੁਣਵਾਈ ਕਰ ਰਹੀ ਇਥੋਂ ਦੀ ਇਕ ਅਦਾਲਤ ਨੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਦੇ ਇਕ ਐਸ.ਪੀ. ਨੂੰ ਪੇਸ਼ ਹੋ ਕੇ ਇਹ ਦੱਸਣ ਦਾ ਹੁਕਮ ਦਿੱਤਾ ਹੈ ਕਿ ਕਾਂਗਰਸੀ ਨੇਤਾ ਜਗਦੀਸ਼ ਟਾਈਟਲਰ ਖਿਲਾਫ ਜਾਂਚ ਦੀ ਪ੍ਰਗਤੀ ਰਿਪੋਰਟ ਹਾਲੇ ਤੱਕ ਮੁਕੰਮਲ ਕਿਉਂ ਨਹੀਂ ਹੋਈ? ਐਡੀਸ਼ਨਲ ਚੀਫ਼ ਮੈਟਰੋਪਾਲਿਟਨ ਮੈਜਿਸਟਰੇਟ ਐਸ.ਪੀ.ਐਸ. ਲਲੇਰ ਨੇ ਇਸ ਮਾਮਲੇ ਦੇ ਜਾਂਚ ਅਧਿਕਾਰੀ ਦੇ ਹਾਜ਼ਰ ਨਾ ਹੋਣ ਅਤੇ ਪ੍ਰਗਤੀ ਰਿਪੋਰਟ ਪੇਸ਼ ਨਾ ਕਰਨ 'ਤੇ ਨਾਰਾਜ਼ਗੀ ਵੀ ਜ਼ਾਹਿਰ ਕੀਤੀ। ਅਦਾਲਤ ਨੇ ਸੀ.ਬੀ.ਆਈ. ਦੇ ਐਸ.ਪੀ. ਨੂੰ ਹੁਕਮ ਦਿੱਤਾ ਕਿ ਉਹ 22 ਫਰਵਰੀ ਨੂੰ ਹਾਜ਼ਰ ਹੋਵੇ ਅਤੇ ਜਾਂਚ ਦੀ ਪ੍ਰਗਤੀ ਰਿਪੋਰਟ ਪੇਸ਼ ਨਾ ਕਰਨ ਬਾਰੇ ਸਪਸ਼ਟੀਕਰਨ ਦੇਵੇ।

## ਯੂਬਾ ਸਿਟੀ ਦੇ ਗੁਰਦੁਆਰਾ ਟਾਇਰਾ ਬਿਊਨਾ ਦਾ ਪ੍ਰਬੰਧਕੀ ਵਿਵਾਦ

# ਕਾਬਜ਼ ਧੜੇ ਵਲੋਂ ਵਿਰੋਧੀ ਧਿਰ 'ਤੇ ਲਾਏ ਦੋਸ਼ਾਂ ਦਾ ਸੱਚ???

## *'ਜੰਨ ਕੁਪੱਤੀ ਸੁਥਰਾ ਭਲਾਮਣਸ'*

ਪਿਛਲੇ ਦਿਨੀਂ ਕੁਝ ਪੰਜਾਬੀ ਅਖਬਾਰਾਂ ਵਿਚ ਯੂਬਾ ਸਿਟੀ ਦੇ ਗੁਰਦੁਆਰਾ ਟਾਇਰਾ ਬਿਊਨਾ ਦੀ ਅਣਸੁਖਾਵੀਂ ਘਟਨਾ ਨੂੰ ਪ੍ਰਬੰਧ ਉਤੇ ਕਾਬਜ਼ ਧੜੇ ਦੇ ਆਗੂ ਤੇਜਿੰਦਰ ਸਿੰਘ ਦੁਸਾਂਝ ਵੱਲੋਂ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ। ਮੈਂ ਇਸ ਦਾ ਸੱਚ ਸੰਗਤ ਦੇ ਧਿਆਨ ਗੋਚਰੇ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਕਿਹਾ ਜਾਂਦਾ ਹੈ ਕਿ ਜਦੋਂ ਕੋਈ ਇਨਸਾਨ ਜ਼ਿਆਦਾ ਜਾਂ ਉਚੀ ਬੋਲਦਾ ਹੈ, ਤਾਂ ਉਹ ਪੂਰਾ ਸੱਚ ਨਹੀਂ ਬੋਲਦਾ; ਜਾਂ ਤਾਂ ਉਹ ਝੂਠ ਬੋਲਦਾ ਹੈ, ਤੇ ਜਾਂ ਫਿਰ ਅੱਧੇ ਸੱਚ ਨੂੰ ਲੈ ਕੇ ਲੋਕਾਂ ਦੀ ਹਮਦਰਦੀ ਜਿੱਤਣ ਦੀ ਕੋਸ਼ਿਸ਼ ਕਰਦਾ ਹੈ। ਇਥੇ ਇਸ ਕਹਾਵਤ ਨੂੰ ਸਹਿਜੇ ਹੀ ਤੇਜਿੰਦਰ ਸਿੰਘ ਦੁਸਾਂਝ ਨਾਲ ਜੋੜਿਆ ਜਾ ਸਕਦਾ ਹੈ।

ਸ. ਦੁਸਾਂਝ ਦੇ ਤਾਨਾਸ਼ਾਹੀ ਵਿਹਾਰ ਤੋਂ ਤੰਗ ਆ ਕੇ ਬੋਰਡ ਦੇ ਕੁਝ ਡਾਇਰੈਕਟਰਾਂ ਨੇ 25 ਦਸੰਬਰ 2015 ਨੂੰ ਵਾਲਨਟ ਹਾਲ, ਯੂਬਾ ਸਿਟੀ ਵਿਚ ਮੀਟਿੰਗ ਕੀਤੀ ਜੋ ਗੁਰਦੁਆਰਾ ਸਾਹਿਬ ਦੇ ਬਾਈ-ਲਾਅ ਅਨੁਸਾਰ ਜਾਇਜ਼ ਹੈ। ਮੀਟਿੰਗ ਦਾ ਕੋਰਮ ਪੂਰਾ ਹੋਣ 'ਤੇ ਨਵੇਂ ਅਹੁਦੇਦਾਰ ਚੁਣੇ ਗਏ। 26 ਦਸੰਬਰ 2015 ਨੂੰ 'ਸੈਕਟਰੀ ਆਫ਼ ਸਟੇਟ, ਕੈਲੀਫੋਰਨੀਆ' ਵਿਚ ਨਵੀਂ ਕਮੇਟੀ ਦੀ ਰਜਿਸਟਰੇਸ਼ਨ ਦਿੱਤੀ ਗਈ ਜਿਸ ਦੀ ਸੂਚਨਾ ਸ਼ੈਰਿਫ (ਪੁਲਿਸ) ਅਤੇ ਡਿਸਟ੍ਰਿਕਟ ਅਟਾਰਨੀ ਨੂੰ ਦੇਣ ਪਿਛੋਂ 27 ਦਸੰਬਰ 2015 ਸ਼ਾਮ ਨੂੰ ਨਵੇਂ ਚੁਣੇ ਗਏ ਅਹੁਦੇਦਾਰ ਇਕ ਪੁਲਿਸ ਅਫ਼ਸਰ ਨੂੰ ਨਾਲ ਲੈ ਕੇ ਪੁਰਾਣੀ ਕਮੇਟੀ ਨੂੰ ਸੂਚਨਾ ਦੇਣ ਲਈ ਗਏ। ਉਨ੍ਹਾਂ ਦੇ ਅਹੁਦੇਦਾਰਾਂ ਨੇ ਮਿਲਣ ਤੋਂ ਆਨਾ-ਕਾਨੀ ਕੀਤੀ ਅਤੇ ਇਕ ਡਾਇਰੈਕਟਰ ਤੇਜਿੰਦਰ ਸਿੰਘ ਦੁਸਾਂਝ ਮੀਟਿੰਗ ਵਿਚੋਂ ਬਾਹਰ ਆਏ ਤੇ ਪੇਪਰ ਲੈਣ ਤੋਂ ਨਾਂਹ ਕਰ ਦਿੱਤੀ। ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਤੇਜਿੰਦਰ ਸਿੰਘ ਦੁਸਾਂਝ ਕੋਈ ਅਹੁਦੇਦਾਰ ਨਹੀਂ, ਪਰ ਸਭ ਕੁਝ ਹੀ ਹੈ ਭਾਵ 'ਵੰਨ ਮੈਨ ਸ਼ੋਅ' (ਸਰਵੇ-ਸਰਵਾ) ਹੈ।

31 ਦਸੰਬਰ 2015 ਦੀ ਸ਼ਾਮ ਨਵੇਂ ਸਾਲ ਦੇ ਪ੍ਰੋਗਰਾਮ ਦੌਰਾਨ ਨਵੀਂ ਕਮੇਟੀ ਪੈਸੇ ਲਿਖਣ ਬੈਠ ਗਈ। ਨਵਾਂ ਸਾਲ ਚੜ੍ਹਿਆ। ਉਪਰੰਤ ਮਹਾਰਾਜ ਦਾ ਸੁਖ ਆਸਣ ਕੀਤਾ ਗਿਆ। ਸੁਖ ਆਸਣ ਤੋਂ ਬਾਅਦ ਅਰਦਾਸ ਹੋ ਰਹੀ ਸੀ ਕਿ ਪੁਰਾਣੀ ਕਮੇਟੀ ਦੇ ਮੈਂਬਰ ਕਸ਼ਮੀਰ ਸਿੰਘ ਰਾਏ ਨੇ ਪੈਸੇ ਗੋਲਕ ਵਿਚ ਪਾਉਣੇ ਸ਼ੁਰੂ ਕਰ ਦਿੱਤੇ। ਉਸ ਨੂੰ ਸਾਬਕਾ ਸਟੇਜ ਸੈਕਟਰੀ ਗੁਰਮੇਜ ਸਿੰਘ ਗਿੱਲ ਨੇ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਅਸਫ਼ਲ ਰਹੇ। ਇਸ 'ਤੇ ਨਵੀਂ ਕਮੇਟੀ ਵਾਲਿਆਂ ਨੇ ਪੈਸੇ ਇਕੱਠੇ ਕਰ ਕੇ ਬੈਗ ਵਿਚ ਪਾਉਣੇ ਸ਼ੁਰੂ ਕਰ ਦਿੱਤੇ।

ਕਿਉਂਕਿ ਇਹ ਪ੍ਰੋਗਰਾਮ ਨਵੀਂ ਕਮੇਟੀ ਨਿਭਾਅ ਰਹੀ ਸੀ, ਇਨ੍ਹਾਂ ਪੈਸਿਆਂ ਦੇ ਹਿਸਾਬ ਦੀ ਜ਼ਿੰਮੇਵਾਰੀ ਨਵੀਂ ਕਮੇਟੀ 'ਤੇ ਸੀ ਪਰ ਗੋਲਕ ਦੀ ਚਾਬੀ ਪੁਰਾਣੀ ਕਮੇਟੀ ਕੋਲ ਸੀ। ਡਰ ਸੀ ਕਿ ਸਾਡੇ ਜਾਣ ਤੋਂ ਬਾਅਦ ਪੁਰਾਣੀ ਕਮੇਟੀ ਗੋਲਕ ਖੋਲ੍ਹ ਕੇ ਪੈਸੇ ਕੱਢ ਸਕਦੀ ਹੈ ਤੇ ਇਲਜ਼ਾਮ ਨਵੀਂ ਕਮੇਟੀ 'ਤੇ ਹੋਵੇਗਾ। ਉਹੀ ਹੋਇਆ। ਜੋ ਪੈਸੇ ਨਵੀਂ ਕਮੇਟੀ ਦੇ ਬੈਗ ਵਿਚ ਪਾਏ ਗਏ, ਅਰਦਾਸ ਤੋਂ ਬਾਅਦ ਉਥੇ ਢੇਰੀ ਕਰ ਕੇ 300 ਤੋਂ ਵੱਧ ਸੰਗਤ ਦੇ ਸਾਹਮਣੇ ਗਿਣੇ ਗਏ। ਨੋਟਾਂ ਦੀ ਲਿਸਟ ਬਣਾਈ, ਜੋੜ ਕੀਤਾ ਅਤੇ ਇਕ ਜ਼ਿੰਮੇਵਾਰ ਅਹੁਦੇਦਾਰ ਨੂੰ ਫੜਾ ਦਿੱਤੇ। ਤੜਕੇ 4 ਵਜੇ ਪੁਰਾਣੀ ਕਮੇਟੀ ਨੇ ਗੋਲਕ ਖੋਲ੍ਹੀ ਤੇ ਸਾਰੇ ਪੈਸੇ ਚੁੱਕ ਕੇ ਲੈ ਗਏ।

ਅਫ਼ਸੋਸ, ਇਸ ਘਟਨਾ ਨੂੰ ਯੂ-ਟਿਊਬ ਅਤੇ ਫੇਸਬੁੱਕ 'ਤੇ ਨਹੀਂ ਦਿਖਾਇਆ ਗਿਆ, ਕਿਉਂਕਿ ਕੈਮਰਿਆਂ ਦਾ ਕੰਟਰੋਲ ਕਾਬਜ਼ ਧਿਰ ਕੋਲ ਹੈ। ਜੋ ਕਲਿਪ ਦਿਖਾਇਆ ਗਿਆ, ਉਹ ਸਿਰਫ਼ ਪੈਸੇ ਬੈਗ ਵਿਚ ਪਾਉਂਦਿਆਂ ਦਾ ਹੀ ਦਿਖਾਇਆ ਗਿਆ। ਨਾ ਪੈਸੇ ਗਿਣਦੇ ਦਿਖਾਏ, ਨਾ ਪੁਰਾਣੀ ਕਮੇਟੀ ਨੂੰ ਗੋਲਕ ਖੋਲ੍ਹਦਿਆਂ ਦਿਖਾਇਆ ਗਿਆ। ਇਥੇ ਦੁਸਾਂਝ ਅਤੇ ਉਨ੍ਹਾਂ ਦਾ ਗਰੁਪ ਜਿਥੇ ਨਵੀਂ ਕਮੇਟੀ ਨਾਲ ਬੇਈਮਾਨੀ ਕਰ ਗਿਆ, ਉਥੇ ਸੰਗਤ ਨਾਲ ਵੀ ਧੋਖਾ ਕਰ ਗਿਆ। ਗੋਲਕ ਚੋਰੀ ਦਾ ਇਲਜ਼ਾਮ ਉਨ੍ਹਾਂ ਲੋਕਾਂ 'ਤੇ ਲੱਗ ਗਿਆ ਜੋ ਗੁਰੂ ਘਰ ਦੇ ਮੁਢਲੇ ਸੇਵਾਦਾਰ ਰਹੇ ਹਨ।

ਕਾਬਜ਼ ਧੜੇ ਬਾਰੇ ਇਕ ਛੋਟੀ ਜਿਹੀ ਉਦਾਹਰਣ ਇਸ ਪ੍ਰਕਾਰ ਹੈ: 2009 ਅਤੇ 2010 ਵਿਚ ਦੁਕਾਨਾਂ ਲਾਉਣ ਲਈ ਪਾਰਕਾਂ ਰੈਂਟ ਕਰਨ ਦੇ ਇੰਚਾਰਜ ਤੇਜਿੰਦਰ ਸਿੰਘ ਦੁਸਾਂਝ ਸਨ। 2009 ਦੀ ਸਾਲਾਨਾ ਰਿਪੋਰਟ ਵਿਚ ਦੁਕਾਨਾਂ ਦੀ ਕੋਈ ਆਮਦਨ ਨਹੀਂ ਦਿਖਾਈ। 206 ਡਾਲਰ ਦਾ ਚੈੱਕ ਵਾਪਸ ਮੁੜ ਆਇਆ। ਉਹ ਖਰਚੇ ਵਿਚ ਜ਼ਰੂਰ ਪਾ ਦਿੱਤਾ ਗਿਆ ਕਿ 206 ਬੈਡ ਡੈੱਟ ਹੈ।

2010 ਵਿਚ ਦੁਕਾਨਾਂ ਦੀ ਆਮਦਨ 22,600 ਡਾਲਰ ਸੀ। 2011 ਵਿਚ ਇੰਚਾਰਜ ਕੁਲਵੰਤ ਸਿੰਘ ਜੌਹਲ ਸੀ ਤੇ 2011 ਵਿਚ ਦੁਕਾਨਾਂ ਦਾ ਕਿਰਾਇਆ 52,100 ਡਾਲਰ ਸੀ। ਉਹੀ ਰੇਟ ਤੇ ਉਤਨੀਆ ਹੀ ਪਾਰਕਾਂ, ਪਰ ਫਰਕ 30 ਹਜ਼ਾਰ ਡਾਲਰ ਦਾ। ਇਹੋ ਜਿਹੀਆਂ ਹੋਰ ਉਦਾਹਰਣਾਂ ਆਉਣ ਵਾਲੇ ਦਿਨਾਂ ਵਿਚ ਅਖਬਾਰਾਂ ਵਿਚ ਲਗਾਤਾਰ ਪੜ੍ਹਨ-ਸੁਣਨ-ਦੇਖਣ ਨੂੰ ਮਿਲਣਗੀਆਂ।

ਪਹਿਲੀ ਜਨਵਰੀ 2016 ਨੂੰ ਗੁਰੂ ਘਰ ਵਿਚ ਵਿਆਹ ਸਮਾਗਮ ਸੀ ਜੋ ਨਵੀਂ ਕਮੇਟੀ ਦੇ ਪ੍ਰਬੰਧ ਹੇਠ ਹੋਇਆ। ਉਪਰੰਤ ਨਵੀਂ ਕਮੇਟੀ, ਪੁਰਾਣੀ ਕਮੇਟੀ ਕੋਲ ਗਈ ਅਤੇ ਉਨ੍ਹਾਂ ਤੋਂ ਦਫ਼ਤਰ ਦੀ ਚਾਬੀ ਮੰਗੀ। ਪੁਰਾਣੀ ਕਮੇਟੀ ਨੇ ਜਵਾਬ ਦੇ ਦਿੱਤਾ। ਤੇਜਿੰਦਰ ਦੁਸਾਂਝ ਨੇ ਗੁਰਨਾਮ ਸਿੰਘ ਪੰਮਾ ਨੂੰ ਪਾਸੇ ਕਰ ਕੇ ਕਿਹਾ ਕਿ ਨਵੀਂ ਕਮੇਟੀ ਵਾਲੇ ਸੋਮਵਾਰ ਤੱਕ ਰੁਕ ਜਾਣ, ਬੋਰਡ ਦਾ ਵਕੀਲ ਬਾਹਰ ਗਿਆ ਹੈ। ਸੋਮਵਾਰ ਨੂੰ ਆਪ ਇਲੈਕਸ਼ਨ ਦੀ ਗੱਲ ਕਰਾਂਗੇ। ਗੁਰਨਾਮ ਸਿੰਘ ਪੰਮਾ ਨੇ ਉਨ੍ਹਾਂ ਨੂੰ ਕਿਹਾ ਕਿ ਇਹ ਸਭ ਕੁਝ ਉਹ ਗੁਰੂ ਦੀ ਹਜ਼ੂਰੀ ਵਿਚ ਆ ਕੇ ਕਹਿਣ, ਤਾਂ ਦੁਸਾਂਝ ਇਸ ਗੱਲ ਤੋਂ ਭੱਜ ਗਿਆ। ਸਥਿਤੀ ਤਣਾਅ ਵਾਲੀ ਬਣ ਗਈ। ਨਵੀਂ ਕਮੇਟੀ ਚਾਬੀਆਂ ਮੰਗ ਰਹੀ ਸੀ ਤੇ ਪੁਰਾਣੀ ਕਮੇਟੀ ਚਾਬੀਆਂ ਦੇਣ ਤੋਂ ਇਨਕਾਰ ਕਰ ਰਹੀ ਸੀ।

ਇੰਨੇ ਨੂੰ ਸਾਬਕਾ ਪ੍ਰਧਾਨ ਰਛਪਾਲ ਸਿੰਘ ਪੁਰੇਵਾਲ ਜਿਸ ਨੂੰ ਕਿਸੇ ਵੇਲੇ ਤੇਜਿੰਦਰ ਸਿੰਘ ਦੁਸਾਂਝ ਨੇ ਪ੍ਰਧਾਨ ਬਣਾਇਆ ਸੀ, ਪਹੁੰਚ ਗਏ। ਮੌਕੇ 'ਤੇ ਮੌਜੂਦ ਚਸ਼ਮਦੀਦ ਸੰਗਤ ਅਨੁਸਾਰ ਉਨ੍ਹਾਂ ਸ਼ਰਾਬ ਪੀਤੀ ਹੋਈ ਸੀ। ਸੰਗਤ ਵਿਚ ਰੋਹ ਹੋਰ ਵਧ ਗਿਆ। ਜਦੋਂ ਉਨ੍ਹਾਂ ਨੇ ਕਿਹਾ ਕਿ ਅੱਜ ਉਨ੍ਹਾਂ ਦਾ ਜਨਮ ਦਿਨ ਹੈ, ਇਸ ਲਈ ਉਨ੍ਹਾਂ ਨੇ ਸ਼ਰਾਬ ਪੀਤੀ ਹੈ, ਤਾਂ ਇਕ ਨੌਜਵਾਨ ਨੇ ਤੇਜਿੰਦਰ ਸਿੰਘ ਦੁਸਾਂਝ ਨੂੰ ਕਿਹਾ ਕਿ ਉਹ ਇਸ ਸ਼ਰਾਬੀ ਨੂੰ ਲਾਹਣਤ ਪਾਉਣ। ਦੁਸਾਂਝ ਨੇ ਉਚੀ ਆਵਾਜ਼ ਵਿਚ ਕਿਹਾ ਕਿ "ਇਨ੍ਹਾਂ ਨੇ ਗੁਰੂ ਘਰ ਨੂੰ ਜ਼ਮੀਨ ਦਿੱਤੀ ਆ, ਓ.ਕੇ.।" ਇਹ ਪਤਾ ਨਹੀਂ ਉਨ੍ਹਾਂ ਦੀ ਸ਼ਿਕਾਇਤ ਸੀ, ਜਾਂ ਸ਼ਾਬਾਸ਼ੇ, ਪਰ ਇਸ ਨੇ ਬਲਦੀ 'ਤੇ ਤੇਲ ਦਾ ਕੰਮ ਕੀਤਾ। ਸੰਗਤ ਹੋਰ ਲਾਹਣਤਾਂ ਪਾਉਣ ਲੱਗ ਪਈ। ਇਸ ਤੋਂ ਪਹਿਲਾਂ ਕਿ ਮਾਹੌਲ ਖਰਾਬ ਹੁੰਦਾ, ਪੁਲਿਸ ਨੇ ਕਥਿਤ ਸ਼ਰਾਬੀ ਨੂੰ ਗੁਰੂ ਘਰ ਤੋਂ ਬਾਹਰ ਭੇਜ ਦਿੱਤਾ।

ਇੰਨੇ ਨੂੰ ਕਾਬਜ਼ ਧੜੇ ਦਾ ਵਕੀਲ ਆ ਗਿਆ। ਉਸ ਨੇ ਪੁਲਿਸ ਨੂੰ ਸੰਗਤ ਅਤੇ ਨਵੀਂ ਕਮੇਟੀ ਨੂੰ ਗੁਰੂ ਘਰ ਵਿਚੋਂ ਖਦੇੜਨ ਲਈ ਕਿਹਾ, ਪਰ ਪੁਲਿਸ ਨੇ ਇਹ ਕਹਿੰਦਿਆਂ ਨਾਂਹ ਕਰ ਦਿੱਤੀ ਕਿ ਉਹ ਸ਼ਾਤੀ ਰੱਖਣ ਲਈ ਹਨ, ਇਹ ਸਿਵਲ ਕੇਸ ਹੈ, ਦੋਵੇਂ ਧਿਰਾਂ ਜਿਵੇਂ ਮਰਜ਼ੀ ਕਰਨ। ਜੇ ਕੋਈ ਲੜਨ ਦੀ ਕੋਸ਼ਿਸ਼ ਕਰੇਗਾ ਤਾਂ ਅਸੀਂ ਉਸ ਨੂੰ ਗ੍ਰਿਫ਼ਤਾਰ ਕਰ ਲਵਾਂਗੇ। ਵਕੀਲ ਨੇ ਸੰਗਤ ਦੀ ਮੂਵੀ ਬਣਾਈ ਤੇ ਚਲਾ ਗਿਆ। ਉਸ ਸਮੇਂ ਪੁਲਿਸ ਦੀਆਂ 5 ਕਾਰਾਂ ਖੜ੍ਹੀਆਂ ਸਨ ਤੇ 12 ਸਕਿਉਰਿਟੀ ਗਾਰਡ ਗੁਰੂ ਘਰ ਵਿਚ ਮੌਜੂਦ ਸਨ। ਨਵੀਂ ਕਮੇਟੀ ਨੇ ਮੁੱਖ ਦਫਤਰ ਦਾ ਤਾਲਾ ਬਦਲ ਦਿੱਤਾ ਤੇ ਉਥੋਂ ਸਾਰੇ ਵਾਪਸ ਆ ਗਏ। ਸ਼ਾਮ ਨੂੰ 8.10 ਮਿੰਟ 'ਤੇ ਪਤਾ ਲੱਗਾ ਕਿ ਗੁਰੂ ਘਰ ਨੂੰ ਤਾਲਾ ਲਗਾ ਦਿੱਤਾ ਗਿਆ ਹੈ।

ਅਗਲੇ ਦਿਨ ਤੇਜਿੰਦਰ ਸਿੰਘ ਦੁਸਾਂਝ ਦੇ ਵਕੀਲ ਨੇ ਅੰਗਰੇਜ਼ੀ ਦੇ ਲੋਕਲ ਅਖਬਾਰ 'ਅਪੀਲ ਡੈਮੋਕਰੇਟ' ਵਿਚ ਸਪਸ਼ਟ ਕੀਤਾ ਕਿ ਉਸ ਨੇ ਗੁਰੂ ਘਰ ਬੰਦ ਕਰਵਾਇਆ ਹੈ ਅਤੇ ਉਸ ਨੇ ਕਾਬਜ਼ ਧੜੇ ਦੀ ਮਰਜ਼ੀ ਨਾਲ ਕਰਾਇਆ ਹੈ। ਇਸ 'ਤੇ ਬਹੁਤ ਨਿਰਾਸ਼ਾ ਹੋਈ, ਅਸੀਂ ਪੰਜ ਸਾਲਾਂ ਤੋਂ ਸੰਗਤ ਦੇ ਹੱਕ ਵਿਚ ਲੜਨ ਵਾਲੇ ਗੋਲਕ ਚੋਰ ਬਣ ਗਏ। ਜੋ ਸੱਚ-ਮੁੱਚ ਗੋਲਕ ਚੋਰ ਹਨ, ਉਹ ਸੁਥਰੇ ਬਣ ਗਏ, 'ਜੰਨ ਕੁਪੱਤੀ ਸੁਥਰਾ ਭਲਾਮਣਸ।'

ਤੇਜਿੰਦਰ ਸਿੰਘ ਦੁਸਾਂਝ ਨੇ ਇਸ ਦੀ ਪੁਸ਼ਟੀ ਪੰਜਾਬੀ ਅਖਬਾਰਾਂ ਵਿਚ ਕੀਤੀ ਹੈ ਕਿ ਜੇ ਗੁਰੂ ਘਰ ਬੰਦ ਨਾ ਹੁੰਦਾ ਤਾਂ 'ਟਰਲਕ' ਵਾਲੀ ਹਾਲਤ ਹੋਣੀ ਸੀ। ਇਥੇ ਤਾਂ ਕਈ ਵਾਰ 'ਟਰਲਕ' ਵਾਲੀ ਹੋ ਚੁੱਕੀ ਹੈ, ਜਿਵੇਂ 2010 ਵਿਚ ਯੂਬਾ ਸਿਟੀ ਦੇ ਖੇਡ ਮੇਲੇ ਵਿਚ ਲੜਾਈ ਹੋਈ। ਇਸ ਵਿਚ ਦੁਸਾਂਝ ਸਾਹਿਬ ਦੇ ਕਮੀਜ਼ ਦੇ ਬਟਨ ਟੁੱਟ ਗਏ। ਉਦੋਂ ਇਨ੍ਹਾਂ ਨੇ ਮੰਗਲ ਸਿੰਘ ਸੰਘੇੜਾ ਵਿਰੁਧ ਗਵਾਹੀ ਦਿੱਤੀ ਜਿਸ ਵਿਚ ਉਸ ਨੂੰ ਪ੍ਰੋਬੇਸ਼ਨ ਹੋਈ। ਉਸ ਪਿਛੋਂ ਮੰਗਲ ਸਿੰਘ ਨੇ ਇਕ ਤੋਂ ਵੱਧ ਵਾਰ ਇਨ੍ਹਾਂ ਦੀ ਖਿੱਚ-ਧੂਹ ਕੀਤੀ। ਇਸੇ ਦੌਰਾਨ ਤੇਜਿੰਦਰ ਸਿੰਘ ਦੁਸਾਂਝ ਆਪਣਾ ਗਰੁਪ ਛੱਡ ਕੇ ਜੌਹਲ ਗਰੁਪ ਨਾਲ ਜਾ ਰਲੇ। ਪਿੱਛੇ ਖੜ੍ਹਨ ਵਾਲੇ ਇਨ੍ਹਾਂ ਦੇ ਮੂਹਰੇ ਖੜ੍ਹਨ ਲੱਗੇ। ਇਨ੍ਹਾਂ ਨੇ ਆਪਣੇ ਗਰੁਪ ਨੂੰ ਧਮਕਾਉਣ ਲਈ ਉਸੇ 'ਕਰੀਮੀਨਲ ਰਿਕਾਰਡ' ਵਾਲੇ ਮੰਗਲ ਸਿੰਘ ਨੂੰ 25 ਅਗਸਤ 2012 ਦੀ ਮੀਟਿੰਗ ਵਿਚ ਗੁਰੂ ਘਰ ਦਾ ਡਾਇਰੈਕਟਰ ਨਾਮਜ਼ਦ ਕੀਤਾ। 10 ਨਵੰਬਰ 2012 ਨੂੰ ਹੋਈ ਮੀਟਿੰਗ ਵਿਚ ਉਸੇ ਬਲਵੀਰ ਸਿੰਘ ਬੈਂਸ ਦੇ ਚਾਕੂ ਮਾਰ ਦਿੱਤਾ ਜਿਸ ਵਿਚ ਉਸ ਨੂੰ 5 ਸਾਲ ਦੀ ਜੇਲ੍ਹ ਹੋਈ। 2 ਮਾਰਚ 2013 ਨੂੰ ਇਸੇ ਬੋਰਡ ਨੇ ਇਕ ਮਤਾ ਪਾਸ ਕੀਤਾ ਕਿ ਮੰਗਲ ਸਿੰਘ ਸੰਘੇੜਾ, ਰਛਪਾਲ ਸਿੰਘ ਪੁਰੇਵਾਲ, ਤੇਜਿੰਦਰ ਸਿੰਘ ਦੋਸਾਂਝ, ਪਰਮਿੰਦਰ ਸਿੰਘ ਕੂਨਰ ਅਤੇ ਪ੍ਰਦੀਪ ਸਿੰਘ ਕਲੇਰ 'ਤੇ ਕੋਈ ਵੀ ਕੇਸ ਬਣਦਾ ਹੈ, ਤਾਂ ਉਸ ਦਾ ਸਾਰਾ ਖਰਚਾ ਗੁਰੂ ਘਰ ਕਰੇਗਾ ਤੇ ਉਨ੍ਹਾਂ ਸਾਰਿਆਂ ਦਾ ਕੇਸ ਗੁਰੂ ਘਰ ਦਾ ਵਕੀਲ ਮਾਈਕਲ ਬੈਰਟ ਲੜੇਗਾ ਜਿਸ ਦੀ ਫੀਸ ਗੁਰੂ ਦੀ ਗੋਲਕ ਵਿਚੋਂ ਜਾਵੇਗੀ। ਤੇ ਸੁਥਰਾ ਫਿਰ ਭਲਾਮਾਣਸ ਬਣ ਗਿਆ।

ਮੈਂ ਆਪਣਾ ਪੱਖ ਰੱਖ ਦਿਤਾ ਹੈ, ਸੱਚ-ਝੂਠ ਦਾ ਫੈਸਲਾ ਸੰਗਤ ਦੇ ਹੱਥ ਹੈ। ਸੰਗਤ ਨੂੰ ਬੇਨਤੀ ਹੈ ਕਿ ਸੁਚੇਤ ਹੋਵੋ, ਆਪਣੀਆਂ ਸੰਸਥਾਵਾਂ ਦਾ ਕੰਟਰੋਲ ਆਪਣੇ ਹੱਥਾਂ ਵਿਚ ਲਵੋ। ਬਾਕੀ ਜਾਣਕਾਰੀ ਲਗਾਤਾਰ ਅਖਬਾਰਾਂ ਵਿਚ ਦਿੰਦਾ ਰਹਾਂਗਾ। ਜੇ ਕਿਸੇ ਪਾਠਕ ਨੂੰ ਕੋਈ ਸਵਾਲ ਹੋਵੇ ਜਾਂ ਸਬੂਤ ਚਾਹੁੰਦਾ ਹੋਵੇ, ਤਾਂ ਫੋਨ ਨੰਬਰ (530) 682-5860 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਵਲੋਂ: ਪਰਮਿੰਦਰ ਸਿੰਘ ਗਰੇਵਾਲ (ਫੋਨ: 530-682-5860)

Paid Advt.

**Punjab Times**
**Established in 2000**
**17th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**


# ਸ਼ਰੀਫ਼ ਖਾਨਦਾਨ ਦੇ ਆਖਰੀ ਹਮਰਾਹ ਦਾ ਚਲਾਣਾ

**ਤਰਨ ਤਾਰਨ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਜੱਦੀ ਪਿੰਡ ਜਾਤੀ ਉਮਰਾ ਦੇ ਬਜ਼ੁਰਗ ਮੱਸਾ ਸਿੰਘ ਜਿਨ੍ਹਾਂ ਦੇ ਸ਼ਰੀਫ਼ ਪਰਿਵਾਰ ਨਾਲ ਦੇਸ਼ ਵੰਡ ਤੋਂ ਪਹਿਲਾਂ ਦੇ ਗੂੜ੍ਹੇ ਸਬੰਧ ਹਨ, ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੇ ਦੇਹਾਂਤ ਨਾਲ ਸ਼ਰੀਫ਼ ਪਰਿਵਾਰ ਅਤੇ ਜਾਤੀ ਉਮਰਾ ਵਿਚਾਲੇ ਬਣਿਆ ਸੰਪਰਕ ਪੁਲ ਖਤਮ ਹੋ ਗਿਆ। ਇਸੇ ਦੌਰਾਨ ਪਿੰਡ ਜਾਤੀ ਉਮਰਾ ਵਿਚ ਮੱਸਾ ਸਿੰਘ ਦਾ ਸਸਕਾਰ ਕਰ ਦਿੱਤਾ ਗਿਆ।

1923 ਵਿਚ ਪੈਦਾ ਹੋਏ ਮੱਸਾ ਸਿੰਘ ਅਤੇ ਨਵਾਜ਼ ਸ਼ਰੀਫ਼ ਦੇ ਪਿਤਾ ਮੀਆਂ ਮੁਹੰਮਦ ਸ਼ਰੀਫ਼ ਬਚਪਨ ਦੇ ਮਿੱਤਰ ਸਨ। ਦੇਸ਼ ਵੰਡ ਵੇਲੇ ਸ਼ਰੀਫ਼ ਪਰਿਵਾਰ ਪਾਕਿਸਤਾਨ ਚਲਾ ਗਿਆ, ਪਰ ਦੋਵਾਂ ਪਰਿਵਾਰਾਂ ਵਿਚਾਲੇ ਸੰਪਰਕ ਬਣਿਆ ਰਿਹਾ।

ਮੱਸਾ ਸਿੰਘ ਦੇ ਤਿੰਨ ਬੇਟੇ ਅਤੇ ਦੋ ਬੇਟੀਆਂ ਹਨ ਜਿਨ੍ਹਾਂ ਵਿਚ ਗੁਰਮੀਤ ਸਿੰਘ, ਦਿਲਬਾਗ ਸਿੰਘ, ਗੁਰਭੇਜ ਸਿੰਘ, ਅਮਰਜੀਤ ਕੌਰ ਤੇ ਸੁਖਦੇਵ ਕੌਰ ਸ਼ਾਮਲ ਹਨ। ਉਸ ਦੇ ਬੇਟੇ ਦਿਲਬਾਗ ਸਿੰਘ ਨੇ ਦੱਸਿਆ ਕਿ ਪਿਤਾ ਦੇ ਦੇਹਾਂਤ ਦੀ ਖ਼ਬਰ ਪਾਕਿਸਤਾਨ ਸ਼ਰੀਫ਼ ਪਰਿਵਾਰ ਨੂੰ ਵੀ ਭੇਜੀ ਸੀ। ਸੋਸ਼ਲ ਮੀਡੀਆ ਰਾਹੀਂ ਭੇਜੇ ਸੋਗ ਸੁਨੇਹੇ ਵਿਚ ਸ਼ਰੀਫ਼ ਪਰਿਵਾਰ ਨੇ ਆਖਿਆ ਹੈ ਕਿ 'ਸਾਰੇ ਪਰਿਵਾਰ ਨੂੰ ਸਾਡਾ ਸਲਾਮ ਅਤੇ ਅਫਸੋਸ ਵੀ ਕਬੂਲ ਕਰਿਓ'। ਉਨ੍ਹਾਂ ਆਖਿਆ ਕਿ ਨਵਾਜ਼ ਸ਼ਰੀਫ਼ ਦੇ ਚਾਚੇ ਦੇ ਪੁੱਤ ਮੀਆਂ ਜਾਵੇਦ ਨਾਲ ਅਕਸਰ ਗੱਲਬਾਤ ਹੁੰਦੀ ਰਹੀ ਹੈ। ਜਦੋਂ ਪਿਛਲੇ ਦਿਨੀਂ ਮੱਸਾ ਸਿੰਘ ਦੀ ਸਿਹਤ ਠੀਕ ਨਹੀਂ ਸੀ ਤਾਂ ਸ਼ਰੀਫ਼ ਪਰਿਵਾਰ ਵੱਲੋਂ ਫੋਨ 'ਤੇ ਕਈ ਵਾਰ ਹਾਲ-ਚਾਲ ਪੁੱਛਿਆ ਗਿਆ।

ਮੱਸਾ ਸਿੰਘ 2007 ਵਿਚ ਪਾਕਿਸਤਾਨ ਵਿਚ ਨਵਾਜ਼ ਸ਼ਰੀਫ਼ ਨੂੰ ਮਿਲ ਕੇ ਆਏ ਸਨ। ਉਨ੍ਹਾਂ ਨੂੰ ਪਿੰਡ ਜਾਤੀ ਉਮਰਾ ਦੇ ਲੋਕਾਂ ਵੱਲੋਂ ਲਿਖਿਆ ਪੱਤਰ ਵੀ ਦਿੱਤਾ ਸੀ ਜਿਸ ਵਿਚ ਉਨ੍ਹਾਂ ਨੂੰ ਪਿੰਡ ਆਉਣ ਦਾ ਸੱਦਾ ਦਿੱਤਾ ਗਿਆ ਸੀ। ਉਸ ਵੇਲੇ ਨਵਾਜ਼ ਸ਼ਰੀਫ਼ ਭਾਵੇਂ ਨਹੀਂ ਆਏ, ਪਰ 2013 ਵਿਚ ਉਨ੍ਹਾਂ ਦੇ ਭਰਾ ਤੇ ਪਾਕਿਸਤਾਨੀ ਪੰਜਾਬ ਦੇ ਮੁੱਖ ਮੰਤਰੀ ਸ਼ਹਿਬਾਜ਼ ਸ਼ਰੀਫ਼ ਆਪਣੇ ਪਰਿਵਾਰ ਨਾਲ ਪਿੰਡ ਹੋ ਕੇ ਗਏ ਸਨ। ਉਹ ਆਪਣੇ ਪਿਤਾ ਦੇ ਬਚਪਨ ਦੇ ਮਿੱਤਰ ਮੱਸਾ ਸਿੰਘ ਅਤੇ ਦੋ ਹੋਰ ਮਿੱਤਰਾਂ ਗਿਆਨ ਸਿੰਘ (92) ਤੇ ਗੁਰਬਖਸ਼ ਸਿੰਘ (95) ਨੂੰ ਵੀ ਮਿਲੇ ਸਨ।



*ਮੱਸਾ ਸਿੰਘ ਪਿੰਡ ਜਾਤੀ ਉਮਰਾ ਵਿਚ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਸ਼ਹਿਬਾਜ਼ ਸ਼ਰੀਫ਼ ਨਾਲ। ਤਸਵੀਰ 2013 ਦੀ ਹੈ ਜਦੋਂ ਉਹ ਜਾਤੀ ਉਮਰਾ ਪੁੱਜੇ ਸਨ।*

# ਬਾਦਲਾਂ ਵੱਲੋਂ ਸੱਖਣੇ ਚੋਣ ਮੈਦਾਨ 'ਚ ਕੌਡੀ

*(ਸਫਾ ਇਕ ਦੀ ਬਾਕੀ)*

16 ਫਰਵਰੀ ਨੂੰ ਹੋਵੇਗੀ। ਉਧਰ, ਸ. ਰਮਨਜੀਤ ਸਿੰਘ ਸਿੱਕੀ ਦਾ ਦਾਅਵਾ ਹੈ ਕਿ ਖਡੂਰ ਸਾਹਿਬ ਜ਼ਿਮਨੀ ਚੋਣ ਦਾ ਬਾਈਕਾਟ ਕਰ ਕੇ ਕਾਂਗਰਸ ਦੀ ਬਿਨਾਂ ਚੋਣ ਲੜੇ ਹੀ ਵੱਡੀ ਜਿੱਤ ਹੋਈ ਹੈ। ਕਾਂਗਰਸ ਦੋਸ਼ ਲਾ ਰਹੀ ਹੈ ਕਿ ਜ਼ਿਮਨੀ ਚੋਣ ਤੋਂ ਠੀਕ ਪਹਿਲਾਂ ਮੁੱਖ ਮੰਤਰੀ ਵੱਲੋਂ ਲਗਾਤਾਰ ਕੀਤੇ ਸੰਗਤ ਦਰਸ਼ਨਾਂ ਤੋਂ ਸਾਬਤ ਹੁੰਦਾ ਹੈ ਕਿ ਅਕਾਲੀ ਦਲ ਲਈ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਬਾਰੇ ਪਤਾ ਲਾਉਣ ਨਾਲੋਂ ਵਧੇਰੇ ਜ਼ਰੂਰੀ ਖਡੂਰ ਸਾਹਿਬ ਸੀਟ ਹੈ।

ਖਡੂਰ ਸਾਹਿਬ ਚੋਣ ਨੂੰ ਸਿਆਸੀ ਹਲਕਿਆਂ ਵਿਚ ਪੰਜਾਬ ਵਿਧਾਨ ਸਭਾ ਦੀਆਂ 2017 ਵਿਚ ਹੋਣ ਜਾ ਰਹੀਆਂ ਚੋਣਾਂ ਲਈ ਸੈਮੀਫਾਈਨਲ ਵਜੋਂ ਦੇਖਿਆ ਜਾ ਰਿਹਾ ਸੀ ਤੇ ਸੱਤਾਧਾਰੀ ਅਕਾਲੀ-ਭਾਜਪਾ ਗੱਠਜੋੜ ਅਤੇ ਕਾਂਗਰਸ ਲਈ ਵੱਕਾਰ ਦਾ ਸਵਾਲ ਮੰਨਿਆ ਜਾ ਰਿਹਾ ਸੀ। ਹੁਣ ਜੋ ਦ੍ਰਿਸ਼ਾਵਲੀ ਹੈ, ਉਸ ਅਨੁਸਾਰ ਟੱਕਰ ਸਿਰਫ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਦੇ ਬਾਗੀ ਉਮੀਦਵਾਰ ਭੁਪਿੰਦਰ ਸਿੰਘ ਬਿੱਟੂ, 'ਆਪ' ਵਿਚੋਂ ਟੁੱਟੇ ਇਕ ਧੜੇ ਦੇ ਨੇਤਾ ਸੁਮੇਲ ਸਿੰਘ ਸਿੱਧੂ ਅਤੇ ਬਹੁਜਨ ਸਮਾਜ ਪਾਰਟੀ (ਅੰਬੇਦਕਰ) ਦੇ ਉਮੀਦਵਾਰ ਪੂਰਨ ਸਿੰਘ ਵਿਚਕਾਰ ਹੀ ਰਹਿ ਗਈ ਹੈ। ਇਹ ਵੇਖਣਾ ਹਾਲੇ ਬਾਕੀ ਹੈ ਕਿ ਭਾਈ ਬਲਦੀਪ ਸਿੰਘ ਤੇ ਕਾਂਗਰਸ ਦੇ ਸਮਰਥਕ ਹੁਣ ਕਿਸ ਉਮੀਦਵਾਰ ਦੇ ਹੱਕ ਵਿਚ ਭੁਗਤਣਗੇ।

ਚੋਣ ਮੁਕਾਬਲਾ ਨਰਮ ਹੋ ਜਾਣ ਨਾਲ ਜਿਥੇ ਮੁੱਖ ਮੰਤਰੀ ਬਾਦਲ ਵੱਲੋਂ ਕੀਤੇ ਗਏ ਸੰਗਤ ਦਰਸ਼ਨ ਬੇਮਾਅਨਾ ਹੋ ਗਏ ਹਨ, ਉਥੇ ਇਹ ਚੋਣ ਵੀ ਆਮ ਲੋਕਾਂ ਲਈ ਮਹੱਤਵਹੀਣ ਜਾਪਣ ਲੱਗੀ ਹੈ। ਖਡੂਰ ਸਾਹਿਬ ਜ਼ਿਮਨੀ ਚੋਣ ਨੇ ਇਹ ਗੱਲ ਸਪਸ਼ਟ ਕਰ ਦਿੱਤੀ ਹੈ ਕਿ ਸੱਤਾਧਾਰੀ ਧਿਰ ਅਤੇ ਕਾਂਗਰਸ ਸਮੇਤ ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਸੂਬੇ ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਜਿੱਤਣਾ ਹੀ ਇਕੋ ਇਕ ਮਿਸ਼ਨ ਹੈ ਤੇ ਲੋਕ ਹਿੱਤ ਉਨ੍ਹਾਂ ਦੇ ਕਿਸੇ ਏਜੰਡੇ 'ਤੇ ਨਹੀਂ ਹਨ। ਸਿਰਫ ਅੱਠ-ਦਸ ਮਹੀਨਿਆਂ ਲਈ ਇਕ ਵਿਧਾਇਕ ਦੀ ਚੋਣ ਮੌਜੂਦਾ ਸੂਬਾਈ ਵਿਧਾਨ ਸਭਾ ਦੇ ਕਾਰਜ ਨੂੰ ਕਿਸੇ ਵੀ ਤਰ੍ਹਾਂ ਪ੍ਰਭਾਵਿਤ ਨਹੀਂ ਕਰ ਸਕੇਗੀ ਤੇ ਨਾ ਹੀ ਇਸ ਵਿਚ ਹੋਣ ਵਾਲੀ ਜਿੱਤ-ਹਾਰ ਵਿਚ ਇਸ ਹਲਕੇ ਦੀ ਕਾਇਆ ਹੀ ਕਲਪ ਕਰ ਸਕਦੀ ਹੈ।ਕਾਂਗਰਸ ਅਤੇ ਆਮ ਆਦਮੀ ਪਾਰਟੀ ਵੱਲੋਂ ਚੋਣ ਮੈਦਾਨ ਤੋਂ ਲਾਂਭੇ ਹੋਣ ਕਾਰਨ ਵੋਟਰਾਂ ਵਿਚ ਵੀ ਚੋਣ ਪ੍ਰਤੀ ਕੋਈ ਉਤਸ਼ਾਹ ਨਹੀਂ, ਪਰ ਅਕਾਲੀ ਦਲ ਆਪਣੀ ਮੁਹਿੰਮ ਵਿਚ ਡਟਿਆ ਹੋਇਆ ਹੈ। ਪੂਰੇ ਹਲਕੇ ਨੂੰ 25 ਜ਼ੋਨਾਂ ਵਿਚ ਵੰਡ ਕੇ ਸਾਰੇ ਮੁੱਖ ਆਗੂਆਂ ਨੂੰ ਹਲਕੇ ਵਿਚ ਤਾਇਨਾਤ ਕਰ ਦਿੱਤਾ ਗਿਆ ਹੈ ਤੇ ਪਾਰਟੀ ਆਗੂਆਂ ਨੇ ਪਿੰਡਾਂ ਵਿਚ ਲੋਕਾਂ ਨਾਲ ਘਰੋ-ਘਰੀ ਜਾ ਕੇ ਸੰਪਰਕ ਮੁਹਿੰਮ ਵੀ ਆਰੰਭ ਦਿੱਤੀ ਹੈ। ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਸਮੇਤ ਸਮੁੱਚੀ ਲੀਡਰਸ਼ਿਪ ਨੇ ਹਲਕੇ ਵਿਚ ਡੇਰੇ ਲਾਏ ਹੋਏ ਹਨ। ਪਤਾ ਲੱਗਾ ਹੈ ਕਿ ਅਕਾਲੀ ਦਲ ਦਾ ਮੁੱਖ ਨਿਸ਼ਾਨਾ ਚੋਣ ਮੁਹਿੰਮ ਭਖਾਉਣ ਦਾ ਨਹੀਂ, ਸਗੋਂ ਵੱਧ ਤੋਂ ਵੱਧ ਗਿਣਤੀ ਵਿਚ ਵੋਟ ਭੁਗਤਾਉਣ ਦਾ ਹੈ। ਇਸ ਜ਼ਿਮਨੀ ਚੋਣ ਲਈ ਹੁਣ ਸੱਤ ਉਮੀਦਵਾਰ ਮੈਦਾਨ ਵਿਚ ਹਨ। ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਰਵਿੰਦਰ ਸਿੰਘ ਬ੍ਰਹਮਪੁਰਾ, ਪੰਜਾਬ ਸਾਂਝੀਵਾਲ ਮੋਰਚਾ ਦੇ ਉਮੀਦਵਾਰ ਡਾ. ਸੁਮੇਲ ਸਿੰਘ ਸਿੱਧੂ, ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਪੂਰਨ ਸਿੰਘ, ਕਾਂਗਰਸ ਪਾਰਟੀ ਤੋਂ ਬਾਗ਼ੀ ਹੋਏ ਆਜ਼ਾਦ ਉਮੀਦਵਾਰ ਭੁਪਿੰਦਰ ਸਿੰਘ ਬਿੱਟੂ, ਹਰਜੀਤ ਸਿੰਘ, ਅਨੰਤਜੀਤ ਸਿੰਘ ਤੇ ਸੁਖਦੇਵ ਸਿੰਘ ਹਨ।

# ਭਾਜਪਾ ਦੀ ਅਕਾਲੀ ਦਲ ਨਾਲ ਗੱਠਜੋੜ ਤੋਂ ਤੋਬਾ?

*(ਸਫਾ ਇਕ ਦੀ ਬਾਕੀ)*

ਮੰਤਰੀ ਕਿਰਨ ਰਿਜੀਜੂ ਦੀ ਅੰਮ੍ਰਿਤਸਰ ਫੇਰੀ ਮੌਕੇ ਵੀ ਭਾਜਪਾ ਲੀਡਰਾਂ ਨੇ ਅਕਾਲੀ ਦਲ ਖਿਲਾਫ ਖੁੱਲ੍ਹ ਕੇ ਭੜਾਸ ਕੱਢੀ। ਭਾਜਪਾ ਲੀਡਰਾਂ ਨੇ ਕਿਹਾ ਹੈ ਕਿ ਗੱਠਜੋੜ ਸਰਕਾਰ ਹੋਣ ਦੇ ਬਾਵਜੂਦ ਉਨ੍ਹਾਂ ਦੀ ਕੋਈ ਪੁੱਛ ਪ੍ਰਤੀਤ ਨਹੀਂ। ਦੂਜੇ ਪਾਸੇ ਪੰਥਕ ਮੁੱਦਿਆਂ 'ਤੇ ਖੁੱਲ੍ਹ ਕੇ ਸਿਆਸਤ ਕਰਨ ਲਈ ਅਕਾਲੀ ਦਲ ਵੀ ਭਾਜਪਾ ਤੋਂ ਵੱਖ ਹੋਣਾ ਹੀ ਬਿਹਤਰੀ ਸਮਝ ਰਿਹਾ ਹੈ। ਇਸ ਲਈ ਸੀਨੀਅਰ ਅਕਾਲੀ ਲੀਡਰ ਵੀ ਬੋਲਣ ਲੱਗੇ ਹਨ। ਅਕਾਲੀ ਦਲ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ, ਸੇਵਾ ਸਿੰਘ ਸੇਖਵਾਂ ਤੇ ਤੋਤਾ ਸਿੰਘ ਨੇ ਵੀ ਮੋਦੀ ਸਰਕਾਰ ਦੀਆਂ ਨੀਤੀਆਂ ਦੀ ਅਲੋਚਨਾ ਕੀਤੀ ਹੈ। ਅਕਾਲੀ ਲੀਡਰਾਂ ਦਾ ਮੰਨਣਾ ਹੈ ਕਿ ਮੋਦੀ ਸਰਕਾਰ ਉਨ੍ਹਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦੇ ਰਹੀ।

# ਦਰਬਾਰ ਸਾਹਿਬ ਦੁਆਲੇ ਨਾਜਾਇਜ਼ ਉਸਾਰੀਆਂ ਬਾਰੇ ਅਫਸਰ ਤਲਬ

**ਅੰਮ੍ਰਿਤਸਰ:** ਦਰਬਾਰ ਸਾਹਿਬ ਦੁਆਲੇ ਹੋਟਲਾਂ ਦੇ ਰੂਪ ਵਿਚ ਹੋਈਆਂ ਨਾਜਾਇਜ਼ ਉਸਾਰੀਆਂ ਦੇ ਮਾਮਲੇ ਵਿਚ ਸਰਕਾਰ ਤੇ ਪ੍ਰਸ਼ਾਸਨ ਵੱਲੋਂ ਕੋਈ ਠੋਸ ਕਾਰਵਾਈ ਨਾ ਕੀਤੇ ਜਾਣ ਖ਼ਿਲਾਫ਼ ਦਾਇਰ ਪਟੀਸ਼ਨ ਦੀ ਸੁਣਵਾਈ ਕਰਦਿਆਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅੰਮ੍ਰਿਤਸਰ ਜ਼ਿਲ੍ਹਾ ਪ੍ਰਸ਼ਾਸਨ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ 2 ਮਾਰਚ ਨੂੰ ਨਿੱਜੀ ਤੌਰ 'ਤੇ ਹਾਜ਼ਰ ਹੋਣ ਦੇ ਆਦੇਸ਼ ਦਿੱਤੇ ਹਨ। ਇਹ ਪਟੀਸ਼ਨ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਕਾਰਕੁਨ ਸਰਬਜੀਤ ਸਿੰਘ ਵੇਰਕਾ ਵੱਲੋਂ 2015 ਵਿਚ ਕਾਨੂੰਨ ਦੀ ਉਲੰਘਣਾ ਸਬੰਧੀ ਦਾਇਰ ਕੀਤੀ ਗਈ ਸੀ।ਸ. ਵੇਰਕਾ ਨੇ ਦੱਸਿਆ ਕਿ ਉਨ੍ਹਾਂ ਵੱਲੋਂ 2010 ਵਿਚ ਹਾਈਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ ਅਪੀਲ ਕੀਤੀ ਗਈ ਸੀ ਕਿ ਸ੍ਰੀ ਦਰਬਾਰ ਸਾਹਿਬ ਦੁਆਲੇ ਹੋਈਆਂ ਨਾਜਾਇਜ਼ ਉਸਾਰੀਆਂ ਹਟਾਈਆਂ ਜਾਣ ਅਤੇ ਜਿਨ੍ਹਾਂ ਨਿਗਮ ਅਧਿਕਾਰੀਆਂ ਦੇ ਕਾਰਜਕਾਲ ਸਮੇਂ ਇਹ ਉਸਾਰੀਆਂ ਹੋਈਆਂ ਹਨ, ਉਨ੍ਹਾਂ ਖਿਲਾਫ਼ ਕਾਰਵਾਈ ਕੀਤੀ ਜਾਵੇ ਜਿਸ ਦੇ ਆਧਾਰ 'ਤੇ ਹੁਣ ਅਦਾਲਤ ਵੱਲੋਂ ਆਦੇਸ਼ ਜਾਰੀ ਕੀਤੇ ਗਏ ਸਨ।

# ਕਾਂਗਰਸ ਦੀ ਪਲਟੀ 'ਤੇ ਵਾਰ

ਵਾਪਰੀਆਂ ਘਟਨਾਵਾਂ ਦੇ ਦੋਸ਼ੀ ਅਜੇ ਵੀ ਪੁਲਿਸ ਦੀ ਪਹੁੰਚ ਤੋਂ ਬਾਹਰ ਹਨ। ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ 21 ਜਨਵਰੀ ਨੂੰ ਕੈਪਟਨ ਅਮਰਿੰਦਰ ਸਿੰਘ ਤੇ ਪੰਜਾਬ ਕਾਂਗਰਸ ਦੇ ਮਾਮਲਿਆਂ ਦੇ ਇੰਚਾਰਜ ਡਾ. ਸ਼ਕੀਲ ਅਹਿਮਦ ਤੇ ਸਹਾਇਕ ਇੰਚਾਰਜ ਹਰੀਸ਼ ਚੌਧਰੀ ਵਿਚਕਾਰ ਹੋਈ ਮੀਟਿੰਗ ਵਿਚ ਇਹ ਫੈਸਲਾ ਵੀ ਕਰ ਲਿਆ ਗਿਆ ਸੀ ਕਿ ਕਾਂਗਰਸ ਇਹ ਉਪ ਚੋਣ 'ਜ਼ਰੂਰ' ਲੜੇਗੀ। ਉਸ ਤੋਂ ਬਾਅਦ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੋਂ ਰਮਨਜੀਤ ਸਿੰਘ ਸਿੱਕੀ ਨੂੰ ਖਡੂਰ ਸਾਹਿਬ ਉਪ ਚੋਣ ਵਿਚ ਕਾਂਗਰਸੀ ਉਮੀਦਵਾਰ ਬਣਾਉਣ ਦੀ ਇਜਾਜ਼ਤ ਵੀ ਲੈ ਲਈ ਗਈ। ਕਾਂਗਰਸ ਵੱਲੋਂ ਚੋਣ ਨਾ ਲੜਨ ਦੇ ਅਚਾਨਕ ਫੈਸਲੇ ਨੇ ਜਿਥੇ ਸ਼੍ਰੋਮਣੀ ਅਕਾਲੀ ਦਲ ਸਮੇਤ ਸਾਰੀਆਂ ਸਿਆਸੀ ਧਿਰਾਂ ਨੂੰ ਹੈਰਾਨ ਕਰ ਕੇ ਰੱਖ ਦਿੱਤਾ ਹੈ, ਉਥੇ ਇਸ ਦੇ ਅੰਦਰ ਵੀ ਬਾਗ਼ੀ ਸੁਰਾਂ ਉਠਣੀਆਂ ਸ਼ੁਰੂ ਹੋ ਗਈਆਂ ਹਨ। ਸੀਨੀਅਰ ਕਾਂਗਰਸੀ ਨੇਤਾ ਜਗਮੀਤ ਸਿੰਘ ਬਰਾੜ ਸਮੇਤ ਕਈ ਹੋਰ ਨੇਤਾਵਾਂ ਨੇ ਇਸ ਫੈਸਲੇ ਲਈ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਮੋਰਚਾ ਖੋਲ੍ਹਿਆ ਹੋਇਆ ਹੈ ਜਦੋਂਕਿ ਹਾਈਕਮਾਂਡ ਇਸ ਫੈਸਲੇ ਨੂੰ ਦਰੁਸਤ ਠਹਿਰਾ ਰਹੀ ਹੈ।

# ਈਕੋਸਿੱਖ ਵੱਲੋਂ ਜੈਵਿਕ ਲੰਗਰ ਦੀ ਮੁਹਿੰਮ

**ਚੰਡੀਗੜ੍ਹ:** ਵਾਸ਼ਿੰਗਟਨ ਡੀ.ਸੀ. ਸਥਿਤ ਕੌਮਾਂਤਰੀ ਈਕੋਸਿੱਖ ਸੰਸਥਾ ਨੇ ਦੁਨੀਆਂ ਭਰ ਦੇ ਗੁਰਦੁਆਰਿਆਂ ਵਿਚ ਜੈਵਿਕ ਲੰਗਰ ਵਰਤਾਉਣ ਦੀ ਮੁਹਿੰਮ ਵਿੱਢੀ ਹੈ। ਇਸ ਤਹਿਤ 14 ਮਾਰਚ ਨੂੰ ਸੰਸਾਰ ਭਰ ਵਿਚ 'ਸਿੱਖ ਵਾਤਾਵਰਨ ਦਿਵਸ' ਮਨਾ ਕੇ ਦੁਨੀਆਂ ਭਰ ਵਿਚਲੇ ਸੈਂਕੜੇ ਗੁਰਦੁਆਰਿਆਂ ਵਿਚ ਜੈਵਿਕ ਲੰਗਰ ਦੀ ਚਰਚਾ ਛੇੜੀ ਜਾਵੇਗੀ। ਈਕੋਸਿੱਖ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੋਲਾ-ਮਹੱਲਾ ਮੌਕੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਪਲਾਸਟਿਕ ਦੀਆਂ ਪਲੇਟਾਂ ਦੀ ਥਾਂ ਸਟੀਲ ਦੇ ਥਾਲਾਂ ਵਿਚ ਜੈਵਿਕ ਲੰਗਰ ਵਰਤਾ ਕੇ ਪੰਜਾਬ ਨੂੰ ਕੈਂਸਰ ਮੁਕਤ ਕਰਨ ਦਾ ਸੱਦਾ ਦਿੱਤਾ ਹੈ।

ਸੰਸਥਾ ਵੱਲੋਂ ਚਲਾਈ ਗਈ ਮੁਹਿੰਮ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਸਮੇਤ 35 ਗੁਰਦੁਆਰਿਆਂ ਲਈ ਜੈਵਿਕ ਖੇਤੀ ਕਰਨ ਦਾ ਪਹਿਲਾਂ ਹੀ ਫੈਸਲਾ ਕੀਤਾ ਗਿਆ ਹੈ। ਈਕੋਸਿੱਖ ਸੰਸਥਾ ਵਾਸ਼ਿੰਗਟਨ ਦੇ ਕੌਮਾਂਤਰੀ ਪ੍ਰਧਾਨ ਡਾ. ਰਾਜਵੰਤ ਸਿੰਘ, ਡਾਟਾਵਿੰਡ ਦੇ ਸੀ.ਈ.ਓ. ਤੇ ਈਕੋਸਿੱਖ ਬੋਰਡ ਦੇ ਮੈਂਬਰ ਸੁਨੀਤ ਸਿੰਘ ਤੁਲੀ, ਪ੍ਰੋਜੈਕਟ ਮੈਨੇਜਰ ਰਵਨੀਤ ਸਿੰਘ, ਜੈਵਿਕ ਖੇਤੀ ਕਰਨ ਵਾਲੇ ਕਿਸਾਨ ਜੇ.ਐਸ. ਘੁਲਾਲ ਅਤੇ ਸਿੱਦਕਪਾਲ ਸਿੰਘ ਨੇ ਇੱਥੇ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਪੰਜਾਬ ਨੂੰ ਕੈਂਸਰ ਤੋਂ ਬਚਾਉਣ ਲਈ ਜੈਵਿਕ ਖੇਤੀ ਕਰਨੀ ਸਮੇਂ ਦੀ ਮੰਗ ਹੈ, ਕਿਉਂਕਿ ਰਸਾਇਣ ਖਾਦਾਂ ਕਾਰਨ ਪੰਜਾਬ ਦੀ ਧਰਤੀ, ਪਾਣੀ ਅਤੇ ਹਵਾ ਜ਼ਹਿਰੀਲੇ ਹੋ ਰਹੇ ਹਨ

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਕਬੱਡੀ ਕੁਮੈਂਟੇਟਰ ਸੁਖਚੈਨ ਬਰਾੜ ਦੀ ਪਤਨੀ ਦੀ ਹਾਦਸੇ 'ਚ ਮੌਤ

**ਟੋਰਾਂਟੋ, ਕੈਨੇਡਾ (ਬਿਊਰੋ):** ਕਬੱਡੀ ਦੇ ਪ੍ਰਸਿਧ ਅਤੇ ਹਰਮਨ ਪਿਆਰੇ ਕੁਮੈਂਟੇਟਰ ਸੁਖਚੈਨ ਸਿੰਘ ਬਰਾੜ ਦੀ ਪਤਨੀ ਗੁਰਪ੍ਰੀਤ ਕੌਰ ਬਰਾੜ ਦੀ ਟੋਰਾਂਟੋ ਨੇੜੇ ਹੋਏ ਇਕ ਹਾਦਸੇ ਵਿਚ ਮੌਤ ਹੋ ਗਈ। ਪ੍ਰਾਪਤ ਸੂਚਨਾ ਅਨੁਸਾਰ ਟੋਰਾਂਟੋ ਤੋਂ ਕਰੀਬ 180 ਮੀਲ ਦੂਰ ਪੈਂਦੇ ਅਮਰੀਕਾ ਦੀ ਸਰਹੱਦ ਨੇੜਲੇ ਸ਼ਹਿਰ ਸਾਰਨੀਆਂ ਨੇੜੇ ਸੁਖਚੈਨ ਬਰਾੜ ਦੇ ਟਰੱਕ ਨੂੰ ਅਚਾਨਕ ਅੱਗ ਲੱਗ ਗਈ। ਅੱਗ ਇੰਨੀ ਤੇਜੀ ਨਾਲ ਫੈਲੀ ਕਿ ਸ. ਬਰਾੜ ਦਾ ਬਚ ਸਕਣਾ ਮਸਾਂ ਸੰਭਵ ਹੋਇਆ ਪਰ ਉਨ੍ਹਾਂ ਦੀ ਪਤਨੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਚੇਤੇ ਰਹੇ, ਸ. ਬਰਾੜ ਮੋਗਾ ਜ਼ਿਲ੍ਹੇ ਦੇ ਪਿੰਡ ਲਧਾਈਕੇ ਤੋਂ ਹਨ।

ਜਾਣਕਾਰੀ ਅਨੁਸਾਰ ਸੁਖਚੈਨ ਸਿੰਘ ਬਰਾੜ ਆਪਣੀ ਪਤਨੀ ਨਾਲ ਮਿਲ ਕੇ ਟਰੱਕ ਚਲਾਉਂਦਾ ਸੀ। ਅਚਾਨਕ ਟਰੱਕ ਦੇ ਅਗਲੇ ਹਿੱਸੇ ਵਿਚ ਅੱਗ ਲੱਗ ਗਈ। ਸੁਖਚੈਨ ਸਿੰਘ ਬਰਾੜ ਬਹੁਤ ਔਖੀ ਸਥਿਤੀ ਵਿਚ ਬਚਿਆ, ਜਦੋਂਕਿ ਉਸ ਦੀ ਪਤਨੀ ਟਰੱਕ ਦੇ ਅੰਦਰ ਹੀ ਰਹਿ ਗਈ ਅਤੇ ਅੱਗ ਲੱਗਣ ਕਾਰਨ ਝੁਲਸ ਗਈ। ਅੱਗ ਬੁਝਾਊ ਦਸਤੇ ਨੇ ਮੌਕੇ ਉਤੇ ਪਹੁੰਚ ਕੇ ਅੱਗ ਉਤੇ ਕਾਬੂ ਪਾਉਣ ਦੀ ਕੋਸ਼ਿਸ਼ ਤਾਂ ਕੀਤੀ, ਪਰ ਉਦੋਂ ਤੱਕ ਕਾਫ਼ੀ ਦੇਰ ਹੋ ਚੁੱਕੀ ਸੀ। ਪੁਲਿਸ ਹਾਦਸੇ ਦੇ ਕਾਰਨਾਂ ਦੀ ਜਾਂਚ ਕਰ ਰਹੀ ਹੈ।

**ਸ਼ਿਕਾਗੋ:** ਸਥਾਨਕ ਖੇਡ ਤੇ ਸੱਭਿਆਚਾਰਕ ਸੰਸਥਾ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਨੇ ਸ. ਬਰਾੜ ਨਾਲ ਵਾਪਰੇ ਇਸ ਦੁਖਾਂਤ 'ਤੇ ਅਫਸੋਸ ਪ੍ਰਗਟਾਉਂਦਿਆਂ ਰੱਬ ਅੱਗੇ ਅਰਦਾਸ ਕੀਤੀ ਕਿ ਬਰਾੜ ਪਰਿਵਾਰ ਨੂੰ ਇਹ ਸਦਮਾ ਬਰਦਾਸ਼ਤ ਕਰਨ ਦਾ ਬਲ ਬਖਸ਼ੇ।

ਕਲੱਬ ਦੇ ਇਕ ਬੁਲਾਰੇ ਅਮਰਦੇਵ ਸਿੰਘ ਬੰਦੇਸ਼ਾ ਨੇ ਇਹ ਬਿਆਨ ਜਾਰੀ ਕਰਦਿਆਂ ਕਿਹਾ ਕਿ ਸ. ਬਰਾੜ ਕਲੱਬ ਦੇ ਸੱਦੇ ਉਤੇ ਉਨ੍ਹਾਂ ਦੇ ਮੇਲੇ ਵਿਚ ਕੁਮੈਂਟਰੀ ਦੇਣ ਆਉਂਦੇ ਰਹੇ ਹਨ ਅਤੇ ਦਰਸ਼ਕਾਂ ਨੂੰ ਉਨ੍ਹਾਂ ਦੀ ਕੁਮੈਂਟਰੀ ਚੰਗੀ ਵੀ ਬਹੁਤ ਲੱਗਦੀ ਹੈ।

**ਡੈਲਸ, ਟੈਕਸਸ:** ਡੀ ਐਫ ਡਬਲਿਊ ਸਪਰੋਟਸ ਕਲੱਬ ਅਤੇ ਪੰਜਾਬੀ ਐਸੋਸੀਏਸ਼ਨ 'ਹੱਸਦਾ ਪੰਜਾਬ' ਨੇ ਕੁਮੈਂਟੇਟਰ ਸੁਖਚੈਨ ਬਰਾੜ ਦੀ ਪਤਨੀ ਬੀਬੀ ਗੁਰਪ੍ਰੀਤ ਕੌਰ ਬਰਾੜ ਦੇ ਇਕ ਟਰੱਕ ਹਾਦਸੇ ਵਿਚ ਚਲਾਣੇ ਉਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਭਾਰਤੀ ਝੰਡਾ ਲਹਿਰਾਉਣ 'ਤੇ 10 ਸਾਲ ਕੈਦ?



**ਲਾਹੌਰ:** ਭਾਰਤ ਦਾ ਤਿਰੰਗਾ ਝੰਡਾ ਲਹਿਰਾਉਣ ਵਾਲੇ ਪਾਕਿਸਤਾਨੀ ਨਾਗਰਿਕ ਉਮਰ ਦਰਾਜ ਨੂੰ 10 ਸਾਲ ਦੀ ਸਜ਼ਾ ਹੋ ਸਕਦੀ ਹੈ। ਉਮਰ ਖਿਲਾਫ ਦੇਸ਼ ਦੇ ਸਵੈਮਾਣ ਨੂੰ ਢਾਹ ਲਾਉਣ ਦੇ ਜ਼ੁਰਮ ਦੀ ਜਿਸ ਧਾਰਾ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ, ਉਸ ਅਧੀਨ 10 ਸਾਲ ਦੀ ਸਜ਼ਾ ਦਾ ਪ੍ਰਬੰਧ ਹੈ। ਉਮਰ ਦਰਾਜ ਨੂੰ ਆਪਣੇ ਘਰ 'ਤੇ ਭਾਰਤੀ ਝੰਡਾ ਲਹਿਰਾਉਣ ਦੇ ਜ਼ੁਰਮ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਇਹ ਗ੍ਰਿਫਤਾਰੀ ਲਹਿੰਦੇ ਪੰਜਾਬ ਦੇ ਓਕਾਰਾ ਵਿਚੋਂ ਕੀਤੀ ਗਈ ਹੈ।

ਗ੍ਰਿਫਤਾਰ ਕੀਤਾ ਗਿਆ ਸ਼ਖ਼ਸ ਭਾਰਤੀ ਕ੍ਰਿਕਟ ਸਟਾਰ ਵਿਰਾਟ ਕੋਹਲੀ ਦਾ ਪ੍ਰਸੰਸਕ ਦੱਸਿਆ ਜਾ ਰਿਹਾ ਹੈ। ਦਰਅਸਲ ਪਾਕਿਸਤਾਨੀ ਕਾਨੂੰਨ ਦੇ ਤਹਿਤ 22 ਸਾਲਾ ਉਮਰ ਦਰਾਜ ਖਿਲਾਫ ਪਾਕਿਸਤਾਨ ਪੀਨਲ ਕੋਡ ਦੀ ਧਾਰਾ 123-1 ਤਹਿਤ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਗ੍ਰਿਫਤਾਰੀ ਪਿਛੋਂ ਉਮਰ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿਸ ਤੋਂ ਬਾਅਦ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ।

# ਅਦਾਲਤ ਵੱਲੋਂ ਪਰਲ ਗਰੁਪ ਦੀ ਜਾਇਦਾਦ ਵੇਚਣ ਦੇ ਹੁਕਮ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪਰਲ ਐਗਰੋਟੈੱਕ ਕਾਰਪੋਰੇਸ਼ਨ ਲਿਮਟਿਡ (ਪੀ.ਏ.ਸੀ.ਐਲ.) ਦੀ ਜਾਇਦਾਦ ਵੇਚ ਕੇ ਕੰਪਨੀ ਦੀ ਠੱਗੀ ਦਾ ਸ਼ਿਕਾਰ ਹੋਏ ਨਿਵੇਸ਼ਕਾਂ ਦੀ ਰਕਮ ਮੋੜਨ ਦੇ ਹੁਕਮ ਦਿੱਤੇ ਹਨ। ਇਸ ਮਾਮਲੇ 'ਤੇ ਅਗਲੀ ਸੁਣਵਾਈ 2 ਅਗਸਤ ਨੂੰ ਹੋਵੇਗੀ।

ਜਸਟਿਸ ਅਨਿਲ ਆਰ. ਦਵੇ ਅਤੇ ਏ.ਕੇ. ਗੋਇਲ 'ਤੇ ਆਧਾਰਿਤ ਬੈਂਚ ਨੇ ਸਾਬਕਾ ਜਸਟਿਸ ਆਰ.ਐਮ. ਲੋਢਾ ਦੀ ਅਗਵਾਈ ਹੇਠ ਕਮੇਟੀ ਬਣਾਈ ਗਈ ਹੈ ਜੋ ਸੇਬੀ ਵੱਲੋਂ ਜਾਇਦਾਦ ਦੀ ਵਿਕਰੀ ਅਤੇ ਨਿਵੇਸ਼ਕਾਂ ਪੈਸੇ ਮੋੜਨ ਦੀ ਪ੍ਰਕਿਰਿਆ ਦੀ ਨਿਗਰਾਨੀ ਕਰੇਗੀ। ਬੈਂਚ ਨੇ ਸੀ.ਬੀ.ਆਈ. ਨੂੰ ਨਿਰਦੇਸ਼ ਦਿੱਤੇ ਕਿ ਉਸ ਨੇ ਜਾਇਦਾਦ ਸਬੰਧੀ ਜੋ ਵੀ ਦਸਤਾਵੇਜ਼ ਕਬਜ਼ੇ ਵਿਚ ਲਏ ਹਨ, ਉਹ ਸੇਬੀ ਦੇ ਸਪੁਰਦ ਕਰ ਦਿੱਤੇ ਜਾਣ ਤਾਂ ਜੋ ਜਾਇਦਾਦ ਨੂੰ ਵੇਚਣ ਅਤੇ ਨਿਵੇਸ਼ਕਾਂ ਨੂੰ ਉਨ੍ਹਾਂ ਦੀ ਰਕਮ ਮੋੜਨ ਦੀ ਕਾਰਵਾਈ ਸ਼ੁਰੂ ਕੀਤੀ ਜਾ ਸਕੇ।

ਸਿਖਰਲੀ ਅਦਾਲਤ ਨੇ ਆਪਣੇ ਹੁਕਮਾਂ ਵਿਚ ਨਾਲ ਹੀ ਦੇਸ਼ ਦੀਆਂ ਹੋਰਨਾਂ ਅਦਾਲਤਾਂ ਨੂੰ ਵੀ ਕਿਹਾ ਹੈ ਕਿ ਇਸ ਜਾਇਦਾਦ ਨੂੰ ਵੇਚਣ ਦੀ ਪ੍ਰਕਿਰਿਆ ਖ਼ਿਲਾਫ਼ ਕੋਈ ਵੀ ਪਟੀਸ਼ਨ ਸਵੀਕਾਰ ਨਾ ਕੀਤੀ ਜਾਵੇ। ਅਦਾਲਤ ਨੇ ਇਹ ਹੁਕਮ ਪੀ.ਏ.ਸੀ.ਐਲ. ਦੇ 35 ਸੌ ਤੋਂ ਜ਼ਿਆਦਾ ਗਾਹਕਾਂ ਅਤੇ ਮੁਲਾਜ਼ਮਾਂ ਦੀ ਐਸੋਸੀਏਸ਼ਨ ਵੱਲੋਂ ਦਾਇਰ ਕੀਤੀ ਪਟੀਸ਼ਨ ਦੀ ਸੁਣਵਾਈ ਕਰਦਿਆਂ ਦਿੱਤਾ ਹੈ। ਇਨ੍ਹਾਂ ਵਿਚ ਵਧੇਰੇ ਲੋਕ ਕੇਰਲ ਤੋਂ ਹਨ। ਪਟੀਸ਼ਨਰਾਂ ਨੇ ਸੇਬੀ ਨੂੰ ਪੀ.ਏ.ਸੀ.ਐਲ. ਤੋਂ ਕੇਰਲ ਦੇ ਨਿਵੇਸ਼ਕਾਂ ਤੋਂ ਇਕੱਠੇ ਕੀਤੇ 500 ਕਰੋੜ ਰੁਪਏ ਹਾਸਲ ਕਰਨ ਲਈ ਜਾਇਦਾਦ ਵੇਚਣ ਦੀ ਪ੍ਰਕਿਰਿਆ ਸ਼ੁਰੂ ਕਰਨ ਦੀ ਮੰਗ ਕੀਤੀ ਹੈ।

*To Advertise with Punjab Times*

***Call: 847-359-0746***

# ਮਾਰਕਸੀ ਚਿੰਤਕ ਪ੍ਰੋ. ਰਣਧੀਰ ਸਿੰਘ ਨਹੀਂ ਰਹੇ



**ਚੰਡੀਗੜ੍ਹ:** ਉਘੇ ਮਾਰਕਸੀ ਚਿੰਤਕ ਪ੍ਰੋਫੈਸਰ ਰਣਧੀਰ ਸਿੰਘ ਦਾ ਦਿੱਲੀ ਵਿਚ ਦੇਹਾਂਤ ਹੋ ਗਿਆ। ਉਹ 94 ਵਰ੍ਹਿਆਂ ਦੇ ਸਨ ਅਤੇ ਅੱਜ ਕੱਲ੍ਹ ਦਿੱਲੀ ਵਿਚ ਆਪਣੀ ਧੀ ਕੋਲ ਰਹਿ ਰਹੇ ਸਨ। ਉਹ ਦਿੱਲੀ ਯੂਨੀਵਰਸਿਟੀ ਵਿਚ ਪੁਲੀਟੀਕਲ ਥਿਊਰੀ ਦੇ ਪ੍ਰੋਫੈਸਰ ਸਨ।

ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਆਜੀਵਨ ਫੈਲੋ ਸਨ। ਪਹਿਲਾਂ-ਪਹਿਲ ਉਨ੍ਹਾਂ ਕਵਿਤਾ ਲਿਖਣੀ ਆਰੰਭ ਕੀਤੀ ਸੀ ਅਤੇ ਇਕ ਕਵਿਤਾ ਸੰਗ੍ਰਹਿ 'ਰਾਹਾਂ ਦੀ ਧੂੜ' ਵੀ ਛਪਵਾਇਆ। ਇਸ ਕਿਤਾਬ ਦੀ ਉਦੋਂ ਖੂਬ ਚਰਚਾ ਹੋਈ ਸੀ ਅਤੇ ਉਨ੍ਹਾਂ ਦੀ ਗਿਣਤੀ ਚੋਟੀ ਦੇ ਕਵੀਆਂ ਵਿਚ ਹੋਣ ਲੱਗ ਪਈ ਸੀ, ਪਰ ਬਾਅਦ ਵਿਚ ਉਹ ਸਿਆਸੀ ਚਿੰਤਨ ਨਾਲ ਜੁੜ ਗਏ ਅਤੇ ਕਵਿਤਾ ਬਹੁਤ ਪਿਛਾਂਹ ਰਹਿ ਗਈ। ਰਿਟਾਇਰਮੈਂਟ ਤੋਂ ਬਾਅਦ ਉਨ੍ਹਾਂ ਦੀਆਂ ਲਿਖਤਾਂ ਦਾ ਗ੍ਰੰਥ 'ਕਰਾਈਸਿਸ ਆਫ ਸੋਸ਼ਲਿਜ਼ਮ' ਛਪਿਆ ਜਿਸ ਦੀ ਸੰਸਾਰ ਭਰ ਦੇ ਚਿੰਤਕ ਹਲਕਿਆਂ ਵਿਚ ਚਰਚਾ ਛਿੜੀ। ਇਸ ਤੋਂ ਇਲਾਵਾ ਉਨ੍ਹਾਂ ਹੋਰ ਕਈ ਕਿਤਾਬਾਂ ਦੀ ਰਚਨਾ ਕੀਤੀ।

Prince's Barber Shop

37477 Fremont Blvd, suite C, Fremont, CA 94536

Men & Children's Hair Cut

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com

Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay *Mountainhouse

ਮਾਊਂਟਨਹਾਊਸ ਵਿਚ ਨਵਾਂ/ਪੁਰਾਣਾ ਘਰ ਲੈਣਾ ਜਾਂ ਵੇਚਣਾ ਹੋਵੇ ਤਾਂ ਜ਼ਰੂਰ ਸੰਪਰਕ ਕਰੋ

For Sale & Purchase of Residential, Commercial Property and AG-Land

Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ

COLDWELL BANKER VALLEY CENTRAL

EQUAL HOUSING OPPORTUNITY

REALTOR®



Gurbans Singh Gill
Realtor
DRE#01227109

17 Years Experiance in Real Estate
e-mail: gurbans@gotracy.com
Fax: 209-836-0706
www.gotracy.com

Gurbans Gill
Office 209-835-4545
Direct 209-815-1869

1486 W 11th Street, Tracy, CA 95376

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

# ਡੇਰਾ ਮੁਖੀ ਦੀ ਮੁਆਫੀ ਬਾਰੇ ਜਥੇਦਾਰ ਨੇ ਕਬੂਲੀ ਗਲਤੀ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫੀ ਦਿੱਤੇ ਜਾਣ ਦੇ ਮਾਮਲੇ ਉਤੇ ਪਹਿਲੀ ਵਾਰ ਆਪਣੀ ਗਲਤੀ ਮੰਨੀ ਹੈ। ਇਕ ਨਿਊਜ਼ ਚੈਨਲ 'ਤੇ ਗੱਲਬਾਤ ਦੌਰਾਨ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਮੁੜ ਕੇ ਉਹ ਅਜਿਹੀ ਗਲਤੀ ਨਹੀਂ ਕਰਨਗੇ।

ਡੇਰਾ ਮੁਖੀ ਨੂੰ ਮੁਆਫੀ ਤੇ ਉਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਤੋਂ ਬਾਅਦ ਗਿਆਨੀ ਗੁਰਬਚਨ ਸਿੰਘ ਨੇ ਪਹਿਲੀ ਵਾਰ ਕੈਮਰੇ ਅੱਗੇ ਆਪਣੀ ਗਲਤੀ ਮੰਨੀ ਹੈ। ਉਨ੍ਹਾਂ ਆਖਿਆ ਕਿ ਡੇਰਾ ਮੁਖੀ ਦਾ ਮੁਆਫੀ ਵਾਲਾ ਪੱਤਰ ਉਨ੍ਹਾਂ ਨੂੰ ਮਿਲਿਆ ਸੀ ਜਿਸ ਨੂੰ ਪ੍ਰਵਾਨ ਕਰ ਕੇ ਵਿਚਾਰ-ਵਟਾਂਦਰੇ ਲਈ ਰੱਖਿਆ ਗਿਆ ਸੀ। ਉਨ੍ਹਾਂ ਸਪਸ਼ਟ ਕੀਤਾ ਕਿ ਡੇਰਾ ਮੁਖੀ ਨੂੰ ਮੁਆਫੀ ਨਹੀਂ ਦਿੱਤੀ ਗਈ ਸੀ, ਸਿਰਫ ਉਨ੍ਹਾਂ ਦਾ ਪੱਤਰ ਪ੍ਰਵਾਨ ਕੀਤਾ ਗਿਆ ਸੀ।

ਮੁਆਫੀ ਦਿੱਤੇ ਜਾਣ ਦੀ ਗੱਲ ਨੂੰ ਉਨ੍ਹਾਂ ਨੇ ਮਨਘੜਤ ਦੱਸਿਆ ਹੈ ਪਰ ਸਿੱਖ ਸੰਗਤ ਦੇ ਰੋਸ ਨੂੰ ਦੇਖਦੇ ਹੋਏ ਡੇਰਾ ਮੁਆਫੀ ਦੇ ਪੱਤਰ ਨੂੰ ਵਾਪਸ ਕਰ ਦਿੱਤਾ। ਉਨ੍ਹਾਂ ਸਪਸ਼ਟ ਕੀਤਾ ਕਿ ਡੇਰਾ ਮੁਖੀ ਨੂੰ ਮੁਆਫੀ ਕਦੇ ਵੀ ਨਹੀਂ ਸੀ ਦਿੱਤੀ ਗਈ।

ਉਨ੍ਹਾਂ ਆਖਿਆ ਕਿ ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਉਨ੍ਹਾਂ ਨੂੰ ਅਸਤੀਫਾ ਦੇਣ ਲਈ ਆਖੇਗੀ ਤਾਂ ਉਹ ਤੁਰੰਤ ਅਸਤੀਫਾ ਦੇ ਦੇਣਗੇ। ਗਲਤੀ ਦਾ ਅਹਿਸਾਸ ਹੋਣ ਤੋਂ ਬਾਅਦ ਉਨ੍ਹਾਂ ਨੇ ਇਸ ਵਿਚ ਸੁਧਾਰ ਵੀ ਕੀਤਾ ਹੈ। ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਸਿੱਖ ਪੰਥ ਦੀ ਡੇਰਾ ਮੁਖੀ ਨਾਲ ਕੋਈ ਸਾਂਝ ਨਹੀਂ ਹੈ।





### ਮੁਆਫੀ ਮਾਮਲੇ ਵਿਚ ਕੋਈ ਭੂਮਿਕਾ ਨਹੀਂ: ਗੁਰਮੁਖ ਸਿੰਘ

**ਚੰਡੀਗੜ੍ਹ:** ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੇ ਆਖਿਆ ਹੈ ਕਿ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਮੁਆਫੀ ਦਿਵਾਉਣ ਵਿਚ ਉਨ੍ਹਾਂ ਦੀ ਕੋਈ ਭੂਮਿਕਾ ਨਹੀਂ। ਉਨ੍ਹਾਂ ਕਿਹਾ, "ਮੁਲਾਕਾਤ ਦਾ ਦੂਰ ਦੀ ਗੱਲ, ਉਨ੍ਹਾਂ ਨੇ ਅੱਜ ਤੱਕ ਕਦੇ ਡੇਰਾ ਮੁਖੀ ਦਾ ਮੂੰਹ ਨਹੀਂ ਦੇਖਿਆ।"ਲੋਕਾਂ ਵੱਲੋਂ ਉਨ੍ਹਾਂ 'ਤੇ ਫਲੈਟਾਂ, ਕੋਠੀਆਂ ਦੇ ਲਾਏ ਗਏ ਇਲਜ਼ਾਮ ਬਿਲਕੁਲ ਝੂਠੇ ਹਨ ਤੇ ਜੇ ਕੋਈ ਸਾਬਤ ਕਰ ਦੇਵੇ ਤਾਂ ਉਹ ਕਿਤੇ ਵੀ ਖੜ੍ਹਾ ਹੋਣ ਨੂੰ ਤਿਆਰ ਹਨ।"ਉਨ੍ਹਾਂ ਕਿਹਾ ਕਿ ਪੰਜ ਪਿਆਰਿਆਂ ਕੋਲ ਜਥੇਦਾਰਾਂ ਨੂੰ ਹੁਕਮ ਦੇਣ ਦਾ ਅਧਿਕਾਰ ਨਹੀਂ ਕਿਉਂਕਿ ਇਹ ਉਨ੍ਹਾਂ ਦੇ ਅਧਿਕਾਰ ਖੇਤਰ ਵਿਚ ਨਹੀਂ ਆਉਂਦਾ ਹੈ।

### ਜਥੇਦਾਰ ਦੇ ਕਬੂਲਨਾਮੇ 'ਤੇ ਅਕਾਲੀ ਦਲ ਦੀ ਮੋਹਰ

**ਅੰਮ੍ਰਿਤਸਰ:** "ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦੇਣ ਉਤੇ ਗਲਤੀ ਮੰਨਣ ਦੇ ਫੈਸਲੇ ਉਤੇ ਸ਼੍ਰੋਮਣੀ ਅਕਾਲੀ ਦਲ ਨੇ ਵੀ ਮੋਹਰ ਲਾ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸੀ.ਪੀ.ਐਸ. ਵਿਰਸਾ ਸਿੰਘ ਵਲਟੋਹਾ ਨੇ ਆਖਿਆ ਹੈ ਕਿ ਜਥੇਦਾਰ ਨੇ ਗਲਤੀ ਮੰਨ ਕੇ ਸਹਿ ਕੀਤਾ ਹੈ।

ਉਨ੍ਹਾਂ ਕਿਹਾ ਕਿ ਭਵਿੱਖ 'ਚ ਅਜਿਹੀ ਕੋਈ ਗਲਤੀ ਨਾ ਹੋਵੇ ਇਸ ਦੀ ਆਸ ਕਰਦੇ ਹਾਂ। ਉਧਰ, ਯੂਨਾਈਟਡ ਅਕਾਲੀ ਦਲ ਦੇ ਪ੍ਰਧਾਨ ਭਾਈ ਮੋਹਕਮ ਸਿੰਘ ਨੇ ਕਿਹਾ ਹੈ ਕਿ ਜੇਕਰ ਜਥੇਦਾਰ ਮੰਨਦੇ ਹਨ ਕਿ ਉਨ੍ਹਾਂ ਗਲਤੀ ਕੀਤੀ ਹੈ ਤਾਂ ਉਹ ਜਲਦ ਹੀ ਇਸ ਦੇ ਪਸ਼ਚਾਤਾਪ ਵਜੋਂ ਤਖਤ ਦੇ ਜਥੇਦਾਰ ਦੇ ਅਹੁਦੇ ਤੋਂ ਸੇਵਾ ਮੁਕਤ ਹੋ ਕੇ ਸਰਬੱਤ ਖਾਲਸਾ ਵੱਲੋਂ ਥਾਪੇ ਗਏ ਜਥੇਦਾਰਾਂ ਨੂੰ ਸੇਵਾ ਦੇ ਦੇਣ।

## ਸ਼ਨੀ ਨੂੰ ਗ੍ਰਹਿ ਦੱਸ ਕੇ ਫਸੇ ਸ਼ੰਕਰਾਚਾਰੀਆ

**ਨਵੀਂ ਦਿੱਲੀ:** ਸ਼ਨੀ ਨੂੰ ਗ੍ਰਹਿ ਦੱਸ ਕੇ ਪੂਜਾ ਨਾ ਕਰਨ ਦੀ ਨਸੀਹਤ ਦੇਣ 'ਤੇ ਧਰਮ ਗੁਰੂ ਸ਼ੰਕਰਾਚਾਰੀਆ ਸਵਾਮੀ ਸਵਰੂਪਾਨੰਦ ਸਰਸਵਤੀ ਕਸੂਤੇ ਘਿਰ ਗਏ ਹਨ। ਕਈ ਹਿੰਦੂ ਸੰਗਠਨਾਂ ਨੇ ਸ਼ੰਕਰਾਚਾਰੀਆ ਦਾ ਵਿਰੋਧ ਕੀਤਾ ਹੈ। ਹਰਿਦੁਆਰ ਦੇ ਸੰਤਾਂ ਨੇ ਸੰਕਰਾਚਾਰੀਆ ਦੇ ਵਿਚਾਰਾਂ ਦਾ ਵਿਰੋਧ ਕਰਦੇ ਹੋਏ ਕਿਹਾ ਹੈ ਕਿ ਸ਼ਨੀ ਭਗਵਾਨ ਹੈ।

ਉਸ ਦੀ ਪੂਜਾ ਹੋਣੀ ਚਾਹੀਦੀ ਹੈ। ਉਸ ਨੂੰ ਮਹਿਜ਼ ਗ੍ਰਹਿ ਕਹਿਣਾ ਗਲਤ ਹੈ। ਸੰਕਰਾਚਾਰੀਆ ਖਿਲਾਫ ਸਾਧਵੀ ਪ੍ਰਾਚੀ, ਉਦਾਸੀਨ ਅਖਾੜੇ ਦੇ ਮਹਾਮੰਡਲੇਸ਼ਵਰ ਸਵਾਮੀ ਸ਼ਿਵਾਨੰਦ ਤੇ ਜੂਨਾ ਅਖਾੜਾ ਦੇ ਧਰੇਂਦਰ ਪੁਰੀ ਨੇ ਮੋਰਚਾ ਖੋਲ੍ਹਿਆ ਹੈ। ਕਾਬਲੇਗੌਰ ਹੈ ਕਿ ਦੁਆਰਕਾ ਪੀਠ ਦੇ ਸ਼ੰਕਰਾਚਾਰੀਆ ਨੇ ਆਖਿਆ ਸੀ ਕਿ ਸ਼ਨੀ ਦੇਵਤਾ ਹੈ ਹੀ ਨਹੀਂ, ਕੇਵਲ ਗ੍ਰਹਿ ਹੈ ਤੇ ਗ੍ਰਹਿ ਦੀ ਪੂਜਾ ਨਹੀਂ ਹੁੰਦੀ। ਇਸ ਕਰਕੇ ਸ਼ਨੀ ਦੀ ਪੂਜਾ ਕਰ ਕੇ ਮਹਿਲਾਵਾਂ ਦਾ ਭਲਾ ਨਹੀਂ ਹੋ ਸਕਦਾ। ਮਹਾਰਾਸ਼ਟਰ ਦੇ ਸ਼ਨੀ ਸ਼ਿੰਗਣਾਪੁਰ ਮੰਦਰ ਵਿਚ ਮਹਿਲਾਵਾਂ ਨੂੰ ਪੂਜਾ ਦੀ ਆਗਿਆ ਨਾ ਦਿੱਤੇ ਜਾਣ ਕਾਰਨ ਵਿਵਾਦ ਹੈ। ਇਸੇ ਮੁੱਦੇ ਉਤੇ ਸ਼ੰਕਰਾਚਾਰੀਆ ਨੇ ਬਿਆਨ ਦਿੱਤਾ ਹੈ। ਉਨ੍ਹਾਂ ਮਹਿਲਾਵਾਂ ਨੂੰ ਆਖਿਆ ਹੈ ਕਿ ਜਦੋਂ ਸ਼ਨੀ ਦੇਵਤਾ ਹੈ ਨਹੀਂ ਤਾਂ ਉਸ ਦੀ ਪੂਜਾ ਕਰਨ ਦੀ ਕੋਈ ਤੁਕ ਹੈ ਨਹੀਂ।

## ਕਾਮਦੁਨੀ ਗੈਂਗ ਰੇਪ ਕਾਂਡ ਦੇ ਦੋਸ਼ੀਆਂ ਨੂੰ ਫਾਂਸੀ

**ਕੋਲਕਾਤਾ:** ਕਾਮਦੁਨੀ ਸਮੂਹਿਕ ਜਬਰ ਜਨਾਹ ਤੇ ਹੱਤਿਆ ਦੇ ਮਾਮਲੇ ਵਿਚ ਅਦਾਲਤ ਨੇ ਤਿੰਨ ਦੋਸ਼ੀਆਂ ਨੂੰ ਮੌਤ ਤੇ ਤਿੰਨ ਹੋਰਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਅਮੀਨੁਲ ਅਲੀ, ਸੈਫੁਲ ਅਲੀ ਅਤੇ ਅਨਸਾਰ ਅਲੀ ਨੂੰ ਫਾਂਸੀ ਦੀ ਜਦਕਿ ਇਮਾਨੁਲ ਇਸਲਾਮ, ਅਮੀਨੁਲ ਇਸਲਾਮ ਅਤੇ ਭੋਲਾ ਨਾਸਕਰ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਹੈ। ਦੋ ਮੁਲਜ਼ਮ ਰਫੀਕੁਲ ਇਸਲਾਮ ਅਤੇ ਨੂਰ ਅਲੀ ਖਿਲਾਫ ਸਬੂਤ ਨਾ ਹੋਣ ਕਰ ਕੇ ਉਹ ਬਰੀ ਹੋ ਗਏ। ਇਕ ਹੋਰ ਮੁਲਜ਼ਮ ਗੋਪਾਲ ਨਾਸਕਰ ਦੀ ਪਿਛਲੇ ਸਾਲ ਅਗਸਤ 'ਚ ਮੌਤ ਹੋ ਗਈ ਸੀ।

ਸਮੂਹਿਕ ਬਲਾਤਕਾਰ ਤੇ ਹੱਤਿਆ ਦਾ ਘਿਨਾਉਣਾ ਕਾਂਡ ਸੱਤ ਜੂਨ 2013 ਨੂੰ ਵਾਪਰਿਆ ਸੀ। ਕਾਲਜ ਤੋਂ ਪ੍ਰੀਖਿਆ ਦੇ ਕੇ ਪਰਤ ਰਹੀ ਬੀਏ ਦੂਜੇ ਸਾਲ ਦੀ ਲੜਕੀ ਨਾਲ ਉਤਰੀ 24 ਪਰਗਨਾ ਜ਼ਿਲ੍ਹੇ ਦੇ ਕਾਮਦੁਨੀ ਵਿਚ ਇਹ ਕਾਰਾ ਕੀਤਾ ਗਿਆ ਸੀ। ਲੜਕੀ ਦੀ ਲਾਸ਼ ਮਿਲਣ ਤੋਂ ਬਾਅਦ ਪੂਰੇ ਰਾਜ ਵਿਚ ਮਹਿਲਾਵਾਂ ਦੀ ਸੁਰੱਖਿਆ ਨੂੰ ਲੈ ਕੇ ਪ੍ਰਦਰਸ਼ਨ ਹੋਏ ਸਨ।

# ਪਾਕਿਸਤਾਨੀ ਤਸਕਰਾਂ ਦਾ ਪੰਜਾਬ ਪੁਲਿਸ ਨਾਲ ਕੁਨੈਕਸ਼ਨ?

**ਅੰਮ੍ਰਿਤਸਰ:** ਸਰਹੱਦ ਪਾਰੋਂ ਹੁੰਦੀ ਨਸ਼ਿਆਂ ਦੀ ਤਸਕਰੀ ਦਾ ਕੁਨੈਕਸ਼ਨ ਪੰਜਾਬ ਪੁਲਿਸ ਨਾਲ ਵੀ ਜੁੜਿਆ ਹੋਇਆ ਹੈ। ਇਸ ਦਾ ਖੁਲਾਸਾ ਬਰਖਾਸਤ ਥਾਣੇਦਾਰ ਦੀ ਗ੍ਰਿਫਤਾਰੀ ਤੋਂ ਹੋਇਆ ਹੈ। ਅਜਨਾਲਾ ਪੁਲਿਸ ਨੇ ਪੰਜਾਬ ਪੁਲਿਸ ਦੇ ਬਰਖਾਸਤ ਥਾਣੇਦਾਰ ਰਣਜੀਤ ਸਿੰਘ ਨੂੰ ਪਾਕਿਸਤਾਨੀ ਸਮਗਲਰਾਂ ਨਾਲ ਮਿਲ ਕੇ ਸਮਗਲਿੰਗ ਦੇ ਇਲਜ਼ਾਮ ਤਹਿਤ ਗ੍ਰਿਫਤਾਰ ਕੀਤਾ ਹੈ। ਪੁਲਿਸ ਨੇ ਇਸ ਕੋਲੋਂ ਭਾਰਤੀ ਮੋਬਾਈਲ ਸਮੇਤ ਪਾਕਿਸਤਾਨੀ ਸਿਮ ਤੇ ਪਾਕਿਸਤਾਨੀ ਨੰਬਰਾਂ ਵਾਲੀ ਡਾਇਰੀ ਬਰਾਮਦ ਕੀਤੀ ਹੈ।

ਪੁਲਿਸ ਮੁਤਾਬਕ 27-28 ਜਨਵਰੀ ਦੀ ਰਾਤ ਨੂੰ ਅਜਨਾਲਾ ਸੈਕਟਰ ਵਿਚ ਆਉਂਦੀ ਭਾਰਤ-ਪਾਕਿ ਸਰਹੱਦ ਦੇ ਇਲਾਕੇ ਵਿਚ ਤਿੰਨ ਪਾਕਿਸਤਾਨੀ ਤਸਕਰਾਂ ਵੱਲੋਂ ਭਾਰਤੀ ਸਰਹੱਦ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਗਈ ਸੀ ਜਿਸ ਨੂੰ ਸਰਹੱਦ 'ਤੇ ਤਾਇਨਾਤ ਬੀ.ਐਸ.ਐਫ. ਦੀ ਮਹਿਲਾ ਫੋਰਸ ਨੇ ਫਾਇਰਿੰਗ ਕਰਕੇ ਨਾਕਾਮ ਕਰ ਦਿੱਤਾ। ਇਸ ਤੋਂ ਬਾਅਦ ਬੀ.ਐਸ.ਐਫ. ਅਧਿਕਾਰੀਆਂ ਵੱਲੋਂ ਪੁਲਿਸ ਨੂੰ ਇਸ ਸਬੰਧੀ ਸ਼ਿਕਾਇਤ ਦਰਜ ਕਾਰਵਾਈ ਗਈ ਸੀ। ਸ਼ਿਕਾਇਤ ਮਿਲਣ ਤੋਂ ਬਾਅਦ ਪੁਲਿਸ ਵੱਲੋਂ ਸਰਹੱਦੀ ਇਲਾਕੇ ਵਿਚ ਨਾਕਾਬੰਦੀ ਕੀਤੀ ਗਈ ਸੀ ਤੇ ਵਿਸ਼ੇਸ਼ ਤਲਾਸ਼ੀ ਅਭਿਆਨ ਵੀ ਚਲਾਇਆ ਗਿਆ ਸੀ।



ਇਸੇ ਦੌਰਾਨ ਪਿੰਡ ਬੱਲੜਵਾਲ ਨੇੜੇ ਲੱਗੇ ਨਾਕੇ 'ਤੇ ਪੁਲਿਸ ਨੇ ਰਣਜੀਤ ਸਿੰਘ ਨਾਂ ਦੇ ਸ਼ਖਸ ਨੂੰ ਗ੍ਰਿਫਤਾਰ ਕੀਤਾ ਤੇ ਉਸ ਦਾ ਇਕ ਸਾਥੀ ਫਰਾਰ ਹੋਣ ਵਿਚ ਕਾਮਯਾਬ ਹੋ ਗਿਆ। ਉਸ ਨੇ ਪੁਲਿਸ ਨੂੰ ਦੱਸਿਆ ਕਿ ਉਹ ਪੰਜਾਬ ਪੁਲਿਸ ਵਿਚ ਥਾਣੇਦਾਰ ਸੀ। ਪੁਲਿਸ ਨੇ ਜਾਂਚ ਵਿੱਚ ਪਾਇਆ ਕਿ ਰਣਜੀਤ ਸਿੰਘ ਪਹਿਲਾਂ ਵੀ ਨਸ਼ਾ ਤਸਕਰੀ ਦੇ ਇਲਜ਼ਾਮਾਂ ਤਹਿਤ ਪੁਲਿਸ ਨੂੰ ਲੋੜੀਂਦਾ ਸੀ। ਪੁਲਿਸ ਹੁਣ ਇਸ ਜਾਂਚ ਵਿਚ ਜੁਟ ਚੁੱਕੀ ਹੈ ਕਿ ਰਣਜੀਤ ਸਿੰਘ ਦੇ ਪਾਕਿਸਤਾਨ ਵਿਚ ਕਿਨ੍ਹਾਂ ਸਮਗਲਰਾਂ ਨਾਲ ਸੰਪਰਕ ਵਿਚ ਹਨ ਤੇ ਉਹ ਪਹਿਲਾਂ ਕਿੰਨੀ ਵਾਰ ਸਰਹੱਦ ਪਾਰੋਂ ਨਸ਼ੇ ਦੀ ਖੇਪ ਭਾਰਤ ਪਹੁੰਚਾ ਚੁੱਕਾ ਹੈ।

### ਜੇਲ੍ਹਾਂ 'ਚ ਨਸ਼ਈ ਕੈਦੀਆਂ ਦੀ ਭਰਮਾਰ

**ਚੰਡੀਗੜ੍ਹ:** ਪੰਜਾਬ ਦੀਆਂ ਜੇਲ੍ਹਾਂ ਵਿਚ ਨਸ਼ਈ ਕੈਦੀਆਂ ਦੀ ਭਰਮਾਰ ਹੈ। ਨਸ਼ੀਲੇ ਪਦਾਰਥਾਂ ਨੂੰ ਲੈ ਕੇ ਦਰਜ ਕੇਸਾਂ ਨਾਲ ਜੁੜੇ ਕੈਦੀ ਤੇ ਹਵਾਲਾਤੀਆਂ ਦੀ ਗਿਣਤੀ ਕਾਫੀ ਜ਼ਿਆਦਾ ਹੈ। ਸੂਬੇ ਦੀਆਂ ਜੇਲ੍ਹਾਂ 'ਚ 25616 ਕੈਦੀ ਬੰਦ ਹਨ, ਜਿਨ੍ਹਾਂ ਵਿਚੋਂ 1353 ਔਰਤ ਹਨ। ਮਰਦ ਕੈਦੀਆਂ ਦੀ ਕੁੱਲ ਗਿਣਤੀ 24626 ਹੈ। ਜੇਲ੍ਹਾਂ 'ਚ ਬੰਦ ਕੁੱਲ 25616 ਲੋਕਾਂ ਵਿਚੋਂ 7068 ਕੈਦੀ, 7055 ਹਵਾਲਾਤੀ, 133 ਸਿਵਲ ਕੈਦੀ, 4058 ਐਨ.ਡੀ.ਪੀ.ਐਸ. ਐਕਟ ਕੈਦੀ, 7197 ਐਨ.ਡੀ.ਪੀ.ਐਸ. ਐਕਟ ਹਵਾਲਾਤੀ ਅਤੇ 105 ਵਿਦੇਸ਼ੀ ਹਨ। ਜੇਲ੍ਹਾਂ 'ਚ 6699 ਮਰਦ ਅਤੇ 369 ਔਰਤ ਕੈਦੀ ਬੰਦ ਹਨ। 438 ਔਰਤ ਹਵਾਲਾਤੀ ਸ਼ਾਮਲ ਹਨ, ਜਦੋਂ ਕਿ ਨਸ਼ਿਆਂ ਨੂੰ ਲੈ ਕੇ ਦਰਜ ਕੇਸਾਂ 'ਚ 227 ਔਰਤਾਂ ਵੀ ਸ਼ਾਮਲ ਹਨ। ਸਰਕਾਰ ਵੱਲੋਂ ਸਖਤੀ ਦੇ ਦਾਅਵਿਆਂ ਦੇ ਬਾਵਜੂਦ ਜੇਲ੍ਹਾਂ ਵਿਚ ਸ਼ਰੇਆਮ ਨਸ਼ੇ ਪਹੁੰਚ ਰਹੇ ਹਨ।

## ਟੋਰਾਂਟੋ ਪੁਲਿਸ ਅਫਸਰ ਇਰਾਦਾ ਕਤਲ ਕੇਸ ਵਿਚ ਦੋਸ਼ੀ ਕਰਾਰ

**ਟੋਰਾਂਟੋ:** ਦੋ ਸਾਲ ਪਹਿਲਾਂ ਇਕ ਨੌਜਵਾਨ ਦੀ ਮੌਤ ਦੇ ਮਾਮਲੇ ਵਿਚ ਟੋਰਾਂਟੋ ਦੇ ਪੁਲਿਸ ਕਾਂਸਟੇਬਲ ਜੇਮਜ਼ ਫੋਰਸਿਲੋ ਨੂੰ ਅਦਾਲਤ ਨੇ ਇਰਾਦਾ-ਏ-ਕਤਲ ਦਾ ਦੋਸ਼ੀ ਠਹਿਰਾਇਆ ਹੈ, ਪਰ ਉਸ ਨੂੰ ਦੂਜੇ ਦਰਜੇ ਦੇ ਕਤਲ ਕੇਸ ਵਿਚੋਂ ਬਰੀ ਕਰ ਦਿੱਤਾ ਗਿਆ ਹੈ।

ਇਹ ਮਾਮਲਾ 2013 ਦਾ ਹੈ, ਜਦੋਂ ਇਕ ਬੱਸ ਵਿਚ ਸਵਾਰ ਛੁਰੇਬਾਜ਼ ਨੌਜਵਾਨ ਸੈਮੀ ਯਾਤਿਮ ਨੂੰ ਫੋਰਸਿਲੋ ਨੇ ਅੱਠ ਗੋਲੀਆਂ ਮਾਰ ਕੇ ਥਾਏਂ ਢੇਰੀ ਕਰ ਦਿੱਤਾ ਸੀ। ਇਹ ਮਸਲਾ ਬਹੁਤ ਭਖਿਆ ਰਿਹਾ ਤੇ ਲੋਕ ਰੋਹ ਉਠਿਆ। 18 ਸਾਲਾ ਸੈਮੀ ਯਾਤਿਮ ਦੀ ਇਸ ਘਟਨਾ ਦੀਆਂ ਫੋਨ-ਵੀਡੀਓ ਸੋਸ਼ਲ ਨੈਟਵਰਕ ਉਤੇ ਪਾ ਦਿੱਤੀਆਂ ਗਈਆਂ ਸਨ ਜਿਸ ਕਰਕੇ ਪੁਲਿਸ ਨੂੰ ਨਿਰਪੱਖ ਜਾਂਚ ਦੇ ਹੁਕਮ ਦੇਣੇ ਪਏ। ਕੈਨੇਡਾ ਦੇ ਇਤਿਹਾਸ ਵਿਚ ਪਿਛਲੇ 16 ਸਾਲਾਂ 'ਚ ਕਤਲ ਕੇਸ ਵਿਚ ਫਸਿਆ ਇਹ ਪਹਿਲਾ ਪੁਲਿਸ ਅਫਸਰ ਹੈ।

ਤਿੰਨ ਮਹੀਨੇ ਦੇ ਟਰਾਇਲ ਦੌਰਾਨ ਫੋਰਸਿਲੋ ਦੇ ਵਕੀਲ ਨੇ ਦਲੀਲਾਂ ਦਿੱਤੀਆਂ ਕਿ ਜਦ ਯਾਤਿਮ ਨੇ 'ਚਾਕੂ' ਸੁੱਟਣ ਤੋਂ ਨਾਂਹ ਕਰ ਦਿੱਤੀ ਤਾਂ ਅਫਸਰ ਨੂੰ ਸਵੈ-ਰੱਖਿਆ ਲਈ ਗੋਲੀ ਚਲਾਉਣੀ ਪਈ ਪਰ ਅਦਾਲਤ ਦਾ ਤਰਕ ਸੀ ਕਿ ਫੋਰਸਿਲੋ ਨੇ ਗੱਲਬਾਤ ਰਾਹੀਂ ਹਾਲਾਤ 'ਤੇ ਕਾਬੂ ਪਾਉਣ ਦੀ ਬਜਾਏ ਕਾਹਲ ਵਿਚ ਗੋਲੀਆਂ ਮਾਰੀਆਂ। ਪਹਿਲੀਆਂ ਗੋਲੀਆਂ ਨਾਲ ਡਿਗ ਪਏ ਸੈਮੀ 'ਤੇ ਹੋਰ ਗੋਲੀਆਂ ਮਾਰਨਾ ਹੀ ਫੋਰਸਿਲੋ ਲਈ ਮੁਸੀਬਤ ਬਣੀ।

### ਪਠਾਨਕੋਟ ਦੀ ਨਹਿਰ ਵਿਚੋਂ ਮਿਲਿਆ ਅਸਲਾ


**ਪਠਾਨਕੋਟ:** ਪਠਾਨਕੋਟ ਦੀ ਯੂ.ਬੀ.ਡੀ.ਸੀ. ਨਹਿਰ ਵਿਚੋਂ ਪੁਲਿਸ ਨੇ ਅਸਲਾ ਬਰਾਮਦ ਕੀਤਾ ਹੈ। ਅਸਲਾ ਸੁੰਦਰ ਚੱਕ ਇਲਾਕੇ ਵਿਚੋਂ ਬਰਾਮਦ ਹੋਇਆ ਹੈ। ਇਸ ਤੋਂ ਬਾਅਦ ਪੁਲਿਸ ਨੇ ਇਲਾਕੇ ਵਿਚ ਤਲਾਸ਼ੀ ਮੁਹਿੰਮ ਛੇੜ ਦਿੱਤੀ।

ਮਿਲੀ ਜਾਣਕਾਰੀ ਅਨੁਸਾਰ ਯੂ. ਬੀ. ਡੀ. ਸੀ. ਨਹਿਰ ਵਿਚ ਕੁਝ ਬੱਚੇ ਨਹਾ ਰਹੇ ਸਨ। ਬੱਚਿਆਂ ਨੇ ਹੀ ਪੁਲਿਸ ਨੂੰ ਇਸ ਸਬੰਧੀ ਜਾਣਕਾਰੀ ਦਿੱਤੀ ਸੀ। ਇਸ ਤੋਂ ਬਾਅਦ ਪੁਲਿਸ ਨੇ ਮੌਕੇ ਉਤੇ ਪਹੁੰਚ ਕੇ ਏ ਕੇ-47 ਦੀਆਂ 29 ਗੋਲੀਆਂ, ਤਿੰਨ ਮੈਗਜ਼ੀਨ, 15 ਬੋਰ ਦੀਆਂ 18 ਗੋਲੀਆਂ, ਇੰਸਾਸ ਦੀਆਂ 29 ਗੋਲੀਆਂ ਬਰਾਮਦ ਕੀਤੀਆਂ। ਇਸ ਤੋਂ ਪਹਿਲਾਂ ਬਟਾਲਾ ਪੁਲਿਸ ਨੇ ਪਿੰਡ ਵਿਲਾ ਦੇ ਛੱਪੜ ਵਿਚੋਂ ਦੋ ਗਰਨੇਡ ਬਰਾਮਦ ਕੀਤੇ ਸਨ।

# ਆਪ੍ਰੇਸ਼ਨ ਬਲੂ ਸਟਾਰ ਬਾਰੇ ਖੁਲਾਸੇ 'ਚ ਘਿਰੀ ਕਾਂਗਰਸ

**ਨਵੀਂ ਦਿੱਲੀ:** ਕਾਂਗਰਸ ਨੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਦੀ ਕਿਤਾਬ 'ਟਰਬੁਲੈਂਟ ਈਅਰਜ਼' ਉਤੇ ਚੁੱਪੀ ਧਾਰ ਲਈ ਹੈ। ਇਸ ਕਿਤਾਬ ਵਿਚ ਰਾਸ਼ਟਰਪਤੀ ਨੇ 1980 ਤੋਂ 1996 ਵਿਚ ਹੋਈਆਂ ਘਟਨਾਵਾਂ ਦਾ ਜ਼ਿਕਰ ਕੀਤਾ ਹੈ।

ਕਾਂਗਰਸ ਦੇ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਆਖਿਆ ਕਿ ਉਨ੍ਹਾਂ ਕਿਤਾਬ ਨਹੀਂ ਪੜ੍ਹੀ, ਇਸ ਲਈ ਅਜੇ ਇਸ ਉਤੇ ਟਿੱਪਣੀ ਨਹੀਂ ਕੀਤੀ ਜਾ ਸਕਦੀ। ਰਾਸ਼ਟਰਪਤੀ ਨੇ ਆਪਣੀ ਕਿਤਾਬ ਵਿਚ ਆਪ੍ਰੇਸ਼ਨ ਬਲੂ ਸਟਾਰ ਨੂੰ ਸਹੀ ਕਾਰਵਾਈ ਦੱਸਿਆ ਹੈ। ਰਾਸ਼ਟਰਪਤੀ ਨੇ ਕਿਤਾਬ ਵਿਚ ਆਪ੍ਰੇਸ਼ਨ ਬਲੂ ਸਟਾਰ ਦੀ ਗੱਲ ਕਰਦਿਆਂ ਲਿਖਿਆ ਹੈ ਕਿ ਉਸ ਸਮੇਂ ਹਾਲਾਤ ਅਜਿਹੇ ਬਣ ਗਏ ਸੀ ਕਿ ਸਰਕਾਰ ਕੋਲ ਕੋਈ ਹੋਰ ਚਾਰਾ ਬਚਿਆ ਨਹੀਂ ਸੀ। ਦਰਬਾਰ ਸਾਹਿਬ ਵਿਚੋਂ ਹਥਿਆਰਬੰਦ ਲੋਕਾਂ ਨੂੰ ਕੱਢਣਾ ਜ਼ਰੂਰੀ ਸੀ ਕਿਉਂਕਿ ਉਹ ਦੇਸ਼ ਦੀ ਅਖੰਡਤਾ ਲਈ ਖਤਰਾ ਬਣ ਗਏ ਸਨ। ਕਿਤਾਬ ਵਿਚ ਰਾਸ਼ਟਰਪਤੀ ਨੇ ਅਯੁੱਧਿਆ ਵਿਚ ਰਾਮ ਜਨਮ ਭੂਮੀ ਮੰਦਰ ਨੂੰ ਖੋਲ੍ਹਣ ਉਤੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਗਲਤੀ ਦੱਸਿਆ ਹੈ ਤੇ ਬਾਬਰੀ ਮਸਜਿਦ ਨੂੰ ਡੇਗਣ ਦੀ ਕਾਰਵਾਈ ਨੂੰ ਵੀ ਅਣਉਚਿਤ ਕਰਾਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਇਸ ਨਾਲ ਦੇਸ਼ ਦੇ ਅਕਸ ਨੂੰ ਢਾਹ ਲੱਗੀ ਸੀ। ਇਸ ਮੁੱਦੇ ਉਤੇ ਕਾਂਗਰਸ ਹੁਣ ਘਿਰਦੀ ਨਜ਼ਰ ਆ ਰਹੀ ਹੈ।



### ਦਲ ਖਾਲਸਾ ਨੇ ਪ੍ਰਣਬ ਦੇ ਖੁਲਾਸਿਆਂ ਨੂੰ ਨਕਾਰਿਆ

**ਚੰਡੀਗੜ੍ਹ:** ਦਲ ਖਾਲਸਾ ਨੇ ਦੇਸ਼ ਦੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਵੱਲੋਂ ਆਪਣੀ ਜੀਵਨੀ ਵਿਚ ਸਾਕਾ ਨੀਲਾ ਤਾਰਾ ਸਬੰਧੀ ਕੀਤੇ ਗਏ ਖੁਲਾਸਿਆਂ ਨੂੰ ਸੱਚਾਈ ਤੋਂ ਦੂਰ ਦੱਸਿਆ ਹੈ। ਜਥੇਬੰਦੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਸ੍ਰੀ ਮੁਖਰਜੀ ਵੱਲੋਂ ਇਹ ਕਹਿਣਾ ਕਿ 1984 ਵਿਚ ਦਰਬਾਰ ਸਾਹਿਬ 'ਤੇ ਫੌਜੀ ਹਮਲਾ ਟਾਲਿਆ ਨਹੀਂ ਜਾ ਸਕਦਾ ਸੀ, ਕੋਰਾ ਝੂਠ ਹੈ। ਉਨ੍ਹਾਂ ਕਿਹਾ ਕਿ ਇਹ ਗੱਲ ਉਜਾਗਰ ਹੋ ਚੁੱਕੀ ਹੈ ਕਿ ਫਰਵਰੀ 1984 ਵਿਚ ਭਾਰਤ ਸਰਕਾਰ ਨੇ ਬਰਤਾਨਵੀ ਸਰਕਾਰ ਪਾਸੋਂ ਦਰਬਾਰ ਸਾਹਿਬ 'ਤੇ ਹਮਲੇ ਲਈ ਸੁਝਾਅ ਤੇ ਮਦਦ ਮੰਗੀ ਸੀ।

# ਸਮਾਰਟ ਸ਼ਹਿਰਾਂ ਦੀ ਪਹਿਲੀ ਸੂਚੀ ਵਿਚ ਲੁਧਿਆਣਾ ਨੇ ਮੱਲੀ ਥਾਂ

**ਲੁਧਿਆਣਾ:** ਕੇਂਦਰ ਸਰਕਾਰ ਵੱਲੋਂ ਸਮਾਰਟ ਸਿਟੀ ਬਣਾਉਣ ਦੀ ਐਲਾਨੀ ਪਹਿਲੇ 20 ਸ਼ਹਿਰਾਂ ਦੀ ਸੂਚੀ ਵਿਚ ਲੁਧਿਆਣਾ ਬਾਜ਼ੀ ਮਾਰ ਗਿਆ ਹੈ। ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਜੰਮੂ ਕਸ਼ਮੀਰ, ਹਿਮਾਚਲ ਪ੍ਰਦੇਸ਼ ਤੇ ਹਰਿਆਣਾ ਵਿਚੋਂ ਕਿਸੇ ਵੀ ਸ਼ਹਿਰ ਦਾ ਨਾਮ ਸੂਚੀ ਵਿਚ ਨਹੀਂ ਹੈ। ਕੇਂਦਰ ਵੱਲੋਂ ਚੁਣੇ (98) ਸ਼ਹਿਰਾਂ ਵਿਚ ਵੱਖ-ਵੱਖ ਮਾਸਕਾਂ ਦੇ ਆਧਾਰ 'ਤੇ ਕਰਵਾਏ ਮੁਕਾਬਲੇ 'ਚ ਲੁਧਿਆਣਾ 19ਵੇਂ ਨੰਬਰ 'ਤੇ ਆਇਆ ਹੈ ਜਦ ਕਿ ਅੰਮ੍ਰਿਤਸਰ ਤੇ ਜਲੰਧਰ ਪਹਿਲੇ ਗੇੜ ਦੀ ਸੂਚੀ ਵਿਚ ਸ਼ਾਮਲ ਹੋਣ ਵਿਚ ਨਾਕਾਮ ਰਹੇ।

ਹਾਲਾਂਕਿ ਉਤਰ ਪ੍ਰਦੇਸ਼, ਜਿਸ ਦੇ ਸਭ ਤੋਂ ਵੱਧ 13 ਸ਼ਹਿਰ ਸਮਾਰਟ ਸ਼ਹਿਰਾਂ ਵਜੋਂ ਚੁਣੇ ਗਏ ਹਨ, ਦਾ ਇਕ ਵੀ ਸ਼ਹਿਰ ਪਹਿਲੇ ਵੀਹਾਂ ਵਿਚ ਥਾਂ ਹਾਸਲ ਨਹੀਂ ਕਰ ਸਕਿਆ। ਪੱਛਮੀ ਬੰਗਾਲ ਤੇ ਬਿਹਾਰ ਦਾ ਕੋਈ ਵੀ ਸ਼ਹਿਰ ਪਹਿਲੇ ਵੀਹ ਸ਼ਹਿਰਾਂ ਦੀ ਸੂਚੀ ਵਿਚ ਸ਼ਾਮਿਲ ਨਹੀਂ ਹੈ। ਝਾਰਖੰਡ, ਹਰਿਆਣਾ, ਉਤਰਾਖੰਡ ਤੇ ਹਿਮਾਚਲ ਪ੍ਰਦੇਸ਼ ਦੇ ਵੀ ਕਿਸੇ ਸ਼ਹਿਰ ਦਾ ਨਾਂ ਸ਼ਾਮਲ ਨਹੀਂ ਹੈ, ਜਦ ਕਿ ਮੱਧ ਪ੍ਰਦੇਸ਼, ਗੁਜਰਾਤ, ਰਾਜਸਥਾਨ, ਕਰਨਾਟਕ, ਤਾਮਿਲਨਾਡੂ, ਮਹਾਂਰਾਸ਼ਟਰ ਤੇ ਆਂਧਰਾ ਪ੍ਰਦੇਸ਼ ਅਜਿਹੇ ਰਾਜ ਹਨ ਜਿਨ੍ਹਾਂ ਦੇ ਦੋ ਜਾਂ ਦੋ ਤੋਂ ਵੱਧ ਸ਼ਹਿਰਾਂ ਦਾ ਨਾਂ ਪਹਿਲੇ 20 ਸ਼ਹਿਰਾਂ ਦੀ ਸੂਚੀ ਵਿਚ ਦਰਜ ਹੈ।



ਸ਼ਹਿਰੀ ਵਿਕਾਸ ਬਾਰੇ ਮੰਤਰੀ ਵੈਂਕਈਆ ਨਾਇਡੂ ਨੇ ਸ਼ਹਿਰਾਂ ਦੀ ਚੋਣ ਵਿਚ ਮੰਤਰਾਲੇ ਦੀ ਕਿਸੇ ਕਿਸਮ ਦੀ ਦਖਲਅੰਦਾਜ਼ੀ ਤੋਂ ਇਨਕਾਰ ਕਰਦਿਆਂ ਕਿਹਾ ਕਿ ਮੁਕਾਬਲੇ ਲਈ ਤੈਅ ਮਾਨਕਾਂ ਦੇ ਆਧਾਰ 'ਤੇ ਹੀ ਫੈਸਲਾ ਕੀਤਾ ਗਿਆ ਹੈ। ਜਿਹੜੇ ਸ਼ਹਿਰ ਪਹਿਲੀ ਸੂਚੀ ਵਿਚ ਥਾਂ ਨਹੀਂ ਪਾ ਸਕੇ, ਉਹ ਹੋਰ ਬਿਹਤਰ ਕਰਨ ਦਾ ਯਤਨ ਕਰਨ ਕਿਉਂਕਿ 40 ਨਾਂ ਤੀਜੇ ਗੇੜ ਵਿਚ ਐਲਾਨੇ ਜਾਣਗੇ। ਇਸ ਸੂਚੀ ਵਿਚ ਪੰਜ ਰਾਜਾਂ ਦੀਆਂ ਰਾਜਧਾਨੀਆਂ ਵੀ ਸ਼ਾਮਲ ਹਨ ਜਿਨ੍ਹਾਂ 'ਚ ਭੁਵਨੇਸ਼ਵਰ, ਉੜੀਸਾ ਦਾ ਨਾਂ ਪਹਿਲੇ ਨੰਬਰ ਉਤੇ ਹੈ ਜਦਕਿ ਰਾਜਸਥਾਨ ਦੀ ਰਾਜਧਾਨੀ ਜੈਪੁਰ ਤੀਜੇ ਨੰਬਰ 'ਤੇ ਆਈ ਹੈ। ਤਾਮਿਲਨਾਡੂ ਦੀ ਰਾਜਧਾਨੀ ਚੇਨਈ ਆਸਾਮ ਦੀ ਰਾਜਧਾਨੀ ਗੁਹਾਟੀ ਤੇ ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਦਾ ਨਾਂ ਵੀ ਪਹਿਲੇ ਵੀਹਾਂ ਸ਼ਹਿਰਾਂ 'ਚ ਸ਼ਾਮਲ ਹੈ। ਪੰਜਾਬ ਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ, ਜਿਸ ਦਾ ਨਾਂ ਪਹਿਲੇ 98 ਸਮਾਰਟ ਸ਼ਹਿਰਾਂ 'ਚ ਸ਼ਾਮਲ ਸੀ, ਵੀ ਇਸ ਸੂਚੀ ਵਿਚ ਥਾਂ ਨਹੀਂ ਬਣਾ ਸਕੀ।

### ਸਮਾਰਟ ਸ਼ਹਿਰਾਂ ਨੂੰ ਮਿਲਣਗੀਆਂ ਸਹੂਲਤਾਂ

**ਲੁਧਿਆਣਾ:** ਸ਼ਹਿਰ ਵਿਚ ਫਰੀ ਵਾਹਨ ਜ਼ੋਨ, ਪੈਦਲ ਤੇ ਬਾਈਕ ਫਰੈਂਡਲੀ ਗਲੀਆਂ ਅਤੇ ਸੜਕਾਂ, ਸਾਈਕਲਾਂ ਲਈ ਵਿਸ਼ੇਸ਼ ਟਰੈਕ, ਰਫਤਾਰ ਹੱਦ 25 ਕਿਲੋਮੀਟਰ ਪ੍ਰਤੀ ਘੰਟਾ, ਬਹੁਮੰਜ਼ਲੀ ਕਾਰ ਪਾਰਕਿੰਗ, ਰੂਫ ਟੌਪ ਸੋਲਰ ਪੈਨਲ, ਹੋਰਡਿੰਗ ਫਰੀ ਸ਼ਹਿਰ, ਸਮਾਰਟ ਪਬਲਿਕ ਪਖਾਨੇ, ਸੌਲਿਡ ਵੇਸਟ ਮੈਨੇਜਮੈਂਟ, ਅੰਡਰਗਰਾਊਂਡ ਪਾਵਰ ਕੇਬਲ, ਸਮਾਰਟ ਸਿਟੀ ਲਾਈਟ, ਰੇਨ ਵਾਟਰ ਹਾਰਵੈਸਟਿੰਗ ਦਾ ਕੰਮ ਕਰਵਾਇਆ ਜਾਏਗਾ। ਲੁਧਿਆਣਾ ਨੂੰ ਸਮਾਰਟ ਸਿਟੀ ਬਣਾਉਣ ਲਈ ਵਿਸ਼ੇਸ਼ ਪ੍ਰਾਈਵੇਟ ਵਾਹਨ (ਐਸ.ਪੀ.ਵੀ.) ਵੀ ਲਿਆਂਦੇ ਜਾਣਗੇ।

### ਭੁਵਨੇਸ਼ਵਰ ਸਭ ਤੋਂ ਅੱਗੇ, ਲੁਧਿਆਣੇ ਦਾ ਨੰਬਰ 19ਵਾਂ

**ਨਵੀਂ ਦਿੱਲੀ:** ਸਮਾਰਟ ਸ਼ਹਿਰਾਂ ਦੀ ਪਹਿਲੀ ਸੂਚੀ ਵਿਚ ਭੁਵਨੇਸ਼ਵਰ ਸਭ ਤੋਂ ਉਪਰ ਹੈ ਜਦ ਕਿ ਲੁਧਿਆਣਾ ਦਾ ਨੰਬਰ 19ਵਾਂ ਹੈ। ਇਨ੍ਹਾਂ ਤੋਂ ਇਲਾਵਾ ਭੁਵਨੇਸ਼ਵਰ, ਪੁਣੇ, ਜੈਪੁਰ, ਸੂਰਤ, ਕੋਚੀ, ਅਹਿਮਦਾਬਾਦ, ਜਬਲਪੁਰ, ਵਿਸ਼ਾਖਾਪਟਨਮ, ਸੋਲਾਪੁਰ, ਦੇਵਨਗਰੀ, ਇੰਦੌਰ, ਕੋਇੰਬਟੂਰ, ਕਾਕੀਨਾਡਾ, ਬੇਲਾਗਵੀ, ਉਦੈਪੁਰ, ਗੁਹਾਟੀ, ਚੇਨੱਈ, ਭੁਪਾਲ ਤੇ ਨਵੀਂ ਦਿੱਲੀ ਨਗਰ ਨਿਗਮ ਦਾ ਇਲਾਕਾ ਸ਼ਾਮਲ ਹੈ। ਕੇਂਦਰੀ ਸ਼ਹਿਰੀ ਵਿਕਾਸ ਮੰਤਰੀ ਐਮ. ਵੈਂਕਈਆ ਨਾਇਡੂ ਨੇ ਕਿਹਾ ਕਿ ਇਸ ਤਹਿਤ ਇਨ੍ਹਾਂ ਸ਼ਹਿਰਾਂ ਦੇ ਬੁਨਿਆਦੀ ਢਾਂਚੇ ਨੂੰ ਵਿਕਸਤ ਕੀਤਾ ਜਾਵੇਗਾ।

# ਜ਼ੀਕਾ ਵਾਇਰਸ ਨੇ ਬਰਾਜ਼ੀਲ ਸਣੇ 20 ਦੇਸ਼ਾਂ ਨੂੰ ਲਪੇਟ ਵਿਚ ਲਿਆ

**ਜਨੇਰੀਓ:** ਮੱਛਰ ਦੇ ਵੱਢਣ ਨਾਲ ਇਕ ਨਵਾਂ ਵਾਇਰਸ 'ਜ਼ੀਕਾ' ਫੈਲ ਗਿਆ ਹੈ, ਜਿਹੜਾ ਜਨਮ ਲੈਣ ਵਾਲੇ ਬੱਚਿਆਂ ਦੇ ਸਿਰ ਤੇ ਦਿਮਾਗ 'ਤੇ ਅਸਰ ਕਰ ਰਿਹਾ ਹੈ। ਬਰਾਜ਼ੀਲ ਨੇ ਆਪਣੇ ਗੁਆਂਢੀ ਦੇਸ਼ਾਂ ਨੂੰ ਇਸ ਵਾਇਰਸ ਨਾਲ ਲੜਨ ਲਈ ਇਕਜੁੱਟ ਹੋਣ ਦੀ ਅਪੀਲ ਕੀਤੀ ਹੈ ਕਿਉਂਕਿ ਇਸ ਨਾਲ ਛੋਟੇ ਸਿਰ ਤੇ ਅਪੰਗ ਦਿਮਾਗ ਵਾਲੇ ਬੱਚੇ ਪੈਦਾ ਹੋ ਰਹੇ ਹਨ।



ਇਸ ਦੇ ਨਾਲ ਹੀ ਇਸ ਖੇਤਰ ਦੀ ਯਾਤਰਾ ਕਰਨ ਤੋਂ ਡਰ ਰਹੀਆਂ ਗਰਭਵਤੀ ਔਰਤਾਂ ਨੂੰ ਏਅਰਲਾਈਨਾਂ ਨੇ ਕਿਰਾਇਆ ਵਾਪਸ ਕਰਨ ਦੀ ਪੇਸ਼ਕਸ਼ ਕੀਤੀ ਹੈ। ਵਧ ਰਹੇ ਖਤਰੇ ਦਰਮਿਆਨ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਇਸ ਵਾਇਰਸ ਨਾਲ ਲੜਨ ਲਈ ਟੀਕਿਆਂ ਤੇ ਇਲਾਜ ਲੱਭਣ ਦਾ ਸੱਦਾ ਦਿੱਤਾ ਹੈ। ਇਸ ਵਾਇਰਸ ਨੇ ਅਮਰੀਕਾ ਤੇ ਯੂਰਪ ਤੋਂ ਆਉਣ ਵਾਲੇ ਯਾਤਰੀਆਂ ਨੂੰ ਪ੍ਰਭਾਵਿਤ ਕੀਤਾ ਹੈ। ਮੱਛਰ ਤੋਂ ਪੈਦਾ ਹੋਣ ਵਾਲੇ ਇਸ ਵਾਇਰਸ ਤੋਂ ਬਰਾਜ਼ੀਲ ਸਭ ਤੋਂ ਵੱਧ ਪ੍ਰਭਾਵਤ ਹੈ। ਇਹ ਵਾਇਰਸ ਲਾਤੀਨੀ ਅਮਰੀਕਾ ਦੇ 20 ਦੇਸ਼ਾਂ ਵਿਚ ਫੈਲ ਚੁੱਕਾ ਹੈ ਤੇ ਵਿਸ਼ਵ ਸਿਹਤ ਸੰਗਠਨ ਦਾ ਕਹਿਣਾ ਕਿ ਇਸ ਦੇ ਕੈਨੇਡਾ ਤੇ ਚਿੱਲੀ ਨੂੰ ਛੱਡੇ ਕੇ ਬਾਕੀ ਸਾਰੇ ਅਮਰੀਕੀ ਦੇਸ਼ਾਂ ਵਿਚ ਫੈਲਣ ਦਾ ਡਰ ਹੈ। ਮੌਜੂਦਾ ਸਮੇਂ ਜ਼ੀਕਾ ਦਾ ਕੋਈ ਵਿਸ਼ੇਸ਼ ਇਲਾਜ ਨਹੀਂ ਅਤੇ ਮੱਛਰ ਤੋਂ ਬਚਣ ਤੋਂ ਬਿਨਾਂ ਇਸ ਨੂੰ ਰੋਕਣ ਦਾ ਹੋਰ ਕੋਈ ਤਰੀਕਾ ਨਹੀਂ।

ਵਿਸ਼ਵ ਸਿਹਤ ਸੰਗਠਨ ਅਨੁਸਾਰ ਜ਼ੀਕਾ ਵਾਇਰਸ ਅਮਰੀਕਾ 'ਚ ਵੱਡੇ ਪੱਧਰ 'ਤੇ ਫੈਲ ਰਿਹਾ ਹੈ। ਸੰਗਠਨ ਦੇ ਮੁਖੀ ਨੇ ਕਿਹਾ ਕਿ ਇਸ ਵਾਇਰਸ ਨਾਲ ਸਬੰਧਤ 40 ਲੱਖ ਕੇਸਾਂ ਦਾ ਅਨੁਮਾਨ ਪ੍ਰਗਟਾਇਆ ਗਿਆ ਹੈ। ਵਾਇਰਸ ਕਾਰਨ ਬੱਚਾ ਦਿਮਾਗੀ ਤੌਰ 'ਤੇ ਮਰਿਆ ਪੈਦਾ ਹੋ ਸਕਦਾ ਹੈ ਜਾਂ ਉਸ ਦੀ ਮੌਤ ਹੋ ਸਕਦੀ ਹੈ। ਬਰਾਜ਼ੀਲ ਵਿਚ ਇਸ ਦੇ 3718 ਮਾਮਲੇ ਸਾਹਮਣੇ ਆ ਚੁੱਕੇ ਹਨ ਅਤੇ 68 ਬੱਚਿਆਂ ਦੀ ਮੌਤ ਹੋ ਚੁੱਕੀ ਹੈ। ਕੋਲੰਬੀਆ, ਇਕਵਾਡੋਰ, ਅਲ ਸਲਵਾਡੋਰ ਤੇ ਜਮਾਇਕਾ ਨੇ ਔਰਤਾਂ ਨੂੰ ਕਿਹਾ ਕਿ ਉਹ ਇਸ ਸਮੇਂ ਗਰਭ ਧਾਰਨ ਨਾ ਕਰਨ।

### ਪਹਿਲੀ ਵਾਰ 2007 ਵਿਚ ਕੀਤੀ ਸੀ ਮਾਰ

**ਨਿਊ ਯਾਰਕ:** 'ਜ਼ੀਕਾ' ਵਾਇਰਸ ਸਭ ਤੋਂ ਪਹਿਲਾਂ 2007 ਅਤੇ 2013 ਵਿਚ ਪ੍ਰਸ਼ਾਂਤ ਸਾਗਰ ਦੇ ਮੁਲਕਾਂ 'ਚ ਫੈਲਿਆ ਅਤੇ 2015 ਵਿਚ ਇਸ ਨੇ ਬਰਾਜ਼ੀਲ, ਕੋਲੰਬੀਆ ਅਤੇ ਅਫਰੀਕਾ ਦਾ ਰੁਖ਼ ਕੀਤਾ। ਜ਼ੀਕਾ ਵਾਇਰਸ ਏਡਿਸ ਮੱਛਰਾਂ ਤੋਂ ਫੈਲਦਾ ਹੈ। ਇਸ ਮੱਛਰ ਦੇ ਕੱਟਣ ਨਾਲ ਮਰੀਜ਼ 'ਚ ਤੇਜ਼ ਬੁਖਾਰ, ਚਮੜੀ 'ਤੇ ਖਾਰਸ਼ ਅਤੇ ਅੱਖਾਂ 'ਚ ਰੜਕ ਮਹਿਸੂਸ ਹੁੰਦੀ ਹੈ। ਇਹੋ ਲੱਛਣ ਡੇਂਗੂ ਹੋਣ ਉਤੇ ਵੀ ਨਜ਼ਰ ਆਉਂਦੇ ਹਨ। ਇਹ ਲੱਛਣ ਦੋ ਤੋਂ ਸੱਤ ਦਿਨਾਂ ਤੱਕ ਦਿਖਾਈ ਦਿੰਦੇ ਹਨ। ਇਸ ਦਾ ਅਜੇ ਤੱਕ ਕੋਈ ਇਲਾਜ ਨਹੀਂ ਹੈ ਪਰ ਬਚਾਅ ਲਈ ਪਾਣੀ ਨੂੰ ਕਿਤੇ ਵੀ ਇਕੱਠਾ ਨਾ ਹੋਣ ਦਿੱਤਾ ਜਾਵੇ।

### ਵਾਇਰਸ ਤੋਂ ਭਾਰਤ ਵੀ ਹੋਇਆ ਚੌਕਸ

**ਨਵੀਂ ਦਿੱਲੀ:** ਦੱਖਣੀ ਅਮਰੀਕਾ ਤੇ ਅਮਰੀਕਾ ਵਿਚ 'ਜ਼ੀਕਾ' ਵਾਇਰਸ ਫੈਲਣ ਤੋਂ ਬਾਅਦ ਭਾਰਤ ਸਰਕਾਰ ਨੇ ਹਾਲਾਤ ਉਤੇ ਨਿਗਰਾਨੀ ਰੱਖਣ ਲਈ ਤਕਨੀਕੀ ਗਰੁੱਪ ਬਣਾਉਣ ਦਾ ਫੈਸਲਾ ਲਿਆ ਹੈ। ਉਂਜ ਇਸ ਵਾਇਰਸ ਤੋਂ ਭਾਰਤ ਵਿਚ ਬਚਾਅ ਹੈ ਪਰ ਸਰਕਾਰ ਵੱਲੋਂ ਛੇਤੀ ਹੀ ਚਿਤਾਵਨੀ ਵੀ ਜਾਰੀ ਕੀਤੀ ਜਾਏਗੀ।

ਵਿਸ਼ਵ ਸਿਹਤ ਸੰਸਥਾ (ਡਬਲਿਊ.ਐਚ.ਓ.) ਵੱਲੋਂ ਇਕ ਦਿਨ ਪਹਿਲਾਂ ਚਿਤਾਵਨੀ ਜਾਰੀ ਕੀਤੇ ਜਾਣ ਤੋਂ ਬਾਅਦ ਸਰਕਾਰ ਨੇ ਨਿਗਰਾਨੀ ਪ੍ਰਬੰਧਾਂ ਨੂੰ ਮਜ਼ਬੂਤ ਕਰਨ ਦਾ ਫੈਸਲਾ ਲਿਆ ਹੈ।


ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply


Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)



Desi Insurance Services
We serve all over California
Auto, Home, Life, Business, Workers Comp.

See how much you can save Get a free Auto or Home insurance quote online or call (408) 771-2438 to speak with an agent today.

Choose an option and fill out the form for a chance to win a 40'' TV!
Compare Auto Insurance & Home Insurance Quotes Online

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ


Satwant Singh, CLCS, MBA
(CA Lic # 0H11256)

Now we have 3 locations:
San Jose
2774 Aborn Road
San Jose, CA 95121
Sunnyvale
830 Stewart Dr Ste #126
Sunnyvale, CA 94085
Fremont
44790 S Grimmer Blvd,
Fremont, CA 94538

Call today for your FREE, no-obligation quote:
1-408-771-2438
satwant@satwantins.com
www.satwantins.com

# ਖਾਲਸਾ ਕਾਲਜ ਨੂੰ ਪ੍ਰਾਈਵੇਟ 'ਵਰਸਿਟੀ ਬਣਾਉਣ ਲਈ ਮੁੜ ਮੁਹਿੰਮ

**ਚੰਡੀਗੜ੍ਹ:** ਪੰਜਾਬ ਦੀ ਵੱਕਾਰੀ ਵਿੱਦਿਅਕ ਸੰਸਥਾ ਤੇ ਵਿਰਾਸਤੀ ਧ੍ਰੋਹਰ ਖਾਲਸਾ ਕਾਲਜ ਅੰਮ੍ਰਿਤਸਰ ਨੂੰ ਪ੍ਰਾਈਵੇਟ ਯੂਨੀਵਰਸਿਟੀ ਦਾ ਦਰਜਾ ਦੇਣ ਦੀ ਮੁਹਿੰਮ ਮੁੜ ਸ਼ੁਰੂ ਹੋ ਗਈ ਹੈ। ਕਾਲਜ ਪ੍ਰਬੰਧਕ ਕਮੇਟੀ ਵੱਲੋਂ ਸਰਕਾਰ ਨੂੰ ਜੋ ਪ੍ਰਸਤਾਵ ਭੇਜਿਆ ਗਿਆ ਹੈ, ਉਸ ਵਿਚ 300 ਏਕੜ ਵਿਚ ਯੂਨੀਵਰਸਿਟੀ ਕੈਂਪਸ ਬਣਾਉਣ ਦੀ ਪ੍ਰਵਾਨਗੀ ਮੰਗੀ ਗਈ ਹੈ, ਜਦੋਂ ਕਿ ਵਿਵਾਦਾਂ ਤੋਂ ਬਚਣ ਲਈ ਪ੍ਰਬੰਧਕਾਂ ਨੇ ਮੌਜੂਦਾ ਕਾਲਜ ਨੂੰ ਪਹਿਲਾਂ ਦੀ ਤਰ੍ਹਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨਾਲ ਸਬੰਧਤ (ਐਫੀਲਿਏਟਿਡ) ਰੱਖਣ ਦਾ ਫੈਸਲਾ ਕੀਤਾ ਹੈ। ਉਚੇਰੀ ਸਿੱਖਿਆ ਵਿਭਾਗ ਦੇ ਸਕੱਤਰ ਅਨੁਰਾਗ ਵਰਮਾ ਦੀ ਅਗਵਾਈ ਹੇਠ ਇਕ ਉਚ ਪੱਧਰੀ ਟੀਮ ਨੇ ਯੂਨੀਵਰਸਿਟੀ ਦਾ ਦਰਜਾ ਦੇਣ ਲਈ ਖਾਲਸਾ ਕਾਲਜ ਕੈਂਪਸ ਦਾ ਜਾਇਜ਼ਾ ਲੈ ਲਿਆ ਹੈ।



ਇਸ ਬਾਰੇ ਰਿਪੋਰਟ ਅਗਲੇ ਹਫਤੇ ਤੱਕ ਸਰਕਾਰ ਨੂੰ ਸੌਂਪੇ ਜਾਣ ਦੇ ਆਸਾਰ ਹਨ। ਇਸ ਪ੍ਰਾਈਵੇਟ ਯੂਨੀਵਰਸਿਟੀ ਸਬੰਧੀ ਬਿੱਲ ਪੰਜਾਬ ਵਿਧਾਨ ਸਭਾ ਦੇ ਆਗਾਮੀ ਸੈਸ਼ਨ ਦੌਰਾਨ ਲਿਆਂਦਾ ਜਾ ਸਕਦਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਕੁੜਮ ਸੱਤਿਆਜੀਤ ਸਿੰਘ ਮਜੀਠੀਆ ਦੇ ਪਰਿਵਾਰ ਦਾ ਇਸ ਕਾਲਜ ਦੀ ਪ੍ਰਬੰਧਕੀ ਕਮੇਟੀ 'ਤੇ ਦਬਦਬਾ ਹੈ।

ਪ੍ਰਬੰਧਕੀ ਕਮੇਟੀ ਨੇ ਸਰਕਾਰ ਨੂੰ ਕਿਹਾ ਹੈ ਕਿ ਕਾਲਜ ਪਹਿਲਾਂ ਵਾਂਗ ਰਹੇਗਾ ਪਰ ਯੂਨੀਵਰਸਿਟੀ ਕੈਂਪਸ ਵੱਖਰਾ ਹੋਵੇਗਾ। ਪ੍ਰਬੰਧਕਾਂ ਵਲੋਂ ਕਿਹਾ ਗਿਆ ਹੈ ਕਿ ਆਜ਼ਾਦੀ ਤੋਂ ਪਹਿਲਾਂ ਦੀ ਸਥਾਪਤ ਇਸ ਵਿੱਦਿਅਕ ਸੰਸਥਾ ਦੀਆਂ ਪ੍ਰਾਪਤੀਆਂ ਬਹੁਤ ਜ਼ਿਆਦਾ ਹਨ, ਜਿਸ ਲਈ ਇਸ ਨੂੰ ਯੂਨੀਵਰਸਿਟੀ ਦਾ ਦਰਜਾ ਮਿਲਣਾ ਚਾਹੀਦਾ ਹੈ। ਨਾਲ ਹੀ ਇਹ ਦਾਅਵਾ ਕੀਤਾ ਗਿਆ ਹੈ ਕਿ ਪ੍ਰਬੰਧਕੀ ਕਮੇਟੀ 'ਤੇ ਕਿਸੇ ਵਿਅਕਤੀ ਵਿਸ਼ੇਸ਼ ਦਾ ਕਬਜ਼ਾ ਨਹੀਂ ਹੈ, ਬਲਕਿ ਵੱਖ-ਵੱਖ ਵਰਗਾਂ ਦੇ ਵਿਅਕਤੀ ਸ਼ਾਮਲ ਹਨ।

ਇਕ ਤਰਕ ਇਹ ਵੀ ਦਿੱਤਾ ਗਿਆ ਹੈ ਕਿ ਆਜ਼ਾਦੀ ਤੋਂ ਪਹਿਲਾਂ ਦੀਆਂ ਵਿਦਿਅਕ ਸੰਸਥਾਵਾਂ ਬਨਾਰਸ ਦੇ ਹਿੰਦੂ ਕਾਲਜ ਤੇ ਅਲੀਗੜ੍ਹ ਦੇ ਮੁਸਲਿਮ ਕਾਲਜ ਨੂੰ ਯੂਨੀਵਰਸਿਟੀਆਂ ਦਾ ਦਰਜਾ ਕਈ ਸਾਲ ਪਹਿਲਾਂ ਦਿੱਤਾ ਜਾ ਚੁੱਕਾ ਹੈ ਤਾਂ ਖਾਲਸਾ ਕਾਲਜ ਨੂੰ ਵੀ ਉਸੇ ਤਰ੍ਹਾਂ ਯੂਨੀਵਰਸਿਟੀ ਦਾ ਦਰਜਾ ਮਿਲਣਾ ਚਾਹੀਦਾ ਹੈ।

ਇਹ ਦੋਵੇਂ ਯੂਨੀਵਰਸਿਟੀਆਂ ਸਰਕਾਰ ਅਧੀਨ ਹਨ ਜਦੋਂ ਕਿ ਖਾਲਸਾ ਕਾਲਜ ਅੰਮ੍ਰਿਤਸਰ ਨੂੰ ਪ੍ਰਾਈਵੇਟ ਯੂਨੀਵਰਸਿਟੀ ਵਿਚ ਤਬਦੀਲ ਕੀਤੇ ਜਾਣ ਦਾ ਪ੍ਰਸਤਾਵ ਹੈ। ਖਾਲਸਾ ਕਾਲਜ ਅੰਮ੍ਰਿਤਸਰ ਨੂੰ ਪ੍ਰਾਈਵੇਟ ਯੂਨੀਵਰਸਿਟੀ ਦਾ ਦਰਜਾ ਦੇਣ ਦੀ ਮੁਹਿੰਮ ਸਾਲ 2011 ਵਿਚ ਵੀ ਸ਼ੁਰੂ ਹੋਈ ਸੀ ਪਰ ਮੁਲਾਜ਼ਮਾਂ ਦੇ ਸੰਘਰਸ਼ ਅਤੇ ਮਾਝੇ ਦੇ ਅਕਾਲੀ ਆਗੂਆਂ ਦੇ ਦਬਾਅ ਕਾਰਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪ੍ਰਵਾਨਗੀ ਨਹੀਂ ਸੀ ਦਿੱਤੀ ਗਈ। ਇਸ ਵਾਰ ਵੀ ਸਾਰੀ ਟੇਕ ਮੁੱਖ ਮੰਤਰੀ ਬਾਦਲ ਉਤੇ ਹੀ ਹੈ।

## ਕੈਪਟਨ ਵੱਲੋਂ ਬਾਦਲ ਸਰਕਾਰ ਨੂੰ ਚਿਤਾਵਨੀ


**ਅੰਮ੍ਰਿਤਸਰ:** ਅੰਮ੍ਰਿਤਸਰ ਵਿਚ ਖਾਲਸਾ ਯੂਨੀਵਰਸਿਟੀ ਬਣਾਉਣ ਦਾ ਮਾਮਲਾ ਗਰਮਾ ਗਿਆ ਹੈ। ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਤੇ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਕੈਪਟਨ ਅਮਰਿੰਦਰ ਸਿੰਘ ਨੇ ਇਸ ਮਾਮਲੇ 'ਤੇ ਧਰਨਾ ਲਾਉਣ ਦੀ ਧਮਕੀ ਦਿੱਤੀ ਹੈ। ਉਨ੍ਹਾਂ ਕਿਹਾ ਹੈ ਕਿ ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਯੂਨੀਵਰਸਿਟੀ ਸਥਾਪਤ ਕਰਨ ਦੇ ਫੈਸਲੇ ਨਾਲ ਇਤਿਹਾਸਕ ਖਾਲਸਾ ਕਾਲਜ ਦੀ ਵਿਰਾਸਤ ਖਤਮ ਹੋ ਜਾਵੇਗੀ। ਜੇ ਗਵਰਨਿੰਗ ਕੌਂਸਲ ਆਪਣੇ ਫੈਸਲੇ 'ਤੇ ਅੱਗੇ ਵਧੀ ਤਾਂ ਉਹ ਅਜਿਹੇ ਕਦਮ ਖਿਲਾਫ ਨਿੱਜੀ ਤੌਰ 'ਤੇ ਖਾਲਸਾ ਕਾਲਜ ਦੇ ਬਾਹਰ ਪ੍ਰਦਰਸ਼ਨ ਕਰਨਗੇ।

ਉਨ੍ਹਾਂ ਸਪਸ਼ਟ ਕੀਤਾ ਹੈ ਕਿ ਉਹ ਨਿੱਜੀ ਤੌਰ 'ਤੇ ਕਾਲਜ ਦੀ ਗਵਰਨਿੰਗ ਕੌਂਸਲ ਨੂੰ ਕੰਟਰੋਲ ਕਰਨ ਵਾਲੇ ਕੁਝ ਲੋਕਾਂ ਦੇ ਲਾਲਚ ਨੂੰ ਪੂਰਾ ਕਰਨ ਲਈ ਖਾਲਸਾ ਕਾਲਜ ਦੀ ਸਭਿਆਚਾਰਕ ਵਿਰਾਸਤ ਤੇ ਵੱਖਰੀ ਪਛਾਣ ਨੂੰ ਖਤਮ ਨਹੀਂ ਕਰਨ ਦੇਣਗੇ। ਉਹ ਕਿਸੇ ਵੱਲੋਂ ਵੀ ਪ੍ਰਾਈਵੇਟ ਯੂਨੀਵਰਸਿਟੀ ਸਥਾਪਤ ਕਰਨ ਖਿਲਾਫ ਨਹੀਂ ਹਨ, ਪਰ ਇਸ ਨੂੰ ਖਾਲਸਾ ਕਾਲਜ ਦੇ ਮਹਾਨ ਵਿਰਾਸਤ ਦੀ ਕੀਮਤ 'ਤੇ ਨਹੀਂ ਹੋਣ ਦਿੱਤਾ ਜਾਵੇਗਾ।

# ਪੰਜਾਬ ਦਾ ਬਿਜਲੀ ਵੇਚਣ ਵਾਲਾ ਸੁਪਨਾ ਟੁੱਟਿਆ

**ਪਟਿਆਲਾ:** ਵਾਧੂ ਬਿਜਲੀ ਪਾਵਰਕੌਮ ਲਈ ਸਿਰਦਰਦੀ ਬਣ ਗਈ ਹੈ। ਬਿਜਲੀ ਖਰੀਦਣ ਲਈ ਅਜੇ ਤੱਕ ਕੋਈ ਵੀ ਖਰੀਦਦਾਰ ਅੱਗੇ ਨਹੀਂ ਆਇਆ। ਪਠਾਨਕੋਟ ਏਅਰਬੇਸ ਉਤੇ ਹੋਏ ਹਮਲੇ ਮਗਰੋਂ ਪਾਵਰਕੌਮ ਦੀਆਂ ਪਾਕਿਸਤਾਨ ਨੂੰ ਵਾਧੂ ਬਿਜਲੀ ਵੇਚਣ ਦੀਆਂ ਸੰਭਾਵਨਾਵਾਂ ਦਾ ਵੀ ਭੋਗ ਪੈ ਗਿਆ ਹੈ। ਪਾਵਰਕੌਮ ਨੂੰ ਪਹਿਲਾਂ ਵਾਧੂ ਬਿਜਲੀ ਵੇਚਣ ਬਾਰੇ ਦੇਸ਼ ਦੇ ਦੱਖਣੀ ਰਾਜਾਂ ਤੋਂ ਕਾਫੀ ਉਮੀਦਾਂ ਸਨ, ਪਰ ਇਨ੍ਹਾਂ ਆਸਾਂ ਨੂੰ ਵੀ ਬੂਰ ਪੈਂਦਾ ਨਜ਼ਰ ਨਹੀਂ ਆ ਰਿਹਾ। ਪਾਵਰਕੌਮ ਵੱਲੋਂ ਤਿੰਨ ਵਾਰ ਬਿਜਲੀ ਦੀ ਖਰੀਦ ਵਾਸਤੇ ਟੈਂਡਰ ਲਗਾਏ ਗਏ, ਪਰ ਹਰ ਵਾਰ ਖਰੀਦ ਲਈ ਕੋਈ ਕੰਪਨੀ ਅੱਗੇ ਨਹੀਂ ਆਈ। ਆਸ ਕੀਤੀ ਜਾ ਰਹੀ ਸੀ ਕਿ ਦੱਖਣੀ ਰਾਜਾਂ ਵਿਚੋਂ ਕੋਈ ਕੰਪਨੀ ਅੱਗੇ ਆ ਸਕਦੀ ਹੈ, ਪਰ ਪਾਵਰਕੌਮ ਦੀਆਂ ਆਸਾਂ ਨੂੰ ਬੂਰ ਨਾ ਪਿਆ।

## ਵਾਧੂ ਬਿਜਲੀ ਖਰੀਦਣ ਲਈ ਕੋਈ ਖਰੀਦਦਾਰ ਨਾ ਆਇਆ ਅੱਗੇ



ਪਹਿਲਾਂ ਪੰਜਾਬ ਸਰਕਾਰ ਦਾ ਇਹ ਵੀ ਮੰਨਣਾ ਸੀ ਕਿ ਪਾਕਿਸਤਾਨ ਬਿਜਲੀ ਦਾ ਖਰੀਦਦਾਰ ਬਣ ਸਕਦਾ ਹੈ। ਪੰਜਾਬ ਨੇ ਕੇਂਦਰ ਸਰਕਾਰ ਨੂੰ ਪਾਕਿਸਤਾਨ ਨੂੰ ਬਿਜਲੀ ਵੇਚਣ ਸਬੰਧੀ ਪੱਤਰ ਵੀ ਲਿਖਿਆ ਸੀ। ਹਾਲੇ ਇਸ ਬਾਰੇ ਪ੍ਰਕਿਰਿਆ ਚੱਲ ਹੀ ਰਹੀ ਸੀ, ਪਰ ਪਠਾਨਕੋਟ ਏਅਰਬੇਸ 'ਤੇ ਹੋਏ ਹਮਲੇ ਨੇ ਸਾਰੀਆਂ ਆਸਾਂ ਮਧੋਲ ਦਿੱਤੀਆਂ। ਸੂਤਰਾਂ ਦਾ ਕਹਿਣਾ ਹੈ ਕਿ ਹਾਲ ਦੀ ਘੜੀ ਦੋਵੇਂ ਮੁਲਕਾਂ 'ਚ ਤਣਾਅ ਦਾ ਮਾਹੌਲ ਹੈ ਤੇ ਕੇਂਦਰ ਵੱਲੋਂ ਪਾਕਿਸਤਾਨ ਨੂੰ ਬਿਜਲੀ ਵੇਚਣ ਦਾ ਮੁੱਦਾ ਵਿਚਾਰੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਪੰਜਾਬ ਵੱਲੋਂ ਗਰਮੀਆਂ 'ਚ ਵੱਧ ਬਿਜਲੀ ਦੀ ਮੰਗ ਦੇ ਮੱਦੇਨਜ਼ਰ ਕੀਤੇ ਉਤਪਾਦਨ ਪ੍ਰਬੰਧ ਭਾਵੇਂ ਸ਼ਲਾਘਾਯੋਗ ਹਨ, ਪਰ ਸਰਦੀਆਂ ਦੌਰਾਨ ਵਾਧੂ ਬਿਜਲੀ ਜੇਕਰ ਵਿੱਤੀ ਪੱਖੋਂ ਕੰਮ ਆ ਜਾਂਦੀ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋਣੀ ਸੀ। ਦੱਸਣਯੋਗ ਹੈ ਕਿ ਪਾਵਰਕੌਮ ਨੇ ਇਸ ਚਾਲੂ ਵਿੱਤੀ ਵਰ੍ਹੇ ਦੌਰਾਨ 26 ਹਜ਼ਾਰ 583 ਮਿਲੀਅਨ ਯੂਨਿਟ ਬਿਜਲੀ ਵਾਧੂ ਗਰਦਾਨੀ ਸੀ।

ਵਾਧੂ ਬਿਜਲੀ ਦੇ ਖਰੀਦਦਾਰ ਨਾ ਲੱਭਣ ਕਾਰਨ ਪਾਵਰਕੌਮ ਨੂੰ ਕਮਾਈ ਦੀ ਥਾਂ ਆਪਣੀ ਜੇਬ ਢਿੱਲੀ ਕਰਨੀ ਪੈ ਰਹੀ ਹੈ। ਅਜਿਹੀ ਮਜਬੂਰੀ ਕਾਰਨ ਪਾਵਰਕੌਮ ਨੂੰ ਆਪਣੇ ਤਿੰਨ ਥਰਮਲਾਂ ਦੇ ਕੁੱਲ 14 'ਚੋਂ 9 ਯੂਨਿਟ ਬੰਦ ਰੱਖਣੇ ਪੈ ਰਹੇ ਹਨ। ਸੂਤਰਾਂ ਦਾ ਕਹਿਣਾ ਹੈ ਕਿ ਜੇਕਰ 9 ਬੰਦ ਯੂਨਿਟਾਂ ਦੀ ਪੈਦਾਵਾਰ ਵਿਕਣ ਲੱਗੇ ਤਾਂ ਪਾਵਰਕੌਮ ਨੂੰ ਵਿੱਤੀ ਪੱਖੋਂ ਰਾਹਤ ਮਿਲੇਗੀ। ਪਾਵਰਕੌਮ ਦੇ ਡਾਇਰੈਕਟਰ (ਵੰਡ) ਇੰਜੀ. ਕੇ.ਐਲ. ਸ਼ਰਮਾ ਨੇ ਆਖਿਆ ਕਿ ਵਾਧੂ ਬਿਜਲੀ ਨੂੰ ਦੇਸ਼ 'ਚ ਵੇਚਣ ਸਬੰਧੀ ਪ੍ਰਕਿਰਿਆ ਆਰੰਭਣ ਉਤੇ ਮੁੜ ਵਿਚਾਰ ਕੀਤੀ ਜਾ ਰਹੀ ਹੈ। ਪਾਕਿਸਤਾਨ ਨੂੰ ਬਿਜਲੀ ਵੇਚਣ ਦੇ ਯਤਨਾਂ ਬਾਰੇ ਉਨ੍ਹਾਂ ਆਖਿਆ ਕਿ ਭਾਵੇਂ ਇਹ ਕੇਂਦਰ ਪੱਧਰ ਦਾ ਮਸਲਾ ਹੈ, ਪਰ ਮੌਜੂਦਾ ਹਾਲਾਤ ਤੋਂ ਲੱਗ ਰਿਹਾ ਹੈ ਕਿ ਸ਼ਾਇਦ ਹੁਣ ਅਜਿਹਾ ਸੰਭਵ ਨਹੀਂ ਹੋਵੇਗਾ।

# ਕਨਿਸ਼ਕ ਕੇਸ: ਇੰਦਰਜੀਤ ਸਿੰਘ ਰਿਆਤ ਹੋਇਆ ਰਿਹਾ

**ਵੈਨਕੂਵਰ:** ਸਤੰਬਰ 1985 ਵਿਚ ਟੋਰਾਂਟੋ ਤੋਂ 331 ਯਾਤਰੀਆਂ ਸਮੇਤ ਦਿੱਲੀ ਆ ਰਹੇ ਏਅਰ ਇੰਡੀਆ ਦੇ ਜਹਾਜ਼ ਨੂੰ ਐਟਲਾਂਟਕ ਸਾਗਰ ਉਪਰੋਂ ਉਡਦੇ ਹੋਏ ਬੰਬ ਨਾਲ ਉਡਾਏ ਜਾਣ ਤੇ ਟੋਕੀਓ ਹਵਾਈ ਅੱਡੇ 'ਤੇ ਬੰਬ ਚੱਲਣ ਕਾਰਨ ਦੋ ਕਾਰਗੋ ਮੁਲਾਜ਼ਮਾਂ ਦੀ ਮੌਤ ਦੇ ਮਾਮਲੇ ਨਾਲ ਸਬੰਧਤ ਰਹੇ ਇੰਦਰਜੀਤ ਸਿੰਘ ਰਿਆਤ ਨੂੰ ਸ਼ਰਤਾਂ ਤਹਿਤ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ।



ਝੂਠੀ ਗਵਾਹੀ ਦੇ ਕੇ ਅਦਾਲਤ ਨੂੰ ਗੁੰਮਰਾਹ ਕਰਨ ਦੇ ਦੋਸ਼ ਅਧੀਨ ਉਸ ਨੂੰ ਸਾਲ 2011 ਵਿਚ ਨੌਂ ਸਾਲ ਦੀ ਸਜ਼ਾ ਸੁਣਾਈ ਗਈ ਸੀ, ਜਿਸ ਦਾ ਦੋ ਤਿਹਾਈ ਹਿੱਸਾ ਸ਼ਾਂਤੀਪੂਰਵਕ ਪੂਰਾ ਕਰਨ ਉਤੇ ਉਸ ਦੀ ਅਗਾਊਂ ਰਿਹਾਈ ਸੰਭਵ ਹੋ ਸਕੀ। ਉਸ 'ਤੇ ਦੋਸ਼ ਸਨ ਕਿ 2003 ਵਿਚ ਕਨਿਸ਼ਕ ਬੰਬ ਕਾਂਡ ਬਾਰੇ ਅਦਾਲਤ ਵਿਚ ਘਟਨਾ ਬਿਆਨਦਿਆਂ ਉਸ ਨੇ ਸੱਚ ਲੁਕੋ ਕੇ ਅਦਾਲਤ ਨੂੰ ਗੁੰਮਰਾਹ ਕਰਨ ਦਾ ਯਤਨ ਕੀਤਾ, ਜਦੋਂ ਕਿ ਪਹਿਲਾਂ ਉਸ ਨੇ ਮੰਨਿਆ ਸੀ ਕਿ ਤਲਵਿੰਦਰ ਸਿੰਘ ਪਰਮਾਰ ਵੱਲੋਂ ਜਹਾਜ਼ ਕਾਂਡ ਨਾਲ ਸਬੰਧਤ ਬੰਬ ਬਣਾਏ ਜਾਣ ਦੀ ਉਸ ਨੂੰ ਪੂਰੀ ਜਾਣਕਾਰੀ ਸੀ ਪਰ ਉਹ ਇਸ ਗੱਲੋਂ ਅਣਜਾਣ ਸੀ ਕਿ ਬੰਬ ਕਿਥੇ ਵਰਤੇ ਜਾਣੇ ਹਨ।

ਤਲਵਿੰਦਰ ਸਿੰਘ ਪਰਮਾਰ ਨੂੰ ਪੰਜਾਬ ਪੁਲਿਸ ਨੇ 1989 ਵਿਚ ਫ਼ਰਜ਼ੀ ਮੁਕਾਬਲੇ ਵਿਚ ਮਾਰ ਦਿੱਤਾ ਸੀ। ਰਿਹਾਈ ਦੌਰਾਨ ਉਸ ਉਤੇ ਇਹ ਸ਼ਰਤਾਂ ਲਾਗੂ ਰਹਿਣਗੀਆਂ ਕਿ ਉਹ ਕਿਸੇ ਵੀ ਅਜਿਹੇ ਪਦਾਰਥ ਨੂੰ ਨਹੀਂ ਛੂਹੇਗਾ, ਜੋ ਕਿਸੇ ਵੀ ਤਰ੍ਹਾਂ ਵਿਸਫੋਟਕ ਹੋ ਸਕਦਾ ਹੋਏ ਅਤੇ ਨਾ ਉਹ ਕਨਿਸ਼ਕ ਪੀੜਤ ਪਰਿਵਾਰਾਂ ਦੇ ਕਿਸੇ ਮੈਂਬਰ ਨਾਲ ਸੰਪਰਕ ਕਰਨ ਦਾ ਯਤਨ ਕਰੇਗਾ। ਉਸ ਨੂੰ ਅਜਿਹੀ ਥਾਂ ਰਹਿਣਾ ਪਏਗਾ, ਜਿਥੇ ਉਸ ਦੀ ਮਾਨਸਿਕਤਾ 'ਤੇ ਨਜ਼ਰ ਰੱਖੀ ਜਾ ਸਕੇ।

# ਧਰਮ ਪ੍ਰਚਾਰ ਲਈ ਪੰਜ ਪਿਆਰਿਆਂ ਨੂੰ ਗੱਡੀ ਭੇਟ ਕੀਤੀ

**ਮੁਹਾਲੀ:** ਸਿੱਖ ਰਲੀਫ ਯੂ.ਕੇ. ਤੇ ਅਖੰਡ ਕੀਰਤਨੀ ਜਥੇ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਬਰਖ਼ਾਸਤ ਕੀਤੇ ਪੰਜ ਪਿਆਰਿਆਂ ਦਾ ਸਨਮਾਨ ਕੀਤਾ ਗਿਆ। ਇਸ ਦੌਰਾਨ ਭਾਈ ਸਤਨਾਮ ਸਿੰਘ ਖੰਡਾ, ਭਾਈ ਸਤਨਾਮ ਸਿੰਘ, ਭਾਈ ਮੇਜਰ ਸਿੰਘ, ਭਾਈ ਮੰਗਲ ਸਿੰਘ ਤੇ ਭਾਈ ਤਰਲੋਕ ਸਿੰਘ ਦਾ ਸਨਮਾਨ ਕੀਤਾ ਗਿਆ ਅਤੇ ਧਰਮ ਪ੍ਰਚਾਰ ਲਈ ਇਨੋਂਵਾ ਗੱਡੀ ਭੇਟ ਕੀਤੀ ਗਈ।



ਅਖੰਡ ਕੀਰਤਨੀ ਜਥੇ ਦੇ ਮੁੱਖ ਬੁਲਾਰੇ ਤੇ ਭਾਰਤ ਵਿਚ ਸਿੱਖ ਰਲੀਫ਼ ਯੂ.ਕੇ. ਦੇ ਮੁੱਖ ਸੇਵਾਦਾਰ ਆਰ.ਪੀ. ਸਿੰਘ ਨੇ ਐਲਾਨ ਕੀਤਾ ਕਿ ਭਵਿੱਖ ਵਿਚ ਸਿੱਖ ਰਲੀਫ਼ ਯੂ.ਕੇ. ਵੱਲੋਂ ਪੰਜ ਪਿਆਰਿਆਂ ਨੂੰ 22-22 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖ਼ਾਹ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਹੋਰ ਖਰਚੇ ਵੀ ਦਿੱਤੇ ਜਾਣਗੇ। ਸਮਾਗਮ ਵਿਚ ਪਹਿਲੀ ਤਨਖ਼ਾਹ ਦੇ ਰੂਪ ਵਿਚ ਪੰਜ ਪਿਆਰਿਆਂ ਨੂੰ 22-22 ਹਜ਼ਾਰ ਰੁਪਏ ਦੀ ਰਾਸ਼ੀ ਦੇ ਚੈੱਕ ਭੇਟ ਕੀਤੇ ਗਏ। ਪੰਜ ਪਿਆਰਿਆਂ ਦੇ ਮੁਖੀ ਭਾਈ ਸਤਨਾਮ ਸਿੰਘ ਖੰਡਾ ਨੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਸਮੇਤ ਸਮੂਹ ਸਿੰਘ ਸਾਹਿਬਾਨ 'ਤੇ ਸਿਆਸੀ ਦਬਾਅ ਹੇਠ ਗਲਤ ਫੈਸਲੇ ਲੈਣ ਦਾ ਦੋਸ਼ ਲਾਇਆ ਹੈ। ਭਾਈ ਖੰਡਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ 91 ਲੱਖ ਰੁਪਏ ਬਿਨਾਂ ਵਜ੍ਹਾ ਇਸ਼ਤਿਹਾਰਾਂ 'ਤੇ ਖਰਚ ਕੀਤੇ ਗਏ। ਪੰਜ ਪਿਆਰੇ ਪਰਿਵਾਰਕ ਮੈਂਬਰਾਂ ਦੀ ਸੁਰੱਖਿਆ ਨੂੰ ਲੈ ਕੇ ਵੀ ਚਿੰਤਤ ਹਨ। ਉਨ੍ਹਾਂ ਦੇ ਬੱਚਿਆਂ ਨੂੰ ਝੂਠੇ ਕੇਸਾਂ ਵਿਚ ਫਸਾਉਣ ਦੀਆਂ ਧਮਕੀਆਂ ਮਿਲ ਰਹੀਆਂ ਹਨ।

# ਕਿਸ਼ਤੀ ਡੁੱਬਣ ਕਾਰਨ 37 ਪਰਵਾਸੀਆਂ ਦੀ ਮੌਤ

**ਅੰਕਾਰਾ:** ਤੁਰਕੀ ਤੱਟ ਦੇ ਨੇੜੇ ਗਰੀਸ ਜਾ ਰਹੀ ਇਕ ਕਿਸ਼ਤੀ ਦੇ ਡੁੱਬਣ ਨਾਲ 37 ਪਰਵਾਸੀਆਂ ਦੀ ਮੌਤ ਹੋ ਗਈ। ਤੁਰਕੀ ਦੇ ਤੱਟ ਰੱਖਿਅਕਾਂ ਨੇ ਸਮੁੰਦਰ ਤੱਟ ਕੋਲੋਂ ਔਰਤਾਂ ਤੇ ਬੱਚਿਆਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ। ਪਰਵਾਸੀਆਂ ਨੂੰ ਲੈ ਕੇ ਯੂਰਪ ਜਾ ਰਹੀ ਕਿਸ਼ਤੀ ਡੁੱਬਣ ਕਾਰਨ ਘੱਟੋ ਘੱਟ 37 ਲੋਕਾਂ ਦੀ ਮੌਤ ਹੋ ਗਈ। ਤੁਰਕੀ ਦੇ ਤੱਟ ਰੱਖਿਅਕਾਂ ਨੇ ਦੱਸਿਆ ਕਿ 75 ਲੋਕਾਂ ਨੂੰ ਬਚਾ ਲਿਆ ਗਿਆ ਹੈ।

ਐਵਾਸਿਕ ਸ਼ਹਿਰ ਦੇ ਨੇੜੇ ਬੀਚ 'ਤੇ ਪਈਆਂ ਲਾਸ਼ਾਂ 'ਚ ਇਕ ਛੋਟੇ ਬੱਚੇ ਦੀ ਲਾਸ਼ ਦੇਖ ਕੇ ਸਤੰਬਰ ਵਿਚ ਵਾਪਰੀ ਉਸ ਦਰਦਨਾਕ ਘਟਨਾ ਦੀ ਯਾਦ ਤਾਜ਼ਾ ਹੋ ਗਈ ਜਦੋਂ ਤੁਰਕੀ ਦੇ ਸਮੁੰਦਰੀ ਤੱਟ 'ਤੇ ਸੀਰੀਆ ਦੇ ਬੱਚੇ ਆਇਲਾਨ ਕੁਰਦੀ ਦੀ ਲਾਸ਼ ਮਿਲੀ ਸੀ। ਇਨ੍ਹਾਂ 'ਚ ਹੋਰ ਬੱਚੇ ਵੀ ਡੁੱਬ ਗਏ, ਜਦੋਂ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਰਿਵਾਰਾਂ ਜਿਹੜੇ ਸੀਰੀਆ, ਅਫ਼ਗਾਨਿਸਤਾਨ ਤੇ ਮਿਆਂਮਾਰ ਤੋਂ ਸਨ, ਨੂੰ ਨੇੜਲੇ ਗਰੀਸ ਦੇ ਟਾਪੂ ਲੇਬੋਸ ਵੱਲ ਲਿਜਾ ਰਹੀ ਕਿਸ਼ਤੀ ਚੱਟਾਨ ਨਾਲ ਟਕਰਾਉਣ ਕਾਰਨ ਤੁਰਕੀ ਤੱਟ ਨੇੜੇ ਪਲਟ ਕੇ ਡੁੱਬ ਗਈ। ਕਿਹਾ ਜਾ ਰਿਹਾ ਹੈ ਕਿ ਇਸ ਹਾਦਸੇ ਵਿਚ ਪੰਜ ਬੱਚਿਆਂ ਦੀ ਮੌਤ ਹੋਈ।

ਤੁਰਕੀ ਦੇ ਅਧਿਕਾਰੀਆਂ ਨੇ ਦੱਸਿਆ ਕਿ ਤੁਰਕੀ ਦੇ ਤੱਟ ਰੱਖਿਅਕਾਂ ਨੇ ਬੱਚਿਆਂ ਸਣੇ 37 ਲਾਸ਼ਾਂ ਬਰਾਮਦ ਕੀਤੀਆਂ ਹਨ। ਦੋ ਦਿਨ ਪਹਿਲਾਂ ਹੀ ਇਕ ਹੋਰ ਕਿਸ਼ਤੀ ਦੇ ਡੁੱਬ ਜਾਣ ਕਾਰਨ 10 ਬੱਚਿਆਂ ਸਮੇਤ 25 ਪਰਵਾਸੀ ਡੁੱਬ ਗਏ ਸਨ।



## ਸ਼ਰਨਾਰਥੀਆਂ ਦੀ ਖ਼ਾਤਰਦਾਰੀ 'ਚ ਜੁਟਿਆ ਕੈਨੇਡਾ

**ਟੋਰਾਂਟੋ:** ਸੀਰਿਆਈ ਸ਼ਰਨਾਰਥੀਆਂ ਦੀ ਸਾਂਭ ਸੰਭਾਲ ਸਰਕਾਰ ਤੇ ਹਿਤੈਸ਼ੀ ਲੋਕਾਂ ਲਈ ਮਸਲਾ ਬਣਿਆ ਹੋਇਆ ਹੈ ਤੇ ਪਹੁੰਚ ਰਹੇ ਸ਼ਰਨਾਰਥੀਆਂ ਨੂੰ ਪਲਕਾਂ ਉਤੇ ਬਿਠਾਇਆ ਜਾ ਰਿਹਾ ਹੈ। ਨਵੀਂ ਬਣੀ ਲਿਬਰਲ ਸਰਕਾਰ ਨੇ ਮਾਰਚ ਤੱਕ 25000 ਸ਼ਰਨਾਰਥੀ ਕੈਨੇਡਾ ਲਿਆਉਣ ਦਾ ਵਾਅਦਾ ਪੁਗਾਉਣਾ ਹੈ। ਇਨ੍ਹਾਂ ਵਿਚੋਂ 12 ਹਜ਼ਾਰ ਇਥੇ ਪਹੁੰਚ ਵੀ ਗਏ ਹਨ। ਹਾਲ ਹੀ ਵਿਚ ਇਨ੍ਹਾਂ ਨੂੰ ਸਪਾਂਸਰ ਕਰਨ ਵਾਲੇ ਨਿੱਜੀ ਗਰੁੱਪਾਂ ਨੇ ਸਰਕਾਰ ਨੂੰ ਕੁਝ ਦਿਨ ਹੋਰ ਇਹ ਕਾਰਵਾਈ ਰੋਕਣ ਲਈ ਆਖਿਆ ਹੈ ਤਾਂ ਜੋ ਸੈਂਕੜਿਆਂ ਦੀ ਤਾਦਾਦ ਵਿਚ ਹੋਟਲਾਂ ਵਿਚ ਰਹਿ ਰਹੇ ਲੋਕਾਂ ਨੂੰ ਘਰਾਂ ਵਿਚ ਭੇਜਿਆ ਜਾ ਸਕੇ।

ਸੂਤਰਾਂ ਮੁਤਾਬਕ ਇਕ ਹਜ਼ਾਰ ਸ਼ਰਨਾਰਥੀ ਟੋਰਾਂਟੋ ਦੇ ਹੋਟਲਾਂ 'ਚ ਰਹਿ ਰਹੇ ਹਨ ਤੇ ਅਗਾਮੀ ਤਿੰਨ ਹਫਤਿਆਂ ਤੱਕ ਸਰਕਾਰ ਵੱਲੋਂ ਸਪਾਂਸਰ 300 ਹੋਰ ਸ਼ਰਨਾਰਥੀ ਪਹੁੰਚਣ ਵਾਲੇ ਹਨ। ਆਵਾਸ ਮੰਤਰੀ ਜੌਹਨ ਮਕਾਲਮ ਵੱਲੋਂ ਸਪਾਂਸਰ ਸ਼ਰਨਾਰਥੀਆਂ ਨੂੰ ਸਾਂਭਣ ਲਈ ਵਸੇਬਾ ਏਜੰਸੀਆਂ ਦੀ ਹਰ ਮਦਦ ਦਾ ਭਰੋਸਾ ਦਿਵਾਇਆ ਗਿਆ ਹੈ।

# ਵਰ੍ਹੇਗੰਢ ਮੌਕੇ ਲਾਲਾ ਲਾਜਪਤ ਰਾਏ ਦਾ ਯਾਦਗਾਰੀ ਸਿੱਕਾ ਜਾਰੀ

**ਨਵੀਂ ਦਿੱਲੀ:** ਸੈਰ ਸਪਾਟਾ ਮੰਤਰੀ ਮਹੇਸ਼ ਸ਼ਰਮਾ ਨੇ ਸੁਤੰਤਰਤਾ ਸੰਗਰਾਮੀ ਲਾਲਾ ਲਾਜਪਤ ਰਾਏ ਦੀ 150ਵੀਂ ਜਨਮ ਵਰ੍ਹੇਗੰਢ ਮੌਕੇ 150 ਰੁਪਏ ਦਾ ਯਾਦਗਾਰੀ ਸਿੱਕਾ ਜਾਰੀ ਕੀਤਾ। ਉਨ੍ਹਾਂ ਕਿਹਾ ਕਿ ਸਭਿਆਚਾਰਕ ਮੰਤਰਾਲਾ ਪਿਛਲੇ ਸਾਲ ਦੀ 28 ਜਨਵਰੀ ਤੋਂ 28 ਜਨਵਰੀ 2016 ਤੱਕ ਲਾਲਾ ਲਾਜਪਤ ਰਾਏ ਦੀ 150ਵੀਂ ਜਨਮ ਵਰ੍ਹੇਗੰਢ ਮਨਾ ਰਿਹਾ ਹੈ।



ਪੰਜਾਬ ਕੇਸਰੀ ਦੇ ਨਾਂ ਨਾਲ ਜਾਣੇ ਜਾਂਦੇ ਲਾਲਾ ਲਾਜਪਤ ਰਾਏ ਇੰਡੀਅਨ ਨੈਸ਼ਨਲ ਕਾਂਗਰਸ ਦੇ ਮੈਂਬਰ ਸਨ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ। ਪੰਜਾਬ ਦੇ ਮੋਗਾ ਜ਼ਿਲ੍ਹੇ ਦੇ ਪਿੰਡ ਢੁੱਡੀਕੇ ਵਿਚ 28 ਜਨਵਰੀ 1865 ਨੂੰ ਜਨਮੇ ਲਾਲਾ ਲਾਜਪਤ ਰਾਏ ਸਾਈਮਨ ਕਮਿਸ਼ਨ ਦੇ ਵਿਰੋਧ 'ਚ ਕੀਤੇ ਪ੍ਰਦਰਸ਼ਨ ਦੌਰਾਨ ਸਭ ਤੋਂ ਅੱਗੇ ਸਨ। ਬਰਤਾਨਵੀ ਪੁਲਿਸ ਵੱਲੋਂ ਕੀਤੇ ਲਾਠੀਚਾਰਜ ਨਾਲ ਉਹ ਜ਼ਖਮੀ ਹੋ ਗਏ, ਜਿਸ ਕਾਰਨ 17 ਨਵੰਬਰ 1928 ਨੂੰ ਉਨ੍ਹਾਂ ਦਾ ਦਿਹਾਂਤ ਹੋ ਗਿਆ।

# ਰਿਵਾੜੀ ਤੋਂ ਰੋਹਤਕ ਤੱਕ ਚੱਲੇਗੀ ਪਹਿਲੀ ਸੀ.ਐਨ.ਜੀ. ਰੇਲ

**ਫ਼ਿਰੋਜ਼ਪੁਰ:** ਭਾਰਤੀ ਰੇਲਵੇ ਦੇ ਇਤਿਹਾਸ ਵਿਚ ਇਕ ਨਵਾਂ ਅਧਿਆਏ ਜੁੜ ਗਿਆ ਹੈ, ਕਿਉਂਕਿ ਹਰਿਆਣਾ ਦੇ ਰਿਵਾੜੀ ਤੋਂ ਰੋਹਤਕ ਤੱਕ ਦੇਸ਼ ਦੀ ਪਹਿਲੀ ਸੀ.ਐਨ. ਜੀ. ਰੇਲ ਗੱਡੀ ਚਲਾਉਣ ਦਾ ਗਰੀਨ ਸਿਗਨਲ ਮਿਲ ਗਿਆ ਹੈ।

ਸੀ.ਐਨ.ਜੀ. ਤੇ ਡੀਜ਼ਲ ਦੋਵੇਂ ਸਿਸਟਮ ਨਾਲ ਲੈਸ ਇਹ ਡੀ.ਐਮ.ਯੂ. ਰੇਲ ਗੱਡੀ ਫਿਲਹਾਲ ਰਿਵਾੜੀ ਤੋਂ ਰੋਹਤਕ ਤੱਕ ਚਲਾਈ ਜਾ ਰਹੀ ਹੈ। ਇਸ ਰੇਲ ਗੱਡੀ ਦੇ ਸ਼ੁਰੂ ਹੋਣ ਨਾਲ ਗਰੀਨ ਹਾਊਸ ਗੈਸਾਂ ਦਾ ਪ੍ਰਦੂਸ਼ਣ ਤਾਂ ਘੱਟ ਹੋਵੇਗਾ ਹੀ ਨਾਲ ਹੀ ਡੀਜ਼ਲ ਦੀ ਖਪਤ ਵੀ ਘਟ ਹੋਵੇਗੀ।

ਸੋਲਰ, ਪਵਨ ਅਤੇ ਹੋਰ ਈਂਧਨਾਂ ਦਾ ਪ੍ਰਯੋਗ ਕਰਨ ਨਾਲ ਮੌਜੂਦਾ ਊਰਜਾ ਸਰੋਤਾਂ 'ਤੇ ਨਿਰਭਰਤਾ ਘਟ ਜਾਵੇਗੀ। ਰੇਲਵੇ ਵਲੋਂ ਸੀ.ਐਨ.ਜੀ., ਡੀਜ਼ਲ ਰੇਲ ਗੱਡੀਆਂ ਲਈ ਵਿਸ਼ੇਸ਼ ਤੌਰ 'ਤੇ 1400 ਹਾਰਸ ਪਾਵਰ ਵਾਲਾ ਇੰਜਣ ਤਿਆਰ ਕਰਵਾਇਆ ਗਿਆ ਹੈ। ਇਸ ਇੰਜਣ ਨਾਲ ਡੀਜ਼ਲ ਤੇ ਸੀ.ਐਨ.ਜੀ. ਦੋਵਾਂ ਨਾਲ ਰੇਲ ਗੱਡੀ ਨੂੰ ਚਲਾਇਆ ਜਾ ਸਕੇਗਾ। ਰੇਲਵੇ ਜਲਦ ਹੀ ਇਹੋ ਜਿਹੀਆਂ ਹੋਰ ਰੇਲ ਗੱਡੀਆਂ ਚਲਾਉਣ 'ਤੇ ਵਿਚਾਰ ਕਰ ਰਿਹਾ ਹੈ।

ਅਨੁਮਾਨ ਲਾਇਆ ਜਾ ਰਿਹਾ ਹੈ ਕਿ ਰੇਵਾੜੀ ਡੀ.ਐਮ.ਯੂ. ਰੇਲ ਗੱਡੀ 81 ਕਿਲੋਮੀਟਰ ਦੀ ਦੂਰੀ ਤੈਅ ਕਰਨ ਵਿਚ ਕਰੀਬ ਸੀ.ਐਨ.ਜੀ. ਦਾ 20 ਫੀਸਦੀ ਤੋਂ ਜ਼ਿਆਦਾ ਈਂਧਨ ਖਰਚ ਕਰੇਗੀ।

# ਜਦੋਂ ਪੁਲਿਸ ਮੁਲਾਜ਼ਮ ਨੇ ਸੜਕ 'ਤੇ ਲੇਟ ਕੇ ਰੋਕੀ ਬਾਦਲਾਂ ਦੀ ਬੱਸ




**ਬਠਿੰਡਾ:** ਬਠਿੰਡਾ ਟਰੈਫਿਕ ਪੁਲਿਸ ਦੇ ਮੁਲਾਜ਼ਮ ਨੂੰ ਬਾਦਲਾਂ ਦੀ ਬੱਸ ਰੋਕਣ ਲਈ ਸੜਕ 'ਤੇ ਬੱਸ ਅੱਗੇ ਬੈਠਣਾ ਪਿਆ। ਔਰਬਿਟ ਕੰਪਨੀ ਦੀ ਬੱਸ ਰਾਮਪੁਰਾ ਫਾਟਕ ਉਤੇ ਜਦੋਂ ਕਤਾਰ ਤੋੜ ਕੇ ਗਲਤ ਸਾਈਡ ਜਾਣ ਲੱਗੀ ਤਾਂ ਟਰੈਫਿਕ ਮੁਲਾਜ਼ਮ ਨੇ ਬੱਸ ਰੋਕਣ ਦਾ ਯਤਨ ਕੀਤਾ। ਜਦੋਂ ਡਰਾਈਵਰ ਨੇ ਬੱਸ ਨਾ ਰੋਕੀ ਤਾਂ ਟਰੈਫਿਕ ਪੁਲਿਸ ਮੁਲਾਜ਼ਮ ਬੱਸ ਅੱਗੇ ਸੜਕ 'ਤੇ ਬੈਠ ਗਿਆ। ਟਰੈਫਿਕ ਮੁਲਾਜ਼ਮ ਨੇ ਬੱਸ ਬੈਕ ਕਰਵਾ ਕੇ ਲਾਈਨ ਵਿਚ ਲਗਵਾਈ। ਔਰਬਿਟ ਕੰਪਨੀ ਨੇ ਡਰਾਈਵਰ ਨੂੰ ਡਿਊਟੀ ਤੋਂ ਫਾਰਗ ਕਰ ਦਿੱਤਾ ਹੈ। ਐਸ.ਐਸ.ਪੀ. ਨੇ ਮੁਲਾਜ਼ਮ ਨੂੰ ਇਨਾਮ ਦੇਣ ਦਾ ਫੈਸਲਾ ਕੀਤਾ ਹੈ।

ਦੱਸਣਯੋਗ ਹੈ ਕਿ ਰਾਮਪੁਰਾ ਵਿਖੇ ਜਦੋਂ ਫਾਟਕ ਬੰਦ ਹੁੰਦਾ ਹੈ ਤਾਂ ਵਾਹਨਾਂ ਦੀਆਂ ਲੰਬੀਆਂ ਲਾਈਨਾਂ ਲੱਗ ਜਾਂਦੀਆਂ ਹਨ। ਜਦੋਂ ਬਠਿੰਡਾ-ਚੰਡੀਗੜ੍ਹ ਰੂਟ 'ਤੇ ਚੱਲਦੀ ਔਰਬਿਟ ਕੰਪਨੀ ਦੀ ਬੱਸ ਰਾਮਪੁਰਾ ਫਾਟਕ 'ਤੇ ਪੁੱਜੀ ਤਾਂ ਫਾਟਕ ਬੰਦ ਸੀ। ਬੱਸ ਡਰਾਈਵਰ ਜਗਤਾਰ ਸਿੰਘ ਤਾਰੀ ਨੇ ਲਾਈਨ ਤੋੜ ਕੇ ਬੱਸ ਗਲਤ ਸਾਈਡ ਲਗਾ ਦਿੱਤੀ। ਸੋਸ਼ਲ ਮੀਡੀਆ 'ਤੇ ਵੀ ਇਹ ਵੀਡੀਓ ਚੱਲ ਰਹੀ ਹੈ, ਜਿਸ ਵਿਚ ਟਰੈਫਿਕ ਪੁਲਿਸ ਦਾ ਮੁਲਾਜ਼ਮ ਬੱਸ ਅੱਗੇ ਬੈਠਾ ਹੋਇਆ ਹੈ ਅਤੇ ਬਾਅਦ ਵਿਚ ਬੱਸ ਨੂੰ ਬੈਕ ਕਰਵਾਉਂਦਾ ਹੈ। ਕੁਝ ਸਾਲ ਪਹਿਲਾਂ ਇਸ ਫਾਟਕ 'ਤੇ ਔਰਬਿਟ ਬੱਸ ਨੂੰ ਰੋਕਣ ਵਾਲੇ ਦੋ ਟਰੈਫਿਕ ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ। ਔਰਬਿਟ ਬੱਸ ਦੇ ਮੈਨੇਜਰ ਹਰਭਜਨ ਸਿੰਘ ਨੇ ਕਿਹਾ ਕਿ ਕੁਤਾਹੀ ਕਰਨ ਵਾਲੇ ਡਰਾਈਵਰ ਜਗਤਾਰ ਸਿੰਘ ਤਾਰੀ ਨੂੰ ਡਿਊਟੀ ਤੋਂ ਫਾਰਗ ਕਰ ਦਿੱਤਾ ਗਿਆ ਹੈ।

## ਤਿੰਨ ਪਰਵਾਸੀ ਭਾਰਤੀਆਂ ਨੂੰ ਆਸਟਰੇਲੀਆ ਦਾ ਸਰਵਉਚ ਸਨਮਾਨ

**ਮੈਲਬਰਨ:** ਭਾਰਤੀ ਮੂਲ ਦੇ ਤਿੰਨ ਸ਼ਖ਼ਸਾਂ ਨੂੰ ਆਸਟਰੇਲੀਆ ਦਾ ਸਰਵਉਚ ਨਾਗਰਿਕ ਸਨਮਾਨ ਦਿੱਤਾ ਗਿਆ ਹੈ। ਇਹ ਸਨਮਾਨ ਭੌਤਿਕ ਵਿਗਿਆਨ, ਇੰਜੀਨੀਅਰਿੰਗ ਤੇ ਸਿਹਤ ਦੇ ਖੇਤਰ ਵਿਚ ਅਹਿਮ ਯੋਗਦਾਨ ਬਦਲੇ ਮਿਲਿਆ ਹੈ।

ਕੈਨਬਰਾ ਸਥਿਤ ਆਸਟਰੇਲਿਆਈ ਕੌਮੀ ਯੂਨੀਵਰਸਿਟੀ (ਏ.ਐਨ.ਯੂ.) ਦੇ ਸੀਨੀਅਰ ਪ੍ਰੋਫੈਸਰ ਚੇਨੂੰਪਤੀ ਜਗਦੀਸ਼, ਨਿਊ ਸਾਊਥ ਵੇਲਜ਼ ਵਿਚ ਅੱਖਾਂ ਦੇ ਡਾਕਟਰ ਜੈ ਚੰਦਰਾ ਤੇ ਮੈਲਬਰਨ ਦੇ ਦੰਦਾਂ ਦੇ ਡਾਕਟਰ ਸੰਜੀਵ ਕੇਸ਼ੀ ਨੂੰ ਸਾਲ 2016 ਦਾ ਆਰਡਰ ਆਫ ਆਸਟਰੇਲੀਆ ਦਿੱਤਾ ਗਿਆ। ਇਸ ਦਾ ਐਲਾਨ ਆਸਟਰੇਲੀਆ ਦਿਹਾੜੇ ਮੌਕੇ ਹੋਇਆ।

## Matrimonial

### ਲੜਕੀ ਦੀ ਲੋੜ ਹੈ

Well settled Jat Sikh parents seek a suitable match for their US born, clean shaven, educated, non drinker, non smoker, only son. 33, 6'-1", well versed in both cultures, running own business. The girl should be tall, slim, beautiful, from a family with good family values. Call at (559) 269-6084 & send bio data & a recent photo: indy.dosanjh@yahoo.com
6-8

### ਵਰ ਦੀ ਲੋੜ ਹੈ

ਜੱਟ ਸਿੱਖ ਉਮਰ 28 ਸਾਲ, ਕੱਦ 5'-5", ਜੀ ਐਨ ਐਮ/ਬੀ ਐਸ ਸੀ ਨਰਸਿੰਗ, ਸਰਕਾਰੀ ਨੌਕਰੀ ਕਰਦੀ ਇੰਡੀਆ ਰਹਿੰਦੀ ਲੜਕੀ ਲਈ ਅਮਰੀਕੀ ਸਿਟੀਜ਼ਨ/ਗਰੀਨ ਕਾਰਡ ਹੋਲਡਰ ਲੜਕੇ ਦੀ ਲੋੜ ਹੈ। ਸੰਪਰਕ ਕਰੋ:267-275-1414, ਇੰਡੀਆ ਫੋਨ: 91-95018-00294
4-5

---

ਜੱਟ ਸਿੱਖ ਸਿੱਧੂ ਉਮਰ 27 ਸਾਲ ਕੱਦ 6 ਫੁਟ, ਪੱਕੇ ਵੈਸ਼ਣੋਂ, ਇੰਡੀਆ ਰਹਿੰਦੇ ਬੀ ਏ ਪਾਸ ਲੜਕੇ ਲਈ ਅਮਰੀਕੀ ਸਿਟੀਜ਼ਨ/ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਪਾਸ ਅੱਛੀ ਜ਼ਮੀਨ ਹੈ। ਲੜਕੇ ਦਾ ਭਰਾ ਅਮਰੀਕੀ ਸਿਟੀਜ਼ਨ ਹੈ। ਸੰਪਰਕ ਕਰੋ: ਫੋਨ 661-378-6458 ਜਾਂ ਇੰਡੀਆ ਫੋਨ 091-94171-80347, 98887-03571
2-5

*To Advertise with Punjab Times*
***Call: 847-359-0746***

ਐਚ ਡੀ ਅਤੇ ਆਈ ਪੀ ਕੈਮਰਿਆਂ ਦੀਆਂ
ਬਹੁਤ ਹੀ ਵਾਜਬ ਕੀਮਤਾਂ

ਪੀ ਓ ਐਸ ਤੇ ਕੈਸ਼ ਰਜਿਸਟਰ ਲਈ ਇੰਟਰਫੇਸ ਉਪਲਬਧ ਹੈ






**Upgrade your Security Cameras to High Definition at very reasonable prices**

*For a Free Demo of our new HD Cameras*
*Please Contact us*: Balbir S Sidhu
**209-495-3905 (Cell)**
www.dvrunlimited.com
**Toll Free (888) 233-4566**

**DVRunlimited Inc.**

**Installation Available**

**Golden State Realty**

9912 Kapalua Ln., Elk Grove, CA 95624

*Please Contact For*
**Commercial or Residential Needs**



Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

*Call: Sohanpreet 'Sam' Chahal*
**Ph: 916-612-5773**

**email:** samchahal@hotmail.com

**Serving all over California**

ਪੰਜਾਬ ਟਾਈਮਜ਼

*ਸਨਿਚਰਵਾਰ, 6 ਫਰਵਰੀ 2016*

## ਪੰਜਾਬ ਬਨਾਮ ਪ੍ਰਯੋਗਸ਼ਾਲਾ

ਕੇਂਦਰੀ ਗ੍ਰਹਿ ਰਾਜ ਮੰਤਰੀ ਕਿਰਨ ਰਿਜੀਜੂ ਵੱਲੋਂ ਪੰਜਾਬ ਪੁੱਜ ਕੇ ਦਿੱਤੇ ਇਕ ਬਿਆਨ ਨਾਲ ਪੰਜਾਬ ਬਾਰੇ ਚਰਚਾ ਭਖ ਗਈ ਹੈ। ਆਪਣੇ ਪੰਜਾਬ ਦੌਰੇ ਦੌਰਾਨ ਕੇਂਦਰੀ ਗ੍ਰਹਿ ਰਾਜ ਮੰਤਰੀ ਨੇ ਐਤਵਾਰ ਨੂੰ ਅੰਮ੍ਰਿਤਸਰ ਵਿਚ ਪ੍ਰੈਸ ਕਾਨਫਰੰਸ ਵਿਚ ਪੰਜਾਬ ਨੂੰ ਗੜਬੜ ਵਾਲਾ ਇਲਾਕਾ ਕਰਾਰ ਦੇ ਦਿੱਤਾ ਅਤੇ ਨਾਲ ਹੀ ਕਿਹਾ ਕਿ ਸੂਬੇ ਨੂੰ ਫਿਲਹਾਲ ਗੜਬੜ ਵਾਲਾ ਇਲਾਕਾ ਹੀ ਰੱਖਿਆ ਜਾਵੇਗਾ। ਉਨ੍ਹਾਂ ਦਾ ਤਰਕ ਸੀ ਕਿ ਅਜੇ ਕੁਝ ਵਿਦੇਸ਼ੀ ਤਾਕਤਾਂ ਤੋਂ ਖਤਰਾ ਬਰਕਰਾਰ ਹੈ। ਉਹ ਪਠਾਨਕੋਟ ਏਅਰਬੇਸ ਉਤੇ ਦਹਿਸ਼ਤਪਸੰਦਾਂ ਦੇ ਹਮਲੇ ਦੇ ਸਿਲਸਿਲੇ ਵਿਚ ਸਵਾਲਾਂ ਦਾ ਜਵਾਬ ਦੇ ਰਹੇ ਸਨ। ਇਸ ਤੋਂ ਪਹਿਲਾਂ ਉਨ੍ਹਾਂ ਕੁਝ ਸਰਹੱਦੀ ਚੌਕੀਆਂ ਦਾ ਦੌਰਾ ਵੀ ਕੀਤਾ। ਤੱਥ ਦੱਸਦੇ ਹਨ ਕਿ ਸਰਕਾਰੀ ਤੌਰ 'ਤੇ ਅਕਤੂਬਰ 1997 ਵਿਚ ਪੰਜਾਬ ਨਾਲੋਂ ਗੜਬੜ ਵਾਲੇ ਸੂਬੇ ਦਾ ਟੈਗ ਲਾਹ ਦਿੱਤਾ ਗਿਆ ਸੀ। ਇਹੀ ਨਹੀਂ, ਪੰਜਾਬ ਨੂੰ ਆਧਾਰ ਬਣਾ ਕੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 2012 ਵਿਚ ਪੰਜਾਬ ਦੀ ਰਾਜਧਾਨੀ ਤੇ ਕੇਂਦਰ ਸਾਸ਼ਤ ਪ੍ਰਦੇਸ਼ ਚੰਡੀਗੜ੍ਹ ਤੋਂ ਵੀ ਗੜਬੜ ਵਾਲਾ ਖੇਤਰ ਹੋਣ ਦਾ ਟੈਗ ਲਾਹੁਣ ਦੇ ਹੁਕਮ ਜਾਰੀ ਕਰ ਦਿੱਤੇ ਸਨ। ਦਰਅਸਲ ਵਿਚ ਇਸ ਤਾਰੀਖ ਤੋਂ ਬਾਅਦ ਇਸ ਸਬੰਧੀ ਕੋਈ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ ਜਿਸ ਦਾ ਮਤਲਬ ਇਹੀ ਹੁੰਦਾ ਹੈ ਕਿ ਸਬੰਧਤ ਖੇਤਰ ਵਿਚ ਹਾਲਾਤ ਆਮ ਵਰਗੇ ਬਣ ਗਏ ਹਨ। ਉਂਜ, 2017 ਵਿਚ ਹੋਣ ਵਾਲੀਆਂ ਚੋਣਾਂ ਦਾ ਮਾਹੌਲ ਹੁਣੇ ਭਖਿਆ ਹੋਣ ਕਾਰਨ ਇਹ ਮਾਮਲਾ ਇਕਦਮ ਤੂਲ ਫੜ ਗਿਆ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਠੋਕ-ਵਜਾ ਕੇ ਕਹਿ ਸੁਣਾਇਆ ਹੈ ਕਿ ਕੇਂਦਰੀ ਮੰਤਰੀ ਨੂੰ ਅਜਿਹਾ ਕੋਈ ਵੀ ਬਿਆਨ ਦੇਣ ਤੋਂ ਪਹਿਲਾਂ ਸੋਚ-ਵਿਚਾਰ ਕਰਨੀ ਚਾਹੀਦੀ ਸੀ, ਜਾਂ ਘੱਟੋ-ਘੱਟ ਇਨ੍ਹਾਂ ਤੱਥਾਂ ਬਾਰੇ ਕਿਸੇ ਤੋਂ ਪੁੱਛ ਲੈਣਾ ਚਾਹੀਦਾ ਸੀ।

ਦੂਜੇ ਪਾਸੇ, ਕੇਂਦਰੀ ਮੰਤਰੀ ਦੇ ਇਸ ਬਿਆਨ ਤੋਂ ਅਕਾਲੀ ਲੀਡਰਸ਼ਿਪ ਵੀ ਨਾਰਾਜ਼ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਕੁਝ ਸੁੱਝ ਨਹੀਂ ਰਿਹਾ ਕਿ ਇਸ ਮਸਲੇ ਬਾਰੇ ਹੁਣ ਕੀ ਆਖਿਆ ਜਾਵੇ। ਅਕਾਲੀ ਦਲ ਦੇ ਹੋਰ ਆਗੂ ਜ਼ਰੂਰ ਦੱਬਵੀਂ ਜਿਹੀ ਸੁਰ ਵਿਚ ਇਹ ਆਖ ਰਹੇ ਹਨ ਕਿ ਭਾਰਤੀ ਜਨਤਾ ਪਾਰਟੀ ਨੇ ਪਹਿਲਾਂ ਪੰਜਾਬ ਨੂੰ ਨਸ਼ਿਆਂ ਵਾਲਾ ਸੂਬਾ ਕਰਾਰ ਦੇ ਕੇ ਬਦਨਾਮ ਕੀਤਾ, ਹੁਣ ਇਸ ਪਾਰਟੀ ਦੇ ਇਕ ਹੋਰ ਆਗੂ ਨੇ ਪੰਜਾਬ ਨੂੰ ਗੜਬੜ ਵਾਲਾ ਖੇਤਰ ਦੱਸ ਕੇ ਵਿਰੋਧੀ ਧਿਰ ਨੂੰ ਮੁੱਦਾ ਦੇ ਦਿੱਤਾ ਹੈ। ਇਨ੍ਹਾਂ ਆਗੂਆਂ ਦਾ ਤਾਂ ਇਹ ਵੀ ਦਾਅਵਾ ਹੈ ਕਿ ਅਜਿਹੇ ਬਿਆਨਾਂ ਨਾਲ ਸੂਬੇ ਵਿਚ ਨਿਵੇਸ਼ ਨੂੰ ਸੱਟ ਵੱਜ ਸਕਦੀ ਹੈ। ਇਸ ਮਸਲੇ ਬਾਰੇ ਫਿਲਹਾਲ ਭਾਰਤੀ ਜਨਤਾ ਪਾਰਟੀ ਦੇ ਸੂਬਾਈ ਆਗੂ ਵੀ ਖਾਮੋਸ਼ ਹਨ। ਚੋਣਾਂ ਸਿਰ ਉਤੇ ਹੋਣ ਕਾਰਨ ਸਭ ਧਿਰਾਂ ਇਸ ਮਸਲੇ ਉਤੇ ਫੂਕ-ਫੂਕ ਕੇ ਪੈਰ ਧਰ ਰਹੀਆਂ ਹਨ।

ਉਂਜ ਵਿਚਾਰਨ ਵਾਲਾ ਮਸਲਾ ਇਹ ਹੈ ਕਿ ਕੇਂਦਰੀ ਮੰਤਰੀ ਨੂੰ ਅਜਿਹਾ ਟਪਲਾ ਕਿਉਂ ਲੱਗਾ? ਸਵਾਲ ਇਹ ਵੀ ਹੈ ਕਿ ਉਨ੍ਹਾਂ ਨੂੰ ਇਹ ਟਪਲਾ ਹੀ ਲੱਗਾ ਹੈ, ਜਾਂ ਇਹ ਸਿਆਸੀ ਨੁਕਤੇ ਤੋਂ ਭਾਰਤੀ ਜਨਤਾ ਪਾਰਟੀ ਦੀ ਕਿਸੇ ਦੂਰ-ਅੰਦੇਸ਼ੀ ਦਾ ਕੋਈ ਨਤੀਜਾ ਹੈ? ਜੱਗ ਜਾਣਦਾ ਹੈ ਕਿ ਕੱਲ੍ਹ ਤੱਕ ਭਾਰਤੀ ਜਨਤਾ ਪਾਰਟੀ ਆਪਣੇ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਦਾ ਸਾਥ ਛੱਡ ਕੇ ਸੂਬੇ ਵਿਚ ਇਕੱਲਿਆਂ ਚੋਣ ਲੜਨ ਲਈ ਪਰ ਤੋਲ ਰਹੀ ਸੀ। ਪਾਰਟੀ ਦੇ ਕੁਝ ਸੂਬਾਈ ਆਗੂ ਤਾਂ ਚਿਰਾਂ ਤੋਂ ਇਹ ਕਹਿੰਦੇ ਆ ਰਹੇ ਕਿ ਹੁਣ ਵਕਤ ਆ ਗਿਆ ਹੈ ਕਿ ਪਾਰਟੀ ਨੂੰ ਅਕਾਲੀ ਦਲ ਦੇ ਜੂਲੇ ਹੇਠੋਂ ਕੱਢਿਆ ਜਾਵੇ ਅਤੇ ਸੂਬੇ ਵਿਚ ਵਡੇਰੀ ਭੂਮਿਕਾ ਨਿਭਾਉਣ ਹਿਤ ਅੱਗੇ ਆਇਆ ਜਾਵੇ। ਕੇਂਦਰ ਵਿਚ ਮੋਦੀ ਸਰਕਾਰ ਦੀ ਕਾਇਮੀ ਤੋਂ ਬਾਅਦ ਅਤੇ ਇਸ ਪਿਛੋਂ ਹਰਿਆਣਾ, ਜੰਮੂ ਕਸ਼ਮੀਰ ਤੇ ਕੁਝ ਹੋਰ ਥਾਂਈਂ ਵੱਡੀਆਂ ਜਿੱਤਾਂ ਨੇ ਇਨ੍ਹਾਂ ਆਗੂਆਂ ਦੀ ਇਸ ਸੋਚ ਨੂੰ ਹੋਰ ਤਕੜਾ ਕੀਤਾ। ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੇ ਵੀ ਇਸ ਮਸਲੇ ਉਤੇ ਕੁਝ-ਕੁਝ ਗੌਰ ਕਰਨਾ ਅਰੰਭ ਕਰ ਦਿੱਤਾ। ਇਸ ਤੋਂ ਬਾਅਦ ਮੋਦੀ ਸਰਕਾਰ ਨੇ ਕੁਝ ਫੈਸਲੇ ਅਜਿਹੇ ਕੀਤੇ ਅਤੇ ਕੁਝ ਸੰਕੇਤ ਵੀ ਅਜਿਹੇ ਛੱਡੇ ਜਿਨ੍ਹਾਂ ਤੋਂ ਜਾਪਣ ਲੱਗ ਪਿਆ ਕਿ ਦੋਹਾਂ ਭਾਈਵਾਲਾਂ ਵਿਚਕਾਰ ਸਾਂਝ ਟੁੱਟ ਵੀ ਸਕਦੀ ਹੈ, ਪਰ ਪਿਛਲੇ ਕੁਝ ਸਮੇਂ ਤੋਂ ਸੂਬੇ ਵਿਚ ਆਮ ਆਦਮੀ ਪਾਰਟੀ ਦੇ ਰੂਪ ਵਿਚ ਉਭਰੀ ਤਕੜੀ ਤੀਜੀ ਧਿਰ ਨਾਲ ਇਹ ਮਾਮਲਾ ਰਤਾ ਕੁ ਪਿਛਾਂਹ ਛੁੱਟ ਗਿਆ। ਇਸ ਨਵੇਂ ਬਣੇ ਹਾਲਾਤ ਵਿਚ ਅੱਜ ਹਰ ਸਿਆਸੀ ਵਿਸ਼ਲੇਸ਼ਣਕਾਰ ਕਹਿ ਰਿਹਾ ਹੈ ਕਿ ਜੇ ਸਿਆਸੀ ਪਿੜ ਵਿਚ ਕਿਤੇ ਕੋਈ ਅਸਾਧਾਰਨ ਗੜਬੜ ਨਾ ਹੋਈ ਤਾਂ ਆਮ ਆਦਮੀ ਪਾਰਟੀ ਸੂਬੇ ਦਾ ਸਿਆਸੀ ਦ੍ਰਿਸ਼ ਬਦਲ ਦੇਣ ਦੀ ਪੁਜ਼ੀਸ਼ਨ ਵਿਚ ਪੁੱਜ ਗਈ ਹੈ। ਜੇ ਕੇਂਦਰੀ ਮੰਤਰੀ ਦਾ ਬਿਆਨ ਅਜਿਹੀ ਕਿਸੇ ਗੜਬੜ ਦੀ ਤਿਆਰੀ ਦਾ ਕੋਈ ਹਿੱਸਾ ਹੈ ਤਾਂ ਸਮਝਣਾ ਚਾਹੀਦਾ ਹੈ ਕਿ ਪੰਜਾਬ ਨੂੰ ਇਕ ਵਾਰ ਫਿਰ ਪ੍ਰਯੋਗਸ਼ਾਲਾ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਈ ਦਹਾਕੇ ਪਹਿਲਾਂ ਜਦੋਂ ਕੇਂਦਰੀ ਸੱਤਾ ਵਿਚ ਕਾਂਗਰਸ ਦਾ ਬੋਲਬਾਲਾ ਸੀ ਤਾਂ ਸੂਬੇ ਵਿਚ ਆਪਣੀ ਸਿਆਸੀ ਜਕੜ ਮਜ਼ਬੂਤ ਕਰਨ ਲਈ ਇਸ ਪਾਰਟੀ ਨੇ ਪੰਜਾਬ ਨੂੰ ਲੀਹੋਂ ਲਾਹ ਛੱਡਿਆ ਸੀ। ਕਾਂਗਰਸ ਦੇ ਕੇਂਦਰੀ ਲੀਡਰਾਂ ਦੀ ਇਸ ਸੌੜੀ ਸਿਆਸਤ ਦਾ ਖਾਮਿਆਜਾ ਪੰਜਾਬ ਦੇ ਲੋਕਾਂ ਨੂੰ ਕਈ ਦਹਾਕੇ ਝੱਲਣਾ ਪਿਆ ਅਤੇ ਉਦੋਂ ਦੀ ਲੀਹੋਂ ਲੱਥੀ ਗੱਡੀ ਅਜੇ ਤੱਕ ਵੀ ਢੰਗ ਨਾਲ ਲੀਹ ਉਤੇ ਨਹੀਂ ਪੈ ਸਕੀ ਹੈ। ਇਸ ਲਈ ਹੁਣ ਪੰਜਾਬ ਨਾਲ ਜੁੜੇ ਹਰ ਜੀਅ ਦਾ ਜ਼ਿੰਮਾ ਹੈ ਕਿ ਉਹ ਸਿਆਸਤ ਦੀ ਇਸ ਨਵੀਂ ਖੇਤੀ ਤੋਂ ਸੋਘਾ ਰਹੇ ਅਤੇ ਹਾਕਮਾਂ ਦੀਆਂ ਅਜਿਹੀਆਂ ਸੱਤਾਵਾਦੀ ਚਾਲਾਂ ਤੋਂ ਖੁਦ ਤਾਂ ਸੁਚੇਤ ਹੋਵੇ ਹੀ, ਆਵਾਮ ਨੂੰ ਵੀ ਇਸ ਸੌੜੀ ਸਿਆਸਤ ਬਾਰੇ ਚੇਤੰਨ ਕਰਨ ਦਾ ਬੀੜਾ ਉਠਾਵੇ। ਇਸ ਮਾਮਲੇ 'ਤੇ ਸੱਤਾਵਾਦੀ ਧਿਰਾਂ ਕਦੀ ਕੋਈ ਢਿੱਲ ਨਹੀਂ ਕਰਦੀਆਂ, ਇਸ ਲਈ ਆਵਾਮ ਨੂੰ ਵੀ ਕੋਈ ਢਿੱਲ ਨਹੀਂ ਕਰਨੀ ਚਾਹੀਦੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸਤਿ ਸ੍ਰੀ ਅਕਾਲ ਜੀ !*

ਦੇਖ ਦੇਖ ਪੁੱਠੇ ਕਾਰੇ ਉਠਦੇ ਉਬਾਲੇ ਭਾਰੇ, ਜੋਸ਼ ਪਿਆ ਠਾਠਾਂ ਮਾਰੇ ਸਾਂਭਣਾ ਮੁਹਾਲ ਜੀ।
ਪੱਬਾਂ ਭਾਰ ਹੋਈ ਐ ਜਵਾਨੀ ਮਸਤਾਨੀ ਯਾਰੋ, ਬਾਪੂਆਂ ਦੇ ਚਿਹਰੇ 'ਤੇ ਵੀ ਛਾ ਗਿਆ ਜਲਾਲ ਜੀ।
ਵੱਟਦਾ ਕਚੀਚੀਆਂ 'ਪੰਜਾਬ ਸਿੰਘ' ਸੋਚਦਾ ਏ, ਕੌੜਾ ਘੁੱਟ ਕਿੱਦਾਂ ਭਰਾਂ ਹਾਲੇ ਪਿਆ ਸਾਲ ਜੀ।
ਫਿਰਦੇ ਸ਼ਿਕਾਰੀ ਭਾਰੀ ਲੈ ਕੇ ਤੀਰ ਲਾਲਚਾਂ ਦੇ, ਸਿਰੜ-ਸਿਦਕ ਭਾਈ ਰੱਖਣਾ ਸੰਭਾਲ ਜੀ।
ਆਪਣਾ ਹੀ ਦੇਸ਼ 'ਆਪ' ਘੜੋ ਤਕਦੀਰ ਖੁਦ, ਸਿਰ 'ਤੇ ਚੜ੍ਹਾਉਣੇ ਕਾਹਨੂੰ 'ਸੱਤਾ ਦੇ ਦਲਾਲ' ਜੀ।
ਮੂੰਹ ਨਾ ਲਾਇਓ ਝੂਠੇ, ਮੱਕਾਰਾਂ ਤੇ ਗਪੌੜੀਆਂ ਨੂੰ, ਦੂਰੋਂ ਹੀ ਬੁਲਾਈ ਜਾਇਓ 'ਸਤਿ ਸ੍ਰੀ ਅਕਾਲ' ਜੀ!

# ਪੂੰਨ ਕੇਸਰੀ ਕਿਸ ਰੱਬ ਦਾ ਜ਼ਿਕਰ ਕਰ ਰਿਹਾ ਹੈ?

*ਜਲੰਧਰ ਦੇ ਸਨਅਤੀ ਹਾਦਸੇ ਵਿਚ ਮਾਰੇ ਗਏ ਮਜ਼ਦੂਰਾਂ ਦੀ ਅਦਾਲਤ ਵਿਚ ਪੈਰਵੀ ਸਰਕਾਰ ਨੇ ਕੀਤੀ ਹੈ। ਇਹ ਤਾਂ ਸਰਵਪ੍ਰਵਾਨਤ ਤੱਥ ਹੈ ਕਿ ਅਦਾਲਤਾਂ ਵਿਚ ਵਕੀਲ ਖੜ੍ਹੇ ਕਰਨਾ ਅਤੇ ਸਨਅਤਕਾਰਾਂ ਜਾਂ ਸਿਆਸਤਦਾਨਾਂ ਦੇ ਵਕੀਲਾਂ ਨਾਲ ਅਦਾਲਤਾਂ ਵਿਚ ਨਜਿੱਠਣਾ ਸਸਤਾ ਜਾਂ ਆਪ-ਮੁਹਾਰੇ ਹੋਣ ਵਾਲਾ ਕੰਮ ਨਹੀਂ ਹੈ। ਇਨਸਾਫ ਦੇ ਮਾਮਲੇ ਵਿਚ ਇਹ ਦਲੀਲ ਲਗਾਤਾਰ ਪੇਸ਼ ਕੀਤੀ ਜਾਂਦੀ ਹੈ ਕਿ ਇਹ ਹਰ ਸ਼ਹਿਰੀ ਦੀ ਪਹੁੰਚ ਵਿਚ ਹੋਣਾ ਚਾਹੀਦਾ ਹੈ। ਜਦੋਂ ਮਾਮਲਾ ਅਮੀਰ ਬਨਾਮ ਗਰੀਬ ਹੁੰਦਾ ਹੈ, ਤਾਂ ਇਹ ਪਤਾ ਲੱਗ ਜਾਂਦਾ ਹੈ ਕਿ ਇਨਸਾਫ਼ ਕਿਸ ਦੀ ਪਹੁੰਚ ਵਿਚ ਹੈ। ਇਸ ਲਈ ਇਹ ਸਾਬਤ ਹੋ ਗਿਆ ਹੈ ਕਿ 'ਕਿਸੇ ਨੇ ਜੈਸਿਕਾ ਲਾਲ ਨੂੰ ਨਹੀਂ ਮਾਰਿਆ।'*



**ਦਲਜੀਤ ਅਮੀ**
ਫੋਨ: +91-97811-21873

ਸਰਕਾਰੀ ਵਕਾਲਤ ਦੇ ਬਾਵਜੂਦ ਪੰਜਾਬ ਦਾ ਬਦਤਰ ਸਨਅਤੀ ਹਾਦਸਾ ਚਾਰ ਸਾਲਾਂ ਵਿਚ ਕਿਸੇ ਕਸੂਰਵਾਰ ਦੀ ਸ਼ਨਾਖ਼ਤ ਕੀਤੇ ਬਿਨਾਂ ਅਦਾਲਤੀ ਫੈਸਲੇ ਵਿਚ ਦਰਜ ਹੋ ਗਿਆ। ਜਲੰਧਰ ਵਿਚ ਅਪਰੈਲ 2012 ਵਿਚ ਸ਼ੀਤਲ ਫਾਈਬਰਜ਼ ਦੀ ਪੰਜ ਮੰਜ਼ਿਲਾਂ ਇਮਾਰਤ ਢਹਿ ਗਈ ਸੀ। ਇਸ ਇਮਾਰਤ ਦੇ ਢਹਿ ਜਾਣ ਨਾਲ 23 ਮਜ਼ਦੂਰ ਮਾਰੇ ਗਏ ਸਨ ਅਤੇ 43 ਜ਼ਖ਼ਮੀ ਹੋਏ ਸਨ। ਹਾਦਸੇ ਤੋਂ ਬਾਅਦ ਫੈਕਟਰੀ ਮਾਲਕ ਸ਼ੀਤਲ ਵਿੱਜ ਸਮੇਤ ਛੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਸਮੁੱਚੇ ਮਾਮਲੇ ਦੀ ਵਿਸ਼ੇਸ਼ ਜਾਂਚ ਟੀਮ (ਸਿੱਟ) ਰਾਹੀਂ ਜਾਂਚ ਕੀਤੀ ਗਈ ਸੀ। ਜਲੰਧਰ ਦੇ ਐਡੀਸ਼ਨਲ ਚੀਫ਼ ਜੁਡੀਸ਼ਲ ਮੈਜਿਸਟਰੇਟ ਨੇ ਸਭ ਮੁਲਜ਼ਮਾਂ ਨੂੰ ਨਿਰਦੋਸ਼ ਕਰਾਰ ਦਿੱਤਾ ਹੈ। ਸਾਰੇ ਗਵਾਹ ਆਪਣੀਆਂ ਗਵਾਹੀਆਂ ਤੋਂ ਮੁੱਕਰ ਗਏ ਹਨ। ਅਦਾਲਤ ਨੇ ਫੈਸਲੇ ਵਿਚ ਦਰਜ ਕੀਤਾ ਹੈ ਕਿ ਇਸਤਗਾਸਾ ਪੱਖ ਮੁਲਜ਼ਮਾਂ ਖਿਲਾਫ ਸਬੂਤ ਪੇਸ਼ ਕਰਨ ਵਿਚ ਨਾਕਾਮਯਾਬ ਰਿਹਾ ਹੈ। ਵਿਸ਼ੇਸ਼ ਜਾਂਚ ਟੀਮ ਬਾਰੇ ਫੈਸਲੇ ਵਿਚ ਦਰਜ ਹੈ ਕਿ ਇਮਾਰਤ ਦੀ ਉਸਾਰੀ ਵਿਚ ਲੱਗੇ ਸਮਾਨ ਦੇ ਨਮੂਨੇ ਲੈਣ ਤੋਂ ਬਾਅਦ ਕੋਈ ਜਾਂਚ ਰਿਪੋਰਟ ਪੇਸ਼ ਨਹੀਂ ਕੀਤੀ ਗਈ। ਇਮਾਰਤ ਦੀ ਉਸਾਰੀ ਵਿਚ ਵਰਤੇ ਗਏ ਗ਼ੈਰ-ਮਿਆਰੀ ਸਾਮਾਨ ਅਤੇ ਇਸ ਦੇ ਢਹਿਣ ਦੇ ਖ਼ਦਸ਼ੇ ਨੂੰ ਅਦਾਲਤੀ ਕਾਰਵਾਈ ਵਿਚ ਅਹਿਮ ਪੱਖ ਵਜੋਂ ਵਿਚਾਰਿਆ ਗਿਆ ਹੈ। ਅਦਾਲਤੀ ਫੈਸਲੇ ਵਿਚ ਇਸ਼ਾਰਾ ਮਿਲਦਾ ਹੈ ਕਿ ਸੀਵਰੇਜ ਬੋਰਡ ਨੇ 'ਮੀਂਹ ਦੇ ਪਾਣੀ' ਲਈ ਪਾਈਪਾਂ ਦੱਬਣ ਵਾਸਤੇ ਟੋਆ ਪੁੱਟਿਆ ਸੀ ਜੋ ਇਮਾਰਤ ਦੇ ਡਿਗਣ ਦਾ ਕਾਰਨ ਹੋ ਸਕਦਾ ਹੈ। ਇਸ ਤੋਂ ਬਾਅਦ ਟੋਆ ਪੁੱਟਣ ਵਾਲਿਆਂ ਖਿਲਾਫ ਕੋਈ ਕਾਰਵਾਈ ਕਰਨ ਉਤੇ ਵਿਚਾਰ ਨਹੀਂ ਕੀਤਾ ਗਿਆ।

ਪੂੰਨ ਕੇਸਰੀ ਦਾ ਭਰਾ ਰਾਮ ਕੇਸਰੀ ਇਸੇ ਹਾਦਸੇ ਵਿਚ ਮਾਰਿਆ ਗਿਆ ਸੀ। ਉਹ ਆਪ ਗਵਾਹ ਸੀ। ਉਸ ਨੇ ਆਪਣੀ ਗਵਾਹੀ ਵਿਚ ਇਮਾਰਤ ਦੀ ਉਸਾਰੀ ਵਿਚ ਵਰਤੇ ਗਏ ਸਾਮਾਨ ਦੇ ਮਿਆਰ ਉਤੇ ਕੁਝ ਫ਼ੈਸਲਾਕੁਨ ਨਹੀਂ ਕਿਹਾ ਅਤੇ ਹਾਦਸੇ ਨੂੰ 'ਇਲਾਹੀ ਕਰੋਪੀ' (ਐਨ ਐਕਟ ਆਫ਼ ਗੌਡ) ਕਰਾਰ ਦਿੱਤਾ ਹੈ। ਅਦਾਲਤ ਵਿਚ ਰੱਬ ਖਿਲਾਫ ਕਾਰਵਾਈ ਕਰਨ ਦਾ ਬੰਦੋਬਸਤ ਨਹੀਂ ਹੈ। ਇਸੇ ਤਰ੍ਹਾਂ ਟੋਆ ਪੁੱਟਣ ਵਾਲੀ ਮਸ਼ੀਨ ਨੂੰ ਭਾੜੇ ਉਤੇ ਲੈਣ ਅਤੇ ਚਲਾਉਣ ਵਾਲੇ ਦਾ ਜ਼ਿਕਰ ਪੁਲਿਸ ਜਾਂਚ ਵਿਚ ਨਹੀਂ ਹੈ ਅਤੇ ਇਸ ਪੱਖ ਦੀ ਜਾਂਚ ਕਰਨ ਵਾਲੇ ਅਫਸਰ ਨੇ ਚੁੱਪ ਧਾਰੀ ਰੱਖੀ। ਅਦਾਲਤ ਨੇ ਦਰਜ ਕੀਤਾ ਹੈ ਕਿ ਇਸ ਮਾਮਲੇ ਵਿਚ ਪੁਲਿਸ ਅਫਸਰ ਦੀ ਚੁੱਪ ਇਸਤਗਾਸਾ ਪੱਖ ਦੇ ਖਿਲਾਫ ਜਾਂਦੀ ਹੈ। ਇਸ ਤਰ੍ਹਾਂ ਇਸਤਗਾਸਾ ਅਤੇ ਬਚਾਅ ਪੱਖ ਦੀ ਅਦਾਲਤੀ ਕਾਰਵਾਈ ਰਾਹੀਂ ਤਕਰੀਬਨ ਸਹਿਮਤੀ ਹੁੰਦੀ ਜਾਪਦੀ ਹੈ ਕਿ ਮੁਲਜ਼ਮ ਨਿਰਦੋਸ਼ ਹਨ ਅਤੇ ਹਾਦਸਾ 'ਇਲਾਹੀ ਕਰੋਪੀ' ਹੈ।

ਇਸ ਮਾਮਲੇ ਵਿਚ ਸ਼ੀਤਲ ਫਾਈਬਰਜ਼ ਦੇ ਮਾਲਕ ਸ਼ੀਤਲ ਵਿੱਜ ਦੇ ਪਿਛੋਕੜ ਅਤੇ ਕਾਰੋਬਾਰ ਬਾਰੇ ਜਾਣ ਲੈਣਾ ਜ਼ਰੂਰੀ ਹੈ। ਰੋਜ਼ਾਨਾ 'ਹਿੰਦੋਸਤਾਨ ਟਾਈਮਜ਼' ਵਿਚ 19 ਅਪਰੈਲ 2012 ਦੀ ਖ਼ਬਰ ਮੁਤਾਬਕ ਉਨ੍ਹਾਂ ਦਾ ਪਰਿਵਾਰਕ ਕਾਰੋਬਾਰ 4000 ਕਰੋੜ ਰੁਪਏ ਦਾ ਹੈ ਅਤੇ ਉਨ੍ਹਾਂ ਦੀ ਆਪਣੀ ਮਾਲਕੀ 300 ਕਰੋੜ ਰੁਪਏ ਦੀ ਬਣਦੀ ਹੈ। ਉਹ ਜਲੰਧਰ ਦੇ ਦੇਵੀ ਤਲਾਬ ਮੰਦਿਰ, ਸੋਢਲ ਮੰਦਿਰ ਟਰਸਟ ਅਤੇ ਤਿਆਗ ਮੂਰਤੀ ਚੈਰੀਟੇਬਲ ਹਸਪਤਾਲ ਦੇ ਮੁਖੀ ਰਹੇ ਹਨ। ਉਨ੍ਹਾਂ ਦੇ ਕਾਰੋਬਾਰ ਵਿਚ ਕੇਬਲ ਨੈਟਵਰਕ 'ਹਲਚਲ' ਸ਼ਾਮਿਲ ਹੈ। ਇਸ ਤੋਂ ਇਲਾਵਾ ਉਹ ਰੋਜ਼ਾਨਾ ਹਿੰਦੀ ਅਖ਼ਬਾਰ 'ਦੈਨਿਕ ਸਵੇਰਾ' ਕੱਢਦੇ ਹਨ। ਉਨ੍ਹਾਂ ਨੇ 2007 ਵਿਚ ਵਿਧਾਨ ਸਭਾ ਦੀ ਚੋਣ ਲੜੀ ਸੀ। ਉਨ੍ਹਾਂ ਦੇ ਅਫ਼ਸਰਸ਼ਾਹੀ, ਸਿਆਸਤਦਾਨਾਂ ਅਤੇ ਸਨਅਤਕਾਰਾਂ ਨਾਲ ਗੂੜ੍ਹੇ ਰਿਸ਼ਤੇ ਹਨ। ਅਖਬਾਰਾਂ ਵਿਚ ਉਨ੍ਹਾਂ ਦੇ ਕਾਰੋਬਾਰ ਦੇ ਇਸ਼ਤਿਹਾਰ ਛਪਦੇ ਹਨ। ਜਲੰਧਰ ਦੇ ਅਖ਼ਬਾਰਾਂ ਵਾਲਿਆਂ ਦੀ ਆਪਸ ਵਿਚ ਸਾਂਝ ਸਮਾਜਕ, ਧਾਰਮਿਕ ਅਤੇ ਸਿਆਸੀ ਸਮਾਗਮਾਂ ਉਤੇ ਨਜ਼ਰ ਆਉਂਦੀ ਰਹਿੰਦੀ ਹੈ।

ਇਸ ਮਾਮਲੇ ਵਿਚ ਮਸਲਾ ਸ਼ੀਤਲ ਵਿੱਜ ਦੇ ਬੇਕਸੂਰ ਜਾਂ ਕਸੂਰਵਾਰ ਹੋਣ ਤੱਕ ਮਹਿਦੂਦ ਨਹੀਂ ਹੈ। ਸੁਆਲ ਇਹ ਹੈ ਕਿ 23 ਮਜ਼ਦੂਰਾਂ ਦੀ ਮੌਤ ਲਈ ਜ਼ਿੰਮੇਵਾਰ ਕੌਣ ਹੈ? ਇੱਕ ਟੋਏ ਕਾਰਨ ਪੰਜ ਮੰਜ਼ਿਲਾ ਇਮਾਰਤ ਦਾ ਢਹਿ ਜਾਣਾ ਹੈਰਾਨ ਤਾਂ ਕਰਦਾ ਹੀ ਹੈ! ਸਨਅਤੀ ਇਲਾਕੇ ਵਿਚ ਸਨਅਤਕਾਰਾਂ ਦੀਆਂ ਇਮਾਰਤਾਂ ਨੂੰ ਖਤਰੇ ਪੈਦਾ ਕਰਨ ਵਾਲੇ ਟੋਏ ਕੋਈ ਸਰਕਾਰੀ ਮਹਿਕਮਾ ਕਿਵੇਂ ਪੁੱਟ ਸਕਦਾ ਹੈ। ਇਹ ਇੱਕ ਪਾਸੇ ਸਨਅਤਕਾਰਾਂ ਦੇ ਅਸਰ-ਰਸੂਖ ਨੂੰ ਘਟਾਉਣ ਵਾਲੀ ਅਤੇ ਦੂਜੇ ਪਾਸੇ ਇੱਕੋ ਵੇਲੇ ਸਰਕਾਰੀ ਮਹਿਕਮਿਆਂ ਦੀ ਨਾਲਾਇਕੀ ਅਤੇ ਖੁਦਮੁਖਤਾਰੀ ਉਤੇ ਤਸਦੀਕ ਕਰਨ ਵਾਲੀ ਗੱਲ ਹੈ।



*ਸ਼ੀਤਲ ਵਿੱਜ ਦੀ ਫੈਕਟਰੀ ਢਹਿਣ ਦੀ ਤਸਵੀਰ ਜਿਸ 'ਚ 23 ਮਜ਼ਦੂਰ ਮਾਰੇ ਗਏ ਸਨ*

ਸੁਆਲ ਇਹ ਬਿਲਕੁਲ ਨਹੀਂ ਹੈ ਕਿ ਇਮਾਰਤ ਨੂੰ ਖਤਰਾ ਪੈਦਾ ਕਰਨ ਵਾਲਾ ਟੋਆ ਕਿਸ ਨੇ ਪੁੱਟਿਆ। ਸੁਆਲ ਇਹ ਹੈ ਕਿ ਇਮਾਰਤ ਦੇ ਢਹਿ ਜਾਣ ਦਾ ਖ਼ਦਸ਼ਾ ਨਜ਼ਰਅੰਦਾਜ਼ ਕਿਉਂ ਹੋਇਆ? ਇਮਾਰਤ ਦੇ ਢਹਿ ਜਾਣ ਦਾ ਖ਼ਦਸ਼ਾ ਕਿਸੇ ਵੀ ਕਾਰਨ ਹੋਵੇ, ਇਹ ਕਿਰਤ ਮਹਿਕਮੇ ਅਤੇ ਸਨਅਤਕਾਰ ਦੀ ਜ਼ਿੰਮੇਵਾਰੀ ਬਣਦੀ ਹੈ। ਸਨਅਤੀ ਸੁਰੱਖਿਆ ਵਿਚ ਸਨਅਤਕਾਰ ਦੇ ਨਾਲ ਮਜ਼ਦੂਰਾਂ, ਚੌਗਿਰਦੇ ਅਤੇ ਆਲੇ-ਦੁਆਲੇ ਦੇ ਪੱਖ ਸ਼ਾਮਿਲ ਹਨ। ਇਸ ਮਾਮਲੇ ਵਿਚ ਸੁਰੱਖਿਆ ਨੇਮ ਨਜ਼ਰਅੰਦਾਜ਼ ਹੋਏ ਹਨ। ਮੌਜੂਦਾ ਹਾਲਾਤ ਅਤੇ ਇਤਿਹਾਸਕ ਤਜਰਬੇ ਤੋਂ ਇਹ ਗੱਲ ਮੰਨਣਯੋਗ ਲੱਗਦੀ ਹੈ ਕਿ ਸੁਰੱਖਿਆ ਨੇਮਾਂ ਦੇ ਮਾਮਲੇ ਵਿਚ ਅਸਰ-ਰਸੂਖ ਵਾਲੇ ਸਨਅਤਕਾਰਾਂ ਦੇ ਕਾਰੋਬਾਰ ਦੀ ਥਾਂ ਸਰਕਾਰੀ ਮਹਿਕਮੇ ਦੂਜੇ ਪਾਸੇ ਦੇਖਣ ਨੂੰ ਤਰਜੀਹ ਦਿੰਦੇ ਹਨ।

ਦੂਜਾ ਪੱਖ ਮਜ਼ਦੂਰਾਂ ਅਤੇ ਬਾਕੀ ਗਵਾਹਾਂ ਦੇ ਮੁੱਕਰ ਜਾਣ ਦਾ ਹੈ। ਗਵਾਹਾਂ ਦਾ ਮੁੱਕਰ ਜਾਣਾ ਜਾਂ ਲੰਮੀ ਅਦਾਲਤੀ ਕਾਰਵਾਈ ਦੌਰਾਨ ਕਿਸੇ ਵੀ ਕਾਰਨ ਮਰ ਜਾਣਾ ਅਦਾਲਤੀ ਇਤਿਹਾਸ ਦਾ ਅਨਿੱਖੜਵਾਂ ਹਿੱਸਾ ਹੈ। ਦੂਜਾ ਪੱਖ ਇਹ ਹੈ ਕਿ ਜੋ ਮਜ਼ਦੂਰ ਹਰ ਤਰ੍ਹਾਂ ਦਾ ਖਤਰਾ ਸਹੇੜ ਕੇ ਸਾਹ ਘੁੱਟਵੀਆਂ ਥਾਂਵਾਂ ਉਤੇ ਕੰਮ ਕਰਦੇ ਹਨ, ਉਨ੍ਹਾਂ ਦੀਆਂ ਮਜਬੂਰੀਆਂ ਨੂੰ ਸਮਝਣਾ ਕਿੰਨਾ ਕੁ ਮੁਸ਼ਕਿਲ ਹੈ। ਜਦੋਂ ਪਿਛਲੇ ਦਿਨਾਂ ਵਿਚ ਅੰਮ੍ਰਿਤਸਰ ਦੇ ਇੱਕ ਕਾਰਖ਼ਾਨੇ ਵਿਚ ਦੋ ਬੱਚੇ ਮਾਰੇ ਗਏ ਸਨ, ਤਾਂ ਸਾਰਾ ਮਾਮਲਾ ਮੁਆਵਜ਼ੇ ਵਿਚ ਨਿਬੜ ਗਿਆ ਸੀ। ਜਲੰਧਰ ਅਤੇ ਅੰਮ੍ਰਿਤਸਰ ਦੇ ਸਨਅਤੀ ਮਜ਼ਦੂਰਾਂ ਵਿਚ ਕੀ ਫਰਕ ਹੈ? ਜੇ ਅੰਮ੍ਰਿਤਸਰ ਵਾਲਿਆਂ ਦੇ ਮੁਆਵਜ਼ੇ ਨਾਲ ਸਾਰੇ ਸਰਕਾਰੀ ਮਹਿਕਮੇ ਸੁਰਖ਼ਰੂ ਹੋ ਜਾਂਦੇ ਹਨ, ਤਾਂ ਜਲੰਧਰ ਦੇ ਸਨਅਤਕਾਰ ਕਿਹੜਾ ਇਹ 'ਜਾਦੂ' ਕਰਨਾ ਨਹੀਂ ਜਾਣਦੇ! ਅੰਮ੍ਰਿਤਸਰ ਵਾਲਿਆਂ ਨੇ ਤਾਂ ਸਾਰੀ ਪੁਲਿਸ ਜਾਂਚ ਅਤੇ ਅਦਾਲਤੀ ਕਾਰਵਾਈ ਦੀ ਮਸ਼ਕ ਤੋਂ ਬਚਾਅ ਕਰ ਲਿਆ ਹੈ, ਪਰ ਜਲੰਧਰ ਦੇ ਸਨਅਤੀ ਹਾਦਸੇ ਨੂੰ ਉਸੇ ਫੈਸਲੇ ਉਤੇ ਪਹੁੰਚਣ ਲਈ ਚਾਰ ਸਾਲ ਲੱਗੇ ਹਨ।

ਅਖਬਾਰਾਂ ਅਤੇ ਟੈਲੀਵਿਜ਼ਨਾਂ ਨੇ ਦੋਵਾਂ ਮਾਮਲਿਆਂ ਵਿਚ ਕੋਈ ਵਿਤਕਰਾ ਨਹੀਂ ਕੀਤਾ, ਕਿਉਂਕਿ ਇਹ ਦੋਵੇਂ ਮਾਮਲੇ ਇੱਕ ਰੁਝਾਨ ਦੀ ਕੜੀ ਜਾਪਦੇ ਹਨ। ਅੰਮ੍ਰਿਤਸਰ ਦੇ ਸਨਅਤੀ ਮਜ਼ਦੂਰਾਂ ਦੇ ਬੱਚਿਆਂ ਦੀ 'ਮੌਤ' ਵਾਲੀ ਖ਼ਬਰ ਮੁਆਵਜ਼ੇ ਤੋਂ ਬਾਅਦ ਖ਼ਤਮ ਹੋ ਗਈ ਸੀ। ਜਲੰਧਰ ਦੇ ਸਨਅਤੀ ਹਾਦਸੇ ਦੀ ਖ਼ਬਰ ਨੂੰ ਕਿਸੇ ਸੰਪਾਦਕ ਨੇ ਸੰਪਾਦਕੀ ਲਿਖਣ ਦੇ ਯੋਗ ਖ਼ਬਰ ਨਹੀਂ ਸਮਝਿਆ। ਪੱਤਰਕਾਰਾਂ ਨੂੰ ਮਿਲਦੇ ਸਨਮਾਨਾਂ ਅਤੇ ਉਨ੍ਹਾਂ ਦੀਆਂ ਸੰਪਾਦਕੀਆਂ ਦੇ ਵਿਸ਼ਿਆਂ ਦੀ ਚੋਣ ਦਾ ਆਪਸ ਵਿਚ ਕੋਈ ਤਾਂ ਰਿਸ਼ਤਾ ਹੋਵੇਗਾ!

ਜਲੰਧਰ ਦੇ ਸਨਅਤੀ ਹਾਦਸੇ ਵਿਚ ਮਾਰੇ ਗਏ ਮਜ਼ਦੂਰਾਂ ਦੀ ਅਦਾਲਤ ਵਿਚ ਪੈਰਵੀ ਸਰਕਾਰ ਨੇ ਕੀਤੀ ਹੈ। ਇਹ ਤਾਂ ਸਰਵਪ੍ਰਵਾਨਤ ਤੱਥ ਹੈ ਕਿ ਅਦਾਲਤਾਂ ਵਿਚ ਵਕੀਲ ਖੜ੍ਹੇ ਕਰਨਾ ਅਤੇ ਸਨਅਤਕਾਰਾਂ ਜਾਂ ਸਿਆਸਤਦਾਨਾਂ ਦੇ ਵਕੀਲਾਂ ਨਾਲ ਅਦਾਲਤਾਂ ਵਿਚ ਨਜਿੱਠਣਾ ਸਸਤਾ ਜਾਂ ਆਪ-ਮੁਹਾਰੇ ਹੋਣ ਵਾਲਾ ਕੰਮ ਨਹੀਂ ਹੈ। ਇਨਸਾਫ ਦੇ ਮਾਮਲੇ ਵਿਚ ਇਹ ਦਲੀਲ ਲਗਾਤਾਰ ਪੇਸ਼ ਕੀਤੀ ਜਾਂਦੀ ਹੈ ਕਿ ਇਹ ਹਰ ਸ਼ਹਿਰੀ ਦੀ ਪਹੁੰਚ ਵਿਚ ਹੋਣਾ ਚਾਹੀਦਾ ਹੈ। ਜਦੋਂ ਮਾਮਲਾ ਅਮੀਰ ਬਨਾਮ ਗਰੀਬ ਹੁੰਦਾ ਹੈ, ਤਾਂ ਇਹ ਪਤਾ ਲੱਗ ਜਾਂਦਾ ਹੈ ਕਿ ਇਨਸਾਫ਼ ਕਿਸ ਦੀ ਪਹੁੰਚ ਵਿਚ ਹੈ। ਇਸ ਲਈ ਇਹ ਸਾਬਤ ਹੋ ਗਿਆ ਹੈ ਕਿ 'ਕਿਸੇ ਨੇ ਜੈਸਿਕਾ ਲਾਲ ਨੂੰ ਨਹੀਂ ਮਾਰਿਆ।' ਜਦੋਂ ਜੈਸਿਕਾ ਲਾਲ ਨੂੰ ਕਿਸੇ ਨੇ ਨਹੀਂ ਮਾਰਿਆ, ਤਾਂ ਜਲੰਧਰ ਦੇ ਸਨਅਤੀ ਮਜ਼ਦੂਰਾਂ ਨੂੰ ਵੀ ਕਿਸੇ ਨੇ ਨਹੀਂ ਮਾਰਿਆ। ਪੂੰਨ ਕੇਸਰੀ ਨੇ ਹਾਦਸੇ ਨੂੰ 'ਇਲਾਹੀ ਕਰੋਪੀ' (ਐਨ ਐਕਟ ਆਫ਼ ਗੌਡ) ਕਰਾਰ ਦਿੱਤਾ ਹੈ। ਉਸ ਨੇ ਤਾਂ ਠੀਕ ਹੀ ਕਿਹਾ ਸੀ, ਪਰ ਸਮਝਣ ਵਿਚ ਗ਼ਲਤੀ ਹੋਈ ਹੈ। ਇਹ ਕਿਸ ਨੂੰ ਨਹੀਂ ਪਤਾ ਕਿ ਪੂੰਨ ਕੇਸਰੀ ਕਿਸ ਰੱਬ ਦਾ ਜ਼ਿਕਰ ਕਰ ਰਿਹਾ ਹੈ?

# ਪਰਵਾਸ ਤੇ ਪੰਜਾਬ ਦੀ ਜਵਾਨੀ

ਰੁਜ਼ਗਾਰ ਦੇ ਮੌਕਿਆਂ ਦੀ ਥੁੜ ਕਾਰਨ ਪੰਜਾਬ ਦੇ ਨੌਜਵਾਨ ਅੱਜ ਵੀ ਆਪਣੀ ਧਰਤੀ ਨੂੰ ਬੇਦਾਵਾ ਦੇਣ ਲਈ ਮਜਬੂਰ ਹਨ। ਉਚੀਆਂ ਲਾਲਸਾਵਾਂ ਵਾਲੀ ਨੌਜਵਾਨੀ ਦੇ ਮਾਮਲੇ ਵਿਚ ਤਾਂ ਇਸ ਦਾ ਰੂਪ ਹੋਰ ਵੀ ਉਘੜਵਾਂ ਹੈ। ਜ਼ਰਾਇਤੀ ਖੇਤਰ ਵਿਚ ਰੁਜ਼ਗਾਰ ਦੇ ਮੌਕੇ ਬੰਜਰ ਜ਼ਮੀਨ ਵਾਂਗ ਹੋ ਗਏ ਹਨ ਜਾਂ ਹੋ ਰਹੇ ਹਨ। ਥੋੜ੍ਹੀਆਂ ਜ਼ਮੀਨਾਂ ਵਾਲੀ ਅਤੇ ਹਾਸ਼ੀਏ ਉਤੇ ਧੱਕੀ ਕਿਸਾਨੀ ਦੇ ਲੀਹ ਤੋਂ ਉਤਰਨ ਕਾਰਨ ਖੇਤੀਬਾੜੀ ਰਾਹੀਂ ਆਪਣੀ ਜ਼ਿੰਦਗੀ ਨੂੰ ਵੱਤਰ ਕਰਨ ਵਾਲਿਆਂ ਦੀ ਗਿਣਤੀ ਘਟ ਕੇ 5,83,047 ਰਹਿ ਗਈ ਹੈ। ਇਨ੍ਹਾਂ ਵਿਚ 2,61,207 ਕਿਸਾਨ ਤੇ 3,21,840 ਖੇਤ ਮਜ਼ਦੂਰ ਹਨ। ਖੇਤੀਬਾੜੀ ਖੇਤਰ ਦੇ ਵੱਡੇ ਪੱਧਰ 'ਤੇ ਹੋਏ ਮਸ਼ੀਨੀਕਰਨ ਨੇ ਵੀ ਰੁਜ਼ਗਾਰ ਦੇ ਮੌਕਿਆਂ ਨੂੰ ਕੱਲਰ ਜ਼ਮੀਨ ਵਰਗਾ ਬਣਾਇਆ ਹੈ। ਦੂਜੇ ਪਾਸੇ ਸੂਬੇ ਵਿਚ ਉਤਪਾਦਨ ਤੇ ਸੇਵਾਵਾਂ ਖੇਤਰਾਂ

**ਸੁੱਚਾ ਸਿੰਘ ਗਿੱਲ**

ਵਿਚ ਦਿਹਾੜੀਦਾਰ ਜਾਂ ਠੇਕੇ ਉਤੇ ਰੁਜ਼ਗਾਰ ਮੌਕਿਆਂ ਦਾ ਮਿਆਰ ਵੀ ਬਹੁਤ ਨੀਵੇਂ ਪੱਧਰ ਦਾ ਹੋ ਗਿਆ ਹੈ। ਰੁਜ਼ਗਾਰ ਦੇ ਅਜਿਹੇ ਕੱਚੇ ਵਸੀਲਿਆਂ ਵਿਚ ਕੰਮ ਦੇ ਹਾਲਾਤ ਦਾ ਪੱਧਰ 'ਤੇ ਉਜਰਤਾਂ ਬਹੁਤ ਘੱਟ ਹਨ ਜਿਸ ਕਾਰਨ ਪੰਜਾਬ ਦੀ ਜਵਾਨੀ ਭਾਰਤ ਦੀਆਂ ਦੂਰ-ਦਰਾਜ ਦੀਆਂ ਥਾਂਵਾਂ ਜਾਂ ਵਿਦੇਸ਼ਾਂ ਵੱਲ ਖਿੱਚੀ ਜਾ ਰਹੀ ਹੈ।

ਉੱਚ ਸਿੱਖਿਆ ਪ੍ਰਾਪਤ ਤੇ ਹੁਨਰਮੰਦ ਨੌਜਵਾਨ ਵਿਦੇਸ਼ ਜਾ ਵਸਣ ਦੀ ਆਪਣੀ ਲਾਲਸਾ ਦੀ ਪੂਰਤੀ ਲਈ ਕਾਨੂੰਨੀ ਢੰਗਾਂ ਰਾਹੀਂ ਜਹਾਜ਼ ਚੜ੍ਹਨ ਦੇ ਸੁਪਨੇ ਲੈਂਦੇ ਹਨ ਜਦੋਂਕਿ ਘੱਟ ਪੜ੍ਹੇ ਤੇ ਘੱਟ ਹੁਨਰਮੰਦ ਨੌਜਵਾਨ ਗੈਰਕਾਨੂੰਨੀ ਢੰਗਾਂ ਤੇ ਰਸਤਿਆਂ ਰਾਹੀਂ ਕਿਸ਼ਤੀਆਂ ਵਿਚ ਵਿਦੇਸ਼ ਪੁੱਜਣ ਦੀ ਕੋਸ਼ਿਸ਼ ਕਰਦੇ ਹਨ। ਮਾਲਟਾ ਤੇ ਪਨਾਮਾ ਵਰਗੇ ਦੁਖਾਂਤ ਅਜਿਹੇ ਗੈਰਕਾਨੂੰਨੀ ਪਰਵਾਸ ਦਾ ਸਿੱਟਾ ਹਨ। ਵਿਦੇਸ਼ਾਂ ਦੀ ਚਕਾਚੌਂਧ ਵਿਚ ਚੁੰਧਿਆਈਆਂ ਅੱਖਾਂ ਇਰਾਕ, ਅਫਗਾਨਿਸਤਾਨ, ਲਿਬੀਆ ਤੇ ਸੀਰੀਆ ਵਰਗੇ ਜੰਗ ਪ੍ਰਭਾਵਿਤ ਮੁਲਕਾਂ ਦੀ ਕਤਲੋਗਾਰਤ ਨੂੰ ਵੀ ਅਣਡਿੱਠ ਕਰ ਦਿੰਦੀਆਂ ਹਨ।

ਕੁਝ ਮਾਹਿਰਾਂ ਦਾ ਘੜਿਆ-ਘੜਾਇਆ ਤਰਕ ਹੈ ਕਿ ਵਿਦੇਸ਼ ਜਾ ਵੱਸਣ ਦੀ ਇੱਛਾ ਵਾਲੇ ਨੌਜਵਾਨ ਪੰਜਾਬ ਵਿਚ ਕੋਈ ਕੰਮ ਧੰਦਾ ਕਰਨਾ ਹੀ ਨਹੀਂ ਚਾਹੁੰਦੇ। ਇਹ ਤਸਵੀਰ ਦਾ ਇੱਕ ਪਾਸਾ ਹੋ ਸਕਦਾ ਹੈ ਜਦੋਂਕਿ ਦੂਜਾ ਪਾਸਾ ਸੱਚ ਦਾ ਸਿਆਹ ਰੁਖ ਪੇਸ਼ ਕਰਦਾ ਹੈ। ਇਸ ਵਿਚ ਆਪਣੀ ਧਰਤੀ 'ਤੇ ਅਧਿਆਪਕ, ਨਰਸ, ਲਾਈਨਮੈਨ ਤੇ ਹੋਰ ਹੁਨਰਮੰਦ ਕਾਮੇ ਜਾਂ ਮਗਨਰੇਗਾ ਵਰਕਰ ਜੀਣ ਲਈ ਸੰਘਰਸ਼ ਕਰਦੇ ਅਤੇ ਪੁਲਿਸ ਜਬਰ ਦਾ ਸ਼ਿਕਾਰ ਹੁੰਦੇ ਦਿਸਦੇ ਹਨ। ਨੌਜਵਾਨ ਪ੍ਰਾਈਵੇਟ ਸਕੂਲਾਂ ਤੇ ਵਰਕਸ਼ਾਪਾਂ ਵਿਚ ਨੌਕਰੀ ਕਰਦੇ ਜਾਂ ਟਰੱਕਾਂ ਤੇ ਹੋਰ ਵਾਹਨਾਂ ਦੀ ਡਰਾਈਵਰੀ ਰਾਹੀਂ ਆਪਣੀ ਜ਼ਿੰਦਗੀ ਦਾ ਪਹੀਆ ਰੋੜ੍ਹ ਰਹੇ ਹਨ।

1998 ਵਿਚ ਪੰਜਾਬ ਸਰਕਾਰ ਨੇ ਬੇਰੁਜ਼ਗਾਰੀ ਬਾਰੇ ਸਰਵੇਖਣ ਕਰਵਾ ਕੇ ਕੁਝ ਕਦਮ ਪੁੱਟੇ ਸਨ। ਇਸ ਸਰਵੇਖਣ ਦੀ ਰਿਪੋਰਟ ਮੁਤਾਬਿਕ 18 ਤੋਂ 35 ਵਰ੍ਹਿਆਂ ਦੇ 14.72 ਲੱਖ ਨੌਜਵਾਨ ਬੇਰੁਜ਼ਗਾਰ ਸਨ। ਇਨ੍ਹਾਂ ਵਿਚ 62 ਫ਼ੀਸਦੀ ਦਸਵੀਂ ਤਕ ਪੜ੍ਹੇ-ਲਿਖੇ ਅਤੇ 38 ਫ਼ੀਸਦੀ ਅਨਪੜ੍ਹ ਜਾਂ ਦਸਵੀਂ ਤੋਂ ਘੱਟ ਪੜ੍ਹੇ-ਲਿਖੇ ਸਨ। ਇਸ ਮਗਰੋਂ ਸਰਕਾਰ ਨੇ ਦੁਬਾਰਾ ਸਰਵੇਖਣ ਕਰਵਾ ਕੇ ਇਨ੍ਹਾਂ ਅੰਕੜਿਆਂ ਵਿਚ ਹੋਏ ਵਾਧੇ ਜਾਂ ਘਾਟੇ ਦਾ ਅਨੁਮਾਨ ਲਾਉਣ ਦੀ ਜ਼ਹਿਮਤ ਨਹੀਂ ਉਠਾਈ। ਬੇਰੁਜ਼ਗਾਰਾਂ ਦੇ ਅੰਕੜੇ ਦਰਜ ਕਰਨ ਵਾਲੇ ਰੁਜ਼ਗਾਰ ਦਫ਼ਤਰਾਂ ਨੂੰ ਜਾਂ ਤਾਂ ਤਾਲਾ ਲਾ ਦਿੱਤਾ ਗਿਆ ਹੈ, ਜਾਂ ਫਿਰ ਸਰਕਾਰ ਵੱਲੋਂ ਬਹੁਤੇ ਕੰਮ ਪ੍ਰਾਈਵੇਟ ਠੇਕੇਦਾਰਾਂ ਨੂੰ ਦੇ ਕੇ ਇਨ੍ਹਾਂ ਦੀ ਪ੍ਰਸੰਗਿਕਤਾ ਹੀ ਖਤਮ ਕਰ ਦਿੱਤੀ ਗਈ ਹੈ। ਰੁਜ਼ਗਾਰ ਦਫ਼ਤਰਾਂ ਨੇ ਸਰਕਾਰੀ ਅਸਾਮੀਆਂ ਲਈ ਭਰਤੀ ਬੰਦ ਕਰ ਦਿੱਤੀ ਹੈ ਜਿਸ ਕਾਰਨ ਬੇਰੁਜ਼ਗਾਰੀ ਬਾਰੇ ਪਤਾ ਲਾਉਣ ਵਾਲੀ ਇਹ ਅਹਿਮ ਏਜੰਸੀ ਹੁਣ ਕਾਰਜਸ਼ੀਲ ਨਹੀਂ ਰਹਿ ਗਈ ਜਾਂ ਕਾਰਜਸ਼ੀਲ ਨਹੀਂ ਰਹਿਣ ਦਿੱਤੀ ਗਈ। ਅਜਿਹੇ ਮੌਕੇ ਰਾਜ ਵਿਚ ਬੇਰੁਜ਼ਗਾਰਾਂ ਬਾਰੇ ਕੋਈ ਭਰੋਸੇਯੋਗ ਅੰਕੜੇ ਨਹੀਂ ਹਨ। ਗਿਣਤੀਆਂ-ਮਿਣਤੀਆਂ ਲਈ ਆਬਾਦੀ ਵਾਧੇ ਦੇ ਅਨੁਪਾਤ ਨੂੰ ਆਧਾਰ ਮਿੱਥ ਲਿਆ ਜਾਂਦਾ ਹੈ। ਇਸ ਤਹਿਤ 2011 ਵਿਚ ਆਬਾਦੀ ਵਾਧੇ ਦੇ ਉਸੇ ਅਨੁਪਾਤ ਨੂੰ ਮੰਨਿਆ ਗਿਆ, ਜੋ 1998 ਵਿਚ ਸੀ। ਇਸ ਲਿਹਾਜ਼ ਨਾਲ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਬੇਰੁਜ਼ਗਾਰਾਂ ਦੀ ਗਿਣਤੀ ਦੋ ਲੱਖ ਹੋਰ ਵਧੀ ਹੋਵੇਗੀ। ਜੇ ਅਸੀਂ ਇਹ ਮੰਨੀਏ ਕਿ ਆਬਾਦੀ ਦੇ ਵਾਧੇ ਦੇ ਲਿਹਾਜ਼ ਨਾਲ ਬੇਰੁਜ਼ਗਾਰੀ ਦਾ ਅਨੁਪਾਤ ਉਹੀ ਰਿਹਾ ਤਾਂ ਵੀ 2011 ਵਿਚ ਇਹ ਸੰਖਿਆ 16.80 ਲੱਖ ਜ਼ਰੂਰ ਹੋਵੇਗੀ। ਇਸ ਤੋਂ ਉਲਟ



*ਕੁਝ ਮਾਹਿਰਾਂ ਦਾ ਘੜਿਆ-ਘੜਾਇਆ ਤਰਕ ਹੈ ਕਿ ਵਿਦੇਸ਼ ਜਾ ਵਸਣ ਦੀ ਇੱਛਾ ਵਾਲੇ ਨੌਜਵਾਨ ਪੰਜਾਬ ਵਿਚ ਕੋਈ ਕੰਮ ਧੰਦਾ ਕਰਨਾ ਹੀ ਨਹੀਂ ਚਾਹੁੰਦੇ। ਇਹ ਤਸਵੀਰ ਦਾ ਇੱਕ ਪਾਸਾ ਹੋ ਸਕਦਾ ਹੈ ਜਦੋਂਕਿ ਦੂਜਾ ਪਾਸਾ ਸੱਚ ਦਾ ਸਿਆਹ ਰੁਖ਼ ਪੇਸ਼ ਕਰਦਾ ਹੈ।*

ਪਹਿਲਾਂ ਦੇ ਮੁਕਾਬਲੇ ਹੁਣ ਪੜ੍ਹੇ-ਲਿਖੇ ਬੇਰੁਜ਼ਗਾਰਾਂ ਦੀ ਗਿਣਤੀ ਕਿਤੇ ਵੱਧ ਹੈ, ਕਿਉਂਕਿ ਇਸ ਵੇਲੇ ਵੱਧ ਨੌਜਵਾਨ ਪੜ੍ਹੇ-ਲਿਖੇ ਤੇ ਸਿੱਖਿਅਤ ਹਨ।

ਪੜ੍ਹੇ-ਲਿਖੇ ਨੌਜਵਾਨ ਮਿਆਰੀ ਰੁਜ਼ਗਾਰ ਲੋਚਦੇ ਹਨ ਜਿਸ ਵਿਚ ਪੱਕੀਆਂ ਨੌਕਰੀਆਂ, ਬਾਕਾਇਦਾ ਇੰਕਰੀਮੈਂਟ ਤੇ ਭੱਤੇ, ਹਫ਼ਤਾਵਾਰੀ ਕਮਾਊ ਛੁੱਟੀ ਤੇ ਸੇਵਾਮੁਕਤੀ ਲਾਭਾਂ ਸਮੇਤ ਪੂਰੇ ਤਨਖਾਹ ਗਰੇਡ ਹੋਣ, ਜਦੋਂਕਿ ਇਸ ਦੇ ਉਲਟ ਪ੍ਰਾਈਵੇਟ ਖੇਤਰ ਵਿਚ ਕਾਮਿਆਂ ਨੂੰ ਘੱਟੋ-ਘੱਟ ਉਜਰਤਾਂ ਦੇਣ ਦੀ ਵੀ ਲੋੜ ਨਹੀਂ ਸਮਝੀ ਜਾਂਦੀ।

ਸੂਬਾਈ ਰਾਜਧਾਨੀ ਚੰਡੀਗੜ੍ਹ ਵਿਚਲੇ ਸੱਤਾ ਦੇ ਗਲਿਆਰਿਆਂ ਉਤੇ ਕਾਬਜ਼ ਹੋਣ ਦੀਆਂ ਲਾਲਸਾਵਾਂ ਵਾਲੀਆਂ ਸਿਆਸੀ ਪਾਰਟੀਆਂ ਨੂੰ ਇਹ ਮੁੱਦਾ ਨਜ਼ਰ ਹੀ ਨਹੀਂ ਆਉਂਦਾ। ਇਹ ਵੀ ਰੋਚਿਕ ਤੱਥ ਹੈ ਕਿ ਪੰਜਾਬ ਸਰਕਾਰ ਨੇ ਕਈ ਸਾਲਾਂ ਤੋਂ ਆਪਣੀਆਂ 1.20 ਲੱਖ ਅਸਾਮੀਆਂ ਜਾਣ-ਬੁੱਝ ਕੇ ਖਾਲੀ ਛੱਡੀਆਂ ਹੋਈਆਂ ਸਨ। ਇਸ ਕਾਰਨ ਨਾ ਸਿਰਫ਼ 1.20 ਲੱਖ ਰੁਜ਼ਗਾਰ ਮੌਕੇ ਨੌਜਵਾਨਾਂ ਕੋਲੋਂ ਖੁੱਸੇ ਸਗੋਂ ਰਾਜ ਵਿਚ ਸਿਹਤ, ਸਿੱਖਿਆ ਤੇ ਹੋਰ ਕਈ ਲਾਜ਼ਮੀ ਸੇਵਾਵਾਂ ਉਤੇ ਘਾਟ ਤੇ ਅਣਦੇਖੀ ਦਾ ਸ਼ਿਕੰਜਾ ਵੀ ਕੱਸਿਆ ਗਿਆ।

ਚੋਣ ਵਰ੍ਹੇ ਵਿਚ ਨੌਜਵਾਨਾਂ ਨੂੰ ਲਲਚਾਉਣ ਲਈ ਸਰਕਾਰੀ ਬੁਲਾਰੇ ਸਾਰੀਆਂ ਖਾਲੀ ਅਸਾਮੀਆਂ ਭਰਨ ਦਾ ਚੋਗਾ ਸੁੱਟ ਰਹੇ ਹਨ, ਪਰ ਸਰਕਾਰੀ ਖੇਤਰ ਦੀਆਂ 1.20 ਲੱਖ ਅਸਾਮੀਆਂ ਤੋਂ ਅਗਾਂਹ ਜਾ ਕੇ ਹੋਰ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇ ਕਲਾਵੇ ਵਿਚ ਲੈਣ ਦੀ ਸਰਕਾਰ ਦੀ ਕੋਈ ਯੋਜਨਾ ਨਹੀਂ ਹੈ। ਇਸ ਸਮੱਸਿਆ ਦਾ ਇੱਕੋ-ਇੱਕ ਜ਼ਾਹਿਰਾ ਹੱਲ ਸਰਕਾਰੀ ਖੇਤਰ ਤੋਂ ਬਾਹਰ ਨਿਕਲ ਕੇ ਉਤਪਾਦਨ ਤੇ ਸੇਵਾਵਾਂ ਖੇਤਰ ਵਿਚ ਲੱਗੇ ਅਦਾਰਿਆਂ ਜਾਂ ਉਦਮਾਂ ਵਿਚ ਵੱਡੇ ਪੱਧਰ 'ਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨਾ ਹੀ ਹੈ।

ਪੰਜਾਬ ਸਰਕਾਰ ਸੂਬੇ ਵਿਚਲੇ ਦੋ ਸਿਵਿਲ ਹਵਾਈ ਅੱਡਿਆਂ ਵਿਚੋਂ ਕਿਸੇ ਇੱਕ ਨੇੜੇ ਵੀ ਸਾਫ਼ਟਵੇਅਰ ਸੈਂਟਰ ਬਣਾਉਣ ਦੇ ਯੋਗ ਨਹੀਂ ਹੋ ਸਕੀ। ਦੂਜੇ ਪਾਸੇ ਮੰਡੀ ਗੋਬਿੰਦਗੜ੍ਹ, ਲੁਧਿਆਣਾ, ਗੁਰਾਇਆ ਅਤੇ ਅੰਮ੍ਰਿਤਸਰ ਵਿਚ ਸਨਅਤੀ ਇਕਾਈਆਂ ਬੰਦ ਹੋਣ ਦੀਆਂ ਰਿਪੋਰਟਾਂ ਹਨ। ਨੌਜਵਾਨਾਂ ਨੂੰ ਵਧੀਆ ਉਜਰਤਾਂ ਵਾਲੇ ਰੁਜ਼ਗਾਰ ਮੌਕੇ ਦੇਣ ਦੀ ਸਰਕਾਰ ਦੀ ਕੋਈ ਯੋਜਨਾ ਨਹੀਂ ਹੈ। ਬਿਨਾਂ ਕਿਸੇ ਢੁਕਵੀਂ ਯੋਜਨਾ ਦੇ ਸਰਕਾਰ, ਨੌਕਰੀਆਂ ਦੇ ਮੌਕੇ ਪੈਦਾ ਨਹੀਂ ਕਰ ਸਕਦੀ। ਇਸ ਵਾਸਤੇ ਅਰਥਚਾਰੇ ਦੇ ਸਰੂਪ ਦਾ ਉਤਪਾਦਨ, ਮਨੁੱਖੀ ਸਰੋਤਾਂ ਦੇ ਵਿਕਾਸ ਤੇ ਰੁਜ਼ਗਾਰ ਮੌਕੇ ਪੈਦਾ ਕਰਨ ਨਾਲ ਤਾਲਮੇਲ ਬਿਠਾਉਣਾ ਹੋਵੇਗਾ। ਇਸ ਵੇਲੇ ਇਹ ਤਿੰਨੇ ਅਹਿਮ ਕਾਰਕ ਬਾਜ਼ਾਰੀ ਤਾਕਤਾਂ ਦੇ ਰਹਿਮੋ-ਕਰਮ ਉਤੇ ਛੱਡ ਦਿੱਤੇ ਗਏ ਹਨ। ਇਹ ਤਾਕਤਾਂ ਰਾਜ ਵਿਚ ਸਿੱਖਿਅਤ ਬੇਰੁਜ਼ਗਾਰਾਂ ਦੀ ਗਿਣਤੀ ਦੂਣ-ਸਵਾਈ ਕਰ ਰਹੀਆਂ ਹਨ।

ਰਾਜ ਦੀ ਵਸੋਂ ਦਾ ਵੱਡਾ ਹਿੱਸਾ ਨੌਜਵਾਨ ਹੈ ਅਤੇ ਇਨ੍ਹਾਂ ਵਿਚ ਜ਼ਿਆਦਾਤਰ ਪੜ੍ਹੇ-ਲਿਖੇ ਨੌਜਵਾਨ ਹਨ। ਆਮ ਤੌਰ 'ਤੇ ਨੌਜਵਾਨ ਸੁਭਾਅ ਪੱਖੋਂ ਵੱਧ ਲਾਲਸਾਵਾਨ ਹੁੰਦੇ ਹਨ ਅਤੇ ਹੋਣੇ ਵੀ ਚਾਹੀਦੇ ਹਨ। ਉਹ ਜੀਵਨ ਵਿਚ ਤਰੱਕੀ ਅਤੇ ਅੱਗੇ ਵਧਣ ਦੀ ਇੱਛਾ ਰੱਖਦੇ ਹਨ। ਉਹ ਪੱਕੀਆਂ ਨੌਕਰੀਆਂ ਤੇ ਵਪਾਰ ਕਰਨਾ ਚਾਹੁੰਦੇ ਹਨ ਜਿਨ੍ਹਾਂ ਵਿਚ ਉਨ੍ਹਾਂ ਦਾ ਭਵਿੱਖ ਵਧੀਆ ਹੋਣਾ ਯਕੀਨੀ ਹੋਵੇ। ਪੱਕੀਆਂ ਸਰਕਾਰੀ ਨੌਕਰੀਆਂ ਲਈ ਚਾਰ ਸਾਲਾਂ ਤਕ ਕੋਈ ਗਰੇਡ ਤਨਖਾਹ, ਮਹਿੰਗਾਈ ਭੱਤਾ, ਮਕਾਨ ਕਿਰਾਇਆ ਭੱਤਾ ਅਤੇ ਸੇਵਾਮੁਕਤੀ ਲਾਭ ਨਾ ਦੇ ਕੇ ਸਿਰਫ਼ ਮੁਢਲੀ ਤਨਖਾਹ ਦੇਣ ਦੇ ਸਰਕਾਰੀ ਫੈਸਲੇ ਨਾਲ ਨੌਕਰੀਆਂ ਦੇ ਮੌਕੇ ਤਲਾਸ਼ ਰਹੇ ਨੌਜਵਾਨਾਂ ਦਾ ਮੋਹ ਭੰਗ ਹੋਇਆ ਹੈ। ਇਸ ਦੇ ਉਲਟ ਗੁਆਂਢੀ ਰਾਜਾਂ ਵਿਚ ਪੂਰੇ ਗਰੇਡ 'ਤੇ ਨਿਯੁਕਤੀਆਂ ਹੁੰਦੀਆਂ ਹਨ। ਇਸ ਕਾਰਨ ਪੰਜਾਬ ਦੇ ਜਿਹੜੇ ਸਿੱਖਿਅਤ ਤੇ ਹੋਣਹਾਰ ਨੌਜਵਾਨ, ਜੋ ਦੇਸ਼ ਨਹੀਂ ਵੀ ਛੱਡ ਰਹੇ, ਉਹ ਘੱਟੋ-ਘੱਟ ਆਪਣੇ ਸੂਬੇ ਨਾਲੋਂ ਤਾਂ ਰਹਿਣ ਦੀ ਤੰਦ ਤੋੜ ਹੀ ਰਹੇ ਹਨ। ਅਜਿਹਾ ਹੋਣ ਕਰ ਕੇ ਰਾਜ ਆਪਣੀ ਹੀ ਸਿੱਖਿਅਤ ਜਵਾਨੀ ਦੀਆਂ ਸੇਵਾਵਾਂ ਤੋਂ ਵਾਂਝਾ ਹੋ ਰਿਹਾ ਹੈ। ਰੁਜ਼ਗਾਰ ਮੌਕਿਆਂ ਦੀ ਥੁੜ ਕਾਰਨ ਸਾਡਾ ਨੌਜਵਾਨ ਇਰਾਕ, ਅਫਗਾਨਿਸਤਾਨ, ਲਿਬੀਆ ਤੇ ਸੀਰੀਆ ਵਰਗੇ ਜੰਗ ਪ੍ਰਭਾਵਿਤ ਮੁਲਕਾਂ ਵਿਚ ਜਾ ਕੇ ਵੀ ਕੰਮ ਕਰਨ ਨੂੰ ਤਿਆਰ ਹੈ। ਇਸ ਨਾਲ ਨਾ ਸਿਰਫ਼ ਸਬੰਧਿਤ ਨੌਜਵਾਨ ਬਿਪਤਾ ਵਿਚ ਫਸਦੇ ਹਨ, ਸਗੋਂ ਉਹ ਆਪਣੇ ਪਿੱਛੇ ਝੁਰਦੇ ਪਰਿਵਾਰਾਂ ਨੂੰ ਹੌਲੀ-ਹੌਲੀ ਅਣਿਆਈ ਮੌਤ ਦੇ ਮੂੰਹ ਵਿਚ ਧੱਕ ਰਹੇ ਹਨ।

ਰੁਜ਼ਗਾਰ ਮੌਕਿਆਂ ਦੀ ਤੋਟ ਨੌਜਵਾਨਾਂ ਨੂੰ ਡਰੱਗ ਤਸਕਰੀ, ਜੁਰਮਾਂ ਤੇ ਹਿੰਸਾ ਦੀ ਦਲਦਲ ਵੱਲ ਵੀ ਧੱਕ ਰਹੀ ਹੈ। ਪੈਸੇ ਬਦਲੇ ਨੌਜਵਾਨ ਕੋਈ ਵੀ ਕੰਮ ਕਰਨ ਵਾਸਤੇ ਤਿਆਰ ਹਨ ਜੋ ਸਿਹਤਮੰਦ ਸਮਾਜ ਲਈ ਖਤਰੇ ਦੀ ਘੰਟੀ ਹੈ। ਇਸ ਲਈ ਨੌਜਵਾਨਾਂ ਨੂੰ ਬੇਰੁਜ਼ਗਾਰ ਰੱਖਣਾ ਸਮਾਜ ਦੇ ਵਡੇਰੇ ਹਿੱਤ ਵਿਚ ਨਹੀਂ ਹੈ।

# ਲਾਸਾਨੀ ਅਧਿਆਪਕ ਤੇ ਜ਼ਹੀਨ ਮਾਰਕਸੀ ਚਿੰਤਕ ਪ੍ਰੋ. ਰਣਧੀਰ ਸਿੰਘ

***ਮਾਰਕਸੀ ਚਿੰਤਕ ਪ੍ਰੋ. ਰਣਧੀਰ ਸਿੰਘ 31 ਜਨਵਰੀ ਨੂੰ ਦੇਰ ਰਾਤੀਂ 95 ਸਾਲ ਦੀ ਉਮਰ 'ਚ ਇਸ ਫਾਨੀ ਸੰਸਾਰ ਤੋਂ ਰੁਖਸਤ ਹੋ ਗਏ। ਆਕਸਫੋਰਡ ਬਰੁੱਕਸ ਯੂਨੀਵਰਸਿਟੀ (ਇੰਗਲੈਂਡ) ਦੇ ਪ੍ਰੋ. ਪ੍ਰੀਤਮ ਸਿੰਘ ਤੇ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਉਨ੍ਹਾਂ ਬਾਰੇ ਕੁਝ ਸ਼ਬਦ ਲਿਖੇ ਹਨ ਜੋ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ। -ਸੰਪਾਦਕ***

ਪ੍ਰੋਫੈਸਰ ਰਣਧੀਰ ਸਿੰਘ ਰਾਜਨੀਤੀ ਸ਼ਾਸਤਰ ਦੇ ਮਾਰਕਸੀ ਵਿਦਵਾਨ ਸਨ ਤੇ ਉਨ੍ਹਾਂ ਦੀ ਪ੍ਰਸਿੱਧੀ ਦੇਸ਼-ਵਿਦੇਸ਼ ਦੇ ਹੱਦ ਬੰਨਿਆਂ ਤੋਂ ਆਰ-ਪਾਰ ਫੈਲੀ ਹੋਈ ਸੀ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਥੋੜ੍ਹਾ ਸਮਾਂ ਬਿਤਾਉਣ ਤੋਂ ਬਾਅਦ ਉਨ੍ਹਾਂ ਆਪਣਾ ਪੂਰਾ ਅਕਾਦਮਿਕ ਕਰੀਅਰ ਦਿੱਲੀ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਵਿਭਾਗ ਵਿਚ ਬਿਤਾਇਆ। ਉਹ ਅਜਿਹੇ ਅਧਿਆਪਕ ਸਨ ਜੋ ਦੰਦ ਕਥਾ ਦੇ ਪਾਤਰ ਬਣ ਜਾਂਦੇ ਹਨ। ਤੱਤ ਪੱਖੋਂ ਭਰਪੂਰ ਅਤੇ ਪੂਰੀ ਸਿਦਕਦਿਲੀ ਨਾਲ ਦਿੱਤੇ ਜਾਂਦੇ ਉਨ੍ਹਾਂ ਦੇ ਲੈਕਚਰ ਇੰਨੇ ਹਰਮਨ ਪਿਆਰੇ ਹੁੰਦੇ ਸਨ ਕਿ ਅਰਥ ਸ਼ਾਸਤਰ, ਸਮਾਜ ਵਿਗਿਆਨ, ਕਾਨੂੰਨ, ਸਾਹਿਤ, ਗਣਿਤ ਤਾਂ ਕੀ, ਭੌਤਿਕ ਵਿਗਿਆਨ ਅਤੇ ਰਸਾਇਣ ਵਿਗਿਆਨ ਜਿਹੇ ਵਿਸ਼ਿਆਂ ਦੇ ਵਿਦਿਆਰਥੀ ਵੀ ਵੱਡੀ ਗਿਣਤੀ ਵਿਚ ਉਨ੍ਹਾਂ ਦੇ ਲੈਕਚਰ ਸੁਣਨ ਆਉਂਦੇ ਸਨ।

**ਪ੍ਰੀਤਮ ਸਿੰਘ**




ਪ੍ਰੋ. ਰਣਧੀਰ ਸਿੰਘ ਅੱਜ ਕੱਲ੍ਹ ਦੇ ਅਧਿਆਪਕਾਂ ਵਾਂਗ ਨਹੀਂ ਸਨ ਜੋ ਆਪਣੇ ਖੋਜ ਪੇਪਰਾਂ ਦੀ ਪ੍ਰਕਾਸ਼ਨਾ ਵਿਚ ਮਾਣ ਮਹਿਸੂਸ ਕਰਦੇ ਹਨ, ਸਗੋਂ ਆਪਣੀਆਂ ਅਕਾਦਮਿਕ ਪ੍ਰਾਪਤੀਆਂ 'ਤੇ ਮਾਣ ਜਤਾਉਂਦੇ ਹੁੰਦੇ ਸਨ। ਬਿਨਾਂ ਸ਼ੱਕ, ਉਨ੍ਹਾਂ ਦੇ ਸ਼ਾਗਿਰਦਾਂ ਵਿਚ ਉਹ ਵੀ ਸ਼ਾਮਲ ਹਨ ਜੋ ਰਾਜਨੀਤੀ ਸ਼ਾਸਤਰ ਦੇ ਅਧਿਆਪਨ ਵਿਚ ਤਾਂ ਸਫਲ ਹੋਏ ਹੀ, ਨਾਲ ਹੀ ਉਨ੍ਹਾਂ ਮਾਣਮੱਤੇ ਪ੍ਰਕਾਸ਼ਨਾਂ ਵਿਚ ਵੀ ਨਾਂ ਦਰਜ ਕਰਵਾਏ। ਇਨ੍ਹਾਂ ਵਿਚੋਂ ਬਹੁਤੇ ਅਧਿਆਪਕ ਇਸ ਵਿਸ਼ੇ ਨਾਲ ਸਾਂਝ ਦਾ ਸਿਹਰਾ ਪ੍ਰੋ. ਰਣਧੀਰ ਸਿੰਘ ਦੇ ਦਿੱਲੀ ਯੂਨੀਵਰਸਿਟੀ ਵਿਚ ਦਿੱਤੇ ਲੈਕਚਰਾਂ ਸਿਰ ਬੰਨ੍ਹਦੇ ਹਨ।

1967 ਵਿਚ ਜਦੋਂ ਪ੍ਰੋ. ਰਣਧੀਰ ਸਿੰਘ ਦੀ ਕਿਤਾਬ 'ਰੀਜ਼ਨ, ਰੈਵੋਲਿਊਸ਼ਨ ਐਂਡ ਪੁਲਿਟੀਕਲ ਥਿਊਰੀ' ਛਪ ਕੇ ਆਈ ਤਾਂ ਰਾਜਨੀਤੀ ਸ਼ਾਸਤਰ ਦੀ ਦੁਨੀਆਂ ਨੇ ਉਨ੍ਹਾਂ ਦੀ ਵਿਦਵਤਾ ਦਾ ਲੋਹਾ ਮੰਨਿਆ। ਇਸ ਕਿਤਾਬ ਵਿਚ ਕੰਜ਼ਰਵੇਟਿਵ ਰਾਜਨੀਤੀ ਸ਼ਾਸਤਰੀ ਮਾਈਕਲ ਓਕਸ਼ਾਟ ਦੇ ਕਾਰਜ ਦੀ ਮਾਰਕਸੀ ਅਲੋਚਨਾ ਦਾ ਵਾਹਵਾ ਲੇਖਾ-ਜੋਖਾ ਕੀਤਾ ਗਿਆ ਹੈ। ਕਮਿਊਨਿਸਟ ਚਿੰਤਕ ਮਰਹੂਮ ਮੋਹਿਤ ਸੇਨ ਨੇ 'ਇਕਨੌਮਿਕ ਐਂਡ ਪੁਲਿਟੀਕਲ ਵੀਕਲੀ' (ਈ.ਪੀ.ਡਬਲਿਊ.) ਵਿਚ ਇਸ ਕਿਤਾਬ ਦਾ ਰਿਵਿਊ ਕਰਦਿਆਂ ਟਿੱਪਣੀ ਕੀਤੀ ਸੀ ਕਿ ਇਸ ਕਿਤਾਬ ਦੇ ਆਉਣ ਨਾਲ ਭਾਰਤੀ ਰਾਜਨੀਤਕ ਸ਼ਾਸਤਰੀਆਂ ਨੂੰ ਰਾਜਨੀਤਕ ਸਿਧਾਂਤ ਦੇ ਜਗਤ ਵਿਚ ਕੌਮਾਂਤਰੀ ਵਿਦਵਤਾ ਦਾ ਰੁਤਬਾ ਹਾਸਲ ਹੋ ਗਿਆ ਹੈ। ਰਣਧੀਰ ਸਿੰਘ ਪੰਜਾਬ ਦੇ ਹਾਲਾਤ ਬਾਰੇ 'ਮਾਰਕਸੀ ਅਤੇ ਪੰਜਾਬ ਵਿਚ ਖਾੜਕੂ ਲਹਿਰ' ਦੇ ਸਿਰਲੇਖ ਵਾਲਾ ਪ੍ਰਭਾਵਸ਼ਾਲੀ ਲੇਖ ਲਿਖਿਆ ਸੀ ਜੋ 1987 ਵਿਚ 'ਈ.ਪੀ.ਡਬਲਿਊ.' ਵਿਚ ਛਪਿਆ ਸੀ। ਇਹ ਲੇਖ ਉਨ੍ਹਾਂ ਦੀ ਬੌਧਿਕ ਅਤੇ ਰਾਜਨੀਤਕ ਦਿਆਨਤਦਾਰੀ ਦੀ ਮਿਸਾਲ ਹੋ ਨਿਬੜਿਆ। ਉਨ੍ਹਾਂ ਆਪਣੇ ਨਿਜੀ ਸਬੰਧਾਂ ਨਾਲੋਂ ਨਿਖੇੜਾ ਕਰਦਿਆਂ ਆਪਣੇ ਤਾਉਮਰ ਮਿੱਤਰ ਰਹੇ ਇਤਿਹਾਸਕਾਰ ਬਿਪਨ ਚੰਦਰ ਦੀ ਧਾਰਨਾ ਦੀ ਤਿੱਖੀ ਨੁਕਤਾਚੀਨੀ ਕੀਤੀ। ਉਨ੍ਹਾਂ ਖਾੜਕੂਆਂ ਨੂੰ ਖਤਮ ਕਰਨ ਜਿਹੇ ਰਾਜਕੀ ਦਮਨ ਚੱਕਰ ਰਾਹੀਂ ਪੰਜਾਬ ਸੰਕਟ ਦਾ ਹੱਲ ਕੱਢਣ ਦੀ ਪੈਰਵੀ ਕਰਦੀ 'ਰਿਬੈਰੋ-ਗਿਰੀ ਲਾਲ ਜੈਨ-ਬਿਪਨ ਚੰਦਰ ਲਾਈਨ' ਦੇ ਫੀਤੇ ਉਡਾਏ ਸਨ। ਉਨ੍ਹਾਂ ਦਲੀਲ ਪੇਸ਼ ਕੀਤੀ ਸੀ ਕਿ ਇਹ ਲਾਈਨ ਨਾ ਕੇਵਲ ਭਾਰਤੀ ਸਟੇਟ ਦੇ ਜਮਾਤੀ ਰਾਜ ਨੂੰ ਪੱਕੇ ਪੈਰੀਂ ਕਰਦੀ ਹੈ, ਸਗੋਂ ਤਿੱਖੇ ਹਿੰਦੂ ਸ਼ਾਵਨਵਾਦੀ ਰਾਸ਼ਟਰਵਾਦ ਨੂੰ ਵੀ ਪੱਠੇ ਪਾਉਂਦੀ ਹੈ। ਇਸ ਲਾਈਨ ਦੀ ਆਲੋਚਨਾ ਦੀ ਸ਼ਿੱਦਤ ਦਾ ਮਗਰੋਂ ਜਾ ਕੇ ਵਾਪਰੀਆਂ ਘਟਨਾਵਾਂ ਤੋਂ ਪੁਸ਼ਟੀ ਹੋਈ ਜਿਨ੍ਹਾਂ ਤੋਂ ਇਹ ਸਾਫ ਹੋ ਗਿਆ ਕਿ ਇਸ ਲਾਈਨ ਦਾ ਸਭ ਤੋਂ ਵੱਧ ਲਾਹਾ ਭਾਜਪਾ ਦੀ ਅਗਵਾਈ ਵਾਲੇ ਰਾਜਸੀ ਰੁਝਾਨਾਂ ਤੇ ਸ਼ਕਤੀਆਂ ਨੂੰ ਹੋਇਆ।

ਪ੍ਰੋ. ਰਣਧੀਰ ਸਿੰਘ ਆਰਾਮ ਕੁਰਸੀ 'ਤੇ ਬਹਿ ਕੇ ਵਿਦਵਤਾ ਘੋਟਣ ਵਾਲਿਆਂ ਵਿਚੋਂ ਨਹੀਂ ਸਨ। ਉਹ ਲੰਮਾ ਸਮਾਂ ਦਿੱਲੀ ਯੂਨੀਵਰਸਿਟੀ ਟੀਚਰਜ਼ ਐਸੋਸੀਏਸ਼ਨ ਦੇ ਰੂਹੇ-ਰਵਾਂ ਰਹੇ ਤੇ ਬਹੁਤ ਸਾਰੀਆਂ ਟਰੇਡ ਯੂਨੀਅਨ, ਕਿਸਾਨ ਜਥੇਬੰਦੀਆਂ, ਮਨੁੱਖੀ ਅਧਿਕਾਰ ਗਰੁਪਾਂ ਦੇ ਸਰਗਰਮ ਹਮਾਇਤੀ ਰਹੇ ਅਤੇ ਨਾਲ ਹੀ ਦੇਸ਼ ਭਰ ਵਿਚ ਔਰਤਾਂ, ਦਲਿਤਾਂ, ਕਬਾਇਲੀਆਂ ਅਤੇ ਘੱਟ-ਗਿਣਤੀਆਂ ਦੀ ਜਥੇਬੰਦੀਆਂ ਦੀ ਪੈਰਵੀ ਕਰਦੇ ਰਹੇ। ਉਹ ਆਪਣੇ ਵਿਚਾਰਾਂ ਤੇ ਨਜ਼ਰੀਏ ਨੂੰ ਲਗਾਤਾਰ ਨਵਿਆਉਂਦੇ ਰਹਿੰਦੇ ਸਨ। ਉਨ੍ਹਾਂ ਦਾ ਨਾਂ ਉਨ੍ਹਾਂ ਮੁੱਠੀ ਭਰ ਭਾਰਤੀ ਵਿਦਵਾਨਾਂ ਵਿਚ ਵੀ ਸ਼ੁਮਾਰ ਹੁੰਦਾ ਹੈ ਜਿਨ੍ਹਾਂ ਨੇ ਵਾਤਾਵਰਨ ਲਈ ਤਬਾਹਕੁਨ ਪੂੰਜੀਵਾਦ ਦੇ ਕਿਰਦਾਰ ਦੀ ਆਲੋਚਨਾ ਕਰਦਿਆਂ ਵਾਤਾਵਰਨੀ-ਸਮਾਜਵਾਦ ਦੇ ਸੰਕਲਪ ਦੀ ਅਹਿਮੀਅਤ ਨੂੰ ਸਮਝਿਆ ਸੀ। ਪਿੱਛੇ ਪਰਿਵਾਰ ਵਿਚ ਉਨ੍ਹਾਂ ਦੀ ਪਤਨੀ ਹੈ ਤੇ ਦੋ ਧੀਆਂ ਹਨ ਜੋ ਆਪੋ-ਆਪਣੇ ਪੇਸ਼ੇਵਰ ਖੇਤਰਾਂ ਵਿਚ ਪ੍ਰਬੀਨ ਹਨ।

## ਬੌਧਿਕ ਅੰਬਰ ਦਾ ਧਰੂ ਤਾਰਾ

ਮਾਰਕਸੀ ਚਿੰਤਕ ਪ੍ਰੋ. ਰਣਧੀਰ ਸਿੰਘ ਦੇ ਵਿਛੋੜੇ ਨਾਲ ਮਨੁੱਖਤਾ, ਉਚਕੋਟੀ ਦੇ ਜ਼ਹੀਨ ਤੇ ਮਨੁੱਖਤਾਵਾਦੀ ਚਿੰਤਕ ਤੋਂ ਵਾਂਝੀ ਹੋ ਗਈ ਹੈ। ਉਹ ਲੰਮਾ ਵਕਤ ਦਿੱਲੀ ਯੂਨੀਵਰਸਿਟੀ ਵਿਚ ਰਾਜਨੀਤਕ ਸਿਧਾਂਤ ਦੇ ਪ੍ਰੋਫੈਸਰ ਰਹੇ ਜਿਥੇ ਉਨ੍ਹਾਂ ਨੇ ਬੇਸ਼ੁਮਾਰ ਵਿਦਿਆਰਥੀਆਂ ਦੀ ਡੂੰਘੇ ਅਧਿਐਨ ਨਾਲ ਜੁੜਨ ਵਿਚ ਰਹਿਨੁਮਾਈ ਕੀਤੀ ਅਤੇ ਬਹੁਤ ਸਾਰਿਆਂ ਨੂੰ ਵਿਗਿਆਨਕ ਸਮਾਜਵਾਦੀ ਨਜ਼ਰੀਏ ਨਾਲ ਜੋੜਿਆ।

ਉਨ੍ਹਾਂ ਦੀ ਜ਼ਿੰਦਗੀ ਦੇ ਭਰ-ਜੋਬਨ ਦਹਾਕੇ ਕੁਲ ਆਲਮ ਵਿਚ ਸਮਾਜਵਾਦ ਦੀ ਚੜ੍ਹਤ ਦੇ ਦਹਾਕੇ ਵੀ ਸਨ। ਉਹ 1939 'ਚ ਕਮਿਊਨਿਸਟ ਲਹਿਰ ਵਿਚ ਸ਼ਾਮਲ ਹੋਏ ਅਤੇ ਆਖਰੀ ਦਮ ਤਕ ਉਨ੍ਹਾਂ ਨੇ ਸਮਾਜਵਾਦ ਦੇ ਆਦਰਸ਼ ਨੂੰ ਬੁਲੰਦ ਰੱਖਿਆ। ਉਹ ਫਿਰਕਾਪ੍ਰਸਤੀ, ਮੂਲਵਾਦ, ਰੂੜ੍ਹੀਵਾਦ ਸਮੇਤ ਸਮਾਜੀ ਤਰੱਕੀ ਦੇ ਰਾਹ ਦਾ ਰੋੜਾ ਬਣਦੇ ਹਰ ਤਰ੍ਹਾਂ ਦੇ ਪਿਛਾਖੜੀ ਵਿਚਾਰਾਂ ਦੇ ਤਿੱਖੇ ਆਲੋਚਕ ਸਨ। ਔਰਤ ਦੀ ਬੰਦਖਲਾਸੀ ਨੂੰ ਉਹ ਸਮਾਜੀ ਤਰੱਕੀ ਲਈ ਜ਼ਰੂਰੀ ਸਮਝਦੇ ਸਨ। ਉਹ ਜਮਾਤੀ ਸਾਂਝ-ਭਿਆਲੀ ਦੀ ਸਿਆਸਤ ਦੇ ਬਾਦਲੀਲ ਆਲੋਚਕ ਸਨ ਅਤੇ ਆਪਣੇ ਵਕਤ ਦੇ ਭਖਦੇ ਵਿਚਾਰਧਾਰਕ ਸਿਆਸੀ ਸਵਾਲਾਂ ਉਪਰ ਹਮੇਸ਼ਾ ਅਸੂਲੀ ਪੈਂਤੜਾ ਲੈਂਦੇ ਸਨ। ਉਨ੍ਹਾਂ ਸੱਤ ਦਹਾਕੇ ਲੰਮੀ ਸਰਗਰਮ ਚਿੰਤਨਸ਼ੀਲ ਜ਼ਿੰਦਗੀ ਵਿਚ ਭਖਵੇਂ ਸਵਾਲਾਂ ਉਪਰ ਬੇਸ਼ੁਮਾਰ ਲੈਕਚਰ ਦਿੱਤੇ ਅਤੇ ਇਨ੍ਹਾਂ ਤੋਂ ਇਲਾਵਾ 'ਕਰਾਈਸਿਸ ਆਫ ਸੋਸ਼ਲਿਜ਼ਮ', 'ਰਿਜ਼ਨ ਰੈਵੋਲੂਸ਼ਨ ਐਂਡ ਪੁਲੀਟੀਕਲ ਥਿਊਰੀ', 'ਫਾਈਵ ਲੈਕਚਰਜ਼ ਇਨ ਮਾਰਕਸਿਸਟ ਮੋਡ', 'ਆਫ ਮਾਰਕਸਿਜ਼ਮ ਐਂਡ ਇੰਡੀਅਨ ਪਾਲਿਟਿਕਸ', 'ਮਾਰਕਸਿਜ਼ਮ-ਸੋਸ਼ਲਿਜ਼ਮ ਐਂਡ ਇੰਡੀਅਨ ਪਾਲਿਟਿਕਸ', 'ਕਾਨਟੈਂਪਰੇਰੀ ਇਕਾਲੋਜੀਕਲ ਕਰਾਈਸਿਸ', 'ਇੰਡੀਅਨ ਪਾਲਿਟਿਕਸ ਟੂਡੇ' ਦੇ ਰੂਪ ਵਿਚ ਬਹੁ-ਮੁੱਲੀਆਂ ਕਿਤਾਬਾਂ ਮਨੁੱਖਤਾ ਦੀ ਝੋਲੀ ਪਾਈਆਂ ਜੋ ਸਮਾਜਕ ਤਬਦੀਲੀ ਲਈ ਸਰਗਰਮ ਸਿਆਸੀ ਤਾਕਤਾਂ, ਬੁੱਧੀਜੀਵੀਆਂ ਅਤੇ ਵਿਦਿਆਰਥੀਆਂ ਲਈ ਬਹੁਮੁੱਲਾ ਬੌਧਿਕ ਖ਼ਜ਼ਾਨਾ ਹਨ। ਸੰਸਾਰ ਸਮਾਜਵਾਦੀ ਪ੍ਰਬੰਧ ਨੂੰ ਲੱਗੀ ਪਛਾੜ ਦੇ ਕਾਰਨਾਂ ਦਾ ਆਲੋਚਨਾਤਮਕ ਅਧਿਐਨ ਕਰਦਿਆਂ ਉਨ੍ਹਾਂ ਨੇ ਭਰਵਾਂ ਵਿਸ਼ਲੇਸ਼ਣ ਪੇਸ਼ ਕੀਤਾ। ਉਨ੍ਹਾਂ ਦੀਆਂ ਲਿਖਤਾਂ ਤੋਂ ਮੁਤਾਸਰ ਹੋ ਕੇ ਉਨ੍ਹਾਂ ਦੀ ਬੌਧਿਕ ਲਿਆਕਤ ਬਾਰੇ ਕੌਮਾਂਤਰੀ ਨਾਮਣੇ ਵਾਲੇ ਖੱਬੇ ਪੱਖੀ ਰਸਾਲੇ 'ਮੰਥਲੀ ਰਿਵਿਊ' ਦੇ ਸੰਪਾਦਕ ਹੈਰੀ ਮੈਗਡਾਫ ਨੇ ਲਿਖਿਆ, "ਤੁਹਾਡਾ ਠੋਸ ਵਿਸ਼ਲੇਸ਼ਣ ਤੇ ਦ੍ਰਿੜ ਵਚਨਬੱਧਤਾ ਕਾਬਲੇ-ਤਾਰੀਫ ਹੈ।"

**ਬੂਟਾ ਸਿੰਘ**

ਪ੍ਰੋਫੈਸਰ ਰਣਧੀਰ ਸਿੰਘ ਚੜ੍ਹਦੇ ਸੂਰਜ ਨੂੰ ਸਲਾਮ ਕਰਨ ਵਾਲੇ ਬੁੱਧੀਜੀਵੀਆਂ ਤੋਂ ਐਨ ਉਲਟ ਸਨ। ਜਦੋਂ ਬੇਸ਼ੁਮਾਰ ਚਿੰਤਕ ਅਤੇ ਵਿਦਵਾਨ ਸਮਾਜਵਾਦ ਦੀ ਇਤਿਹਾਸਕ ਹਾਰ ਤੇ ਪਛਾੜ ਤੋਂ ਨਿਰਾਸ਼ ਹੋ ਕੇ 'ਸਰਮਾਏਦਾਰੀ ਦਾ ਕੋਈ ਬਦਲ ਨਹੀਂ' ਦੇ ਢੰਡੋਰਚੀ ਬਣ ਗਏ ਅਤੇ ਸਮਾਜਵਾਦ ਦੇ ਆਦਰਸ਼ ਤੋਂ ਕਿਨਾਰਾ ਕਰ

(ਬਾਕੀ ਅਗਲੇ ਸਫੇ 'ਤੇ)

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

# ਬਾਦਲ ਬਿਮਾਰ, ਫੁਰੇ ਵਿਚਾਰ

ਲੱਖ-ਲੱਖ ਸ਼ੁਕਰ ਹੈ, ਇਸ ਲੇਖ ਦੇ ਸੂਤਰਧਾਰ ਨੂੰ ਤੰਦਰੁਸਤੀਆਂ ਦੇਣ ਵਾਲੇ ਦਾ! ਇਸੇ ਸਦਕਾ ਮੈਨੂੰ ਆਪਣੀ ਮਨ-ਭਾਉਂਦੀ ਵਿਅੰਗਮਈ ਸ਼ੈਲੀ ਵਿਚ ਇਹ ਲੇਖ ਲਿਖਣ ਦਾ ਮੌਕਾ ਪ੍ਰਾਪਤ ਹੋਇਆ ਹੈ। ਮੈਂ ਕਾਗਜ਼ ਪੈਨ ਉਦੋਂ ਹੀ ਚੁੱਕੇ, ਜਦੋਂ ਪੀ.ਜੀ.ਆਈ. ਚੰਡੀਗੜ੍ਹ ਤੋਂ ਖਬਰਾਂ ਆਈਆਂ ਕਿ ਮਾਨਯੋਗ ਪ੍ਰਕਾਸ਼ ਸਿੰਘ ਬਾਦਲ ਨੂੰ ਹਸਪਤਾਲੋਂ ਭਾਵੇਂ ਛੁੱਟੀ ਤਾਂ ਨਹੀਂ ਮਿਲੀ, ਪਰ ਉਨ੍ਹਾਂ ਦੀ ਸਿਹਤ ਵਿਚ ਲਗਾਤਾਰ ਸੁਧਾਰ ਹੋ ਰਿਹਾ ਹੈ। 22 ਜਨਵਰੀ ਨੂੰ ਨਵਾਂ ਸ਼ਹਿਰ ਜ਼ਿਲ੍ਹੇ ਦੇ ਜਿਸ ਪਿੰਡ ਜਾ ਕੇ ਲੋਹੜੇ ਦੀ ਸਰਦੀ ਕਰਕੇ ਉਨ੍ਹਾਂ ਦੀ ਛਾਤੀ ਜਾਮ ਹੋਈ, ਉਹ ਮੇਰੇ ਆਪਣੇ ਪਿੰਡ ਤੋਂ ਲਹਿੰਦੀ ਗੁੱਠ ਨੂੰ ਦੋ-ਤਿੰਨ ਮੀਲ ਦੇ ਫਾਸਲੇ 'ਤੇ ਹੀ ਹੈ। ਪਿੰਡ ਬਹਿਲੂਰ ਕਲਾਂ ਤੋਂ ਹੁਣ ਭਾਵੇਂ ਦਰਿਆ ਸਤਲੁਜ, ਹਟਦਾ-ਹਟਦਾ ਦੋ ਕੁ ਮੀਲ ਪਿੱਛੇ ਚਲਾ ਗਿਆ ਹੈ, ਪਰ ਕੁਝ ਦਹਾਕੇ ਪਹਿਲਾਂ ਸਤਲੁਜ ਅੱਜ ਵਾਲੇ ਨੰਗਲਾਂ-ਬਹਿਲੂਰ ਕਲਾਂ ਵਾਲੇ ਥਾਂ ਹੀ ਠਾਠਾਂ ਮਾਰਦਾ ਵਗਦਾ ਹੁੰਦਾ ਸੀ।

ਭੂਗੋਲਿਕ ਸਥਿਤੀ ਮੁਤਾਬਕ ਪੌਰਾਣਿਕ ਇਤਿਹਾਸ ਨਾਲ ਸਬੰਧਤ ਕਸਬੇ ਰਾਹੋਂ ਦਾ 'ਤਲਾ' ਕਰ ਕੇ ਜਾਣੇ ਜਾਂਦੇ ਇਸ ਇਲਾਕੇ ਵਿਚ ਸਰਦੀ ਕੁਝ ਵਧੇਰੇ ਹੀ ਪੈਂਦੀ ਹੈ। ਇਕ ਦਰਿਆ ਦੇ ਨੇੜ ਕਾਰਨ ਸਲ੍ਹਾਬਾ, ਤੇ ਦੂਜਾ ਜਨਵਰੀ ਮਹੀਨੇ ਦੀ ਧੁੰਦ, ਇਨ੍ਹਾਂ ਪਿੰਡਾਂ ਵਿਚ ਸੁੰਨ ਹੀ ਵਰਤਾਅ ਦਿੰਦੇ ਨੇ। ਬਹਿਲੂਰ ਕਲਾਂ ਦੀ ਸੰਗਤ ਦੇ ਦਰਸ਼ਨ ਕਰਨ ਤੋਂ ਪਹਿਲਾਂ ਹੀ ਸ. ਬਾਦਲ ਨੂੰ ਸਰਦੀ ਨੇ ਜਾਮ ਕਰ ਦਿੱਤਾ ਸੀ। ਇਹ ਖਬਰ ਜਿਉਂ ਹੀ ਮੇਰੇ ਕੰਨੀ ਪਈ, ਤਾਂ ਉਸ ਪਿੰਡ ਦੇ ਸਾਬਕਾ ਸਰਪੰਚ ਨੂੰ ਮੈਂ ਫੋਨ 'ਤੇ ਮਜ਼ਾਕ ਨਾਲ ਪੁੱਛਿਆ ਕਿ ਤੁਸੀਂ ਤਾਂ ਯਾਰ 'ਫ਼ਖਰੇ-ਕੌਮ' ਨੂੰ ਬਿਮਾਰ ਹੀ ਕਰ'ਤਾ?

"ਸੱਚੀਂ ਜਥੇਦਾਰਾ, ਉਸ ਦਿਨ ਬਲੂਰਾਂ (ਬਹਿਲੂਰ) ਦੂਜਾ ਸ਼ਿਮਲਾ ਈ ਬਣਿਆ ਪਿਆ ਸੀ। ਸਾਰਾ ਦਿਨ ਦੰਦੋੜਿੱਕਾ ਵੱਜਦਾ ਰਿਹਾ।" ਬਹਿਲੂਰੀਏ ਦਾ ਜਵਾਬ ਸੀ।

ਮਹੀਨਾ ਤਾਂ ਪਤਾ ਨਹੀਂ ਕਿਹੜਾ ਸੀ, ਪਰ ਸਰਦੀ ਉਦੋਂ ਵੀ ਕਹਿਰ ਦੀ ਪੈ ਰਹੀ ਸੀ, ਜਦ ਮੈਂ ਇਸੇ ਪਿੰਡ ਵਿਚ ਰਹਿੰਦੇ ਆਪਣੇ ਇਕ ਦੋਸਤ ਦੇ ਬਿਮਾਰ ਪਿਤਾ ਦੀ ਮਿਜਾਜ਼-ਪੁਰਸ਼ੀ ਲਈ ਗਿਆ ਸੀ। ਕਰੀਬ ਅੱਸੀਆਂ ਦੇ, ਸ. ਬਾਦਲ ਦੀ ਉਮਰ ਦੇ ਹੀ ਉਸ ਬਜ਼ੁਰਗ ਦਾ ਕਈ ਦਿਨਾਂ ਤੋਂ ਬੁਖਾਰ ਨਹੀਂ ਸੀ ਟੁੱਟ ਰਿਹਾ। ਕੋਠੜੀਆਂ ਵਿਚ ਡੱਠੇ ਮੰਜੇ 'ਤੇ ਰਜਾਈ ਦਾ ਮੋਘੜ ਮਾਰ ਕੇ ਲੇਟੇ ਪਏ ਉਸ ਬਾਪੂ ਦੇ ਪੈਂਦ ਵੱਲ ਲੁਹਾਂਡੇ ਵਿਚ ਅੱਗ ਪਾ ਕੇ ਰੱਖੀ ਹੋਈ ਸੀ। ਖੰਘ-ਰੇਸ਼ੇ ਨੇ ਉਸ ਦਾ ਬੁਰਾ ਹਾਲ ਕੀਤਾ ਹੋਇਆ ਸੀ, ਪਰ ਸੁਭਾਅ ਪੱਖੋਂ ਸਿਰੇ ਦਾ ਸ਼ੁਗਲੀ ਉਹ ਕਈ ਗੱਲਾਂ ਦੇ ਮਜ਼ਾਕੀਆ ਜਵਾਬ ਦੇਈ ਜਾ ਰਿਹਾ ਸੀ। ਅਜਿਹੇ ਮੌਕਿਆਂ 'ਤੇ ਕੀਤੀਆਂ ਜਾਣ ਵਾਲੀਆਂ ਰੁਟੀਨ ਦੀਆਂ ਗੱਲਾਂ-ਬਾਤਾਂ ਕਰ ਕੇ, ਜਦ ਮੈਂ ਉਠਣ ਲੱਗਿਆਂ ਹੌਸਲਾ ਵਧਾਉਣ ਵਜੋਂ ਕਿਹਾ ਕਿ ਭਾਈਆ, ਫਿਕਰ ਨਾ ਕਰੀਂ, ਜਿਸ ਤੋਂ ਤੇਰੀ ਦਵਾਈ ਚੱਲਦੀ ਐ, ਉਹ ਡਾਕਟਰ ਬੜਾ ਸਿਆਣਾ ਹੈ। ਤੂੰ ਬਿਲਕੁਲ ਠੀਕ ਹੋ ਜਾਣੈਂ। ਦੋ ਕੁ ਵਾਰੀ ਖਊਂ-ਖਊਂ ਕਰਦਿਆਂ ਖੰਘੂਰਾ ਮਾਰ ਕੇ ਕਹਿੰਦਾ, "ਤੂੰ ਹੀ ਕਹਿੰਨੈਂ ਕਿ ਮੈਂ ਤਕੜਾ ਹੋ ਜਾਣੈ...।"

ਲਾਗੇ ਖੜ੍ਹੇ ਆਪਣੇ ਮੁੰਡੇ ਵੱਲ ਹੱਥ ਕਰ ਕੇ ਬੋਲਿਆ, "ਆਹ ਤੇਰਾ ਮਿੱਤਰ ਤਾਂ ਹਲਵਾਈ ਤੋਂ ਪੁੱਛ ਵੀ ਆਇਐ ਕਿ ਬੁੜ੍ਹੇ ਦੇ ਭੋਗ 'ਤੇ ਦੋ ਕੁ ਸੌ ਬੰਦੇ ਲਈ ਜਲੇਬੀਆਂ ਨੂੰ ਕਿੰਨਾ ਕੁ ਮੈਦਾ ਲੱਗ ਜੂ! ਇਹ ਤਾਂ ਹਫਤੇ, ਦੋ ਹਫਤੇ ਤੱਕ ਪਾਠੀਆਂ ਨੂੰ 'ਵਿਹਲ ਰੱਖਣ' ਲਈ ਵੀ ਕਹਿ ਆਇਐ।"

ਪੰਜਾਬ ਦੇ ਆਮ ਪੇਂਡੂ ਵਰਤ-ਵਰਤਾਰੇ ਵਿਚ ਅੱਸੀਆਂ-ਨੱਬਿਆਂ ਨੂੰ ਢੁੱਕੇ ਤੇ ਦੋਹਤਿਆਂ ਪੋਤਿਆਂ ਨੂੰ ਖਿਡਾ ਕੇ ਚੜ੍ਹਾਈ ਕਰ ਗਏ ਕਿਸੇ ਸਿਆਣੇ ਦੇ ਵਿਛੋੜੇ ਨੂੰ ਬਹੁਤਾ 'ਦੁਖਦਾਈ' ਨਹੀਂ ਸਮਝਿਆ ਜਾਂਦਾ। ਅਜਿਹੇ 'ਪੱਕ ਚੁੱਕੇ ਫਲਾਂ' ਦੀ ਅੰਤਿਮ ਵਿਦਾਇਗੀ ਮੌਕੇ ਉਨ੍ਹਾਂ ਨੂੰ ਵੱਡੇ ਕਰ ਕੇ ਤੋਰਿਆ ਜਾਂਦਾ ਹੈ। ਕਈ ਬਜ਼ੁਰਗਾਂ ਦੀ ਅਰਥੀ ਅੱਗੇ ਬੈਂਡ-ਵਾਜਾ ਵੱਜਦਾ ਵੀ ਮੈਂ ਦੇਖਿਆ ਹੋਇਆ ਹੈ। ਅਜਿਹੇ ਸੋਗਮਈ ਮੌਕਿਆਂ 'ਤੇ ਅਕਸਰ ਵਿਅੰਗਮਈ ਨੋਕ-ਝੋਕ ਵੀ ਮਾੜੀ-ਮੋਟੀ ਕਰ ਲਈ ਜਾਂਦੀ ਹੈ।

ਸਾਡੇ ਪਿੰਡ ਸੌ ਸਾਲ ਤੋਂ ਟੱਪਿਆ ਇਕ ਬਜ਼ੁਰਗ ਹੁੰਦਾ ਸੀ ਜੋ ਕਦੇ-ਕਦੇ ਸੰਨ 1920 ਵਿਚ ਵਾਪਰੇ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਦੀਆਂ ਗੱਲਾਂ ਸੁਣਾਉਂਦਾ ਹੁੰਦਾ ਸੀ। ਉਹ ਹਰ ਮ੍ਰਿਤਕ ਪ੍ਰਾਣੀ ਦੀ ਅੰਤਿਮ ਯਾਤਰਾ ਵਿਚ ਸ਼ਾਮਲ ਹੋ ਕੇ ਹੌਲੀ-ਹੌਲੀ ਤੁਰਦਾ ਸ਼ਮਸ਼ਾਨਘਾਟ ਜ਼ਰੂਰ ਪਹੁੰਚਦਾ। ਕਿਸੇ ਬਜ਼ੁਰਗ ਦੇ ਦਾਹ ਸਸਕਾਰ ਵੇਲੇ ਪਿੰਡ ਦੇ ਬੰਦੇ ਉਸ ਨੂੰ ਛੇੜਦੇ ਰਹਿੰਦੇ ਸਨ, "ਬੁੜ੍ਹਿਆ, ਤੂੰ ਵੀ ਆਪਣੇ ਲਈ ਐਥੇ ਕਿਤੇ ਨਿਸ਼ਾਨੀ ਲਾ ਦੇ! ਉਥੇ ਤੇਰੀ ਮੜ੍ਹੀ ਬਣਾ ਦਿਆਂਗੇ।"

ਖੀ-ਖੀ-ਖੀ ਕਰਦਿਆਂ ਅਗਿਉਂ ਉਸ ਨੇ ਕਹਿਣਾ, "ਓ ਮੱਲਿਉ, ਮੈਂ ਤਾਂ ਦੋਵੇਂ ਵੇਲੇ ਜਮਾਂ ਨੂੰ ਹਾਕਾਂ ਮਾਰਦਾ ਰਹਿਨਾਂ! ਰੱਬਾ, ਜੇ ਮੇਰੀ ਨ੍ਹੀਂ ਸੁਣਨੀ ਤਾਂ ਮੇਰੇ ਮੁੰਡਿਆਂ, ਨੂੰਹਾਂ ਪੋਤ-ਨੂੰਹਾਂ ਦੀ ਈ ਸੁਣ ਲੈ। ਅੱਕੇ ਪਏ ਆ ਮੈਥੋਂ ਸਾਰੇ। ਕਰ ਦੇਹ ਉਨ੍ਹਾਂ ਦੀ ਬੰਦ ਖਲਾਸੀ, ਭੇਜ ਦੇ ਸੱਦਾ ਮੈਨੂੰ ਵੀ।" ਮੇਰੇ ਸਮੇਤ ਸਾਡਾ ਸਾਰਾ ਪਿੰਡ ਗਵਾਹ ਹੈ ਕਿ ਕਿਸੇ 'ਜਮਦੂਤ' ਨੇ ਉਹਦੇ ਸਾਰੇ ਟੱਬਰ ਦੀਆਂ ਅਰਦਾਸਾਂ ਨਹੀਂ ਸੁਣੀਆਂ। ਆਪਣੇ ਹਾਣੀਆਂ ਪ੍ਰਾਣੀਆਂ, ਕਈਆਂ ਦਾ ਦਾਹ ਸਸਕਾਰ ਕਰ ਕੇ ਪੂਰੇ ਅਨੰਦ ਨਾਲ ਆਪਣੀ ਉਮਰ ਭੋਗ ਕੇ ਉਹ ਉਦੋਂ ਜਹਾਨੋਂ ਤੁਰਿਆ, ਜਦ ਲੋਕਾਂ ਨੂੰ ਉਸ ਦਾ ਚੇਤਾ ਈ ਭੁੱਲ ਗਿਆ ਸੀ।



*ਚੰਡੀਗੜ੍ਹ ਫੇਰੀ ਦੌਰਾਨ ਪੀ ਜੀ ਆਈ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਹਾਲ-ਚਾਲ ਪੁੱਛਣ ਪਹੁੰਚੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ*

ਸਾਡੇ ਇਲਾਕੇ ਵਿਚ ਫੁੰਮਣ ਸਿੰਘ ਨਾਂ ਦਾ ਢਾਡੀ ਪ੍ਰਚਾਰਕ ਖੁਸ਼ੀ-ਗਮੀ ਦੇ ਸਮਾਗਮਾਂ ਮੌਕੇ ਆਉਂਦਾ ਹੁੰਦਾ ਸੀ। ਉਹ ਐਸਾ ਜੁਗਤੀ ਬੁਲਾਰਾ ਸੀ ਕਿ ਹਰ ਇਤਿਹਾਸਕ ਪ੍ਰਸੰਗ ਵਿਚ ਹਾਸੇ ਦੇ ਟੋਟਕੇ ਫਿਟ ਕਰ ਲੈਂਦਾ ਸੀ। ਪੇਂਡੂ ਸਰੋਤੇ ਉਸ ਦੀ ਇਸ ਕਲਾ ਦਾ ਖੂਬ ਅਨੰਦ ਮਾਣਦੇ। ਆਪਣੇ ਲੈਕਚਰ ਦੀ ਸਮਾਪਤੀ ਉਤੇ ਉਹ ਆਪਣਾ ਤੇ ਆਪਣੇ ਸਾਥੀਆਂ ਦਾ ਸਿਰਨਾਵਾਂ ਦੱਸ ਕੇ ਸੰਗਤ ਨੂੰ ਅਪੀਲ ਕਰਦਾ, "ਸਾਧ ਸੰਗਤ ਜੀ, ਵਿਆਹ-ਕੁੜਮਾਈਆਂ ਦੇ ਖੁਸ਼ੀਆਂ ਭਰੇ ਸਮਾਗਮਾਂ ਲਈ ਦਾਸ ਦੇ ਜਥੇ ਨੂੰ ਯਾਦ ਕਰਿਆ ਕਰੋ। ਜਦ ਕਿਤੇ ਭਰ ਸਿਆਲ ਵਿਚ ਕੋਈ ਬੁੱਢਾ-ਠੇਰਾ 'ਐਧਰ ਉਧਰ' ਹੋ ਜਾਏ ਤਾਂ ਦਾਸ ਨੂੰ ਦਸ ਪੈਸੇ ਦਾ ਕਾਰਡ ਭੇਜ ਕੇ ਸੂਚਿਤ ਕਰ ਦਿਆ ਕਰੋ। ਆਪਾਂ ਜ਼ਰੂਰ ਹਾਜ਼ਰ ਹੋਇਆ ਕਰਾਂਗੇ।"

ਹੁਣ ਜ਼ਰਾ ਪੀ.ਜੀ.ਆਈ. ਦੇ ਇਕ ਵਿਸ਼ੇਸ਼ ਕਮਰੇ ਵਿਚ ਜੇਰੇ-ਇਲਾਜ ਸ. ਬਾਦਲ ਬਾਰੇ ਵੀ ਕੁਝ ਹੋਰ ਚਰਚਾ ਕਰ ਲਈਏ। ਆਪਣੇ ਲੰਬੇ ਸਿਆਸੀ ਜੀਵਨ ਵਿਚ ਕਈ ਤਰ੍ਹਾਂ ਦੇ ਉਤਰਾਅ-ਚੜ੍ਹਾਅ ਹੰਢਾਉਂਦਿਆਂ ਉਨ੍ਹਾਂ ਦਾ ਹੁਣ ਤੱਕ ਦਾ ਜੀਵਨ-ਚਰਿਤਰ ਕੁਝ ਅਜਿਹਾ ਅਜੀਬ ਜਿਹਾ ਬਣ ਗਿਆ ਹੈ ਕਿ 'ਢਕੀ ਰਿੱਝੇ ਕੋਈ ਨਾ ਬੁੱਝੇ' ਵਾਲਾ ਅਖਾਣ ਯਾਦ ਆ ਜਾਂਦਾ ਹੈ। ਉਨ੍ਹਾਂ ਦੀਆਂ ਕਹਿਣੀਆਂ-ਕਰਨੀਆਂ ਤਾਂ ਇਕ ਪਾਸੇ, ਉਨ੍ਹਾਂ ਦੇ ਚਿਹਰੇ ਦੇ ਹਾਵ-ਭਾਵ ਤੱਕ ਦਾ ਕੋਈ ਸਹੀ ਅੰਦਾਜ਼ਾ ਨਹੀਂ ਲਾ ਸਕਦਾ। ਇਸ ਕਰ ਕੇ ਪੰਜਾਬ ਦੀ ਸਿਆਸਤ ਨਾਲ ਵਾ-ਬਸਤਾ ਲੋਕ, ਉਨ੍ਹਾਂ ਨਾਲ ਸਬੰਧਤ ਗਤੀਵਿਧੀਆਂ ਦੇ ਇਕ ਤੋਂ ਵੱਧ ਅਰਥ ਕੱਢ ਲੈਂਦੇ ਨੇ। ਕਿਸੇ ਬੇਯਕੀਨੇ ਬੰਦੇ 'ਤੇ ਕਦੇ ਵੀ ਵਿਸ਼ਵਾਸ ਨਾ ਕਰਨ ਵਾਂਗ, ਆਮ ਲੋਕ ਸ. ਬਾਦਲ ਦੀ ਹਰ ਗੱਲ ਦਾ ਉਲਟਾ ਅਰਥ ਹੀ ਕੱਢਦੇ ਆ ਰਹੇ ਹਨ।

ਮਿਸਾਲ ਵਜੋਂ ਮਨਪ੍ਰੀਤ ਸਿੰਘ ਬਾਦਲ ਦਾ ਬਾਦਲ ਦਲ ਤੋਂ ਕਿਨਾਰਾ ਕਰਨਾ ਵੀ ਕਾਫੀ ਚਿਰ ਲੋਕਾਂ ਨੂੰ 'ਸ਼ੱਕੀ' ਜਾਪਦਾ ਰਿਹਾ। ਲੋਕ ਕਹਿੰਦੇ ਰਹੇ ਕਿ ਇਸ ਵਿਚ ਵੀ ਵੱਡੇ ਬਾਦਲ ਦੀ ਕੋਈ 'ਡੂੰਘੀ ਚਾਲ' ਹੈ। ਬੀਤੇ ਸਾਲ ਹੋਏ 'ਸਰਬੱਤ ਖਾਲਸੇ' ਦੀ ਭਾਵੇਂ ਸ. ਬਾਦਲ ਰੱਜ ਕੇ ਬਦਖੋਈ ਕਰਦੇ ਰਹੇ, ਪਰ ਲੋਕਾਂ ਦਾ ਸੋਚਣਾ ਸੀ ਕਿ ਬੇਅਦਬੀ ਕਾਂਡ ਕਾਰਨ ਪੈਦਾ ਹੋਏ ਪੰਥਕ ਜੋਸ਼ ਦੀ 'ਫੂਕ ਕੱਢਣ' ਵਾਸਤੇ ਇਹ ਸਾਰਾ 'ਡਰਾਮਾ' ਸ. ਬਾਦਲ ਵੱਲੋਂ ਹੀ ਕਰਵਾਇਆ ਜਾ ਰਿਹਾ ਹੈ। ਇਸ ਸਿਲਸਿਲੇ ਦੀਆਂ ਅਨੇਕਾਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ।

ਇਵੇਂ ਹੀ ਹੁਣ ਭਾਵੇਂ ਉਹ ਸਾਹ ਦੀ ਗੰਭੀਰ ਬਿਮਾਰੀ ਤੋਂ ਪੀੜਤ ਹੋ ਕੇ ਹਸਪਤਾਲ ਦਾਖਲ ਨੇ, ਪਰ ਜਿਸ ਦਿਨ ਚੰਡੀਗੜ੍ਹ ਪਹੁੰਚੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਉਨ੍ਹਾਂ ਦੀ ਖ਼ਬਰਸਾਰ ਲੈਣ ਪੀ.ਜੀ.ਆਈ. ਗਏ ਤਾਂ ਉਸ ਵੇਲੇ ਦੀ ਅਖ਼ਬਾਰਾਂ ਵਿਚ ਛਪੀ ਫੋਟੋ ਦੇਖ ਕੇ ਇਉਂ ਲੱਗਦਾ ਹੈ ਜਿਵੇਂ ਕੋਈ ਬਜ਼ੁਰਗ ਕਿਸੇ ਦੀ ਬਰਾਤੇ ਜਾਣ ਲਈ ਤਿਆਰ ਹੋਇਆ ਬੈਠਾ ਹੋਵੇ। ਹੋ ਸਕਦਾ ਹੈ ਕਿ ਅੱਗਿਉਂ-ਪਿਛਿਉਂ ਉਨ੍ਹਾਂ ਦੀ ਛਾਤੀ 'ਤੇ ਜਾਂ ਨੱਕ ਵਿਚ ਡਾਕਟਰਾਂ ਵੱਲੋਂ ਨਾਲੀਆਂ ਵਗੈਰਾ ਲਾਈਆਂ ਵੀ ਗਈਆਂ ਹੋਣ, ਪਰ ਮੋਦੀ ਨੂੰ ਮਿਲਣ ਮੌਕੇ ਦੀ ਅਖਬਾਰੀ ਤਸਵੀਰ ਵਿਚ ਉਨ੍ਹਾਂ ਦੀ ਚੀਚੀ ਉਂਗਲ ਨੂੰ ਹੀ ਨਾਲੀ ਜਿਹੀ ਲੱਗੀ ਦਿਖਾਈ ਦਿੰਦੀ ਹੈ। ਇੰਜ ਬਹੁਤੇ ਲੋਕਾਂ ਨੇ ਉਨ੍ਹਾਂ ਦੇ ਬਿਮਾਰ ਹੋਣ ਦੇ ਵੀ 'ਆਪੋ ਆਪਣੇ ਅਰਥ' ਕੱਢੇ ਨੇ।

ਸ੍ਰੀ ਮੋਦੀ ਨਾਲ ਹੱਸਦਿਆਂ ਹੱਥ ਮਿਲਾ ਰਹੇ 'ਬਣੇ ਫੱਬੇ' ਪਏ ਸ. ਬਾਦਲ ਦੀ ਲਿਸ਼ਕਾਂ ਮਾਰਦੀ ਟੌਹਰ ਦੇਖ ਕੇ ਮੈਨੂੰ ਆਪਣੇ ਪਿੰਡ ਦੇ ਉੱਤਮ ਬੁੜ੍ਹੇ ਦੀ ਗੱਲ ਯਾਦ ਆ ਗਈ। ਸਾਡੇ ਲਾਗਲੇ ਪਿੰਡ ਮੁਜ਼ੱਫ਼ਰਪੁਰ ਦੇ ਸਰਕਾਰੀ ਹਸਪਤਾਲ ਤੋਂ ਉਹ ਦਵਾਈ ਲੈਣ ਗਿਆ ਹੋਇਆ ਸੀ। ਡਾਕਟਰ ਦੇ ਮੇਜ਼ ਮੂਹਰੇ ਡੱਠੇ ਬੈਂਚਾਂ ਉਪਰ ਮਰੀਜ਼ ਬੈਠੇ ਸਨ ਜੋ ਆਪਣੀ ਵਾਰੀ ਉਡੀਕ ਰਹੇ ਸਨ। ਇਨ੍ਹਾਂ ਵਿਚ ਕੁੜੀਆਂ-ਬੁੜ੍ਹੀਆਂ ਜ਼ਿਆਦਾ ਸਨ, ਪਰ ਬੰਦੇ ਘੱਟ। ਇਕ ਬੈਂਚ 'ਤੇ ਡੰਗੋਰੀ ਲੈ ਕੇ ਬੈਠਾ ਉੱਤਮ, ਟਿਕ-ਟਿਕੀ ਲਾ ਕੇ ਸਾਹਮਣੇ ਬੈਠੀਆਂ ਬੀਬੀਆਂ ਵੱਲ ਦੇਖੀ ਗਿਆ। ਰੰਗ-ਬਰੰਗੇ ਸੂਟ, ਚੁੰਨੀਆਂ ਲਈ ਤੇ ਮੂੰਹ ਸਿਰ ਸਵਾਰ ਕੇ ਬੈਠੀਆਂ ਬੀਬੀਆਂ ਆਪੋ ਵਿਚੀਂ ਹੌਲੀ-ਹੌਲੀ ਗੱਲਾਂ ਕਰ ਰਹੀਆਂ ਸਨ। ਕਈਆਂ ਨੇ ਲਾਲ ਗੂੜ੍ਹੀਆਂ ਸੁਰਖੀਆਂ-ਬਿੰਦੀਆਂ ਵੀ ਲਾਈਆਂ ਹੋਈਆਂ ਸਨ।

ਉਨ੍ਹਾਂ ਵੱਲ ਘੂਰ-ਘੂਰ ਦੇਖ ਰਹੇ ਉੱਤਮ ਬੁੜ੍ਹੇ ਕੋਲੋਂ ਰਹਿ ਨਾ ਹੋਇਆ।

"ਕੁੜੇ ਮੁੰਨੀਉਂ, ਤੁਸੀਂ ਇਥੇ 'ਡਾਕਦਾਰ' ਕੋਲੋਂ ਦਵਾਈ ਲੈਣ ਆਈਆਂ ਓ ਭਲਾ?"

"ਆਹੋ ਭਾਈਆ!" ਕੁਝ ਬੀਬੀਆਂ ਨੇ ਉਹਦੇ ਵੱਲ ਬੜੀ ਉਤਸੁਕਤਾ ਨਾਲ ਦੇਖਦਿਆਂ ਜਵਾਬ ਦਿੱਤਾ।

"ਮੱਲਿਉ ਗੁੱਸਾ ਨਾ ਕਰਿਉ ਭਾਈ, ਮੈਨੂੰ ਤਾਂ ਤੁਹਾਡੇ ਵਿਚੋਂ ਕੋਈ ਵੀ ਬਿਮਾਰ ਨਹੀਂ ਲਗਦੀ।"

ਬਾਪੂ ਉੱਤਮ ਦੇ ਅੰਦਾਜ਼ੇ ਵਾਂਗੂ ਸ. ਬਾਦਲ ਦੇ ਬਿਮਾਰ ਹੋਣ 'ਤੇ ਆਪੋ ਆਪਣੇ ਕਿਆਸੇ ਲਗਾ ਰਹੇ ਲੋਕਾਂ ਨੂੰ ਭਲਾ ਕੌਣ ਰੋਕ ਸਕਦਾ ਹੈ?

# ਬੌਧਿਕ ਅੰਬਰ ਦਾ ਧਰੂ ਤਾਰਾ

*(ਪਿਛਲੇ ਸਫੇ ਦੀ ਬਾਕੀ)*

ਗਏ, ਉਸ ਵਕਤ ਪ੍ਰੋਫੈਸਰ ਰਣਧੀਰ ਸਿੰਘ ਨੇ ਆਪਣੀ ਬੌਧਿਕ ਕਾਬਲੀਅਤ ਦਾ ਲੋਹਾ ਮੰਨਵਾਉਂਦਿਆਂ ਸਾਬਤ ਕੀਤਾ ਕਿ ਮਨੁੱਖੀ ਜਾਨਾਂ ਦਾ ਖੌਅ ਨਾਬਰਾਬਰੀ, ਨਹੱਕੀਆਂ ਜੰਗਾਂ, ਸਾਮਰਾਜਵਾਦੀ ਹਿੰਸਾ, ਆਰਥਿਕ ਸਾਧਨਾਂ ਦੀ ਬਰਬਾਦੀ, ਕੁਦਰਤੀ ਚੌਗਿਰਦੇ ਦੀ ਬੇਮਿਸਾਲ ਤਬਾਹੀ ਲਈ ਜ਼ਿੰਮੇਵਾਰ ਸਰਮਾਏਦਾਰੀ ਦਾ ਖ਼ਾਤਮਾ ਕੁਲ ਆਲਮ ਦੇ ਬਿਹਤਰ ਭਵਿੱਖ ਲਈ ਕਿਉਂ ਜ਼ਰੂਰੀ ਹੈ। ਇਨਸਾਨੀ ਤਹਿਜ਼ੀਬ ਦੀ ਤਰੱਕੀ ਤੇ ਬਿਹਤਰੀ ਲਈ ਸਮਾਜਵਾਦੀ ਵਿਕਾਸ ਮਾਡਲ ਕਿਉਂ ਲਾਜ਼ਮੀ ਲੋੜ ਹੈ। ਉਨ੍ਹਾਂ ਨੇ ਰੂਸ, ਪੂਰਬੀ ਯੂਰਪ ਅਤੇ ਚੀਨ ਵਗੈਰਾ ਵਿਚ ਸਮਾਜਵਾਦ ਨੂੰ ਲੱਗੀ ਪਛਾੜ ਤੋਂ ਮਾਯੂਸ ਹੋਣ ਦੀ ਬਜਾਏ ਇਸ ਹਾਰ ਦਾ ਵਿਗਿਆਨਕ ਮਾਰਕਸੀ ਨਜ਼ਰੀਏ ਤੋਂ ਵਿਸ਼ਲੇਸ਼ਣ ਪੇਸ਼ ਕੀਤਾ। ਇਹ ਵਿਸ਼ਲੇਸ਼ਣ ਵੱਡ-ਅਕਾਰੀ ਕਿਤਾਬ 'ਕਰਾਈਸਿਸ ਆਫ ਸੋਸ਼ਲਿਜ਼ਮ' ਦੇ ਅਨੁਵਾਨ ਹੇਠ ਛਪਿਆ ਜਿਸ ਦੀ ਇਸ ਮਜਮੂਨ ਬਾਰੇ ਆਲਮੀ ਪ੍ਰਸਿੱਧੀ ਵਾਲੇ ਚੁਣਵੇਂ ਵਿਸ਼ਲੇਸ਼ਣਾਂ ਵਿਚ ਸਿਰਕੱਢ ਥਾਂ ਹੈ।

ਉਨ੍ਹਾਂ ਦੀ ਇਕ ਬਹੁਮੁੱਲੀ ਦੇਣ ਰਾਸ਼ਟਰਵਾਦ ਦੇ ਸਵਾਲ ਬਾਰੇ ਉਨ੍ਹਾਂ ਦਾ ਵਿਸ਼ਲੇਸ਼ਣ ਹੈ। ਜਦੋਂ ਰਵਾਇਤੀ ਕਮਿਊਨਿਸਟ ਲੀਡਰਸ਼ਿਪ ਮੁਲਕ ਵਿਚ ਕੌਮੀਅਤ ਦੇ ਸਵਾਲ ਦੀ ਅਹਿਮੀਅਤ ਨੂੰ ਆਤਮਸਾਤ ਕਰਨ ਦੀ ਬਜਾਏ ਮੁਲਕ ਦੀ 'ਏਕਤਾ ਤੇ ਅਖੰਡਤਾ ਨੂੰ ਖਤਰਾ' ਦਾ ਹਾਕਮ ਜਮਾਤੀ ਰਾਗ ਅਲਾਪ ਕੇ ਹਿੰਦੁਸਤਾਨੀ ਹੁਕਮਰਾਨ ਜਮਾਤ ਦੇ ਕੌਮੀ ਹੰਕਾਰਵਾਦੀ ਏਜੰਡੇ ਦੀ ਵਾਹਕ ਬਣੀ ਹੋਈ ਸੀ, ਉਦੋਂ ਪ੍ਰੋਫੈਸਰ ਰਣਧੀਰ ਸਿੰਘ ਨੇ ਸਪਸ਼ਟ ਨਿਖੇੜਾ ਕੀਤਾ ਕਿ ਅੰਗਰੇਜ਼ ਬਸਤੀਵਾਦੀ ਰਾਜ ਦਾ ਖ਼ਾਤਮਾ ਕਰ ਕੇ ਆਜ਼ਾਦੀ ਹਾਸਲ ਕਰਨ ਲਈ ਸੰਘਰਸ਼ ਵਿਚ ਰਾਸ਼ਟਰਵਾਦ ਦੀ ਭੂਮਿਕਾ ਦੀ ਅਟੱਲ ਅਹਿਮੀਅਤ ਸੀ, ਪਰ 1947 ਦੀ ਸੱਤਾਬਦਲੀ ਤੋਂ ਬਾਅਦ ਜਦੋਂ ਸਾਮਰਾਜਵਾਦ ਨਾਲ ਸਿੱਧੀ ਲੜਾਈ ਨਹੀਂ ਰਹੀ, ਇਸ ਦੌਰ ਵਿਚ ਰਾਸ਼ਟਰਵਾਦ ਦੀ ਰਵਾਇਤੀ ਭੂਮਿਕਾ ਵੀ ਗ਼ੈਰ-ਪ੍ਰਸੰਗਿਕ ਹੋ ਚੁੱਕੀ ਹੈ। ਹੁਣ ਰਾਸ਼ਟਰਵਾਦ ਹਿੰਦੁਸਤਾਨ ਦੀ ਹੁਕਮਰਾਨ ਜਮਾਤ ਦੇ ਹੱਥ ਵਿਚ ਸੌੜੇ ਸਵਾਰਥਾਂ ਦੀ ਪੂਰਤੀ ਦਾ ਹਥਿਆਰ ਹੈ ਜਿਸਨੂੰ ਇਹ ਅੰਧ-ਰਾਸ਼ਟਰਵਾਦ ਦਾ ਇੰਤਹਾਵਾਦੀ ਰੂਪ ਦੇ ਕੇ ਆਵਾਮ ਨੂੰ ਜਮਾਤੀ ਸਵਾਲਾਂ ਤੋਂ ਥਿੜਕਾਉਣ, ਆਪਣੀਆਂ ਨਾਕਾਮੀਆਂ ਉਪਰ ਪਰਦਾ ਪਾਉਣ ਅਤੇ ਅਸਹਿਮਤੀ ਦੀ ਆਵਾਜ਼ ਨੂੰ ਦਬਾਉਣ ਲਈ ਇਸਤੇਮਾਲ ਕਰ ਰਹੀ ਹੈ। ਇਸ ਹਾਲਤ ਵਿਚ ਰਾਸ਼ਟਰਵਾਦ ਦੇ ਹਾਕਮ ਜਮਾਤੀ ਪੈਂਤੜੇ ਤੋਂ ਸਪਸ਼ਟ ਨਿਖੇੜਾ ਕਰਦੇ ਹੋਏ ਇਸ ਦਾ ਆਵਾਮੀ ਪੈਂਤੜੇ ਤੋਂ ਵਿਰੋਧ ਜ਼ਰੂਰੀ ਹੈ। ਉਹ ਰਵਾਇਤੀ ਕਮਿਊਨਿਸਟ ਪਾਰਟੀਆਂ ਦੀ ਸਥਾਪਤੀ ਵਿਚ ਹਿੱਸੇਦਾਰੀ ਦੀ ਸੁਧਾਰਵਾਦੀ ਸਿਆਸਤ ਦੇ ਤਿੱਖੇ ਆਲੋਚਕ ਸਨ ਅਤੇ ਸਮਾਜੀ ਢਾਂਚੇ ਨੂੰ ਰੈਡੀਕਲ ਕਾਇਆ-ਕਲਪ ਜ਼ਰੀਏ ਸਮਾਜਵਾਦੀ ਲੀਹਾਂ ਉਪਰ ਨਵੇਂ ਸਿਰਿਓਂ ਜਥੇਬੰਦ ਕਰਨ ਦੇ ਹਾਮੀ ਸਨ।

ਮਨੁੱਖਤਾ ਨੂੰ ਐਸੀ ਉਚ ਪਾਏ ਦੀ ਅਮਿੱਟ ਬੌਧਿਕ ਦੇਣ ਦੇਣ ਵਾਲੇ ਵਿਰਲੇ-ਟਾਵੇਂ ਹੀ ਹੁੰਦੇ ਹਨ ਜੋ ਬੌਧਿਕ ਧੁੰਦੂਕਾਰੇ ਦੇ ਆਲਮ ਵਿਚ ਧਰੂ-ਤਾਰੇ ਵਾਂਗ ਰਾਹ-ਦਰਸਾਵਾ ਬਣਦੇ ਹਨ।

# ਮਨੁ ਮਾਰੇ ਧਾਤੁ ਮਰਿ ਜਾਇ

**ਗਉੜੀ ਗੁਆਰੇਰੀ ਮਹਲਾ ੩**

ਮਨੁ ਮਾਰੇ ਧਾਤੁ ਮਰਿ ਜਾਇ॥
ਬਿਨੁ ਮੂਏ ਕੈਸੇ ਹਰਿ ਪਾਇ॥
ਮਨੁ ਮਰੈ ਦਾਰੂ ਜਾਣੈ ਕੋਇ॥
ਮਨੁ ਸਬਦਿ ਮਰੈ ਬੂਝੈ ਜਨੁ ਸੋਇ॥੧॥
ਜਿਸ ਨੋ ਬਖਸੇ ਦੇ ਵਡਿਆਈ॥
ਗੁਰ ਪਰਸਾਦਿ ਹ
ਰਿ ਵਸੈ ਮਨਿ ਆਈ॥੧॥ਰਹਾਉ॥
ਗੁਰਮੁਖਿ ਕਰਣੀ ਕਾਰ ਕਮਾਵੈ॥
ਤਾ ਇਸੁ ਮਨ ਕੀ ਸੋਝੀ ਪਾਵੈ॥
ਮਨੁ ਮੈ ਮਤੁ ਮੈਗਲ ਮਿਕਦਾਰਾ॥
ਗੁਰੁ ਅੰਕਸੁ ਮਾਰਿ ਜੀਵਾਲਣਹਾਰਾ॥੨॥
ਮਨੁ ਅਸਾਧੁ ਸਾਧੈ ਜਨੁ ਕੋਇ॥
ਅਚਰੁ ਚਰੈ ਤਾ ਨਿਰਮਲੁ ਹੋਇ॥
ਗੁਰਮੁਖਿ ਇਹੁ ਮਨੁ ਲਇਆ ਸਵਾਰਿ॥
ਹਉਮੈ ਵਿਚਹੁ ਤਜੇ ਵਿਕਾਰ॥੩॥
ਜੋ ਧੁਰਿ ਰਾਖਿਅਨੁ ਮੇਲਿ ਮਿਲਾਇ॥
ਕਦੇ ਨ ਵਿਛੁੜਹਿ ਸਬਦਿ ਸਮਾਇ॥
ਆਪਣੀ ਕਲਾ ਆਪੇ ਹੀ ਜਾਣੈ॥
ਨਾਨਕ ਗੁਰਮੁਖਿ ਨਾਮੁ ਪਛਾਣੈ॥੪॥

ਹੇ ਭਾਈ! ਗੁਰੂ ਦੀ ਸ਼ਰਨ ਵਿਚ ਬੈਠ ਕੇ ਜਿਹੜਾ ਜੀਵ ਆਪਣੇ ਮਨ ਨੂੰ ਮਾਰ ਲੈਂਦਾ ਹੈ, ਭਾਵ ਕਾਬੂ ਕਰ ਲੈਂਦਾ ਹੈ, ਉਸ ਦੀ ਸਾਰੀ ਭਟਕਣ ਮੁੱਕ ਜਾਂਦੀ ਹੈ। ਹੇ ਭਾਈ! ਮਨ ਨੂੰ ਵੱਸ ਵਿਚ ਕੀਤੇ ਬਿਨਾਂ ਪ੍ਰਭੂ ਦੀ ਪ੍ਰਾਪਤੀ ਨਹੀਂ ਹੋ ਸਕਦੀ; ਮਨ ਵੀ ਉਸੇ ਜੀਵ ਦਾ ਵੱਸ ਵਿਚ ਆ ਸਕਦਾ ਹੈ ਜੋ ਇਸ ਨੂੰ ਵੱਸ ਵਿਚ ਕਰਨ ਦਾ ਦਾਰੂ ਜਾਣਦਾ ਹੈ, ਜੋ ਗੁਰੂ ਦੀ ਮੱਤ ਲੈਂਦਾ ਹੈ, ਉਹ ਸਮਝ ਜਾਂਦਾ ਹੈ ਕਿ ਗੁਰੂ ਦੇ ਸ਼ਬਦ ਵਿਚ ਜੁੜ ਕੇ ਹੀ ਮਨ ਵੱਸ ਵਿਚ ਆ ਸਕਦਾ ਹੈ।

ਜਿਸ ਨੋ ਬਖਸੇ ਦੇ ਵਡਿਆਈ॥
ਗੁਰ ਪਰਸਾਦਿ
ਹਰਿ ਵਸੈ ਮਨਿ ਆਈ॥੧॥ਰਹਾਉ॥

ਗੁਰੂ ਅਮਰਦਾਸ 'ਰਹਾਉ' ਦੀ ਪੰਕਤੀ ਵਿਚ ਸ਼ਬਦ ਦਾ ਸਾਰ ਅੰਸ਼ ਦੱਸਦੇ ਹਨ, ਹੇ ਭਾਈ! ਜਿਸ ਵਡਭਾਗੇ ਜੀਵ ਉਤੇ ਉਹ ਮਿਹਰਾਂ ਦਾ ਮਾਲਕ ਪ੍ਰਭੂ ਮਿਹਰ ਕਰ ਦਿੰਦਾ ਹੈ, ਫਿਰ ਉਸੇ ਜੀਵ ਨੂੰ ਹੀ ਉਹ ਵਡਿਆਈ ਬਖ਼ਸ਼ ਦਿੰਦਾ ਹੈ। ਗੁਰੂ ਦੀ ਕ੍ਰਿਪਾ ਤੇ ਬਖਸ਼ਿਸ਼ ਨਾਲ ਉਹ ਜਗਤ ਦਾ ਮਾਲਕ ਪ੍ਰਭੂ ਉਸ ਜੀਵ ਦੇ ਮਨ ਵਿਚ ਆ ਵੱਸਦਾ ਹੈ।

ਗੁਰਮੁਖਿ ਕਰਣੀ ਕਾਰ ਕਮਾਵੈ॥
ਤਾ ਇਸੁ ਮਨ ਕੀ ਸੋਝੀ ਪਾਵੈ॥
ਮਨੁ ਮੈ ਮਤੁ ਮੈਗਲ ਮਿਕਦਾਰਾ॥
ਗੁਰੁ ਅੰਕਸੁ ਮਾਰਿ ਜੀਵਾਲਣਹਾਰਾ॥੨॥

ਹੇ ਭਾਈ! ਜਦੋਂ ਜੀਵ ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖਾਂ ਜੈਸਾ ਉਚਾ ਆਚਰਨ ਬਣਾਉਣ ਦੀ ਕਾਰ, ਭਾਵ ਕਮਾਈ ਕਰਦਾ ਹੈ, ਤਾਂ ਉਦੋਂ ਜੀਵ ਨੂੰ ਇਸ ਚੰਚਲ ਮਨ ਦੇ ਸੁਭਾਅ ਦੀ ਸੋਝੀ ਪੈ ਜਾਂਦੀ ਹੈ; ਹੇ ਭਾਈ! ਮਨ ਤਾਂ ਹਉਮੈ ਵਿਚ ਇਵੇਂ ਮਸਤ ਰਹਿੰਦਾ ਹੈ ਜਿਵੇਂ ਕੋਈ ਹਾਥੀ ਸ਼ਰਾਬ 'ਚ ਮਸਤ ਫਿਰਦਾ ਹੋਵੇ, ਤਾਂ ਗੁਰੂ ਆਤਮਿਕ ਮੌਤ ਮਰ ਚੁੱਕੇ ਮਨ ਨੂੰ ਸ਼ਬਦ ਦਾ ਅੰਕਸ਼ ਕੁੰਡਾ ਮਾਰ ਕੇ ਫਿਰ ਜੀਵਨ ਦੀ ਦਾਤ ਦੇ ਸਕਦਾ ਹੈ।

ਮਨੁ ਅਸਾਧੁ ਸਾਧੈ ਜਨੁ ਕੋਇ॥

## ਗੁਰਬਾਣੀ ਗਿਆਨ

ਅਚਰੁ ਚਰੈ ਤਾ ਨਿਰਮਲੁ ਹੋਇ॥
ਗੁਰਮੁਖਿ ਇਹੁ ਮਨੁ ਲਇਆ ਸਵਾਰਿ॥
ਹਉਮੈ ਵਿਚਹੁ ਤਜੇ ਵਿਕਾਰ॥੩॥

ਹੇ ਭਾਈ! ਇਹ ਮਨ ਸੌਖੇ ਤਰੀਕੇ ਨਾਲ ਵੱਸ 'ਚ ਨਹੀਂ ਆਉਂਦਾ, ਕੋਈ ਵਡਭਾਗਾ ਜੀਵ ਹੀ ਗੁਰੂ ਸ਼ਰਨ ਪੈ ਕੇ ਇਸ ਨੂੰ ਵੱਸ ਵਿਚ ਕਰ ਸਕਦਾ ਹੈ। ਜਦੋਂ ਜੀਵ ਗੁਰੂ ਦੀ ਸਹਾਇਤਾ ਨਾਲ ਆਪਣੇ ਚੰਚਲ ਮਨ ਨੂੰ ਵੱਸ ਵਿਚ ਕਰ ਲੈਂਦਾ ਹੈ ਤਾਂ ਇਹ ਮਨ ਪਵਿੱਤਰ ਹੋ ਜਾਂਦਾ ਹੈ, ਗੁਰੂ ਦੀ ਸ਼ਰਨ ਵਿਚ ਰਹਿਣ ਵਾਲਾ ਗੁਰਮੁਖ ਇਸ ਮਨ ਨੂੰ ਸਵਾਰ ਕੇ ਸੋਹਣਾ ਸੁੰਦਰ ਬਣਾ ਲੈਂਦਾ ਹੈ ਅਤੇ ਹਉਮੈ ਹੰਕਾਰ ਨੂੰ ਛੱਡ ਦਿੰਦਾ ਹੈ ਤੇ ਵਿਕਾਰਾਂ ਦਾ ਵੀ ਤਿਆਗ ਕਰ ਦਿੰਦਾ ਹੈ।

ਜੋ ਧੁਰਿ ਰਾਖਿਅਨੁ ਮੇਲਿ ਮਿਲਾਇ॥
ਕਦੇ ਨ ਵਿਛੁੜਹਿ ਸਬਦਿ ਸਮਾਇ॥
ਆਪਣੀ ਕਲਾ ਆਪੇ ਹੀ ਜਾਣੈ॥
ਨਾਨਕ ਗੁਰਮੁਖਿ ਨਾਮੁ ਪਛਾਣੈ॥੪॥

ਸਤਿਗੁਰੂ ਆਖਦੇ ਹਨ, ਜਿਨ੍ਹਾਂ ਜੀਵਾਂ ਨੂੰ ਉਸ ਮਿਹਰਬਾਨ ਪ੍ਰਭੂ ਨੇ ਆਪਣੀ ਧੁਰ ਦਰਗਾਹ ਤੋਂ ਹੀ ਗੁਰੂ ਚਰਨਾਂ 'ਚ ਜੋੜ ਕੇ ਵਿਕਾਰਾਂ ਵੱਲੋਂ ਬਚਾ ਲਿਆ ਹੈ, ਉਹ ਗੁਰੂ ਦੇ ਸ਼ਬਦ 'ਚ ਲੀਨ ਰਹਿ ਕੇ ਉਸ ਪ੍ਰਭੂ ਨਾਲੋਂ ਕਦੇ ਵੀ ਵਿਛੜਦੇ ਨਹੀਂ; ਉਹ ਸੰਸਾਰ ਦਾ ਮਾਲਕ ਪ੍ਰਭੂ ਆਪਣੀ ਇਸ ਨਾ ਦਿਸਣ ਵਾਲੀ ਤਾਕਤ ਨੂੰ ਆਪੇ ਹੀ ਜਾਣਦਾ ਹੈ। ਇਹ ਤਾਂ ਪ੍ਰਤੱਖ ਹੈ। ਹੇ ਨਾਨਕ! ਜੋ ਜੀਵ ਗੁਰੂ ਦੀ ਸ਼ਰਨ ਜਾ ਪੈਂਦਾ ਹੈ, ਉਸ ਨੂੰ ਪ੍ਰਭੂ ਦੇ ਨਾਮ ਦੀ ਪਛਾਣ ਆ ਜਾਂਦੀ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਭ੍ਰਿਸ਼ਟਾਚਾਰ: ਛੋਟੀਆਂ ਮੱਛੀਆਂ ਬਨਾਮ ਵੱਡੀਆਂ ਮੱਛੀਆਂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬੀ ਦੇ ਦੋ ਮੁਹਾਵਰਿਆਂ ਵਿਚੋਂ ਇੱਕ ਦਾ ਬਹੁਤ ਸਾਰੇ ਲੋਕਾਂ ਨੂੰ ਪਤਾ ਹੈ ਤੇ ਦੂਸਰੇ ਬਾਰੇ ਬਹੁਤੇ ਪੰਜਾਬੀ ਲੋਕ ਵੀ ਨਹੀਂ ਜਾਣਦੇ। ਬਹੁਤਾ ਪ੍ਰਚਲਿਤ ਮੁਹਾਵਰਾ ਇਹ ਹੈ ਕਿ 'ਚੋਰੀ ਲੱਖ ਦੀ ਵੀ ਹੁੰਦੀ ਹੈ ਤੇ ਕੱਖ ਦੀ ਵੀ।' ਇਸ ਮੁਹਾਵਰੇ ਰਾਹੀਂ ਕਿਸੇ ਭੁੱਖੇ ਵੱਲੋਂ ਕਿਸੇ ਦੇ ਖੇਤ ਵਿਚੋਂ ਦੋ ਖਰਬੂਜ਼ੇ ਤੋੜ ਕੇ ਚੱਬ ਲੈਣ ਅਤੇ ਕਿਸੇ ਸਿਆਸੀ ਠੱਗ ਵਲੋਂ ਸਾਰੇ ਰਾਜ ਦਾ ਖਜ਼ਾਨਾ ਲੁੱਟ ਲੈਣ ਨੂੰ ਇੱਕੋ ਛਾਬੇ ਵਿਚ ਤੋਲ ਦਿੱਤਾ ਜਾਂਦਾ ਹੈ ਕਿ ਇਹ ਬੰਦਾ ਜ਼ਮੀਰ ਕਾਇਮ ਨਹੀਂ ਰੱਖ ਸਕਿਆ। ਇਸ ਤਰ੍ਹਾਂ ਦਾ ਤੋਲ-ਤੁਲਾਵਾ ਬੇਇਨਸਾਫੀ ਜਾਪਦਾ ਹੈ। ਕਈ ਵਾਰੀ ਕੋਈ ਬੰਦਾ ਆਪਣੇ ਢਿੱਡ ਦੀ ਭੁੱਖ ਦਾ ਸਤਾਇਆ ਨਹੀਂ, ਨੀਤ ਦੀ ਭੁੱਖ ਦਾ ਸਤਾਇਆ ਇਹ ਕੁਝ ਕਰਦਾ ਤੇ ਏਦਾਂ ਛੋਟਾ ਗੁਨਾਹ ਕਰਦਾ ਕਾਬੂ ਆ ਜਾਂਦਾ ਹੈ, ਪਰ ਓਸੇ ਬੰਦੇ ਦੀਆਂ ਕੀਤੀਆਂ ਵੱਡੀਆਂ ਚੋਰੀਆਂ ਲੁਕੀਆਂ ਰਹਿ ਜਾਂਦੀਆਂ ਹਨ। ਦੂਸਰਾ ਘੱਟ ਪ੍ਰਚਲਿਤ ਮੁਹਾਵਰਾ ਇਹ ਹੈ ਕਿ 'ਆਲੇ ਵਿਚ ਤੜੀਆਂ ਨੂੰ ਛੱਡ ਕੇ ਉੱਡਦੀਆਂ ਮਗਰ ਨਹੀਂ ਦੌੜੀਦਾ'। ਇਸ ਦੇ ਅਰਥਾਂ ਅੰਦਰ ਬੜਾ ਕੁਝ ਲੁਕਿਆ ਪਿਆ ਹੈ। ਆਲੇ ਵਿਚ ਤੜੇ ਹੋਏ ਸ਼ਿਕਾਰ ਨੂੰ ਤੁਸੀਂ ਜਦੋਂ ਮਰਜ਼ੀ ਹੱਥ ਪਾ ਸਕਦੇ ਹੋ, ਪਰ ਉੱਡਦੇ ਜਾਂਦੇ ਦੇ ਮਗਰ ਜ਼ਮੀਨ ਉਤੇ ਦੌੜਨ ਨਾਲ ਸਿਰਫ ਆਪਣਾ ਵਕਤ ਖਰਾਬ ਕਰੋਗੇ, ਲੱਭਣਾ ਕੁਝ ਵੀ ਨਹੀਂ।

ਜਿੱਥੋਂ ਤੱਕ ਪਹਿਲੇ ਮੁਹਾਵਰੇ ਦਾ ਸਬੰਧ ਹੈ, ਉਸ ਦਾ ਚੇਤਾ ਸਾਨੂੰ ਉਸ ਕੇਸ ਤੋਂ ਆਇਆ, ਜਿਹੜਾ ਇਸ ਵੇਲੇ ਕੇਰਲਾ ਦੇ ਮੁੱਖ ਮੰਤਰੀ ਓਮਨ ਚਾਂਡੀ ਦੇ ਖਿਲਾਫ ਚਰਚਾ ਵਿਚ ਹੈ। ਇੱਕ ਕੇਸ ਦੇ ਦੋਸ਼ੀ ਨੇ ਕਿਹਾ ਹੈ ਕਿ ਮੁੱਖ ਮੰਤਰੀ ਓਮਨ ਚਾਂਡੀ ਨੇ ਵੀ ਉਸ ਤੋਂ ਦੋ ਕਰੋੜ ਰੁਪਏ ਦੇ ਕਰੀਬ ਰਿਸ਼ਵਤ ਮੰਗੀ ਸੀ। ਇਸ ਵਕਤ ਭਾਰਤ ਦੇ ਕਿਸੇ ਵੀ ਰਾਜ ਵਿਚ ਦੋ ਕਰੋੜ ਰੁਪਏ ਦਾ ਇਹੋ ਜਿਹਾ ਲੈਣ-ਦੇਣ ਮਾਮੂਲੀ ਗੱਲ ਮੰਨਿਆ ਜਾਂਦਾ ਹੈ। ਸਿਰਫ ਦਿੱਲੀ ਸਰਕਾਰ ਨੂੰ ਹਾਲ ਦੀ ਘੜੀ ਵੱਖਰਾ ਗਿਣਿਆ ਜਾ ਰਿਹਾ ਹੈ, ਉਹ ਵੀ ਪਤਾ ਨਹੀਂ ਕਿੰਨਾ ਚਿਰ ਵੱਖਰੀ ਗਿਣੀ ਜਾਵੇਗੀ, ਬਾਕੀ ਸਭ ਥਾਂਈਂ ਇਹੋ ਹਾਲ ਹੈ। ਕੇਰਲਾ ਦਾ ਮੁੱਖ ਮੰਤਰੀ ਓਮਨ ਚਾਂਡੀ ਸਿਰਫ ਦੋ ਕਰੋੜ ਮੰਗਣ ਜੋਗਾ ਹੋਵੇਗਾ, ਇਹ ਮੰਨਣਾ ਔਖਾ ਹੈ। ਹੋਣ ਨੂੰ ਇਹ ਵੀ ਹੋ ਸਕਦਾ ਹੈ ਕਿ ਜਿਵੇਂ ਜਥੇਦਾਰ ਤੋਤਾ ਸਿੰਘ ਆਪਣੇ ਉੱਤੇ ਲੱਗੇ ਵੱਡੇ ਦੋਸ਼ਾਂ ਤੋਂ ਬਚਿਆ ਰਿਹਾ ਤੇ ਸਿਰਫ ਸਰਕਾਰੀ ਕਾਰ ਦੀ ਦੁਰਵਰਤੋਂ ਦੇ ਟੁੱਚਲ ਜਿਹੇ ਇੱਕ ਕੇਸ ਵਿਚ ਅਦਾਲਤ ਤੋਂ ਉਸ ਨੂੰ ਸਜ਼ਾ ਹੋਈ ਹੈ, ਉਵੇਂ ਹੀ ਓਮਨ ਚਾਂਡੀ ਨਾਲ ਵੀ ਹੋ ਜਾਵੇ। ਹਿਮਾਚਲ ਦਾ ਮੁੱਖ ਮੰਤਰੀ ਵੀਰ ਭੱਦਰ ਸਿੰਘ ਇੱਕ ਵਕਤ ਇੱਕ ਰਿਆਸਤ ਦਾ ਰਾਜਾ ਹੁੰਦਾ ਸੀ। ਹੁਣ ਉਸ ਉਤੇ ਇਹ ਦੋਸ਼ ਹੈ ਕਿ ਉਸ ਨੇ ਰਿਸ਼ਵਤ ਦੇ ਪੈਸੇ ਨੂੰ ਆਪਣੇ ਬਾਗਾਂ ਦੇ ਸੇਬਾਂ ਦੀ ਵਿਕਰੀ ਦੀ ਆਮਦਨ ਦਿਖਾ ਕੇ ਕਾਨੂੰਨ ਨੂੰ ਧੋਖਾ ਦਿੱਤਾ ਹੈ। ਫਸਦਾ ਉਹ ਇਸ ਕਾਰਨ ਹੈ ਕਿ ਕਰੋੜਾਂ ਰੁਪਏ ਦੇ ਸੇਬ ਪੰਜਾਬ ਨੂੰ ਭੇਜਣ ਲਈ ਜਿਨ੍ਹਾਂ ਟਰੱਕਾਂ ਦੇ ਨੰਬਰ ਦਰਜ ਕੀਤੇ, ਉਹ ਨੰਬਰ ਟਰੱਕਾਂ ਦੇ ਨਹੀਂ, ਦੋ-ਪਹੀਆ ਸਕੂਟਰਾਂ ਦੇ ਨਿਕਲੇ ਹਨ। ਇਹੋ ਜਿਹੇ ਕੇਸਾਂ ਵਿਚ ਪੰਜਾਬੀ ਦੇ ਮੁਹਾਵਰੇ ਵਾਂਗ ਹਾਥੀ ਆਰਾਮ ਨਾਲ ਨਿਕਲ ਜਾਂਦੇ ਹਨ ਤੇ ਪੂਛ ਕਈ ਵਾਰ ਅੜ ਜਾਂਦੀ ਹੈ ਤੇ ਜਿਹੜੀ ਪੂਛ ਹੁਣ ਤੱਕ ਕਈ ਲੋਕਾਂ ਨੂੰ ਫਸਾ ਚੁੱਕੀ ਹੈ, ਉਹ ਓਮਨ ਚਾਂਡੀ ਨੂੰ ਫਸਾਉਣ ਲੱਗੀ ਹੈ।


ਇਨ੍ਹਾਂ ਓਮਨ ਚਾਂਡੀਆਂ ਤੇ ਵੀਰ ਭੱਦਰਾਂ ਨੂੰ 'ਕੱਖ ਦੀ ਚੋਰੀ' ਕਰ ਕੇ ਲੱਖ ਵਾਲਿਆਂ ਨਾਲ ਤੋਲਣ ਦੇ ਮੁਹਾਵਰੇ ਨਾਲ ਜੋੜ ਕੇ ਕੋਈ ਲਿਹਾਜ ਦੇਣ ਦੇ ਪੱਖ ਵਿਚ ਅਸੀਂ ਨਹੀਂ ਖੜੋ ਸਕਦੇ, ਪਰ ਇਸ ਛੋਟੀ ਠੱਗੀ ਦੇ ਹੰਗਾਮੇ ਵਿਚ ਵੱਡੀਆਂ ਠੱਗੀਆਂ ਨੂੰ ਅੱਖੋਂ-ਪਰੋਖੇ ਕੀਤੇ ਜਾਣ ਤੋਂ ਹੈਰਾਨ ਹਾਂ। ਪੰਜਾਬ ਵਿਚ ਪਰਲਜ਼ ਗਰੀਨ ਕੰਪਨੀ ਨੇ ਠੱਗੀ ਸ਼ੁਰੂ ਕਰਨ ਪਿੱਛੋਂ ਭਾਰਤ ਦੇ ਕਈ ਰਾਜਾਂ ਵਿਚ ਜਾਲ ਸੁੱਟ ਕੇ ਮੱਛੀਆਂ ਫੜਨ ਵਾਂਗ ਅਮੀਰੀ ਦੇ ਸੁਫਨੇ ਲੈਂਦੇ ਮੱਧ-ਵਰਗੀ ਲੋਕਾਂ ਨੂੰ ਲੁੱਟ ਲਿਆ। ਸਾਰੀ ਲੁੱਟ ਕਰੀਬ ਅਠਵੰਜਾ ਹਜ਼ਾਰ ਕਰੋੜ ਤੋਂ ਉਪਰ ਬਣਦੀ ਹੈ। ਉਸ ਕੰਪਨੀ ਦਾ ਮੁਖੀਆ ਕਈ ਸਾਲ ਪੰਜਾਬ ਵਿਚ ਰਾਜ ਕਰਦੇ ਚਿੱਟੇ-ਨੀਲੇ ਹਰ ਰੰਗ ਦੇ ਹਾਕਮਾਂ ਦਾ ਚਹੇਤਾ ਬਣਿਆ ਰਿਹਾ। ਉਂਜ ਉਹ ਅਜੇ ਤੱਕ ਉਨ੍ਹਾਂ ਦਾ ਚਹੇਤਾ ਹੈ। ਬਠਿੰਡੇ ਵਿਚ ਰੈਲੀ ਕਰਨ ਲਈ ਦੋਵਾਂ ਮੁੱਖ ਸਿਆਸੀ ਪਾਰਟੀਆਂ ਨੇ ਗਰਾਊਂਡ ਓਸੇ ਵਾਲੀ ਵਰਤਣੀ ਮੁਨਾਸਿਬ ਸਮਝੀ ਹੈ। ਹੁਣ ਉਹ ਜੇਲ੍ਹ ਵਿਚ ਹੈ। ਇਸ ਤੋਂ ਪਹਿਲਾਂ ਸਹਾਰਾ ਕੰਪਨੀ ਦੇ ਮੁਖੀਏ ਸੁਬਰਤੋ ਰਾਏ ਉਤੇ ਇਹੋ ਜਿਹਾ ਕੇਸ ਬਣਿਆ ਤੇ ਉਸ ਨੂੰ ਆਮ ਲੋਕਾਂ ਨਾਲ ਕੁੱਲ ਅਠੱਤੀ ਹਜ਼ਾਰ ਕਰੋੜ ਰੁਪਏ ਦੀ ਠੱਗੀ ਦੇ ਦੋਸ਼ ਵਿਚ ਅਦਾਲਤ ਨੇ ਜੇਲ੍ਹ ਭੇਜਿਆ ਸੀ, ਪਰ ਉਸ ਦੀ ਅਸਲ ਠੱਗੀ ਇਸ ਤੋਂ ਕਈ ਗੁਣਾਂ ਵੱਧ ਬਣ ਸਕਦੀ ਹੈ। ਪਰਲਜ਼ ਅਤੇ ਸਹਾਰਾ ਦੋਵਾਂ ਦੀ ਇੱਕ ਗੱਲ ਦੀ ਸਾਂਝ ਹੈ ਕਿ ਦੋਵਾਂ ਨੇ ਹਾਕਮ ਧਿਰਾਂ ਨੂੰ ਨਿਹਾਲ ਕਰਨ ਦੇ ਨਾਲ ਭਾਰਤ ਦੀਆਂ ਖੇਡ ਸਰਗਰਮੀਆਂ ਵਿਚ ਟੂਰਨਾਮੈਂਟਾਂ ਅਤੇ ਟੀਮਾਂ ਨੂੰ ਸਪਾਂਸਰ ਕਰਨ ਲਈ ਖੁੱਲ੍ਹੇ ਦਿਲ ਨਾਲ ਪੈਸਾ ਖਰਚ ਕੀਤਾ ਸੀ। ਇਹ ਅਸਲ ਵਿਚ ਖਰਚਾ ਕਰਨਾ ਨਹੀਂ, ਬਲਕਿ ਠੱਗੀ ਦੇ ਆਪਣੇ ਬਿਜਨਸ ਨੂੰ ਵਧਾਉਣ ਲਈ ਪੂੰਜੀ ਲਾਉਣ ਵਾਂਗ ਸੀ ਤੇ ਇਸ ਪੂੰਜੀ ਨਾਲ ਉਹ ਕਈ ਹੋਰ ਖੇਡਾਂ ਪਰਦੇ ਦੇ ਓਹਲੇ ਖੇਡਦੇ ਰਹੇ ਸਨ।

ਹੁਣ ਇਸ ਦੇਸ਼ ਵਿਚ ਇੱਕ ਜਣਾ 38 ਹਜ਼ਾਰ ਕਰੋੜ ਰੁਪਏ ਦੀ ਠੱਗੀ ਦੇ ਦੋਸ਼ ਵਿਚ ਜੇਲ੍ਹ ਵਿਚ ਬੈਠਾ ਹੈ ਤੇ ਦੂਸਰੇ ਨੂੰ 58 ਹਜ਼ਾਰ ਕਰੋੜ ਦੇ ਕੇਸ ਵਿਚ ਜੇਲ੍ਹ ਜਾਣਾ ਪਿਆ ਹੈ, ਪਰ ਮੀਡੀਏ ਵਿਚ ਰੌਲਾ ਓਮਨ ਚਾਂਡੀ ਦੇ ਦੋ ਕਰੋੜ ਰੁਪਏ ਦਾ ਪੈ ਰਿਹਾ ਹੈ। ਲੁਧਿਆਣੇ ਵਿਚ ਇੱਕ ਤਹਿਸੀਲਦਾਰ ਨੂੰ ਵਿਜੀਲੈਂਸ ਨੇ ਫੜਿਆ ਸੀ। ਉਸ ਨੇ ਜਾਂਚ ਦੌਰਾਨ ਬਿਆਨ ਦਿੱਤਾ ਕਿ ਐਸ ਡੀ ਐਮ ਅਤੇ ਡਿਪਟੀ ਕਮਿਸ਼ਨਰ ਤੋਂ ਲੈ ਕੇ ਉਪਰ ਤੱਕ ਹਰ ਮਹੀਨੇ ਬਿਲਾ ਨਾਗਾ ਉਹ ਕਈ ਕਰੋੜ ਰੁਪਏ ਦੇਂਦਾ ਸੀ। ਅਦਾਲਤ ਵਿਚ ਵਿਜੀਲੈਂਸ ਆਪਣੀ ਕਾਰਵਾਈ ਉਤੇ ਕਾਇਮ ਰਹੀ, ਤਹਿਸੀਲਦਾਰ ਦੇ ਪੱਖ ਵਿਚ ਅਫਸਰ ਆ ਗਏ, ਜਿਹੜੇ ਹਿੱਸਾ ਲੈਂਦੇ ਰਹੇ ਸਨ। ਵਿਜੀਲੈਂਸ ਵੀ ਸਰਕਾਰ ਦੀ ਸੀ, ਅਫਸਰਸ਼ਾਹੀ ਵੀ ਸਰਕਾਰ ਦੀ, ਪਰ ਦੋਵਾਂ ਵਿਚੋਂ ਜਦੋਂ ਕੋਈ ਧਿਰ ਵੀ ਆਪਣੀ ਗੱਲ ਤੋਂ ਪਿੱਛੇ ਨਾ ਹਟੀ ਤਾਂ ਨਵਾਂ ਰਾਹ ਕੱਢ ਲਿਆ ਸੀ। ਉਸ ਤਹਿਸੀਲਦਾਰ ਨੂੰ ਪੰਜਾਬ ਦੇ ਮਾਲ ਮੰਤਰੀ ਨੇ ਆਪਣੇ ਹਲਕੇ ਵਾਲੀ ਤਹਿਸੀਲ ਵਿਚ ਤਬਦੀਲ ਕਰਵਾ ਲਿਆ ਤੇ ਉਹ ਡਿਪਟੀ ਕਮਿਸ਼ਨਰਾਂ ਕੋਲ ਜਾਣ ਦੀ ਥਾਂ ਹਰ ਸ਼ਾਮ ਬਿਲਾ ਨਾਗਾ ਮੰਤਰੀ ਦੀ ਕੋਠੀ ਜਾਣ ਲੱਗ ਪਿਆ ਸੀ। ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਭਾਰਤ ਇੱਕ ਆਖਿਆ ਜਾਂਦਾ ਹੈ। ਏਸੇ ਲਈ ਜਿਹੋ ਜਿਹਾ ਕੰਮ ਪੰਜਾਬ ਵਿਚ ਹੁੰਦਾ ਰਹਿੰਦਾ ਹੈ, ਕੇਰਲਾ ਵਿਚ ਵੀ ਉਹੋ ਜਿਹਾ ਕੰਮ ਮੁੱਖ ਮੰਤਰੀ ਓਮਨ ਚਾਂਡੀ ਕਰੀ ਜਾ ਰਿਹਾ ਹੈ। ਬਾਕੀ ਰਾਜਾਂ ਦੇ ਵਿਚ ਵੀ ਏਦਾਂ ਹੀ ਹੁੰਦਾ ਹੈ। ਭ੍ਰਿਸ਼ਟਾਚਾਰ ਕਰਨ ਵਾਲਿਆਂ ਦੀ ਰਿਸ਼ਤੇਦਾਰੀ ਸਮਾਜ ਦੀ ਹਰ ਨੁੱਕਰ ਤੱਕ ਪਹੁੰਚੀ ਹੋਈ ਹੈ।

ਇਸ ਚੱਕਰ ਵਿਚ ਅਸੀਂ ਜਦੋਂ ਵੱਡੇ ਠੱਗਾਂ ਤੇ ਵੱਡੇ ਚੋਰਾਂ ਦੀ ਗੱਲ ਕਰਦੇ ਹਾਂ ਤਾਂ ਇੱਕ ਹੋਰ ਬੰਦੇ ਦਾ ਨਾਂ ਆ ਜਾਂਦਾ ਹੈ, ਜਿਹੜਾ ਨਾਜਾਇਜ਼ ਧੰਦੇ ਵੀ ਕਰਦਾ ਹੈ ਤੇ ਉਸ ਨੇ ਭਾਰਤ ਸਰਕਾਰ ਦੇ ਟੈਕਸਾਂ ਦੇ ਬਕਾਏ ਹੀ 90 ਹਜ਼ਾਰ ਕਰੋੜ ਤੋਂ ਵੱਧ ਦੇ ਦੇਣੇ ਹਨ, ਪਰ ਕੋਈ ਸਰਕਾਰ ਉਸ ਨੂੰ ਹੱਥ ਨਹੀਂ ਪਾ ਸਕੀ। ਹਸਨ ਅਲੀ ਨਾਂ ਦਾ ਇਹ ਬੰਦਾ ਘੋੜਿਆਂ ਦਾ ਵਪਾਰੀ ਕਿਹਾ ਜਾਂਦਾ ਹੈ। ਇੰਟਰਨੈਟ 'ਤੇ ਪ੍ਰਾਪਤ ਸੂਚਨਾ ਮੁਤਾਬਕ ਉਸ ਦੇ ਸਵਿੱਸ ਬੈਂਕ ਵਾਲੇ ਖਾਤੇ ਵਿਚ ਕਰੀਬ ਅੱਠ ਸੌ ਕਰੋੜ ਡਾਲਰ (50 ਹਜ਼ਾਰ ਕਰੋੜ ਰੁਪਏ) ਜਮ੍ਹਾਂ ਹੋਣ ਦੀ ਰਿਪੋਰਟ ਜਦੋਂ ਮਨਮੋਹਨ ਸਿੰਘ ਦੀ ਭਾਰਤ ਸਰਕਾਰ ਨੂੰ ਮਿਲੀ ਤਾਂ ਕਾਰਵਾਈ ਸ਼ੁਰੂ ਹੋਈ। ਕੁਝ ਚਿਰ ਪਿੱਛੋਂ ਉਦੋਂ ਦੇ ਖਜ਼ਾਨਾ ਮੰਤਰੀ ਤੇ ਸਾਡੇ ਅਜੋਕੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਇਹ ਐਲਾਨ ਕੀਤਾ ਕਿ ਸਵਿੱਸ ਬੈਂਕ ਦੇ ਹਸਨ ਅਲੀ ਦੇ ਖਾਤੇ ਖਾਲੀ ਕੀਤੇ ਹੋਏ ਹਨ, ਉਨ੍ਹਾਂ ਵਿਚ ਹੁਣ ਕੁਝ ਵੀ ਨਹੀਂ। ਗਿਆਰਾਂ ਮਹੀਨੇ ਪਿੱਛੋਂ ਖਜ਼ਾਨਾ ਮੰਤਰਾਲੇ ਦੀ ਸਟੈਂਡਿੰਗ ਕਮੇਟੀ ਨੂੰ ਸਰਕਾਰ ਨੇ ਦੱਸਿਆ ਕਿ ਹਸਨ ਅਲੀ ਵੱਲ 91 ਹਜ਼ਾਰ ਕਰੋੜ ਤੋਂ ਵੱਧ ਰਕਮ ਟੈਕਸਾਂ ਦੀ ਇਹੋ ਜਿਹੀ ਬਣਦੀ ਹੈ, ਜਿਸ ਦੀ ਵਸੂਲੀ ਹੋ ਸਕਣ ਦੀ ਕੋਈ ਝਾਕ ਨਹੀਂ ਰੱਖੀ ਜਾ ਸਕਦੀ। ਫਿਰ ਤਾਂ 'ਭਾਰਤ ਭਾਗ ਵਿਧਾਤਾ' ਗਾਉਣਾ ਹੀ ਠੀਕ ਹੈ!

ਹੈਰਾਨੀ ਦੀ ਗੱਲ ਏਥੋਂ ਤੱਕ ਆਣ ਕੇ ਰੁਕਦੀ ਨਹੀਂ, ਸਗੋਂ ਹੋਰ ਅੱਗੇ ਤੁਰ ਪੈਂਦੀ ਹੈ। ਜਦੋਂ ਨਰਿੰਦਰ ਮੋਦੀ ਦੀ ਦੌੜ ਭਾਰਤ ਦੇ ਪ੍ਰਧਾਨ ਮੰਤਰੀ ਵਾਲੀ ਕੁਰਸੀ ਵੱਲ ਸੇਧਤ ਸੀ, ਉਦੋਂ ਚੋਣ ਪ੍ਰਚਾਰ ਵਿਚ ਉਸ ਨੇ ਕੁਝ ਨਾਅਰੇ ਦਿੱਤੇ ਤੇ ਸਬਜ਼ਬਾਗ ਵਿਖਾਏ ਸਨ। ਇਨ੍ਹਾਂ ਵਿਚ ਇੱਕ ਇਹ ਸੀ ਕਿ 'ਮੈਂ ਨਾ ਖਾਊਂਗਾ, ਨਾ ਖਾਨੇ ਦੂੰਗਾ'। ਪ੍ਰਧਾਨ ਮੰਤਰੀ ਬਣਨ ਮਗਰੋਂ ਉਸ ਨੇ ਕਈ ਮਾਮਲਿਆਂ ਵਿਚ ਇਹ ਗੱਲ ਆਪ ਹੀ ਮੰਨ ਲਈ ਜਾਂ ਉਸ ਦੇ ਨੇੜਲਿਆਂ ਨੇ ਮੰਨ ਲਈ ਕਿ ਏਦਾਂ ਦੇ ਨਾਅਰੇ ਸਿਰਫ ਚੋਣ ਟੋਟਕੇ ਸਨ, ਪਰ ਕੁਝ ਗੱਲਾਂ ਉਨ੍ਹਾਂ ਦੇ ਅਮਲਾਂ ਤੋਂ ਸਾਬਤ ਹੋ ਗਈਆਂ। ਜਦੋਂ ਮੌਜੂਦਾ ਸਰਕਾਰ ਬਣੀ ਨੂੰ ਸਾਢੇ ਦਸ ਮਹੀਨੇ ਹੋ ਗਏ, ਉਦੋਂ ਆਮਦਨ ਟੈਕਸ ਵਿਭਾਗ ਨੇ ਦੇਸ਼ ਦੇ ਸਭ ਤੋਂ ਵੱਡੇ ਟੈਕਸ ਚੋਰਾਂ ਦੀ ਸੂਚੀ ਜਾਰੀ ਕਰ ਦਿੱਤੀ, ਜਿਸ ਨੂੰ ਲੋਕਾਂ ਨੇ ਗਹੁ ਨਾਲ ਪੜ੍ਹਿਆ, ਪਰ ਇਸ ਵਿਚਲੀ ਗੁੱਝੀ ਗੱਲ ਅਣਗੌਲੀ ਕਰ ਗਏ। ਉਹ ਗੁੱਝੀ ਗੱਲ ਇਹ ਸੀ ਕਿ ਇਸ ਸੂਚੀ ਵਿਚ ਸਭ ਤੋਂ ਵੱਡੇ ਟੈਕਸ ਚੋਰ ਵਜੋਂ ਕਿਸੇ ਇੱਕ ਕੰਪਨੀ ਦਾ ਨਾਂ ਦਰਜ ਸੀ ਤੇ ਉਸ ਵੱਲ ਸਿਰਫ 75 ਕਰੋੜ ਰੁਪਏ ਨਿਕਲਦੇ ਸਨ। 75 ਕਰੋੜ ਰੁਪਏ ਤਾਂ ਸੌ ਕਰੋੜ ਵੀ ਨਹੀਂ ਹੁੰਦੇ ਤੇ ਵੱਡੇ ਤੀਹ ਟੈਕਸ ਚੋਰਾਂ ਦਾ ਕੁੱਲ ਮਿਲਾ ਕੇ 1500 ਕਰੋੜ ਬਣਦਾ ਸੀ, ਪਰ ਹਸਨ ਅਲੀ ਨਾਂ ਦੇ ਉਸ ਵਿਅਕਤੀ ਦਾ ਨਾਂ ਹੀ ਇਸ ਵਿਚ ਨਹੀਂ ਲੱਭਾ, ਜਿਸ ਬਾਰੇ ਪਿਛਲੀ ਸਰਕਾਰ ਨੇ ਕਿਹਾ ਸੀ ਕਿ ਟੈਕਸਾਂ ਦਾ 91 ਹਜ਼ਾਰ ਕਰੋੜ ਰੁਪਏ ਦਾ ਬਕਾਇਆ ਉਸ ਤੋਂ ਲੈਣਾ ਹੈ। ਉਸ ਵਿਅਕਤੀ ਦਾ ਨਾਂ ਕਿਵੇਂ ਗਾਇਬ ਹੋ ਗਿਆ, ਇਹ ਕਦੀ ਕਿਸੇ ਧਿਰ ਨੇ ਪੁੱਛਿਆ ਨਹੀਂ ਤੇ ਕਿਸੇ ਧਿਰ ਨੂੰ ਦੱਸਣ ਦੀ ਲੋੜ ਵੀ ਨਹੀਂ ਪਈ। ਇੱਕ ਵਾਰੀ ਅਸੀਂ ਸਾਰੇ ਇੱਕ ਮਨ ਹੋ ਕੇ 'ਜਨ ਗਣ ਮਨ' ਦੇ ਕੌਮੀ ਗੀਤ ਦੀ 'ਭਾਰਤ ਭਾਗ ਵਿਧਾਤਾ' ਵਾਲੀ ਰੱਟ ਲਾ ਸਕਦੇ ਹਾਂ!

ਕਮਾਲ ਦੀ ਗੱਲ ਇਹ ਹੈ ਕਿ ਅਜੇ ਤੱਕ ਵੀ ਸਾਨੂੰ ਇਹ ਕਹਿਣ ਵਾਲੇ ਮੰਤਰੀ ਤੇ ਉਨ੍ਹਾਂ ਨਾਲ ਮਿਲੇ ਹੋਏ ਯੋਗੀ ਰਾਮਦੇਵ ਵਰਗੇ ਸਾਧ ਮਿਲ ਜਾਂਦੇ ਹਨ, ਜਿਹੜੇ ਆਖਦੇ ਹਨ ਕਿ ਵਿਦੇਸ਼ਾਂ ਵਿਚੋਂ ਪਿਆ ਕਾਲਾ ਧਨ ਇੱਕ ਦਿਨ ਵਾਪਸ ਆ ਜਾਣਾ ਹੈ। ਇਹ ਦਿਨੇ ਸੁਫਨੇ ਵਿਖਾਉਣ ਵਾਲੀ ਗੱਲ ਹੈ। ਸਾਨੂੰ ਇੱਕ ਡਾਕਟਰ ਦੀ ਸੁਣਾਈ ਹੋਈ ਕਹਾਣੀ ਯਾਦ ਆਉਂਦੀ ਹੈ। ਉਸ ਨੇ ਦੱਸਿਆ ਕਿ ਅਸੀਂ ਲੋਕ ਕਿਸੇ ਬੱਚੇ ਨੂੰ ਟੀਕਾ ਲਾਉਣ ਲੱਗਿਆਂ ਬੱਚੇ ਦੇ ਡਰਨ ਦਾ ਚੇਤਾ ਰੱਖਦੇ ਹਾਂ ਤੇ ਉਸ ਦਾ ਧਿਆਨ ਪਾਸੇ ਪਾਉਣ ਲਈ ਕੁਝ ਨਾ ਕੁਝ ਕਹਿ ਛੱਡਦੇ ਹਾਂ। ਇੱਕ ਵਾਰ ਇੱਕ ਬੱਚੇ ਨੂੰ ਟੀਕਾ ਲਾਉਣਾ ਸੀ ਤਾਂ ਮੈਂ ਕਿਹਾ: 'ਅਹੁ ਵੇਖ, ਉੱਪਰ ਛੱਤ ਨਾਲ ਲਟਕਦਾ ਝੂਮਰ ਕਿੰਨਾ ਸੋਹਣਾ ਹੈ?' ਬੱਚਾ ਕਾਹਲੀ ਵਿਚ ਬੋਲਿਆ, 'ਝੂਮਰ ਨਾ ਵਿਖਾਈ ਜਾਓ, ਜਿਹੜਾ ਟੀਕਾ ਲਾਉਣਾ ਹੈ, ਲਾ ਦਿਓ, ਝੂਮਰ ਵੇਖਦੇ ਕਿਧਰੇ ਗਲਤ ਜਗ੍ਹਾ ਟੀਕਾ ਨਾ ਲਾ ਛੱਡਿਓ।' ਉਹ ਬੱਚਾ ਆਧੁਨਿਕ ਯੁੱਗ ਦਾ ਹੋਵੇਗਾ। ਅਸੀਂ ਲੋਕ ਇੱਕੀਵੀਂ ਸਦੀ ਵਿਚ ਵੀ ਏਨੇ ਸਿਆਣੇ ਨਹੀਂ ਹੋਏ ਕਿ ਦੇਸ਼ ਦੀ ਸਰਕਾਰ ਵੱਲੋਂ ਵੱਡੇ ਚੋਰ ਨਾਲ ਸਾਂਝ ਪੁਗਾਉਣ ਲਈ ਲੰਡੀ-ਬੁੱਚੀ ਮੁੱਦੇ ਉਛਾਲਣ ਦੀ ਖੇਡ ਸਮਝ ਸਕੀਏ। ਚੋਰ ਤਾਂ ਓਮਨ ਚਾਂਡੀ ਵੀ ਹੈ, ਛੱਡਣਾ ਬਿਲਕੁਲ ਨਹੀਂ ਚਾਹੀਦਾ, ਪਰ ਪਰਲਜ਼ ਗਰੀਨ ਦੇ ਨਿਰਮਲ ਭੰਗੂ, ਸਹਾਰਾ ਗਰੁਪ ਦੇ ਸੁਬਰਤੋ ਰਾਏ ਤੇ ਘੋੜਿਆਂ ਦੇ ਵਪਾਰੀ ਹਸਨ ਅਲੀ ਦਾ ਕੀ ਕਰਨਾ ਹੈ? ਇਸ ਬਾਰੇ ਕੋਈ ਨਹੀਂ ਦੱਸਦਾ। ਆਲੇ ਵਿਚ ਤੜੀਆਂ ਛੱਡ ਕੇ ਉਡਦੀਆਂ ਮਗਰ ਦੌੜਨ ਦੇ ਲਾਭ ਦਾ ਚੋਰਾਂ ਨੂੰ ਵੀ ਪਤਾ ਹੈ ਤੇ ਚੋਰਾਂ ਦੇ ਯਾਰਾਂ ਨੂੰ ਵੀ।



ਓਮਨ ਚਾਂਡੀ



ਨਿਰਮਲ ਭੰਗੂ



ਹਸਨ ਅਲੀ



ਸੁਬਰਤੋ ਰਾਏ

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਸਵਰਾਜ ਅਭਿਆਨ ਵੀ ਸਿਆਸੀ ਧਿਰ ਵਜੋਂ ਮੋਰਚਾ ਮੱਲਣ ਲਈ ਤਿਆਰ

**ਚੰਡੀਗੜ੍ਹ:** ਸਵਰਾਜ ਅਭਿਆਨ ਚਲਾਉਣ ਵਾਲੀ ਟੀਮ ਛੇਤੀ ਹੀ ਸਿਆਸੀ ਪਾਰਟੀ ਬਣਾ ਕੇ ਪੰਜਾਬ ਵਿਚ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਆਪਣੀ ਹਾਜ਼ਰੀ ਲਗਵਾਏਗੀ। ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਟਕਰਾਅ ਪੈਦਾ ਹੋਣ ਤੋਂ ਬਾਅਦ ਯੋਗੇਂਦਰ ਯਾਦਵ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਪਿਛਲੇ ਵਰ੍ਹੇ 14 ਅਪਰੈਲ ਨੂੰ ਸਵਰਾਜ ਅਭਿਆਨ ਸੰਸਥਾ ਦਾ ਗਠਨ ਕੀਤਾ ਗਿਆ ਸੀ।




ਪੰਜਾਬ ਵਿਚ ਚੱਲ ਰਹੀ 'ਆਪ' ਦੀ ਹਵਾ ਕਾਰਨ ਇਸ ਪਾਰਟੀ ਦੇ ਬਾਗੀ ਨੇਤਾ ਵੀ ਅੱਜ-ਕੱਲ੍ਹ ਸਰਗਰਮ ਹਨ। 'ਆਪ' ਵੱਲੋਂ ਦੋ ਸੰਸਦ ਮੈਂਬਰਾਂ ਡਾਕਟਰ ਧਰਮਵੀਰ ਗਾਂਧੀ ਤੇ ਹਰਿੰਦਰ ਸਿੰਘ ਖਾਲਸਾ, ਡਾਕਟਰ ਦਲਜੀਤ ਸਿੰਘ ਅੰਮ੍ਰਿਤਸਰ, ਭਾਈ ਬਲਦੀਪ ਸਿੰਘ ਤੇ ਪ੍ਰੋਫੈਸਰ ਮਨਜੀਤ ਸਿੰਘ ਨੂੰ ਪਾਰਟੀ ਵਿਚੋਂ ਮੁਅੱਤਲ ਕੀਤਾ ਜਾ ਚੁੱਕਾ ਹੈ, ਜਿਸ ਕਾਰਨ ਕਈ ਬਾਗੀ ਆਗੂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਰਾਜ ਵਿੱਚ ਸਿਆਸੀ ਪਾਰਟੀ ਬਣਾ ਕੇ ਜਿਥੇ 'ਆਪ' ਦੀਆਂ ਨੀਤੀਆਂ ਵਿਰੁੱਧ ਨਿੱਤਰਨਾ ਚਾਹੁੰਦੇ ਹਨ ਉਥੇ ਰਾਜ ਦੀਆਂ ਰਵਾਇਤੀ ਸਿਆਸੀ ਪਾਰਟੀਆਂ ਦਾ ਵੀ ਮੁਕਾਬਲਾ ਕਰਨ ਦੇ ਰੌਂਅ ਵਿਚ ਹਨ।

ਅਭਿਆਨ ਦੇ ਕੌਮੀ ਸਕੱਤਰ ਅਜੀਤ ਝਾਅ ਨੇ ਦਾ ਕਹਿਣਾ ਹੈ ਕਿ ਸਵਰਾਜ ਅਭਿਆਨ ਵੱਲੋਂ ਸਿਰਫ ਪੰਜਾਬ ਵਿਚ ਹੀ ਨਹੀਂ ਸਗੋਂ ਕੌਮੀ ਪੱਧਰ 'ਤੇ ਅਪਰੈਲ ਤੋਂ ਬਾਅਦ ਸਿਆਸੀ ਪਾਰਟੀ ਦਾ ਐਲਾਨ ਕੀਤਾ ਜਾ ਸਕਦਾ ਹੈ।

ਇਥੇ ਹਰਿਆਣਾ ਤੇ ਪੰਜਾਬ ਦੀ ਲੀਡਰਸ਼ਿਪ ਨਾਲ ਮੀਟਿੰਗ ਕਰਨ ਆਏ ਸ੍ਰੀ ਝਾਅ ਨੇ ਦੱਸਿਆ ਕਿ ਸਵਰਾਜ ਅਭਿਆਨ ਦੀ ਹੋਂਦ ਵੇਲੇ ਹੀ ਇਸ ਨੂੰ ਸਿਆਸੀ ਰੂਪ ਦੇਣ ਦਾ ਮੱਤ ਬਣ ਗਿਆ ਸੀ ਪਰ ਸਿਆਸੀ ਪਾਰਟੀ ਬਣਾਉਣ ਤੋਂ ਪਹਿਲਾਂ ਦੇਸ਼ ਦੇ ਘੱਟੋ-ਘੱਟ 100 ਜ਼ਿਲ੍ਹਿਆਂ ਵਿਚ 100-100 ਮੈਂਬਰੀ ਕਮੇਟੀਆਂ ਬਣਾਉਣ ਅਤੇ ਛੇ ਰਾਜਾਂ ਵਿਚ ਸਟੇਟ ਕਮੇਟੀਆਂ ਬਣਾਉਣ ਦਾ ਟੀਚਾ ਮਿਥਿਆ ਗਿਆ ਹੈ। ਇਸ ਸਬੰਧੀ ਚੱਲ ਰਹੀ ਪ੍ਰਕਿਰਿਆ ਅਨੁਸਾਰ ਫਰਵਰੀ ਦੇ ਅਖੀਰ ਤੱਕ 100 ਜ਼ਿਲ੍ਹਿਆਂ ਦੀ ਚੋਣ ਮੁਕੰਮਲ ਹੋਣ ਬਾਅਦ ਉਥੋਂ ਦੀ ਲੀਡਰਸ਼ਿਪ ਅਤੇ ਛੇ ਰਾਜਾਂ ਦੀਆਂ ਕਮੇਟੀਆਂ ਦੇ ਪ੍ਰਤੀਨਿਧਾਂ 'ਤੇ ਅਧਾਰਿਤ ਪਾਰਟੀ ਦੀ ਅੰਦਰੂਨੀ ਚੋਣ ਪ੍ਰਕਿਰਿਆ ਅਪਰੈਲ ਤੱਕ ਮੁਕੰਮਲ ਕਰ ਲਈ ਜਾਵੇਗੀ। ਇਸ ਪਿਛੋਂ ਸਵਰਾਜ ਅਭਿਆਨ ਨੂੰ ਸਿਆਸੀ ਪਾਰਟੀ ਐਲਾਨਿਆ ਜਾ ਸਕਦਾ ਹੈ।


## ਭਗਵਾਨ ਰਾਮ ਤੇ ਲਛਮਣ ਖਿਲਾਫ ਪਟੀਸ਼ਨ!

**ਗੋਰਖਪੁਰ:** ਸੀਤਾਮੜੀ ਦੇ ਡੁਮਰੀ ਕਲਾਂ ਪਿੰਡ ਦੇ ਵਕੀਲ ਠਾਕੁਰ ਚੰਦਨ ਸਿੰਘ ਨੇ ਅਦਾਲਤ ਵਿਚ ਭਗਵਾਨ ਰਾਮ ਤੇ ਲਛਮਣ ਖਿਲਾਫ ਮਾਮਲਾ ਦਰਜ ਕਰਵਾਇਆ ਹੈ। ਮਾਮਲੇ ਵਿਚ ਕਿਹਾ ਗਿਆ ਹੈ ਕਿ ਤ੍ਰੇਤਾ ਯੁੱਗ 'ਚ ਸ੍ਰੀਰਾਮ ਨੇ ਇਕ ਧੋਬੀ ਦੀਆਂ ਗੱਲਾਂ ਵਿਚ ਆ ਕੇ ਮਾਂ ਜਾਨਕੀ (ਸੀਤਾ) ਨੂੰ ਤਿਆਗ ਦਿੱਤਾ ਸੀ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਕੋਈ ਪਤੀ ਆਪਣੀ ਪਤਨੀ ਪ੍ਰਤੀ ਇਨ੍ਹਾਂ ਨਿਰਦਈ ਕਿਵੇਂ ਹੋ ਸਕਦਾ ਹੈ ਕਿ ਜਿਸ ਨੇ ਸਾਰੇ ਸੁੱਖਾਂ ਦਾ ਤਿਆਗ ਕਰਕੇ ਉਸ ਨਾਲ ਬਨਵਾਸ ਕੱਟਿਆ ਹੋਵੇ।

ਚੰਦਨ ਸਿੰਘ ਨੇ ਸਪਸ਼ਟ ਕੀਤਾ ਕਿ ਉਸ ਦਾ ਮਕਸਦ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਨਹੀਂ, ਸਗੋਂ ਮਿਥਲਾ ਦੀ ਧਰਤੀ 'ਤੇ ਪੈਦਾ ਹੋਈ ਮਾਂ ਸੀਤਾ ਨੂੰ ਇਨਸਾਫ ਦਿਵਾਉਣਾ ਹੈ। ਭਾਜਪਾ ਦੇ ਗੋਰਖਪੁਰ ਤੋਂ ਲੋਕ ਸਭਾ ਸੰਸਦ ਮੈਂਬਰ ਮਹੰਤ ਆਦਿੱਤਿਆਨਾਥ ਨੇ ਬਿਹਾਰ ਦੇ ਸੀਤਾਮੜੀ ਵਿਚ ਭਗਵਾਨ ਰਾਮ ਤੇ ਲਛਮਣ ਖਿਲਾਫ ਮਾਮਲਾ ਦਰਜ ਕਰਵਾਉਣ 'ਤੇ ਨਾਰਾਜ਼ਗੀ ਪ੍ਰਗਟਾਉਂਦਿਆਂ ਇਸ ਨੂੰ ਸਸਤੀ ਸ਼ੋਹਰਤ ਹਾਸਲ ਕਰਨ ਦਾ ਢੰਗ ਦੱਸਿਆ ਹੈ। ਉਨ੍ਹਾਂ ਅਦਾਲਤ ਤੋਂ ਅਜਿਹੇ ਲੋਕਾਂ ਨੂੰ ਭਾਰੀ ਜੁਰਮਾਨਾ ਕਰਨ ਤੇ ਕਰੜੀ ਸਜ਼ਾ ਦੇਣ ਦੀ ਮੰਗ ਕੀਤੀ ਹੈ।

## ਭਾਰਤ ਬਣਿਆ ਟੀ-20 ਦਾ ਬਾਦਸ਼ਾਹ

**ਸਿਡਨੀ:** ਤੀਜੇ ਤੇ ਅਖੀਰਲੇ ਟੀ-20 ਵਿਚ ਭਾਰਤ ਨੇ ਆਸਟਰੇਲੀਆ ਨੂੰ ਸੱਤ ਵਿਕਟਾਂ ਨਾਲ ਹਰਾਇਆ। ਇਸ ਜਿੱਤ ਨਾਲ ਟੀ-20 ਰੈਂਕਿੰਗ ਵਿਚ ਭਾਰਤੀ ਟੀਮ ਇਕ ਨੰਬਰ ਉਤੇ ਪਹੁੰਚ ਗਈ ਹੈ। ਭਾਰਤ ਨੇ 20ਵੇਂ ਓਵਰ ਵਿਚ ਤਿੰਨ ਵਿਕਟ ਗਵਾ ਕੇ 200 ਦੌੜਾਂ ਬਣਾਈਆਂ।




ਭਾਰਤ ਨੇ ਟੀ-20 ਦੀ ਇਸ ਸੀਰੀਜ਼ ਨੂੰ 3-0 ਨਾਲ ਆਪਣੇ ਨਾਂ ਕੀਤਾ। ਆਸਟਰੇਲੀਆ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ 20 ਓਵਰਾਂ 'ਚ ਪੰਜ ਵਿਕਟਾਂ ਦੇ ਨੁਕਸਾਨ ਉਤੇ 197 ਦੌੜਾਂ ਬਣਾਈਆਂ ਸਨ। ਭਾਰਤ ਵੱਲੋਂ ਰੋਹਿਤ ਸ਼ਰਮਾ 52 ਦੌੜਾਂ, ਸ਼ਿਖਰ ਧਵਨ 26 ਦੌੜਾਂ, ਵਿਰਾਟ ਕੋਹਲੀ ਨੇ 50 ਦੌੜਾਂ ਬਣਾਈਆਂ ਜਦਕਿ ਸੁਰੇਸ਼ ਰੈਨਾ ਨੇ ਨਾਬਾਦ 49 ਦੌੜਾਂ ਤੇ ਯੁਵਰਾਜ ਸਿੰਘ ਨੇ ਨਾਬਾਦ 15 ਦੌੜਾਂ ਦੀ ਪਾਰੀ ਖੇਡੀ।

140 ਸਾਲ ਦੇ ਕ੍ਰਿਕਟ ਇਤਿਹਾਸ 'ਚ ਆਸਟਰੇਲੀਆਈ ਟੀਮ ਪਹਿਲੀ ਵਾਰ ਆਪਣੇ ਮੈਦਾਨ 'ਚ ਕਿਸੇ ਸੀਰੀਜ਼ ਦੇ ਸਾਰੇ ਮੈਚ ਹਾਰੀ ਹੈ, ਜਿਸ ਨਾਲ ਭਾਰਤ ਨੇ ਆਸਟਰੇਲੀਆ ਦਾ 140 ਸਾਲਾ ਰਿਕਾਰਡ ਟੀ-20 ਲੜੀ 3-0 ਨਾਲ ਜਿੱਤ ਕੇ ਤੋੜ ਦਿੱਤਾ।

# ਨਿਪੁੰਸਕ ਬਣਾਉਣ ਦਾ ਕੇਸ: ਸੀ ਬੀ ਆਈ ਵੱਲੋਂ ਸਟੇਟਸ ਰਿਪੋਰਟ ਪੇਸ਼

**ਚੰਡੀਗੜ੍ਹ:** ਡੇਰਾ ਸਿਰਸਾ ਮੁਖੀ ਖਿਲਾਫ ਤਕਰੀਬਨ 400 ਸਾਧੂਆਂ ਨੂੰ ਨਿਪੁੰਸਕ ਬਣਾਉਣ ਦੇ ਮਾਮਲੇ ਵਿਚ ਸੀ.ਬੀ.ਆਈ. ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਨੂੰ ਆਪਣੀ ਸਟੇਟਸ ਰਿਪੋਰਟ ਸੌਂਪ ਦਿੱਤੀ। ਹਾਈਕੋਰਟ ਦੇ ਬੈਂਚ ਨੂੰ ਸੀ.ਬੀ.ਆਈ. ਨੇ ਦੱਸਿਆ ਕਿ ਇਸ ਮਾਮਲੇ ਵਿਚ ਜਾਂਚ ਜਾਰੀ ਹੈ। ਬੈਂਚ ਨੇ ਇਸ ਜਵਾਬ ਉਤੇ ਮਾਮਲੇ ਦੀ ਸੁਣਵਾਈ 17 ਮਈ ਤੱਕ ਮੁਲਤਵੀ ਕਰ ਦਿੱਤੀ ਹੈ।



ਕਾਬਲੇਗੌਰ ਹੈ ਕਿ ਹਾਈਕੋਰਟ ਦੇ ਸਿੰਗਲ ਜੱਜ ਵੱਲੋਂ ਇਸ ਮਾਮਲੇ ਦੀ ਸੀ.ਬੀ.ਆਈ. ਜਾਂਚ ਕਰਵਾਉਣ ਦੇ ਦਿੱਤੇ ਗਏ ਹੁਕਮਾਂ ਨੂੰ ਡੇਰਾ ਮੁਖੀ ਨੇ ਹਾਈਕੋਰਟ ਦੇ ਡਬਲ ਬੈਂਚ ਕੋਲ ਪਟੀਸ਼ਨ ਦਾਇਰ ਕਰਕੇ ਰੋਕ ਲਾਉਣ ਦੀ ਮੰਗ ਕੀਤੀ ਸੀ। ਡੇਰਾ ਮੁਖੀ ਨੇ ਦੋਸ਼ ਲਾਇਆ ਸੀ ਕਿ ਪਟੀਸ਼ਨਕਰਤਾ ਨੇ ਨਿਪੁੰਸਕ ਬਣਾਉਣ ਦੇ ਮਾਮਲੇ ਨੂੰ ਲੈ ਕੇ ਇਕ ਲੰਬੇ ਸਮੇਂ ਤੱਕ ਪੁਲਿਸ ਨੂੰ ਸ਼ਿਕਾਇਤ ਦਰਜ ਨਹੀਂ ਕਰਵਾਈ। ਜਦੋਂ ਕਿ ਪਟੀਸ਼ਨਕਰਤਾ ਦਾ ਦੋਸ਼ ਹੈ ਕਿ ਉਸ ਨੂੰ ਸਾਲ 2000 'ਚ ਨਿਪੁੰਸਕ ਬਣਾਇਆ ਗਿਆ ਸੀ।

ਇਸ ਮਾਮਲੇ 'ਚ 12 ਸਾਲਾਂ ਤੱਕ ਪੁਲਿਸ ਨੂੰ ਕੋਈ ਸ਼ਿਕਾਇਤ ਦਰਜ ਨਹੀਂ ਕਰਵਾਈ ਗਈ, ਜੋ ਕਿ ਕਾਨੂੰਨੀ ਤੌਰ 'ਤੇ ਠੀਕ ਨਹੀਂ ਹੈ। ਇਸ ਮਾਮਲੇ ਵਿਚ ਕੁਝ ਸਾਧੂਆਂ ਨੇ ਅਦਾਲਤ 'ਚ ਦਾਅਵਾ ਕੀਤਾ ਸੀ ਕਿ ਉਹ ਮਧੁਰ ਆਵਾਜ਼ ਹਾਸਲ ਕਰਨ ਲਈ ਆਪਣੀ ਇੱਛਾ ਮੁਤਾਬਕ ਨਿਪੁੰਸਕ ਬਣੇ ਹਨ। ਦੋਹਰੇ ਬੈਂਚ ਨੇ ਇਸ ਮਾਮਲੇ 'ਚ ਡੇਰਾ ਮੁਖੀ ਨੂੰ ਕੋਈ ਰਾਹਤ ਨਾ ਦਿੰਦਿਆਂ ਮਾਮਲੇ ਦੀ ਸੀ.ਬੀ.ਆਈ. ਜਾਂਚ ਜਾਰੀ ਰੱਖਣ ਦੇ ਹੁਕਮ ਦਿੱਤੇ।

# ਸ਼੍ਰੋਮਣੀ ਕਮੇਟੀ ਨੇ ਆਖਰ ਮਣੀਕਰਨ ਹਾਦਸਾ ਪੀੜਤਾਂ ਦੀ ਲਈ ਸਾਰ

**ਤਲਵੰਡੀ ਸਾਬੋ:** ਹਿਮਾਚਲ ਪ੍ਰਦੇਸ਼ ਦੇ ਕੁੱਲੂ ਜ਼ਿਲ੍ਹੇ ਵਿਚ ਪੈਂਦੇ ਗੁਰਦੁਆਰਾ ਮਣੀਕਰਨ ਸਾਹਿਬ ਦੇ ਦਰਸ਼ਨਾਂ ਲਈ ਗਏ ਬਠਿੰਡਾ, ਮਾਨਸਾ ਤੇ ਬਰਨਾਲਾ ਜ਼ਿਲ੍ਹਿਆਂ ਦੇ ਸ਼ਰਧਾਲੂਆਂ ਨੂੰ ਬੀਤੇ ਸਾਲ ਪੇਸ਼ ਆਏ ਹਾਦਸੇ ਵਿਚ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਾਂ ਤੇ ਜ਼ਖ਼ਮੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਐਲਾਨੀ ਸਹਾਇਤਾ ਦੇ ਚੈੱਕ ਦੇਣੇ ਸ਼ੁਰੂ ਕਰ ਦਿੱਤੇ ਹਨ। ਮਰਨ ਵਾਲਿਆਂ ਦੇ ਪਰਿਵਾਰਾਂ ਨੂੰ ਪੰਜਾਹ-ਪੰਜਾਹ ਹਜ਼ਾਰ ਤੇ ਜ਼ਖ਼ਮੀਆਂ ਨੂੰ ਦਸ-ਦਸ ਹਜ਼ਾਰ ਰੁਪਏ ਦੇ ਚੈੱਕ ਤਖ਼ਤ ਦਮਦਮਾ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਮੋਹਨ ਸਿੰਘ ਬੰਗੀ ਨੇ ਸੌਂਪੇ।



ਇਨ੍ਹਾਂ ਪੀੜਤਾਂ ਵਿਚ ਤਲਵੰਡੀ ਸਾਬੋ ਇਲਾਕੇ ਨਾਲ ਸਬੰਧਤ ਪਿੰਡ ਲੇਲੇਵਾਲਾ ਦੇ ਤੇਰਾਂ, ਜਗਾ ਰਾਮ ਤੀਰਥ ਦੇ ਦਸ, ਭਾਗੀਵਾਂਦਰ ਦੇ ਤਿੰਨ ਅਤੇ ਪਿੰਡ ਕੋਲੈਵਾਂਦਰ ਨਸੀਬਪੁਰਾ ਦੇ ਦੋ ਪਰਿਵਾਰ ਸ਼ਾਮਲ ਸਨ। ਗੌਰਤਲਬ ਹੈ ਕਿ 23 ਜੁਲਾਈ, 2015 ਨੂੰ ਬਠਿੰਡਾ, ਮਾਨਸਾ ਅਤੇ ਬਰਨਾਲਾ ਜ਼ਿਲ੍ਹਿਆਂ ਦੇ ਸ਼ਰਧਾਲੂਆਂ ਦੀ ਖਚਾਖਚ ਭਰੀ ਬੱਸ ਹਿਮਾਚਲ ਦੇ ਕੁੱਲੂ ਜ਼ਿਲ੍ਹੇ ਦੇ ਮੰਡੀ ਕਸਬੇ ਨੇੜੇ ਉਸ ਸਮੇਂ ਪਹਾੜੀ ਨਾਲ ਟਕਰਾਅ ਕੇ ਪਾਰਵਤੀ ਨਦੀ ਵਿਚ ਡਿੱਗ ਪਈ ਸੀ। ਹਾਦਸੇ ਵਿਚ 46 ਦੇ ਕਰੀਬ ਵਿਅਕਤੀ ਮਾਰੇ ਗਏ ਸਨ ਅਤੇ ਬਾਕੀ ਜ਼ਖ਼ਮੀ ਹੋ ਗਏ ਸਨ। ਪਾਣੀ ਦੇ ਤੇਜ਼ ਵਹਾਅ ਵਿਚ ਰੁੜ੍ਹੀਆਂ ਤਿੰਨ ਲਾਸ਼ਾਂ ਹਾਲੇ ਵੀ ਲਾਪਤਾ ਹਨ। ਪੀੜਤ ਪਰਿਵਾਰਾਂ ਲਈ ਹਿਮਾਚਲ ਪ੍ਰਦੇਸ਼ ਸਰਕਾਰ ਨੇ ਐਲਾਨੀ ਰਕਮ ਚਾਰ-ਚਾਰ ਲੱਖ ਰੁਪਏ ਭਾਵੇਂ ਭੇਜ ਦਿੱਤੀ ਸੀ, ਪਰ ਪੰਜਾਬ ਸਰਕਾਰ ਵੱਲੋਂ ਇਕ-ਇਕ ਲੱਖ ਤੇ ਸ਼੍ਰੋਮਣੀ ਕਮੇਟੀ ਵੱਲੋਂ ਐਲਾਨੀ ਰਕਮ ਨਾ ਮਿਲਣ ਕਾਰਨ ਪੀੜਤਾਂ ਵਿਚ ਨਿਰਾਸ਼ਾ ਪਾਈ ਜਾ ਰਹੀ ਸੀ।

# ਪੰਜਾਬ ਖੇਤੀ ਕਰਜ਼ਾ ਰਾਹਤ ਬਿੱਲ ਬਾਰੇ ਟਾਲ-ਮਟੋਲ ਵਾਲੀ ਨੀਤੀ

**ਚੰਡੀਗੜ੍ਹ:** ਪੰਜਾਬ ਖੇਤੀ ਕਰਜ਼ਾ ਰਾਹਤ ਬਿੱਲ ਦੇ ਖਰੜੇ ਉਤੇ ਸਹਿਮਤੀ ਬਣਾਉਣ ਲਈ ਬਣਾਈ ਮੰਤਰੀਆਂ ਤੇ ਉਚ ਅਧਿਕਾਰੀਆਂ ਦੀ ਕਮੇਟੀ ਕਿਸੇ ਨਤੀਜੇ ਉਤੇ ਨਹੀਂ ਪਹੁੰਚ ਰਹੀ। ਕਰਜ਼ੇ ਦੇ ਵਿਆਜ ਬਾਰੇ ਮੰਤਰੀਆਂ ਵਿਚ ਵੀ ਸਹਿਮਤੀ ਨਹੀਂ ਬਣੀ। ਸੂਤਰਾਂ ਅਨੁਸਾਰ ਕਮੇਟੀ ਵੱਲੋਂ ਕੀਤੀ ਗੈਰਰਸਮੀ ਮੀਟਿੰਗ ਵਿਚ ਕਰਜ਼ੇ ਦੇ ਵਿਆਜ ਬਾਰੇ ਰੇੜਕਾ ਹੈ। ਖੁਰਾਕ ਤੇ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਆੜ੍ਹਤੀਆਂ ਨੂੰ ਨਾਰਾਜ਼ ਨਾ ਕਰਨ ਉਤੇ ਜ਼ੋਰ ਦੇ ਰਹੇ ਹਨ। ਕਮੇਟੀ ਦੇ ਦੂਸਰੇ ਕੁਝ ਮੈਂਬਰ ਵਿਆਜ ਦੀ ਰਾਸ਼ੀ ਬੈਂਕਿੰਗ ਪ੍ਰਣਾਲੀ ਉਤੇ ਆਧਾਰਤ ਕਰਨ ਨੂੰ ਕਹਿ ਰਹੇ ਹਨ।



ਕੋਈ ਸਹਿਮਤੀ ਨਾ ਹੋਣ ਉਤੇ ਮਾਮਲਾ ਮੁੱਖ ਮੰਤਰੀ ਉਤੇ ਛੱਡ ਦਿੱਤਾ ਗਿਆ ਹੈ। 2006 ਦੇ ਬਣੇ ਪਏ ਬਿੱਲ ਨੂੰ 11 ਸਾਲ ਹੋ ਚੁੱਕੇ ਹਨ। ਇਸ ਸਮੇਂ ਦੌਰਾਨ ਆੜ੍ਹਤੀਆਂ ਨੇ ਹੌਲੀ-ਹੌਲੀ ਕਰਜ਼ਾ ਦੇਣ ਤੋਂ ਹੱਥ ਖਿੱਚ ਲਿਆ ਹੈ। ਪੰਜਾਬੀ ਯੂਨੀਵਰਸਿਟੀ ਦੇ ਸਰਵੇ ਵਿਚ ਵੀ ਇਸ ਦੀ ਪੁਸ਼ਟੀ ਹੁੰਦੀ ਹੈ। ਸਰਵੇ ਅਨੁਸਾਰ ਕਿਸਾਨਾਂ ਸਿਰ ਕੁੱਲ 69,355 ਕਰੋੜ ਰੁਪਏ ਦੇ ਕਰਜ਼ੇ ਵਿਚੋਂ 56,481 ਕਰੋੜ ਰੁਪਏ ਸੰਸਥਾਗਤ ਕਰਜ਼ੇ ਦਾ ਹੈ ਅਤੇ ਸਿਰਫ 12,879 ਕਰੋੜ ਰੁਪਏ ਹੀ ਸ਼ਾਹੂਕਾਰਾਂ ਦਾ ਕਰਜ਼ਾ ਹੈ। ਇਸ ਤੋਂ ਪਹਿਲਾਂ ਇਹ ਤਕਰੀਬਨ 45 ਫੀਸਦੀ ਤੱਕ ਸੀ। ਬੈਂਕਾਂ ਵੱਲੋਂ ਕੁਲੈਕਟਰ ਰੇਟ ਉਤੇ ਧੜਾ ਧੜ ਬਣਾਈਆਂ ਜਾ ਰਹੀਆਂ ਲਿਮਟਾਂ ਵੀ ਕਿਸਾਨ ਨੂੰ ਕਰਜ਼ੇ ਵਿਚ ਫਸਾ ਰਹੀਆਂ ਹਨ।

ਮੁੱਖ ਮੰਤਰੀ ਨੇ ਖੇਤੀ ਕਰਜ਼ਾ ਰਾਹਤ ਬਿੱਲ ਅਗਲੇ ਵਿਧਾਨ ਸਭਾ ਸੈਸ਼ਨ ਵਿਚ ਲਿਆਉਣ ਦੀ ਮਨਜ਼ੂਰੀ ਦੇ ਕੇ ਸਾਰੀਆਂ ਧਿਰਾਂ ਨਾਲ ਗੱਲਬਾਤ ਕਰਨ ਲਈ ਕਮੇਟੀ ਬਣਾਈ ਸੀ। ਇਸ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਵੀ ਮੁੱਦਾ ਕਮੇਟੀਆਂ ਵਿਚ ਹੀ ਉਲਝਿਆ ਰਿਹਾ ਸੀ।

ਸੂਤਰਾਂ ਅਨੁਸਾਰ 2006 ਵਿਚ ਬਣਾਏ ਗਏ ਕਰਜ਼ਾ ਰਾਹਤ ਬਿੱਲ ਵਿਚ ਕਰਜ਼ੇ ਦੀ ਵਿਆਜ ਦੀ ਦਰ 10 ਫੀਸਦੀ ਰੱਖੀ ਗਈ ਸੀ। ਇਸੇ ਬਿੱਲ ਉਤੇ ਮੌਜੂਦਾ ਕਮੇਟੀ ਵਿਚਾਰ ਕਰ ਰਹੀ ਹੈ। ਆੜ੍ਹਤੀ ਵਿਆਜ ਦਰ ਪੰਦਰਾਂ ਫੀਸਦੀ ਤੋਂ ਵੱਧ ਰੱਖਣ ਉਤੇ ਜ਼ੋਰ ਦੇ ਰਹੇ ਹਨ ਜਦ ਕਿ ਕਮੇਟੀ ਦੇ ਕਿਸਾਨ ਪੱਖੀ ਕਹਾਉਣ ਵਾਲੇ ਮੰਤਰੀ ਵੀ ਇਹ ਦਰ 14 ਫੀਸਦੀ ਤੱਕ ਕਰਨ ਨੂੰ ਹੀ ਆਪਣੀ ਸਫਲਤਾ ਮੰਨ ਰਹੇ ਹਨ। ਇਨ੍ਹਾਂ ਦਾ ਤਰਕ ਹੈ ਕਿ ਬੈਂਕ ਹੁਣ ਕਰਜ਼ਾ 11 ਫੀਸਦੀ ਵਿਆਜ ਉਤੇ ਦੇ ਰਿਹਾ ਹੈ। ਭਾਰਤੀ ਰਿਜ਼ਰਵ ਬੈਂਕ ਅਨੁਸਾਰ ਤਿੰਨ ਫੀਸਦੀ ਉਪਰਲੇ ਖਰਚੇ ਲਏ ਜਾ ਸਕਦੇ ਹਨ।

ਜਿਹੜਾ ਕਿਸਾਨ ਲਗਾਤਾਰ ਕਰਜ਼ਾ ਵਾਪਸ ਕਰਦਾ ਹੈ ਤਾਂ ਉਸ ਦਾ ਤਿੰਨ ਫੀਸਦੀ ਵਿਆਜ ਐਡਜਸਟ ਹੋ ਕੇ ਚਾਰ ਫੀਸਦੀ ਰਹਿ ਜਾਂਦਾ ਹੈ।

ਆੜ੍ਹਤੀ ਦਾ ਕਰਜ਼ਾ ਵੀ ਅਸਲ ਵਿਚ ਫਸਲ ਨਾਲ ਸਬੰਧਤ ਹੈ ਕਿਉਂਕਿ ਕਿਸਾਨ ਦੀ ਫਸਲ ਉਸ ਦੀ ਦੁਕਾਨ 'ਤੇ ਆਉਣ ਦੇ ਅਧਾਰ ਉਤੇ ਹੀ ਕਰਜ਼ਾ ਦਿੱਤਾ ਜਾਂਦਾ ਹੈ।

## ਹਰਿਆਣਾ ਨੇ ਵੀ ਬੀਮਾ ਸਕੀਮ ਤੋਂ ਮੂੰਹ ਫੇਰਿਆ

**ਚੰਡੀਗੜ੍ਹ:** ਹਰਿਆਣਾ ਸਰਕਾਰ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਦੀ ਥਾਂ ਆਪਣੀ ਫਸਲ ਬੀਮਾ ਯੋਜਨਾ ਤਿਆਰ ਕਰ ਰਹੀ ਹੈ। ਇਸ ਯੋਜਨਾ ਦਾ ਨਾਂ ਵੀ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਹੀ ਹੋਵੇਗਾ। ਹਰਿਆਣਾ ਸਰਕਾਰ ਨੂੰ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਲਾਗੂ ਕਰਨ ਲਈ ਛਿਮਾਹੀ ਵਾਸਤੇ ਲਗਪਗ ਢਾਈ ਹਜ਼ਾਰ ਕਰੋੜ ਰੁਪਏ ਤੇ ਸਾਲਾਨਾ ਪੰਜ ਹਜ਼ਾਰ ਕਰੋੜ ਰੁਪਏ ਦਾ ਪ੍ਰਬੰਧ ਕਰਨਾ ਹੋਵੇਗਾ। ਇਸ ਕਰ ਕੇ ਰਾਜ ਸਰਕਾਰ ਆਪਣੀ ਬੀਮਾ ਯੋਜਨਾ ਲਾਗੂ ਕਰਨ ਦੀ ਦਿਸ਼ਾ ਵਿਚ ਤੇਜ਼ੀ ਨਾਲ ਕਾਰਵਾਈ ਕਰ ਰਹੀ ਹੈ। ਸੂਬਾ ਸਰਕਾਰ ਲਈ ਸਾਲਾਨਾ ਪੰਜ ਹਜ਼ਾਰ ਕਰੋੜ ਰੁਪਏ ਦਾ ਪ੍ਰਬੰਧ ਕਰਨਾ ਵੱਡੀ ਸਮੱਸਿਆ ਹੈ ਤੇ ਫਸਲਾਂ ਦਾ ਨੁਕਸਾਨ ਹੋਵੇ ਜਾਂ ਨਾ ਹੋਵੇ ਪਰ ਇਹ ਪੈਸਾ ਤਾਂ ਸਬੰਧਤ ਬੀਮਾ ਕੰਪਨੀ ਦੇ ਖਾਤੇ ਵਿਚ ਚਲਾ ਜਾਵੇਗਾ। ਇਸ ਲਈ ਸਰਕਾਰ ਨੇ ਆਪਣੀ ਬੀਮਾ ਯੋਜਨਾ ਲਾਗੂ ਕਰਨ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਜਾਣਕਾਰਾਂ ਦਾ ਕਹਿਣਾ ਹੈ ਕਿ ਰਾਜ ਸਰਕਾਰ ਵੱਲੋਂ ਆਪਣੀ ਯੋਜਨਾ ਲਾਗੂ ਕਰਨ ਦਾ ਵੱਡਾ ਫਾਇਦਾ ਇਹ ਹੋਵੇਗਾ ਕਿ ਸਾਰਾ ਫੰਡ ਉਸ ਕੋਲ ਹੀ ਰਹੇਗਾ। ਇਸ ਵਿਚ ਹੀ ਕੇਂਦਰ ਸਰਕਾਰ ਦੇ ਹਿੱਸੇ ਦਾ ਪੈਸਾ ਸ਼ਾਮਲ ਹੋਵੇਗਾ। ਆਮ ਧਾਰਨਾ ਹੈ ਕਿ ਸਰਕਾਰ ਦੇ ਪੰਜ ਸਾਲ ਦੇ ਕਾਰਜਕਾਲ ਦੌਰਾਨ ਕਿਸਾਨਾਂ ਦੀਆਂ ਫਸਲਾਂ ਦਾ ਨੁਕਸਾਨ ਇਕ ਜਾਂ ਦੋ ਵਾਰ ਹੁੰਦਾ ਹੈ। ਇਸ ਸਥਿਤੀ ਵਿਚ ਫਸਲ ਬੀਮਾ ਯੋਜਨਾ ਦਾ ਕਾਫੀ ਪੈਸਾ ਬਚ ਜਾਵੇਗਾ।

## ਗੁਰੂ ਘਰ ਵਿਚ ਚੂਹੇ ਮਿਲਣ ਕਾਰਨ ਲੰਗਰ ਹਾਲ ਬੰਦ

**ਲੰਡਨ:** ਇੰਗਲੈਂਡ ਦੇ ਇਕ ਗੁਰਦੁਆਰੇ ਵਿਚੋਂ ਚੂਹੇ ਮਿਲਣ ਕਾਰਨ ਸਿਹਤ ਵਿਭਾਗ ਨੇ ਲੰਗਰ ਹਾਲ ਨੂੰ ਬੰਦ ਕਰਵਾ ਦਿੱਤਾ ਹੈ। ਬਰਮਿੰਘਮ ਸਿਟੀ ਕੌਂਸਲ ਦੇ ਵਾਤਾਵਰਨ ਸਿਹਤ ਅਫ਼ਸਰਾਂ ਨੇ ਪਿਛਲੇ ਦਿਨੀਂ ਹੈਂਡਸਵਰਥ ਵੁੱਡ ਦੇ ਗੁਰਦੁਆਰਾ ਸਿੰਘ ਸਭਾ ਦੇ ਦੋ ਲੰਗਰ ਘਰਾਂ ਦੀ ਚੈਕਿੰਗ ਕੀਤੀ ਸੀ।

'ਬਰਮਿੰਘਮ ਮੇਲ' ਵਿਚ ਛਪੀ ਰਿਪੋਰਟ ਅਨੁਸਾਰ ਗੁਰਦੁਆਰੇ ਦੇ ਲੰਗਰ ਹਾਲ ਵਿਚ ਚੂਹੇ ਹੋਣ ਦੇ ਸਬੂਤ ਮਿਲਣ ਤੋਂ ਮਗਰੋਂ ਇੱਕ ਲੰਗਰ ਘਰ ਬੰਦ ਕਰਵਾ ਦਿੱਤਾ ਗਿਆ ਹੈ। ਸਮਰਸੈੱਟ ਰੋਡ 'ਤੇ ਪੈਂਦੇ ਇਸ ਗੁਰਦੁਆਰੇ ਵਿਚ ਰੋਜ਼ਾਨਾ ਲੰਗਰ ਵਰਤਾਇਆ ਜਾਂਦਾ ਸੀ।

ਬਰਮਿੰਘਮ ਸਿਟੀ ਕੌਂਸਲ ਦੇ ਬੁਲਾਰੇ ਅਨੁਸਾਰ ਇਹ ਕਦਮ ਲੋਕਾਂ ਦੀ ਸਿਹਤ ਨੂੰ ਧਿਆਨ ਵਿਚ ਰੱਖ ਕੇ ਚੁੱਕਿਆ ਗਿਆ ਹੈ।

ਬੁਲਾਰੇ ਅਨੁਸਾਰ ਸਿਹਤ ਮਹਿਕਮੇ ਦੀ ਟੀਮ ਨੇ 22 ਜਨਵਰੀ ਨੂੰ ਗੁਰਦੁਆਰੇ ਦਾ ਦੌਰਾ ਕੀਤਾ ਸੀ ਜਿਸ ਦੌਰਾਨ ਲੰਗਰ ਹਾਲ ਵਿਚ ਚੂਹੇ ਹੋਣ ਦੇ ਸਬੂਤ ਮਿਲੇ ਸਨ। ਇਸ ਗੁਰਦੁਆਰੇ ਵਿਚ ਦੋ ਲੰਗਰ ਹਾਲ ਹਨ। ਫ਼ਿਲਹਾਲ ਇੱਕ ਹਾਲ ਨੂੰ ਬੰਦ ਕੀਤਾ ਗਿਆ ਹੈ।

## ਖੂਬ ਚਰਚਾ 'ਚ ਹੈ ਗੁਰਬਚਨ ਸਿੰਘ ਭੁੱਲਰ ਦੀ ਕਹਾਣੀ 'ਤੇ ਬਣੀ ਲਘੂ ਫਿਲਮ 'ਖੂਨ'

**ਐਸ ਅਸ਼ੋਕ ਭੌਰਾ**

ਇਕ ਅਲੂਆਂ ਜਿਹਾ ਮੁੰਡਾ ਵੇਖਦਿਆਂ ਵੇਖਦਿਆਂ ਗੀਤਕਾਰ ਤੋਂ ਸਮਰੱਥ ਫਿਲਮਕਾਰ ਬਣਦਾ ਜਾ ਰਿਹਾ ਹੈ। ਹੰਸ ਰਾਜ ਹੰਸ ਦਾ 'ਇਹ ਜੋ ਸਿੱਲੀ ਸਿੱਲੀ ਆਉਂਦੀ ਏ ਹਵਾ' ਗੀਤ ਲਿਖਣ ਵਾਲਾ ਅਮਰਦੀਪ ਗਿੱਲ ਪੰਜਾਬੀ ਫਿਲਮ ਨਿਰਮਾਣ ਵਿਚ ਜਲਦੀ ਪੈਰ ਟਿਕਾਉਣ ਦੀ ਸੰਭਾਵਨਾ ਪੈਦਾ ਕਰ ਗਿਆ ਹੈ ਕਿਉਂਕਿ ਗੁਰਬਚਨ ਸਿੰਘ ਭੁੱਲਰ ਦੀ ਕਹਾਣੀ 'ਤੇ ਆਧਾਰਤ ਉਸ ਵਲੋਂ 'ਮਿਡਨਾਈਟ ਸਨ ਪਿਕਚਰਜ਼' ਅਤੇ 'ਤਖਤ ਹਜ਼ਾਰਾ ਫਿਲਮਜ਼' ਦੇ ਬੈਨਰ ਹੇਠ ਬਣਾਈ ਗਈ ਫਿਲਮ 'ਖੂਨ' ਨੇ ਫਿਲਮੀ ਦਰਸ਼ਕਾਂ ਅਤੇ ਫਿਲਮ ਨਿਰਮਾਣ ਨਾਲ ਜੁੜੀਆਂ ਹਸਤੀਆਂ ਦਾ ਧਿਆਨ ਆਪਣੇ ਵੱਲ ਖਿੱਚ ਲਿਆ ਹੈ।



ਨਿਰਮਾਤਾ ਅਮਰਦੀਪ ਗਿੱਲ

ਇਸ ਪੈਂਤੀ ਮਿੰਟ ਦੀ ਲਘੂ ਫਿਲਮ ਵਿਚ ਜ਼ਮੀਨ ਦੀ ਵੰਡ ਨੂੰ ਲੈ ਕੇ ਵਿਕਦੀਆਂ ਜ਼ਮੀਰਾਂ 'ਤੇ ਕਰਾਰੀ ਚੋਟ ਕਰਦਿਆਂ ਇਕ ਅਜਿਹਾ ਸੁਨੇਹਾ ਦੇਣ ਦਾ ਸਫਲ ਯਤਨ ਕੀਤਾ ਗਿਆ ਹੈ ਜੋ ਪੰਜਾਬ ਦੇ ਹਾਲਾਤ ਅਤੇ ਪਰਿਵਾਰਕ ਰਿਸ਼ਤਿਆਂ ਨੂੰ ਹੋਰ ਵੀ ਸੁਖਾਵੇਂ ਬਣਾਉਣ ਦਾ ਉਪਰਾਲਾ ਸਿੱਧ ਹੋਵੇਗਾ। ਮਾਲਵੇ ਦੇ ਠੇਠ ਪੇਂਡੂ ਅੰਦਾਜ਼ ਅਤੇ ਸੰਵਾਦ ਨਾਲ ਨੱਕੋ ਨੱਕ ਭਰੀ ਇਹ ਫਿਲਮ ਵੇਖਦਿਆਂ 'ਅੱਗੋਂ ਕੀ ਹੋਵੇਗਾ' ਦੀ ਉਤਸੁਕਤਾ ਲੈ ਕੇ ਪੈਂਤੀ ਮਿੰਟ ਪਤਾ ਹੀ ਨਹੀਂ ਲੱਗਦਾ, ਕਦੋਂ ਪੂਰੇ ਹੋ ਜਾਂਦੇ ਹਨ।

ਫਿਲਮ ਵਿਚ ਹਰਸ਼ਰਨ ਸਿੰਘ, ਕੁੱਲ ਸਿੱਧੂ, ਸੁੱਖੀ ਬੱਲ, ਅਜੇ ਸੇਠੀ, ਗੁਰਪ੍ਰੀਤ ਤੋਤੀ, ਗੁਲਜ਼ਾਰ ਅਜੀਜ਼, ਭਾਰਤੀ ਦੱਤ, ਧਰਮਿੰਦਰ ਕੁਮਾਰ ਬਨੀ, ਕੇਵਲ ਬਾਂਸਲ ਅਤੇ ਮਾਸਟਰ ਹਰਮਨ ਕੈਂਥ ਆਦਿ ਕਲਾਕਾਰਾਂ ਨੇ ਕੰਮ ਕੀਤਾ ਹੈ। ਪਰਮਿੰਦਰ ਸਿੰਘ ਦਾ ਕੈਮਰਾ ਤੇ ਸੋਨੀ ਸ਼ਰਮਾ ਦੀ ਸੰਪਾਦਨਾ ਫਿਲਮ ਦੇ ਲਗਭਗ ਸਾਰੇ ਪੱਖਾਂ ਨੂੰ ਨਿਖਾਰ ਗਈ ਹੈ। ਗੀਤਕਾਰ ਤੋਂ ਫਿਲਮਕਾਰ ਬਣਿਆ ਅਮਰਦੀਪ ਗਿੱਲ ਇਸ ਲਘੂ ਫਿਲਮ 'ਖੂਨ' ਨਾਲ ਨਾ ਸਿਰਫ ਆਪਣੇ ਯਤਨ ਨੂੰ ਸਾਰਥਿਕਤਾ ਦੇ ਅਰਥ ਪ੍ਰਦਾਨ ਕਰ ਗਿਆ ਹੈ ਬਲਕਿ ਭਵਿੱਖ ਵਿਚ ਪੰਜਾਬ ਦੇ ਫਿਲਮ ਖੇਤਰ ਦੀਆਂ ਬਹੁਤ ਸਾਰੀਆਂ ਸੰਭਾਵਨਾਵਾਂ ਅਮਰਦੀਪ ਨਾਲ ਜੁੜ ਗਈਆਂ ਹਨ। ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਦੀ ਇਹ ਕਹਾਣੀ ਪੰਜਾਬੀਆਂ ਦੇ ਬਹੁਤ ਨੇੜੇ ਲਿਆਉਣ ਵਿਚ 'ਖੂਨ' ਦੀ ਵਡਿਆਈ ਕੀਤੀ ਹੀ ਜਾਣੀ ਚਾਹੀਦੀ ਹੈ।





ਫਿਲਮ 'ਖੂਨ' ਦੇ ਕੁਝ ਦ੍ਰਿਸ਼

## ਜਗਤਾਰ ਸਿੰਘ ਹਵਾਰਾ ਦੀ ਰਿਹਾਈ ਪਟੀਸ਼ਨ ਨੂੰ ਅਮਰੀਕੀ ਝਟਕਾ

**ਨਿਊ ਯਾਰਕ:** ਸਰਬੱਤ ਖਾਲਸਾ ਵੱਲੋਂ ਐਲਾਨੇ ਗਏ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਜਗਤਾਰ ਸਿੰਘ ਹਵਾਰਾ ਦੀ ਰਿਹਾਈ ਸਬੰਧੀ ਸਿੱਖਸ ਫਾਰ ਜਸਟਿਸ ਦੀ ਆਨਲਾਈਨ ਪਟੀਸ਼ਨ ਉਤੇ ਵਾਈਟ ਹਾਊਸ ਨੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

ਪਟੀਸ਼ਨ ਉਤੇ ਇਕ ਲੱਖ ਸਿੱਖਾਂ ਵਲੋਂ ਦਸਤਖ਼ਤ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਸੀ। ਵਾਈਟ ਹਾਊਸ ਦੇ ਅਧਿਕਾਰੀਆਂ ਅਨੁਸਾਰ ਉਹ ਵਿਦੇਸ਼ੀ ਧਰਤੀ ਦੇ ਕ੍ਰਿਮੀਨਲ ਕੇਸ ਦੀ ਪਟੀਸ਼ਨ ਉਤੇ ਟਿੱਪਣੀ ਨਹੀਂ ਕਰ ਸਕਦੇ। ਇਸ ਆਨਲਾਈਨ ਪਟੀਸ਼ਨ ਨੂੰ ਨਵੰਬਰ 2015 ਵਿਚ ਸਿੱਖਸ ਫਾਰ ਜਸਟਿਸ ਨੇ ਸ਼ੁਰੂ ਕੀਤਾ ਸੀ ਜਿਸ ਵਿਚ ਜਗਤਾਰ ਸਿੰਘ ਹਵਾਰਾ ਦੀ ਰਿਹਾਈ ਦੀ ਮੰਗ ਕੀਤੀ ਗਈ ਸੀ।

ਇਸ ਪਟੀਸ਼ਨ ਰਾਹੀਂ ਮੰਗ ਕੀਤੀ ਗਈ ਸੀ ਕਿ ਓਬਾਮਾ ਪ੍ਰਸ਼ਾਸਨ ਹਵਾਰਾ ਦੀ ਰਿਹਾਈ ਦੇ ਮਾਮਲੇ ਵਿਚ ਦਖ਼ਲ ਦੇਵੇ। ਵਾਈਟ ਹਾਊਸ ਨੇ ਕਿਹਾ ਕਿ ਅਮਰੀਕਾ ਸਾਰੇ ਨਾਗਰਿਕਾਂ ਦੀ ਧਾਰਮਿਕ ਆਜ਼ਾਦੀ ਦੇ ਪ੍ਰਸਾਰ ਲਈ ਵਚਨਬੱਧ ਹੈ ਪਰ ਕਿਸੇ ਹੋਰ ਦੇਸ਼ ਦੇ ਨਿਆਇਕ ਮਾਮਲੇ ਵਿਚ ਦਖ਼ਲ ਨਹੀਂ ਦਿੱਤਾ ਜਾ ਸਕਦਾ।

ਚੇਤੇ ਰਹੇ, ਪਿਛਲੇ ਸਾਲ ਰਾਸ਼ਟਰਪਤੀ ਬਰਾਕ ਓਬਾਮਾ ਨੇ ਭਾਰਤ ਦੇ ਦੌਰੇ ਦੌਰਾਨ ਵੀ ਇਹ ਕਿਹਾ ਸੀ ਕਿ ਸਾਰੇ ਲੋਕਾਂ ਦੀ ਧਾਰਮਿਕ ਆਜ਼ਾਦੀ ਦੀ ਅਮਰੀਕਾ ਵਕਾਲਤ ਕਰਦਾ ਹੈ ਤੇ ਇਸ ਮਾਮਲੇ ਵਿੱਚ ਕਿਸੇ ਤਰ੍ਹਾਂ ਪੱਖਪਾਤ ਨਹੀਂ ਹੋਣਾ ਚਾਹੀਦਾ।




**Anu Attorney**
**Professional Law Group, PLLC.**

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW *(Only In WA)*
*Divorce *Annulment
*International Custody

INCORPORATIONS *(Only In WA)*
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



ਸੰਜਨਾ ਪ੍ਰਭਾਕਰ
ਸੀਨੀਅਰ ਮਾਰਟਗੇਜ ਕੰਸਲਟੈਂਟ

ਕੀ ਤੁਸੀਂ ਆਪਣਾ ਪਹਿਲਾ ਘਰ ਖਰੀਦਣਾ ਚਾਹੁੰਦੇ ਹੋ ਜਾਂ ਹੁਣ ਵਾਲੇ ਘਰ ਨੂੰ ਰੀਫਿਨਾਂਸ ਕਰਾਉਣਾ ਚਾਹੁੰਦੇ ਹੋ?

ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਤੁਹਾਨੂੰ ਘਰ ਲਈ ਕਿੰਨਾ ਲੋਨ ਮਿਲ ਸਕਦਾ ਹੈ?
ਤੁਸੀਂ ਪ੍ਰੀ-ਅਪਰੂਵਲ ਲੈਟਰ ਲੈਣਾ ਚਾਹੁੰਦੇ ਹੋ ਜਾਂ ਤੁਹਾਡੇ ਮਨ ਵਿਚ ਕੋਈ ਹੋਰ ਸਵਾਲ ਹੈ?
ਅੱਜ ਹੀ ਪੰਜਾਬੀ ਵਿਚ ਗੱਲ ਕਰਨ ਲਈ ਸੰਜਨਾ ਨੂੰ ਫੋਨ ਕਰੋ

408-905-9849

*email: sanjana.prabhakar@gmail.com*



ਸੰਜਨਾ ਪ੍ਰਭਾਕਰ
ਅਨੁਭਵੀ ਮਾਰਟਗੇਜ ਕੰਸਲਟੈਂਟ
NMLS # 378390

Arcus LENDING
*America's Premier Mortgage Experts*
*Arcus NMLS # 1035734*

ਸੰਜਨਾ ਦੇ ਦੱਸੇ ਰਿਐਲਟਰ ਰਾਹੀਂ ਘਰ ਲਓ ਅਤੇ ਰਿਅਲ ਅਸਟੇਟ ਦਾ ਕਲੋਜ਼ਿੰਗ ਖਰਚਾ ਬਚਾਓ

*Work with her preferred realtor and save money on real estate closing cost.*

# ਪੰਮਾ ਦੀ ਹਵਾਲਗੀ ਲਈ ਪੁਰਤਗਾਲ ਗਈ ਟੀਮ ਘਿਰੀ

**ਪਟਿਆਲਾ:** ਪਰਮਜੀਤ ਸਿੰਘ ਪੰਮਾ ਨੂੰ ਲੈਣ ਪੁਰਤਗਾਲ ਗਈ ਪੰਜਾਬ ਪੁਲਿਸ ਦੀ ਦੋ ਮੈਂਬਰੀ ਟੀਮ ਵਾਪਸ ਆ ਗਈ ਹੈ। ਪਟਿਆਲਾ ਦੇ ਡੀ.ਆਈ.ਜੀ. ਬਲਕਾਰ ਸਿੰਘ ਸਿੱਧੂ ਅਤੇ ਮੁਹਾਲੀ ਦੇ ਐਸ.ਪੀ. ਅਸ਼ੀਸ਼ ਕਪੂਰ 'ਤੇ ਆਧਾਰਤ ਇਹ ਟੀਮ ਪੰਮਾ ਦੇ ਪੰਜਾਬ ਪੁਲਿਸ ਨੂੰ ਲੋੜੀਂਦੇ ਹੋਣ ਸਬੰਧੀ ਉਥੋਂ ਦੀ ਅਦਾਲਤ ਵਿਚ ਆਪਣਾ ਪੱਖ ਰੱਖਣ ਲਈ ਗਈ ਸੀ। ਉਧਰ, ਆਪਣੇ ਆਪ ਨੂੰ ਭਾਰਤ ਹਵਾਲੇ ਨਾ ਕੀਤੇ ਜਾਣ ਸਬੰਧੀ ਆਪਣਾ ਪੱਖ ਮਜ਼ਬੂਤ ਕਰਨ ਦੀ ਕੜੀ ਵਜੋਂ ਪੰਮਾ ਵੱਲੋਂ ਇਨ੍ਹਾਂ ਦੋਵਾਂ ਸਮੇਤ ਡੀ.ਐਸ.ਪੀ. ਰਾਜਿੰਦਰ ਸਿੰਘ ਸੋਹਲ ਖਿਲਾਫ ਵੀ ਉਸ 'ਤੇ ਢਾਈ ਦਹਾਕੇ ਪਹਿਲਾਂ ਭਾਰਤ ਹੋਣ ਮੌਕੇ ਤਸ਼ੱਦਦ ਢਾਹੁਣ ਦੇ ਦੋਸ਼ਾਂ 'ਤੇ ਆਧਾਰਤ ਉਥੋਂ ਦੀ ਅਦਾਲਤ ਵਿਚ ਇਕ ਸ਼ਿਕਾਇਤ ਦਾਇਰ ਕੀਤੀ ਗਈ ਹੈ, ਜਿਸ ਨੂੰ ਇਨ੍ਹਾਂ ਪੁਲਿਸ ਅਧਿਕਾਰੀਆਂ ਨੇ ਪੰਮਾ ਦੇ ਭਾਰਤ ਆਉਣ ਤੋਂ ਬਚਣ ਲਈ ਰਚੀ ਸਾਜ਼ਿਸ਼ ਕਰਾਰ ਦਿੱਤਾ ਗਿਆ ਹੈ।

ਇਸ ਟੀਮ ਵੱਲੋਂ ਪੰਮਾ ਦੇ ਲੋੜੀਂਦੇ ਹੋਣ ਸਬੰਧੀ ਉਥੇ ਦਸਤਾਵੇਜ਼ੀ ਸਬੂਤ ਦਾਇਰ ਕਰਨ ਤੋਂ ਬਾਅਦ ਆਪਣਾ ਪੱਖ ਹੋਰ ਮਜ਼ਬੂਤ ਕਰਨ ਲਈ ਹੀ ਪੰਮਾ ਵੱਲੋਂ ਪੁਲਿਸ ਅਧਿਕਾਰੀਆਂ ਖਿਲਾਫ



ਅਜਿਹੀ ਸ਼ਿਕਾਇਤ ਕੀਤੀ ਸਮਝੀ ਜਾ ਰਹੀ ਹੈ। ਪੰਮਾ ਵੱਲੋਂ ਦਾਇਰ ਕੀਤੀ ਅਜਿਹੀ ਸ਼ਿਕਾਇਤ ਸਬੰਧੀ ਖੁਲਾਸਾ 'ਸਿੱਖ ਕੌਂਸਲ ਯੂ.ਕੇ' ਵੱਲੋਂ ਕੀਤਾ ਗਿਆ ਸੀ। ਆਪਣੇ ਵਕੀਲਾਂ ਗੁਰਪਤਵੰਤ ਸਿੰਘ ਪੰਨੂੰ ਤੇ ਅਮਰਜੀਤ ਸਿੰਘ ਭੱਚੂ ਰਾਹੀਂ ਦਾਇਰ ਕੀਤੀ ਸ਼ਿਕਾਇਤ ਮੁਤਾਬਕ ਪੰਮਾ ਦਾ ਕਹਿਣਾ ਹੈ ਕਿ ਇਨ੍ਹਾਂ ਨੇ ਉਸ ਦੇ ਭਾਰਤ ਹੋਣ ਮੌਕੇ ਕੁੱਟਮਾਰ ਕੀਤੀ ਸੀ।

### ਪੰਮਾ ਦੇ ਹੱਕ ਵਿਚ ਡਟੇ ਗੋਰੇ ਸੰਸਦ ਮੈਂਬਰ

**ਲੰਡਨ:** ਪੁਰਤਗਾਲ ਵਿਚ ਗ੍ਰਿਫਤਾਰ ਕੀਤੇ ਗਏ ਪਰਮਜੀਤ ਸਿੰਘ ਪੰਮਾ ਦੀ ਭਾਰਤ ਹਵਾਲਗੀ ਰੋਕਣ ਲਈ ਇੰਗਲੈਂਡ ਦੀਆਂ ਵੱਖ-ਵੱਖ ਪਾਰਟੀਆਂ ਦੇ ਐਮ.ਪੀ. ਸਰਗਰਮ ਹੋ ਗਏ ਹਨ। ਇੰਗਲੈਂਡ ਦੀ ਪ੍ਰਮੁੱਖ ਵਿਰੋਧੀ ਧਿਰ ਲੇਬਰ ਪਾਰਟੀ ਦੇ ਆਗੂ ਜੈਰਮੀ ਕੋਰਬੂਨ ਤੋਂ ਬਾਅਦ ਹੁਣ ਇੱਕ ਹੋਰ ਐਮ.ਪੀ. ਨੇ ਇਸ ਮਾਮਲੇ ਵਿਚ ਦਖਲ ਦਿੱਤਾ ਹੈ। ਇੰਗਲੈਂਡ ਦੀ ਆਲ ਪਾਰਟੀ ਪਾਰਲੀਮੈਂਟ ਗਰੁੱਪ ਦੀ ਅਗਵਾਈ ਕਰਨ ਵਾਲੇ ਐਮ.ਪੀ. ਰੋਬ ਮੈਰਿਸ ਨੇ ਸਰਕਾਰ ਦਾ ਇਸ ਪਾਸੇ ਧਿਆਨ ਦਿਵਾਇਆ ਹੈ। ਪੰਮਾ ਕੇਸ ਦੀ ਅਗਲੀ ਸੁਣਵਾਈ 16 ਫਰਵਰੀ ਨੂੰ ਹੋਵੇਗੀ। ਇਹ ਮਾਮਲਾ ਹੁਣ ਪੁਰਤਗਾਲ ਦੇ ਸੋਸ਼ਲ ਜਸਟਿਸ ਮੰਤਰਾਲੇ ਕੋਲ ਹੈ। ਉਸ ਵੱਲੋਂ ਹੀ ਫੈਸਲਾ ਕੀਤਾ ਜਾਵੇਗਾ ਕਿ ਪੰਮਾ ਨੂੰ ਭਾਰਤ ਭੇਜਿਆ ਜਾਵੇ ਜਾਂ ਫਿਰ ਇੰਗਲੈਂਡ।

### ਹਵਾਲਗੀ ਰੋਕਣ ਲਈ ਕੈਮਰੋਨ ਦਾ ਘਰ ਘੇਰਿਆ

**ਲੰਡਨ:** ਪਰਮਜੀਤ ਸਿੰਘ ਪੰਮਾ ਦੀ ਭਾਰਤ ਹਵਾਲਗੀ ਰੋਕਣ ਲਈ ਇੰਗਲੈਂਡ ਦੇ ਸਿੱਖਾਂ ਨੇ ਦੇਸ਼ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੋਨ ਦੇ ਘਰ ਅੱਗੇ ਧਰਨਾ ਦਿੱਤਾ ਗਿਆ। ਇਹ ਧਰਨਾ ਇੰਗਲੈਂਡ ਦੀ ਸਿੱਖ ਸੰਸਥਾ ਕੇਸਰੀ ਲਹਿਰ ਵੱਲੋਂ ਲਾਇਆ ਗਿਆ। ਧਰਨੇ ਵਿਚ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਤੋਂ ਸਿੱਖ ਸ਼ਾਮਲ ਹੋਏ। ਪਰਮਜੀਤ ਸਿੰਘ ਪੰਮਾ ਦੀ ਭਾਰਤ ਹਵਾਲਗੀ ਵਿਰੁੱਧ ਜਿਥੇ ਸਿੱਖਾਂ ਵੱਲੋਂ ਕਾਨੂੰਨੀ ਤੌਰ 'ਤੇ ਪੈਰਵੀ ਕੀਤੀ ਜਾ ਰਹੀ ਹੈ, ਉਥੇ ਹੀ ਧਰਨਿਆਂ ਰਾਹੀਂ ਇੰਗਲੈਂਡ ਦੀ ਸਰਕਾਰ ਉਤੇ ਪੁਰਤਗਾਲ ਦੀ ਸਰਕਾਰ ਨਾਲ ਗੱਲ ਕਰਨ ਲਈ ਆਖਿਆ ਜਾ ਰਿਹਾ ਹੈ। ਪਰਮਜੀਤ ਸਿੰਘ ਪੰਮਾ ਨੂੰ 18 ਦਸੰਬਰ ਨੂੰ ਪੁਰਤਗਾਲ ਪੁਲਿਸ ਨੇ ਰੈੱਡ ਕਾਰਨਰ ਨੋਟਿਸ ਉਤੇ ਉਸ ਸਮੇਂ ਗ੍ਰਿਫਤਾਰ ਕੀਤਾ ਸੀ ਜਦੋਂ ਉਹ ਆਪਣੇ ਪਰਿਵਾਰ ਨਾਲ ਛੁੱਟੀਆਂ ਮਨਾਉਣ ਲਈ ਉਥੇ ਗਿਆ ਸੀ।

## ਮਹਿਲਾ ਨੇ ਦੋ ਮਿੰਟ ਵਿਚ ਦਿੱਤਾ ਪੰਜ ਬੱਚਿਆਂ ਨੂੰ ਜਨਮ

**ਮੈਲਬਰਨ:** ਆਸਟਰੇਲੀਆ ਵਿਚ 26 ਸਾਲ ਦੀ ਮਹਿਲਾ ਨੇ ਇਕੋ ਵਾਰੀ ਪੰਜ ਬੱਚਿਆਂ ਨੂੰ ਜਨਮ ਦਿੱਤਾ ਹੈ। ਆਸਟਰੇਲੀਆ ਦੇ ਮੀਡੀਆ ਅਨੁਸਾਰ ਮਹਿਲਾ ਕਿਮ ਤੁਰਕੀ ਦੇ ਪਹਿਲਾਂ ਦੀ ਤਿੰਨ ਬੱਚੇ ਸਨ। ਜਨਮ ਲੈਣ ਤੋਂ ਬਾਅਦ ਪੰਜੇ ਬੱਚੇ ਪੂਰੀ ਤਰ੍ਹਾਂ ਸਿਹਤਮੰਦ ਹਨ।

ਹਸਪਤਾਲ ਦੇ ਡਾਕਟਰਾਂ ਨੇ ਦੱਸਿਆ ਕਿ ਕਿਮ ਨੇ ਦੋ ਮਿੰਟ ਅੰਦਰ ਪੰਜ ਬੱਚਿਆਂ ਨੂੰ ਜਨਮ ਦਿਤਾ ਹੈ। ਜਨਮ ਲੈਣ ਬੱਚਿਆਂ ਵਿਚ ਇਕ ਲੜਕਾ ਅਤੇ ਚਾਰ ਲੜਕੀਆਂ ਹਨ। ਕਿਮ ਦੇ ਪਤੀ ਨੇ ਇਸ ਨੂੰ ਮਾਣ ਵਾਲੀ ਗੱਲ ਆਖਿਆ ਹੈ। ਹਸਪਤਾਲ ਤੋਂ ਛੁੱਟੀ ਮਿਲਣ ਤੋਂ ਬਾਅਦ ਕਿਮ ਦੀ ਦੇਖਭਾਲ ਉਸ ਦੇ ਘਰ ਵਿਚ ਹਸਪਤਾਲ ਦੇ ਸਟਾਫ ਦੀ ਇਕ ਟੀਮ ਕਰੇਗੀ। ਇਸ ਗਲ ਦੀ ਆਸਟਰੇਲੀਆ ਦੇ ਮੀਡੀਆ ਵਿਚ ਕਾਫੀ ਚਰਚਾ ਹੈ।

## ਤੀਸਤਾ ਦੀ ਅਗਾਊਂ ਜ਼ਮਾਨਤ 18 ਮਾਰਚ ਤੱਕ ਵਧੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸਮਾਜ ਸੇਵਿਕ ਤੀਸਤਾ ਸੀਤਲਵਾੜ ਤੇ ਉਸ ਦੇ ਪਤੀ ਜਾਵੇਦ ਆਨੰਦ ਦੀ ਅਗਾਊਂ ਜ਼ਮਾਨਤ ਵਿਚ 18 ਮਾਰਚ ਤੱਕ ਵਾਧਾ ਕਰ ਦਿੱਤਾ ਹੈ। ਦੋਵਾਂ ਖ਼ਿਲਾਫ 2002 ਦੇ ਗੁਜਰਾਤ ਦੰਗਿਆਂ ਦੇ ਨਾਂ ਉਤੇ ਆਪਣੀ ਗੈਰ ਸਰਕਾਰ ਸੰਸਥਾ ਲਈ ਫੰਡ ਉਗਰਾਹ ਕੇ ਉਨ੍ਹਾਂ ਨੂੰ ਹੜੱਪਣ ਦਾ ਦੋਸ਼ ਹੈ।

ਜਸਟਿਸ ਅਨਿਲ ਆਰ ਦਵੇ ਦੀ ਅਗਵਾਈ ਹੇਠਲੇ ਬੈਂਚ ਨੇ ਇਸ ਜੋੜੇ ਨੂੰ ਰਾਹਤ ਦਿੱਤੀ, ਪਰ ਨਾਲ ਹੀ ਕਿਹਾ ਕਿ ਉਹ ਜਾਂਚ ਵਿਚ ਪੁਲਿਸ ਤੇ ਸੀ.ਬੀ.ਆਈ. ਨੂੰ ਪੂਰਾ ਸਹਿਯੋਗ ਦੇਣਗੇ।

## ਮੁੰਬਈ ਹਮਲੇ ਤੋਂ ਬਾਅਦ ਵਰਗੇ ਹਾਲਾਤ ਮੁੜ ਬਣੇ: ਪਾਕਿ ਮੀਡੀਆ

**ਇਸਲਾਮਾਬਾਦ:** ਪਠਾਨਕੋਟ ਏਅਰਬੇਸ ਉਤੇ ਹੋਏ ਅਤਿਵਾਦੀ ਹਮਲੇ ਬਾਅਦ ਪਾਕਿਸਤਾਨ ਤੇ ਭਾਰਤ ਵਿਚਾਲੇ ਗੱਲਬਾਤ ਦੇ ਹਾਲਾਤ ਬਿਲਕੁਲ ਉਵੇਂ ਦੇ ਬਣ ਗਏ ਹਨ ਜਿਹੋ ਜਿਹੇ ਮੁੰਬਈ 'ਤੇ ਅਤਿਵਾਦੀ ਹਮਲੇ ਬਾਅਦ ਬਣੇ ਸਨ।

'ਡੇਲੀ ਟਾਈਮਜ਼' ਨੇ ਆਪਣੇ ਸੰਪਾਦਕੀ ਵਿਚ ਕਿਹਾ ਹੈ ਕਿ ਜੇਕਰ ਪਾਕਿਸਤਾਨ ਤੇ ਭਾਰਤ ਦੇ ਵਿਦੇਸ਼ ਮੰਤਰਾਲਿਆਂ ਦੇ ਤਾਜ਼ਾ ਬਿਆਨਾਂ ਉਤੇ ਨਜ਼ਰ ਮਾਰੀ ਜਾਵੇ ਤਾਂ ਇਹ ਲਗਪਗ ਉਹ ਜਿਹੋ ਹਨ ਜਿਹੋ ਜਿਹੇ ਮੁੰਬਈ ਹਮਲੇ ਬਾਅਦ ਜਾਰੀ ਕੀਤੇ ਗਏ ਸਨ। ਪਾਕਿਸਤਾਨ ਨੇ ਦੋਵਾਂ ਮੁਲਕਾਂ ਦੇ ਵਿਦੇਸ਼ ਸਕੱਤਰਾਂ ਦੀ ਗੱਲਬਾਤ ਦੀ ਤਰੀਕ ਤੈਅ ਕਰਨ ਲਈ ਗੇਂਦ ਭਾਰਤੀ ਪਾਲੇ ਵਿਚ ਸੁੱਟ ਦਿੱਤੀ ਹੈ। ਪਹਿਲਾਂ ਇਹ ਗੱਲਬਾਤ 15 ਜਨਵਰੀ ਨੂੰ ਹੋਣੀ ਸੀ ਪਰ ਪਠਾਨਕੋਟ ਹਮਲੇ ਕਾਰਨ ਇਹ ਮੁਲਤਵੀ ਕਰ ਦਿੱਤੀ ਗਈ ਹੈ।

# ਹਰਿਆਣਾ: ਨੌਜਵਾਨਾਂ ਦੇ ਹੱਥ ਆਈ ਪੰਚਾਇਤਾਂ ਦੀ ਚੌਧਰ

**ਚੰਡੀਗੜ੍ਹ:** ਹਰਿਆਣਾ ਵਿਚ ਪੰਚਾਇਤੀ ਰਾਜ ਸੰਸਥਾਵਾਂ ਦੇ ਚੋਣ ਨਤੀਜੇ ਐਲਾਨੇ ਗਏ ਹਨ। ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸਮਿਤੀ ਮੈਂਬਰਾਂ ਲਈ ਹੋਈਆਂ ਚੋਣਾਂ ਵਿਚ ਅਹਿਮ ਗੱਲ ਇਹ ਹੈ ਕਿ ਪਿੰਡਾਂ ਵਿਚ ਪੰਚਾਂ-ਸਰਪੰਚਾਂ ਵਾਂਗ ਹੁਣ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸਮਿਤੀ ਦੀ ਕਮਾਨ ਵੀ ਨੌਜਵਾਨਾਂ ਦੇ ਹੱਥ ਸੌਂਪੀ ਜਾ ਰਹੀ ਹੈ। ਨਤੀਜਿਆਂ ਵਿਚ ਇਹ ਸਪਸ਼ਟ ਵੀ ਹੋ ਗਿਆ ਹੈ। ਜ਼ਿਲ੍ਹਾ ਪ੍ਰੀਸ਼ਦ ਮੈਂਬਰਾਂ ਦੀ ਔਸਤ ਉਮਰ 35 ਸਾਲ ਤੇ ਪੰਚਾਇਤ ਸਮਿਤੀ ਮੈਂਬਰਾਂ ਦੀ ਉਮਰ 34 ਸਾਲ ਬਣਦੀ ਹੈ। ਇਸ ਤੋਂ ਪਹਿਲਾਂ ਸਰਪੰਚਾਂ ਦੀ ਔਸਤ ਉਮਰ ਵੀ 34 ਸਾਲ ਹੀ ਸੀ।

ਸੱਤਾਧਾਰੀ ਭਾਜਪਾ ਦੇ ਪ੍ਰਦੇਸ਼ ਪ੍ਰਧਾਨ ਸੁਭਾਸ਼ ਬਰਾਲਾ ਦਾ ਕਹਿਣਾ ਹੈ ਕਿ 70 ਫੀਸਦੀ



ਤੋਂ ਵੱਧ ਸੀਟਾਂ 'ਤੇ ਭਾਜਪਾ ਦੇ ਸਮਰਥਨ ਵਾਲੇ ਉਮੀਦਵਾਰ ਜਿੱਤੇ ਹਨ। ਦੂਜੇ ਪਾਸੇ ਇਨੈਲੋ ਦੇ ਪ੍ਰਦੇਸ਼ ਪ੍ਰਧਾਨ ਅਸ਼ੋਕ ਅਰੋੜਾ ਦਾ ਕਹਿਣਾ ਹੈ ਕਿ ਇਸ ਵਾਰ ਕਾਂਗਰਸ ਦਾ ਸਫਾਇਆ ਹੋ ਗਿਆ ਹੈ ਤੇ ਭਾਜਪਾ ਇਕਾ-ਦੁੱਕਾ ਸੀਟਾਂ ਤੱਕ ਸਿਮਟ ਗਈ ਹੈ। ਦਾਅਵਾ ਕਰਨ ਵਿਚ ਕਾਂਗਰਸ ਦੇ ਪ੍ਰਦੇਸ਼ ਪ੍ਰਧਾਨ ਡਾ. ਅਸ਼ੋਕ ਤੰਵਰ ਵੀ ਪਿੱਛੇ ਨਹੀਂ ਰਹੇ। ਉਨ੍ਹਾਂ ਕਿਹਾ ਕਿ ਭਾਜਪਾ ਅਤੇ ਇਨੈਲੋ ਦੀ ਮਿਲੀਭੁਗਤ ਦਾ ਲੋਕਾਂ ਨੇ ਕਰਾਰਾ ਜਵਾਬ ਦਿੱਤਾ ਹੈ। ਜ਼ਿਆਦਾਤਰ ਸੀਟਾਂ 'ਤੇ ਕਾਂਗਰਸ ਦੇ ਸਮਰਥਨ ਵਾਲੇ ਉਮੀਦਵਾਰ ਜਿੱਤੇ ਹਨ।


ਹਰਿਆਣਾ ਰਾਜ ਵਿਚ ਪੰਚਾਇਤੀ ਰਾਜ ਸੰਸਥਾਵਾਂ ਦੀਆਂ ਚੋਣਾਂ ਤਿੰਨ ਪੜਾਵਾਂ ਵਿਚ 10, 17 ਅਤੇ 24 ਜਨਵਰੀ ਨੂੰ ਹੋਈਆਂ ਸਨ। ਪੰਚਾਂ-ਸਰਪੰਚਾਂ ਦੇ ਚੋਣ ਨਤੀਜੇ ਵੋਟਾਂ ਵਾਲੇ ਦਿਨ ਹੀ ਐਲਾਨ ਦਿੱਤੇ ਗਏ ਸਨ। ਜ਼ਿਲ੍ਹਾ ਪ੍ਰੀਸ਼ਦ ਮੈਂਬਰਾਂ ਦੇ ਐਲਾਨੇ ਗਏ 413 ਨਤੀਜਿਆਂ ਵਿਚ 233 ਪੁਰਸ਼ਾਂ ਅਤੇ 180 ਔਰਤਾਂ ਨੇ ਜਿੱਤ ਹਾਸਲ ਕੀਤੀ ਹੈ। ਪੁਰਸ਼ਾਂ ਦੀ ਔਸਤ ਉਮਰ 37 ਸਾਲ ਤੇ ਔਰਤਾਂ ਦੀ 33 ਸਾਲ ਬਣਦੀ ਹੈ। ਇਨ੍ਹਾਂ ਵਿਚੋਂ 93 ਜੇਤੂ ਅਜਿਹੇ ਹਨ, ਜੋ ਬੀਏ ਜਾਂ ਇਸ ਤੋਂ ਵੱਧ ਪੜ੍ਹੇ ਹੋਏ ਹਨ। ਇਸੇ ਤਰ੍ਹਾਂ 75 ਜੇਤੂ ਬਾਰ੍ਹਵੀਂ ਪਾਸ ਹਨ। 206 ਜ਼ਿਲ੍ਹਾ ਪ੍ਰੀਸ਼ਦ ਮੈਂਬਰਾਂ ਦੀ ਵਿਦਿਅਕ ਯੋਗਤਾ ਦਸਵੀਂ ਹੈ ਤੇ 39 ਮੈਂਬਰ ਅੱਠਵੀਂ ਪਾਸ ਹਨ। ਭਾਵੇਂ ਕਿ ਪੰਚਾਇਤੀ ਰਾਜ ਸੰਸਥਾਵਾਂ ਵਿਚ 33 ਫੀਸਦੀ ਸੀਟਾਂ ਮਹਿਲਾਵਾਂ ਲਈ ਰਾਖਵੀਆਂ ਹਨ, ਪਰ ਜਿੱਤ ਪ੍ਰਾਪਤ ਕਰਨ ਵਾਲੀਆਂ ਔਰਤਾਂ ਦਾ ਅੰਕੜਾ 40 ਫੀਸਦੀ ਤੋਂ ਵੱਧ ਹੈ।

ਹਰਿਆਣਾ ਰਾਜ ਵਿਚ 126 ਪੰਚਾਇਤ ਸਮਿਤੀ ਦੇ ਕੁੱਲ 3002 ਮੈਂਬਰਾਂ ਲਈ ਚੋਣ ਹੋਈ। ਇਨ੍ਹਾਂ ਵਿਚ 1605 ਪੁਰਸ਼ ਅਤੇ 1156 ਮਹਿਲਾਵਾਂ ਜੇਤੂ ਰਹੀਆਂ ਹਨ। ਔਰਤਾਂ ਦੀ ਔਸਤ ਉਮਰ 31 ਸਾਲ ਅਤੇ ਪੁਰਸ਼ਾਂ ਦੀ 36 ਸਾਲ ਬਣਦੀ ਹੈ। ਪੰਚਾਇਤ ਸਮਿਤੀ ਦੇ 221 ਮੈਂਬਰ ਅਜਿਹੇ ਹਨ, ਜੋ ਗਰੈਜੂਏਟ ਜਾਂ ਇਸ ਤੋਂ ਵੀ ਵੱਧ ਪੜ੍ਹੇ ਹੋਏ ਹਨ। ਇਸੇ ਤਰ੍ਹਾਂ ਬਾਰਵੀਂ ਪਾਸ ਦੀ ਗਿਣਤੀ 476, ਦਸਵੀਂ ਪਾਸ 1667 ਅਤੇ ਅੱਠਵੀਂ ਪਾਸ ਪੰਚਾਇਤੀ ਸਮਿਤੀ ਮੈਂਬਰਾਂ ਦੀ ਗਿਣਤੀ 394 ਹੈ।

# ਕਤਲੇਆਮ 84: ਵਿਸ਼ੇਸ਼ ਜਾਂਚ ਟੀਮ ਦੀ ਪ੍ਰਗਤੀ ਰਿਪੋਰਟ ਤਲਬ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੇਂਦਰ ਨੂੰ 1984 ਦੇ ਸਿੱਖ ਕਤਲੇਆਮ ਦੀ ਜਾਂਚ ਲਈ ਬਣੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦੀ ਪ੍ਰਗਤੀ ਰਿਪੋਰਟ ਦੋ ਹਫਤਿਆਂ ਵਿਚ ਪੇਸ਼ ਕਰਨ ਲਈ ਕਿਹਾ ਹੈ। ਚੀਫ ਜਸਟਿਸ ਤੀਰਥ ਸਿੰਘ ਠਾਕੁਰ ਦੀ ਅਗਵਾਈ ਹੇਠਲੇ ਤਿੰਨ ਮੈਂਬਰੀ ਬੈਂਚ ਨੇ ਗੁਰਲਾਡ ਸਿੰਘ ਕਾਹਲੋਂ ਵੱਲੋਂ ਪਾਈ ਜਨਹਿਤ ਪਟੀਸ਼ਨ 'ਤੇ ਵਧੀਕ ਸਾਲਿਸੀਟਰ ਜਨਰਲ ਪਿੰਕੀ ਆਨੰਦ ਨੂੰ ਕਿਹਾ ਕਿ ਵਿਸ਼ੇਸ਼ ਜਾਂਚ ਟੀਮ ਦੀ ਪ੍ਰਗਤੀ ਤੋਂ ਉਸ ਨੂੰ ਜਾਣੂ ਕਰਵਾਇਆ ਜਾਵੇ। ਅਦਾਲਤ ਨੇ ਨਾਲ ਹੀ ਇਸ ਮਾਮਲੇ ਨੂੰ ਦੋ ਹਫਤਿਆਂ ਬਾਅਦ ਸੂਚੀਬੱਧ ਕਰਨ ਦਾ ਹੁਕਮ ਦਿੱਤਾ ਹੈ।

ਬੈਂਚ ਵਿਚ ਜਸਟਿਸ ਏਕੇ ਸੀਕਰੀ ਤੇ ਜਸਟਿਸ ਆਰ. ਬਾਨੂਮਤੀ ਸ਼ਾਮਲ ਹਨ। ਦੰਗਾ ਪੀੜਤਾਂ ਵੱਲੋਂ ਪੇਸ਼ ਸੀਨੀਅਰ ਵਕੀਲ ਰੁਪਿੰਦਰ ਸਿੰਘ ਸੂਰੀ ਨੇ ਕਿਹਾ ਕਿ ਜਾਂਚ ਦੇ ਨਾਂ 'ਤੇ ਗੋਂਗਲੂਆਂ ਤੋਂ ਮਿੱਟੀ ਝਾੜਨ ਦੀ ਜਾਣਕਾਰੀ ਵੀ ਅਦਾਲਤ ਨੂੰ ਲੈਣੀ ਚਾਹੀਦੀ ਹੈ। ਇਸ 'ਤੇ ਬੈਂਚ ਨੇ ਕਿਹਾ ਕਿ ਪਹਿਲਾਂ ਉਹ ਜਾਂਚ ਦੀ ਪ੍ਰਗਤੀ ਬਾਰੇ ਜਾਣੂ ਹੋ ਜਾਵੇ। ਇਸੇ ਦੌਰਾਨ ਅਦਾਲਤ ਨੂੰ ਦੱਸਿਆ ਗਿਆ ਕਿ ਮਾਮਲੇ ਨੂੰ 31 ਸਾਲ ਤੋਂ ਵੱਧ ਹੋ ਚੁੱਕੇ ਹਨ। ਇਸ ਦੌਰਾਨ ਕਈ ਗਵਾਹਾਂ ਤੇ ਪੀੜਤਾਂ ਦੀ ਮੌਤ ਹੋ ਚੁੱਕੀ ਹੈ। ਪੀੜਤਾਂ ਨੂੰ ਰਾਹਤ ਦੇਣ ਲਈ ਇਸ ਜਾਂਚ ਵਿਚ ਤੇਜ਼ੀ ਲਿਆਉਣ ਦੀ ਲੋੜ ਹੈ। ਇਸੇ ਦੌਰਾਨ ਬੈਂਚ ਨੇ ਕਿਹਾ, 'ਕੀ 31 ਸਾਲ ਪੁਰਾਣੇ ਮਾਮਲੇ ਦੀ ਜਾਂਚ ਛੇ ਮਹੀਨਿਆਂ ਵਿਚ ਹੋ ਸਕਦੀ ਹੈ?' ਅਦਾਲਤ ਨੇ ਵਧੀਕ ਸਾਲਿਸੀਟਰ ਜਨਰਲ ਨੂੰ ਕਿਹਾ ਕਿ ਜਾਂਚ ਦੀ ਪ੍ਰਗਤੀ ਦਾ ਪਤਾ ਲਾਇਆ ਜਾਵੇ ਕਿ ਵਿਸ਼ੇਸ਼ ਜਾਂਚ ਟੀਮ ਨੇ ਹੁਣ ਤੱਕ ਕੀ ਕੀਤਾ ਹੈ। ਪਟੀਸ਼ਨਰ ਨੇ ਕਿਹਾ ਸੀ ਕਿ ਅਦਾਲਤ ਤੇਜ਼ੀ ਨਾਲ ਨਿਆਂ ਦੇਣ ਲਈ ਵਿਸ਼ੇਸ਼




ਜਾਂਚ ਟੀਮ ਨੂੰ ਹੁਕਮ ਦੇਵੇ ਤੇ ਨਾਲ ਹੀ ਛੇ ਮਹੀਨਿਆਂ ਅੰਦਰ ਜਾਂਚ ਨੂੰ ਪੂਰੀ ਕਰਨ ਲਈ ਕਹੇ। ਇਸ ਪਟੀਸ਼ਨ ਵਿਚ ਕੇਂਦਰ ਸਰਕਾਰ ਨੂੰ 1984 ਦੇ ਦੰਗਾ ਪੀੜਤਾਂ ਨਾਲ ਸਬੰਧਤ ਮੁਕੱਦਮਿਆਂ ਲਈ ਢੁਕਵੀਆਂ ਸਹੂਲਤਾਂ ਮੁਹੱਈਆ ਕਰਵਾਉਣ, ਵਿਸ਼ੇਸ਼ ਸਰਕਾਰੀ ਵਕੀਲ ਤੇ ਵਿਸ਼ੇਸ਼ ਜੱਜ ਨਿਯੁਕਤ ਕਰਨ ਦਾ ਹੁਕਮ ਜਾਰੀ ਕਰਨ ਦੀ ਅਪੀਲ ਕੀਤੀ ਗਈ ਹੈ। 12 ਫਰਵਰੀ 2015 ਵਿਚ ਵਿਸ਼ੇਸ਼ ਜਾਂਚ ਟੀਮ ਛੇ ਮਹੀਨਿਆਂ ਲਈ ਕਾਇਮ ਕੀਤੀ ਗਈ ਸੀ ਤੇ ਇਸ ਦਾ ਕਾਰਜਕਾਲ ਇਕ ਸਾਲ ਲਈ ਵਧਾਇਆ ਜਾ ਚੁੱਕਿਆ ਹੈ।

ਇਸ ਦੇ ਮੁਖੀ 1986 ਬੈਚ ਦੇ ਆਈ.ਪੀ.ਐਸ. ਅਧਿਕਾਰੀ ਪ੍ਰਮੋਦ ਅਸਥਾਨਾਂ ਹਨ ਤੇ ਸਾਬਕਾ ਸੈਸ਼ਨ ਜੱਜ ਰਾਕੇਸ਼ ਕਪੂਰ ਤੇ ਦਿੱਲੀ ਦੇ ਐਡੀਸ਼ਨਲ ਪੁਲਿਸ ਕਮਿਸ਼ਨਰ ਕੁਮਾਰ ਗਣੇਸ਼ ਵੀ ਇਸ ਦਾ ਹਿੱਸਾ ਹਨ। 238 ਸਫਿਆਂ ਦੀ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਘਟੀਆ ਢੰਗ ਨਾਲ ਕੀਤੀ ਜਾਂਚ, ਬਿਆਨ ਦਰਜ ਕਰਨ ਵਿਚ ਲੋੜੋਂ ਵੱਧ ਦੇਰੀ ਤੇ ਸਿਆਸੀ ਇੱਛਾ ਸ਼ਕਤੀ ਦੀ ਘਾਟ ਕਾਰਨ ਤਿੰਨ ਹਜ਼ਾਰ ਤੋਂ ਵੱਧ ਪੀੜਤਾਂ ਨੂੰ ਨਿਆਂ ਨਹੀਂ ਮਿਲਿਆ।

# ਕੌਮਾਂਤਰੀ ਡਰੱਗ ਤਸਕਰੀ ਕੇਸ ਚੜ੍ਹਿਆ ਪਟੜੀ

**ਪਟਿਆਲਾ:** ਕੌਮਾਂਤਰੀ ਡਰੱਗ ਤਸਕਰੀ ਤੇ ਬਹੁਕਰੋੜੀ ਮਨੀ ਲਾਂਡਰਿੰਗ ਕੇਸ ਦੀ ਸੁਣਵਾਈ ਪਟੜੀ ਚੜ੍ਹ ਗਈ ਹੈ। ਜਗਦੀਸ਼ ਭੋਲਾ ਸਮੇਤ ਸਾਰੇ 36 ਮੁਲਜ਼ਮਾਂ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ। ਕੇਸ ਦੀ ਸੁਣਵਾਈ 29 ਫਰਵਰੀ ਤੋਂ ਸ਼ੁਰੂ ਕਰ ਦਿੱਤੀ ਜਾਵੇਗੀ। ਪਟਿਆਲਾ ਦੀ ਅਦਾਲਤ ਵਿਚ ਚੱਲ ਰਹੇ ਕੇਸ ਦੌਰਾਨ ਪਿਛਲੀ 22 ਜਨਵਰੀ ਨੂੰ ਈਡੀ ਵੱਲੋਂ 33 ਹੋਰ ਚਾਰਜਸ਼ੀਟਾਂ ਦਾਇਰ ਕੀਤੀਆਂ ਗਈਆਂ ਸਨ।

ਇਸ ਤੋਂ ਬਾਅਦ ਪੇਸ਼ੀ ਹੋਈ ਹੈ। ਪੇਸ਼ੀ ਦੌਰਾਨ ਸਾਰੇ 36 ਮੁਲਜ਼ਮ ਪਟਿਆਲਾ ਦੇ ਸਪੈਸ਼ਲ ਜੱਜ ਹਰਮਿੰਦਰ ਸਿੰਘ ਮਦਾਨ ਦੀ ਅਦਾਲਤ ਵਿਚ ਪੇਸ਼ ਹੋਏ। ਈ.ਡੀ. ਵੱਲੋਂ ਸਹਾਇਕ ਡਾਇਰੈਕਟਰ ਨਰਿੰਜਨ ਸਿੰਘ ਤੇ ਉਨ੍ਹਾਂ ਦੀ ਟੀਮ ਵੀ ਅਦਾਲਤ ਵਿਚ ਪੇਸ਼ ਹੋਈ। ਜੱਜ ਨੇ ਆਖਿਆ ਕਿ ਇਸ ਕੇਸ ਸਬੰਧੀ ਸੁਣਵਾਈ 29 ਫਰਵਰੀ ਤੋਂ ਸ਼ੁਰੂ ਕਰ ਦਿੱਤੀ ਜਾਵੇਗੀ।

ਇਸ ਦੌਰਾਨ ਜੇਕਰ ਈਡੀ ਹੋਰ ਚਾਰਜਸ਼ੀਟਾਂ ਦਾਇਰ ਕਰਨਾ ਚਾਹੁੰਦੀ ਹੈ ਤਾਂ ਜਲਦੀ ਕਰੇ। ਕਾਬਲੇਗੌਰ ਹੈ ਕਿ ਜਿਥੇ ਈਡੀ ਵੱਲੋਂ ਇਸ ਮਾਮਲੇ ਤਹਿਤ ਅਦਾਲਤ ਵਿਚ 55 ਚਾਰਜਸ਼ੀਟਾਂ ਦਾਇਰ ਕਰਨ ਦਾ ਦਾਅਵਾ ਕੀਤਾ ਗਿਆ ਸੀ, ਉਥੇ ਈਡੀ ਹੁਣ ਤੱਕ ਕੁੱਲ 46 ਚਾਰਜਸ਼ੀਟਾਂ ਹੀ ਦਾਇਰ ਕਰ ਪਾਈ ਹੈ ਜਿਨ੍ਹਾਂ ਵਿਚੋਂ 11 ਚਾਰਜਸ਼ੀਟਾਂ ਸਿਰਫ



ਕੰਪਨੀਆਂ ਦੇ ਨਾਮ 'ਤੇ ਹੀ ਦਾਇਰ ਕੀਤੀਆਂ ਗਈਆਂ ਹਨ। ਮਨੀ ਲਾਂਡਰਿੰਗ ਮਾਮਲੇ ਤਹਿਤ ਚੁੰਨੀ ਲਾਲ ਗਾਬਾ ਸਮੇਤ ਉਸ ਦੇ ਪਰਿਵਾਰ ਦੇ ਕੁਲ ਸੱਤ ਮੈਂਬਰਾਂ ਵਿਰੁੱਧ 22 ਜਨਵਰੀ ਨੂੰ ਈਡੀ ਨੇ ਚਾਰਜਸ਼ੀਟਾਂ ਦਾਇਰ ਕੀਤੀਆਂ ਸਨ।

ਅਦਾਲਤ ਦੀ ਕਾਰਵਾਈ ਤੋਂ ਬਾਅਦ ਜਦੋਂ ਈਡੀ ਦੇ ਸਹਾਇਕ ਡਾਇਰੈਕਟਰ ਨਰਿੰਜਨ ਸਿੰਘ ਨਾਲ ਗੱਲ ਕਰਨੀ ਚਾਹੀ ਤਾਂ ਉਨ੍ਹਾਂ ਨੇ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਕੈਮਰੇ ਸਾਹਮਣੇ ਕੁਝ ਵੀ ਬੋਲਣ ਤੋਂ ਇਨਕਾਰ ਕਰ ਦਿੱਤਾ। ਉਧਰ, ਜਗਦੀਸ਼ ਭੋਲਾ ਦੇ ਵਕੀਲ ਸਤੀਸ਼ ਕਰਕਰਾ ਨੇ ਦੱਸਿਆ ਕਿ ਜਿਨ੍ਹਾਂ ਮੁਲਜ਼ਮਾਂ ਵੱਲੋਂ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ ਗਈ ਸੀ, ਉਨ੍ਹਾਂ ਨੂੰ ਛੱਡ ਬਾਕੀ ਸਾਰੇ 36 ਵਿਅਕਤੀ ਅਦਾਲਤ ਵਿਚ ਪੇਸ਼ ਹੋਏ। ਈਡੀ ਨੇ ਕਰੀਬ ਡੇਢ ਸਾਲ ਪਹਿਲਾਂ ਭੋਲਾ ਖਿਲਾਫ ਚਾਰਜਸ਼ੀਟ ਪੇਸ਼ ਕੀਤੀ ਸੀ ਤੇ ਸਮਾਂ ਜ਼ਿਆਦਾ ਲੰਘ ਜਾਣ ਕਾਰਨ ਉਨ੍ਹਾਂ ਅਦਾਲਤ ਨੂੰ ਅਪੀਲ ਕੀਤੀ ਹੈ ਕਿ ਭੋਲਾ ਦੇ ਕੇਸ ਦੀ ਸੁਣਵਾਈ ਜਲਦ ਤੋਂ ਜਲਦ ਸ਼ੁਰੂ ਕਰਵਾ ਦਿੱਤੀ ਜਾਵੇ।


REGULAR
2.09 9/10
Diesel EC Unleaded
8.88 9/10 2.09 9/10
GAS SIGN
MESSAGE BOARD
Box & Channel Letters SIGNS
We Install any where in California
ELECTRIC SIGN COMPANY
Call For More Info:
1-661-586-5080



HIGH QUALITY PICTURE
HD TVI, SDI, IP
We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY
Vista
CCTV TECHNOLOGY
SOLUTION PROVIDER COMPANY
661-586-5080
commvision@sbcglobal.net


Need Water? Tired of waiting in Line?
Are you looking for a drilling company to drill water well at your farm?
Hydrotech Solutions do best deep water drilling in shortest time and no one can beat our price.
Hydrotech convert pumps to solar too
Hydrotech Solutions LLC
One Stop Shop
844-486-9355
www.hydrotech4u.com
Meet us at C Street in C21 at Ag Show
Hydrotech Solutions LLC

# ਰਿਗਵੇਦ ਅਤੇ ਗ੍ਰਾਮੋਫੋਨ



ਸਾਲ 1888 ਵਿਚ ਤਿਆਰ ਬਰਲਾਈਨਰ ਗ੍ਰਾਮੋਫੋਨ।



ਟੱਮਸ ਅਲਵਾ ਐਡੀਸਨ

ਕਲਾ ਪਰਿਕਰਮਾ

ਹਰਪਾਲ ਸਿੰਘ ਪੰਨੂ
ਫੋਨ: +91-94642-51454

ਟੱਮਸ ਅਲਵਾ ਐਡੀਸਨ (1847-1931) ਨੇ ਉਨੀਵੀਂ ਸਦੀ ਵਿਚ ਗ੍ਰਾਮੋਫੋਨ ਬਣਾਇਆ। ਬਿਜਲੀ ਦਾ ਬਲਬ ਅਤੇ ਚਲਦੀਆਂ-ਫਿਰਦੀਆਂ ਤਸਵੀਰਾਂ ਵੀ ਪਰਦੇ ਉਪਰ ਦਿਖਾ ਕੇ ਉਸ ਨੇ ਸੰਸਾਰ ਵਿਚ ਧੁੰਮਾਂ ਪਾ ਦਿੱਤੀਆਂ ਸਨ। ਘੜੇ ਵਿਚ ਪਾਣੀ ਜਾਂ ਦਾਣੇ ਤਾਂ ਭਰੇ ਜਾ ਸਕਦੇ ਹਨ, ਆਵਾਜ਼ ਕਿਵੇਂ ਭਰੀ ਜਾ ਸਕਦੀ ਹੈ, ਕਿਸੇ ਨੂੰ ਯਕੀਨ ਨਹੀਂ ਆਉਂਦਾ ਸੀ। ਐਚ.ਐਮ.ਵੀ. ਕੰਪਨੀ ਨੇ ਆਵਾਜ਼ ਰਿਕਾਡਿੰਗ ਦੀ ਘਟਨਾ ਦਾ ਇਤਿਹਾਸ ਦੱਸਿਆ ਹੈ। ਘਟਨਾ 1877 ਦੀ ਹੈ।

ਪ੍ਰਯੋਗਸ਼ਾਲਾ ਵਿਚ ਕਈ ਵਾਰ ਪਰਖ ਕਰ ਕੇ ਵਿਸ਼ਵਾਸ ਹੋ ਗਿਆ ਕਿ ਯੰਤਰ ਸਹੀ ਹੈ। ਇਸ ਨੂੰ ਪਬਲਿਕ ਵਿਚ ਲਾਂਚ ਕਰਨ ਵੇਲੇ ਕਿਸੇ ਵੱਡੀ ਹਸਤੀ ਦੀ ਆਵਾਜ਼ ਰਿਕਾਰਡ ਕਰ ਕੇ ਸੁਣਾਉਣੀ ਹੈ। ਉਸ ਨੂੰ ਲੱਗਾ, ਸਰ ਆਰਥਰ ਮੈਕਸ ਮੂਲਰ ਸੰਸਾਰ ਦਾ ਪ੍ਰਸਿਧ ਵਿਦਵਾਨ ਹੈ। ਜੇ ਉਸ ਦੀ ਆਵਾਜ਼ ਰਿਕਾਰਡ ਕੀਤੀ ਜਾਵੇ ਤਾਂ ਸ਼ੁਭ ਸ਼ਗਨ ਹੋਵੇ। ਮਿਲਣ ਵਾਸਤੇ ਖਤ ਲਿਖਿਆ। ਮੈਕਸ ਮੂਲਰ ਨੇ ਕਿਹਾ ਕਿ ਯੂਰਪ ਦੇ ਬਹੁਤ ਸਾਰੇ ਚਿੰਤਕ ਲੰਡਨ ਵਿਚ ਇਕੱਠੇ ਹੋਣਗੇ, ਉਥੇ ਰਿਕਾਰਡਿੰਗ ਕਰਾਂਗੇ।

ਬਹੁਤ ਸਾਰੇ ਲੋਕਾਂ ਦਾ ਇਕੱਠ ਸੀ ਜਿਨ੍ਹਾਂ ਨੇ ਦੋ ਵੱਡਿਆਂ ਨੂੰ ਦੇਖਣਾ ਸੀ ਤੇ ਆਵਾਜ਼ ਰਿਕਾਰਡ ਹੋ ਸਕਦੀ ਹੈ, ਜਾਣਨਾ ਸੀ। ਮੈਕਸ ਮੂਲਰ ਸਟੇਜ 'ਤੇ ਗਿਆ। ਐਡੀਸਨ ਦੀ ਟੀਮ ਲੈਬ ਵਿਚ ਤਾਇਨਾਤ ਹੋ ਗਈ। ਆਵਾਜ਼ ਰਿਕਾਰਡ ਕਰਵਾਉਣ ਤੋਂ ਪਹਿਲਾਂ ਉਸ ਨੇ ਐਡੀਸਨ ਦੀ ਪ੍ਰਸ਼ੰਸਾ ਵਿਚ ਬਹੁਤ ਸੁੰਦਰ ਵਾਕ ਕਹੇ। ਆਖਰ ਐਲਾਨ ਹੋਇਆ ਕਿ ਹੁਣ ਮਹਾਨ ਬੋਲ ਰਿਕਾਰਡ ਹੋਣਗੇ। ਇਸ਼ਾਰਾ ਮਿਲਣ 'ਤੇ ਮੈਕਸ ਮੂਲਰ ਨੇ ਕੁਝ ਵਾਕ ਕਹੇ। ਕੁਝ ਦੇਰ ਬਾਅਦ ਇਹ ਵਾਕ ਮਸ਼ੀਨ ਨੇ ਲੋਕਾਂ ਨੂੰ ਸੁਣਾਏ।

ਸਰੋਤਿਆਂ ਨੇ ਮਸ਼ੀਨ ਬੋਲਦੀ ਸੁਣੀ ਤਾਂ ਤਾੜੀਆਂ ਨਾਲ ਸਵਾਗਤ ਕੀਤਾ, ਪਰ ਕਿਸੇ ਨੂੰ ਪਤਾ ਨਾ ਲੱਗਾ, ਮੈਕਸ ਮੂਲਰ ਨੇ ਕਿਹਾ ਕੀ ਹੈ। ਅੰਦਾਜ਼ੇ ਲਾ ਰਹੇ ਸਨ, ਲਾਤੀਨੀ ਜਾਂ ਯੂਨਾਨੀ ਹੋਵੇ ਸ਼ਾਇਦ। ਜਦੋਂ ਤਾੜੀਆਂ ਦੀ ਗੁੰਜਾਰ ਬੰਦ ਹੋਈ, ਮੈਕਸ ਮੂਲਰ ਫਿਰ ਸਟੇਜ ਉਪਰ ਚਲਾ ਗਿਆ ਤੇ ਕਿਹਾ- ਸੱਜਣੋਂ ਤੇ ਸਹੇਲੀਓ, ਪਹਿਲਾਂ ਤੁਸੀਂ ਮੇਰੇ ਵਾਕ ਸੁਣੇ, ਫਿਰ ਮਸ਼ੀਨ ਨੇ ਉਹੋ ਬੋਲ ਤੁਹਾਨੂੰ ਦੂਜੀ ਵਾਰ ਸੁਣਾਏ। ਜੋ ਮੈਥੋਂ ਅਤੇ ਮਸ਼ੀਨ ਤੋਂ ਸੁਣਿਆ, ਪਤਾ ਹੈ ਉਹ ਕੀ ਹੈ? ਲਾਤੀਨੀ ਅਤੇ ਯੂਨਾਨੀ ਜਾਣਨ ਵਾਲੇ ਯੂਰਪੀ ਵਿਦਵਾਨ ਵੀ ਮੌਜੂਦ ਸਨ, ਉਨ੍ਹਾਂ ਨੂੰ ਵੀ ਕੁਝ ਪਤਾ ਨਾ ਲੱਗਾ।



ਆਰਥਰ ਮੈਕਸ ਮੂਲਰ

ਮੈਕਸ ਮੂਲਰ ਨੇ ਦੱਸਿਆ, ਇਹ ਪ੍ਰਾਚੀਨ ਵੈਦਿਕ ਸੰਸਕ੍ਰਿਤ ਹੈ। ਜੋ ਵਾਕ ਮੈਂ ਬੋਲੇ, ਉਹ ਰਿਗਵੇਦ ਦਾ ਪਹਿਲਾ ਮੰਤਰ ਹੈ। ਅਗਨੀ ਦੇਵਤਾ ਦੀ ਉਸਤਤਿ ਵਿਚ ਉਚਾਰਿਆ ਗਿਆ ਮੰਤਰ ਫਿਰ ਸੁਣੋ,

ਅਗਨੀਮੀਲੇ ਪੁਰੋਹਿਤੰ ਯਗਅਸਯ ਦੇਵੰ ਰਤਵੀਜਮ।
ਹੋਤਾਰੰ ਰਤਨਧਾਤਮਮ॥ 1.001.01

अग्निमीले पुरोहितं यज्ञस्य देवं रत्वीजम्।
होतारं रत्नधातमम्।। 1.001.01

ਤੁਸੀਂ ਇਹ ਜਾਣਨਾ ਚਾਹੋਗੇ ਕਿ ਅੱਜ ਸੰਸਾਰ ਦੀ ਪਹਿਲੀ ਰਿਕਾਰਡਿੰਗ ਵਕਤ ਇਹੋ ਮੰਤਰ ਮੈਂ ਕਿਉਂ ਚੁਣਿਆ? ਰਿਗਵੇਦ ਸੰਸਾਰ ਦਾ ਪ੍ਰਾਚੀਨਤਮ ਪਰਾ-ਪੂਰਬਲਾ ਗ੍ਰੰਥ ਹੈ ਜਿਸ ਦਾ ਇਹ ਮੰਤਰ ਹੈ। ਆਦਿਕਾਲ ਵਿਚ ਪ੍ਰਗਟ ਹੋਈਆਂ ਇਹ ਪੰਕਤੀਆਂ ਉਦੋਂ ਦੀਆਂ ਹਨ ਜਦੋਂ ਆਦਮੀ ਨੂੰ ਕੱਪੜੇ ਪਹਿਨਣੇ ਨਹੀਂ ਆਉਂਦੇ ਸਨ। ਉਦੋਂ ਸ਼ਿਕਾਰ ਉਪਰ ਗੁਜ਼ਾਰਾ ਹੁੰਦਾ ਤੇ ਰਿਹਾਇਸ਼ ਕੰਦਰਾਂ ਗੁਫਾਵਾਂ ਵਿਚ ਸੀ। ਇੰਨੇ ਪੁਰਾਣੇ ਸਮੇਂ ਵਿਚ ਭਾਰਤੀ ਰਿਸ਼ੀਆਂ ਨੇ ਸੰਸਾਰ ਨੂੰ ਅਬਿਨਾਸ਼ੀ ਗ੍ਰੰਥ ਦਿੱਤਾ।

ਇਸ ਮੰਤਰ ਦੇ ਅਰਥ ਸੁਣੋ,

ਅੰਧਕਾਰਮਈ ਸੰਸਾਰ ਨੂੰ ਰੋਸ਼ਨੀ ਦੇਣ ਵਾਲੇ ਹੇ ਅਗਨੀ ਦੇਵ!

ਨਿਤ ਦਿਨ ਅਸੀਂ ਤੇਰੀ ਉਸਤਤਿ ਕਰਨ ਲਈ ਤੇਰੇ ਪਾਸ ਆਈਏ।

ਪਿਤਾ ਜਿਵੇਂ ਆਪਣੀ ਸੰਤਾਨ ਨੂੰ ਆਪਣੇ ਨੇੜੇ ਸੁਰੱਖਿਅਤ ਰੱਖਦਾ ਹੈ

ਇਸ ਤਰ੍ਹਾਂ ਤੂੰ ਸਾਡੀ ਪਰਵਰਿਸ਼ ਕਰੇਂ।

ਮੈਕਸ ਮੂਲਰ ਨੇ ਕਿਹਾ, ਇਕ ਵਾਰ ਫਿਰ ਇਹ ਮੰਤਰ ਸੁਣੀਏ। ਜਦੋਂ ਮਸ਼ੀਨ ਨੇ ਮੁੜ ਮੰਤਰ ਸੁਣਾਉਣਾ ਸ਼ੁਰੂ ਕੀਤਾ, ਸਾਰੇ ਮੌਜੂਦ ਸਰੋਤਿਆਂ ਨੇ ਖੜ੍ਹੇ ਹੋ ਕੇ ਰਿਗਬਾਣੀ ਸੁਣੀ।

ਇਸ ਰਿਕਾਰਡਿੰਗ ਦਾ ਨਾਮ ਫੋਨੋਗਰਾਫ ਸੀ ਜਿਸ ਵਿਚ ਸੁਧਾਰ ਕਰ ਕੇ ਗ੍ਰਾਹਮ ਬੈੱਲ ਨੇ ਗ੍ਰਾਮੋਫੋਨ ਦਾ ਨਾਮ ਦਿੱਤਾ।






ਗ੍ਰਾਮੋਫੋਨ ਕੰਪਨੀ ਦਾ 1924 ਦਾ ਇਸ਼ਤਿਹਾਰ ਅਤੇ (ਸੱਜੇ) ਟੱਮਸ ਅਲਵਾ ਐਡੀਸਨ ਵੱਲੋਂ 1879 ਵਿਚ ਤਿਆਰ ਫੋਨੋਗਰਾਫ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 13 ਫਰਵਰੀ 2016 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-207



*ਕੰਨਾਂ ਦੇ ਵਿਚ ਯਾਦ ਨਿਸ਼ਾਨੀ, ਅੱਖੀਆਂ ਵਿਚ ਉਡੀਕ,*
*ਪਲ-ਪਲ ਹੋਇਆ ਸਦੀਆਂ ਜਿੱਡਾ, ਕੇਹੀ ਮੀਤ ਦੀ ਪ੍ਰੀਤ।*
*ਅੱਖੀਆਂ ਲਾ ਕੇ ਔਖੀ ਹੋਈ, ਅੱਖ ਲਾਉਣੀ ਹੁਣ ਔਖੀ,*
*ਅੱਠੇ ਪਹਿਰ ਹੋਠਾਂ 'ਤੇ ਟਿਕਿਆ, ਮਾਹੀਏ ਵਾਲਾ ਗੀਤ।*

## ਕੈਪਸ਼ਨ ਮੁਕਾਬਲਾ-205



ਜਦ ਵੀ ਕੋਈ ਮੇਲਾ ਆਵੇ
ਚੂੜੀਆਂ ਵਾਲਾ ਹੱਟੀ ਲਾਵੇ।
ਹਰ ਕੁੜੀ ਦੇ ਮਨ ਨੂੰ ਭਾਵੇ
ਕੋਲੋਂ ਓਹੋ ਲੰਘ ਨਾ ਪਾਵੇ।
ਛਾਂਟ ਛਾਂਟ ਕੇ ਚੁਣਦੀ ਜਾਵੇ
ਇੱਕ ਦੀ ਰੀਸੇ ਦੂਜੀ ਆਵੇ
ਵਿਚ ਮੇਲੇ ਦੇ ਰੌਣਕ ਲਾਵੇ।
**-ਜਗਮੀਤ ਸਿੰਘ ਪੰਧੇਰ**

---

ਸਜੀ ਵੇਖ ਕੇ ਮੇਲੇ ਵਿਚ
ਰੰਗ-ਬਰੰਗੀਆਂ ਵੰਗਾਂ ਦੀ ਦੁਕਾਨ।
ਛਣਕਾ ਛਣਕਾ ਦੇਖਣ ਦੋਵੇਂ
ਕਿਹੜੀ ਸਜੇ ਕਿਸ ਰੰਗ ਨਾਲ।
ਲੱਗਦਾ ਧੀ ਮਾਂ ਨੂੰ ਆਖੇ
ਅੰਮੀਏ ਅੱਜ ਪੂਰ ਅਰਮਾਨ।
ਕਿਹੜਾ ਫੱਬਦਾ ਤੇ ਕਿਹੜਾ ਸਜਦਾ।
ਦੋਹਾਂ ਦੇ ਦਿਲ ਵਿਚ ਉਠਣ ਉਮੰਗਾਂ
ਚਾਵਾਂ ਨਾਲ ਭਰੀਆਂ ਦੋਵੇਂ
ਲੈ ਕੇ ਦਿਲ ਵਿਚ ਕਈ ਉਮੰਗਾਂ।
**-ਦਰਸ਼ਨਪਾਲ ਦੋਸਾਂਝ**

---

ਲਾਡਾਂ ਦੇ ਨਾਲ ਪਾਲੀਆਂ ਧੀਆਂ
ਗਹਿਣੀਆਂ ਨਾਲ ਸ਼ਿੰਗਾਰੀਆਂ ਧੀਆਂ।
ਮਾਪਿਆਂ ਦੇ ਦੁਖ-ਸੁਖ ਹਰਦੀਆਂ ਧੀਆਂ
ਫਲ ਅਤੇ ਫੁਲਾਂ ਵਰਗੀਆਂ ਧੀਆਂ।
ਕਹੇ ਇਤਿਹਾਸ ਦਾ ਪੰਨਾ ਪੰਨਾ
ਪੂਰੀਆਂ ਕਰੇ ਰੱਬ ਹਰ ਤਮੰਨਾ।
**-ਗੁਰਦਿਆਲ ਸਿੰਘ ਨੂਰਪੁਰੀ**

---

ਮੇਲਾ ਲੱਗੇ ਸਦਾ ਭਰਿਆ ਚੰਗਾ
ਕੁੜੀਆਂ ਲੱਭਣ ਨਵੇਂ ਗਜਰੇ-ਵੰਗਾਂ।
ਬੱਚਿਆਂ ਲਈ ਮੇਲਾ ਮਸਾਂ ਆਵੇ
ਹਰ ਕੋਈ ਦੁਕਾਨੀਂ ਭਜਿਆ ਜਾਵੇ।
ਮੇਲੇ ਵਿਚੋਂ ਨਾ ਆਉਣਾ ਚੰਗਾ ਲੱਗੇ
ਚੂੜੀਆਂ ਨਾਲ ਭਰੀ ਬਾਹਾਂ ਫੱਬੇ।
**-ਸਤਵਿੰਦਰ ਬਾਂਦੀ ਦੌਲਤਪੁਰੀ**

---

ਹੋਵੇ ਮਾਂ ਜਾਂ ਹੋਵੇ ਬੱਚੀ
ਇਹ ਗੱਲ ਸੋਲਾਂ ਆਨੇ ਸੱਚੀ।
ਚੂੜੀਆਂ ਤੇ ਹਾਰ-ਸ਼ਿੰਗਾਰ ਨੂੰ
ਹਰ ਨਾਰੀ ਕਰਦੀ ਪਿਆਰ।
ਚੂੜੀਆਂ, ਬਿੰਦੀਆਂ, ਨਹੁੰ ਪਾਲਿਸ਼ਾਂ
ਇਨ੍ਹਾਂ ਦੇ ਮਨ ਭਾਵੇ।
ਕਰਨੀਆਂ ਰੀਝਾਂ ਪੂਰੀਆਂ
ਭਾਵੇਂ ਕਿਸੇ ਵੀ ਭਾਅ ਆਵੇ।
ਪੈਸੇ ਦੀ ਨਾ ਕਰਨ ਪ੍ਰਵਾਹ
ਬੀਬੀਆਂ ਕਰਨ ਪੂਰੇ ਚਾਅ।
**-ਗੋਰਾ ਪ੍ਰਜਾਪਤ, ਨਿਊ ਯਾਰਕ**

# ਫਿਲਮ 'ਸਾਕਾ ਨਨਕਾਣਾ ਸਾਹਿਬ' ਪਹਿਲੀ ਅਪਰੈਲ ਨੂੰ ਹੋਵੇਗੀ ਰਿਲੀਜ਼

**ਸੈਨ ਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ):** ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਸਮੇਂ ਕੁਝ ਇਤਿਹਾਸਕ ਗੁਰਦੁਆਰਿਆਂ ਦੇ ਭ੍ਰਿਸ਼ਟ ਹੋ ਚੁਕੇ ਮਹੰਤਾਂ ਪਾਸੋਂ ਗੁਰਧਾਮ ਆਜ਼ਾਦ ਕਰਾਉਣ ਲਈ ਚੱਲੀ 'ਗੁਰਦੁਆਰਾ ਸੁਧਾਰ ਲਹਿਰ' ਦੌਰਾਨ 20 ਫਰਵਰੀ 1921 ਵਾਲੇ ਦਿਨ ਗੁਰੂ ਨਾਨਕ ਸਾਹਿਬ ਦੇ ਜਨਮ ਅਸਥਾਨ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਇਕ ਖੂਨੀ ਕਾਂਡ ਵਾਪਰਿਆ। ਸਿੱਖ ਇਤਿਹਾਸ ਵਿਚ 'ਸਾਕਾ ਨਨਕਾਣਾ ਸਾਹਿਬ' ਵਜੋਂ ਜਾਣੇ ਜਾਂਦੇ ਇਸ ਦਰਿੰਦਗੀ ਭਰੇ ਕਾਂਡ ਬਾਰੇ ਇਕ ਇਤਿਹਾਸਕ ਫਿਲਮ ਬਣ ਕੇ ਤਿਆਰ ਹੋ ਚੁਕੀ ਹੈ।



*ਫਿਲਮ ਦੇ ਸੈਟ ਉਤੇ ਨਿਰਦੇਸ਼ਕ ਸ੍ਰੀ ਸਮੁੰਦਰੀ ਹਾਲੀਵੁਡ ਐਕਟਰ ਮਿਸਟਰ ਸਟਾਸ ਤੇ ਦੂਜੇ ਕਲਾਕਾਰਾਂ ਨਾਲ*

ਸੁਖਬੀਰ ਸਿੰਘ ਸੰਧਰ ਦੀ 'ਸੰਧਰ ਫਿਲਮਜ਼ ਪ੍ਰਾਈਵੇਟ ਲਿਮਟਿਡ' ਫਰਮ ਵਲੋਂ ਬਣਾਈ ਗਈ ਇਹ ਫਿਲਮ ਪਹਿਲੀ ਅਪਰੈਲ ਨੂੰ ਰਿਲੀਜ਼ ਹੋਵੇਗੀ। ਫਿਲਮ ਦੇ ਨਿਰਮਾਤਾ-ਨਿਰਦੇਸ਼ਕ ਜਗਮੀਤ ਸਿੰਘ ਸਮੁੰਦਰੀ ਨੇ ਦੱਸਿਆ ਕਿ ਵੀਹਵੀਂ ਸਦੀ ਦੇ ਅਰੰਭਲੇ ਵਰ੍ਹਿਆਂ ਵਿਚ ਸ੍ਰੀ ਨਨਕਾਣਾ ਸਾਹਿਬ ਦਾ ਪੁਜਾਰੀ ਮਹੰਤ ਨਰਾਇਣ ਦਾਸ ਇੰਨਾ ਭ੍ਰਿਸ਼ਟ ਅਤੇ ਚਰਿੱਤਰਹੀਣ ਹੋ ਗਿਆ ਸੀ ਕਿ ਉਸ ਦੇ ਖਿਲਾਫ ਸਿੱਖ ਜਗਤ ਵਿਚ ਸਖਤ ਰੋਸ ਪ੍ਰਚੰਡ ਹੋ ਗਿਆ। ਉਸ ਨੂੰ ਆਪਣਾ ਸੁਧਾਰ ਕਰ ਲੈਣ ਦੀਆਂ ਅਪੀਲਾਂ ਤੋਂ ਬਾਅਦ ਜਦੋਂ ਗੁਰਧਾਮ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈਣ ਲਈ ਸਿੱਖਾਂ ਦਾ ਸ਼ਾਂਤਮਈ ਜਥਾ ਗੁਰਦੁਆਰੇ ਦੀ ਚਾਰ ਦੀਵਾਰੀ ਵਿਚ ਗਿਆ ਤਾਂ ਬਰਤਾਨਵੀ ਹਕੂਮਤ ਦੀ ਸ਼ਹਿ 'ਤੇ ਮਹੰਤ ਨੇ ਇਕੱਠੇ ਕੀਤੇ ਹੋਏ ਬਦਮਾਸ਼ਾਂ ਨਾਲ ਰਲ ਕੇ ਜਥੇ ਦਾ ਕਤਲੇਆਮ ਸ਼ੁਰੂ ਕਰ ਦਿੱਤਾ ਅਤੇ ਅਧਮੋਏ ਤੇ ਜਿਉਂਦੇ ਸਿੱਖਾਂ ਨੂੰ ਭੱਠੀਆਂ ਵਿਚ ਸੁੱਟ ਸੁੱਟ ਕੇ ਸਾੜ ਦਿੱਤਾ ਗਿਆ। ਇਸ ਜਥੇ ਦੇ ਮੁਖੀ ਭਾਈ ਲਛਮਣ ਸਿੰਘ ਨੂੰ ਜੰਡ ਦੇ ਦਰਖਤ ਨਾਲ ਬੰਨ੍ਹ ਕੇ ਜਿਉਂਦੇ ਜੀਅ ਸਾੜ ਦਿੱਤਾ ਗਿਆ ਸੀ। ਇਸ ਕਾਂਡ 'ਤੇ ਮਹਾਤਮਾ ਗਾਂਧੀ ਅਤੇ ਹੋਰ ਤਤਕਾਲੀ ਆਗੂਆਂ ਨੇ ਅੰਗਰੇਜ਼ ਹਾਕਮਾਂ ਨੂੰ ਲਾਹਣਤਾਂ ਪਾਈਆਂ ਸਨ।

ਸ੍ਰੀ ਸਮੁੰਦਰੀ ਨੇ ਦੱਸਿਆ ਕਿ ਫਿਲਮ ਦੀ ਸ਼ੂਟਿੰਗ ਦੌਰਾਨ ਬਹੁਤੀ ਵਾਰ ਅਜਿਹਾ ਜਜ਼ਬਾਤੀ ਮਾਹੌਲ ਬਣ ਜਾਂਦਾ ਰਿਹਾ, ਜਦੋਂ ਅਤਿਅੰਤ ਹਿਰਦੇਵੇਦਕ ਦ੍ਰਿਸ਼ ਫਿਲਮਾਉਣ ਮੌਕੇ ਕਲਾਕਾਰਾਂ ਦੀਆਂ ਅੱਖਾਂ ਨਮ ਹੋ ਜਾਂਦੀਆਂ। ਸ੍ਰੀ ਨਨਕਾਣਾ ਸਾਹਿਬ ਦਾ ਸੈਟ ਫਗਵਾੜੇ ਲਾਗੇ ਉਚਾ ਪਿੰਡ ਵਿਖੇ ਤਿਆਰ ਕੀਤਾ ਗਿਆ ਸੀ।

ਇਕ ਸਵਾਲ ਦੇ ਜਵਾਬ ਵਿਚ ਸ੍ਰੀ ਸਮੁੰਦਰੀ ਨੇ ਕਿਹਾ ਕਿ ਫਿਲਮ 'ਸਾਕਾ ਨਨਕਾਣਾ ਸਾਹਿਬ' ਨੂੰ ਕੌਮਾਂਤਰੀ ਮਿਆਰਾਂ ਦੇ ਪੱਧਰ ਦੀ ਬਣਾਉਣ ਲਈ 'ਵਿਜ਼ਿਊਲ ਐਫ-ਐਕਸ' ਜਿਹੀ ਅਤਿ ਆਧੁਨਿਕ ਤਕਨੀਕ ਵਰਤੀ ਗਈ ਹੈ। ਇਕ ਪ੍ਰਸਿਧ ਅਮੈਰਿਕਨ ਹਾਲੀਵੁਡ ਕਲਾਕਾਰ ਸ੍ਰੀ ਸਟੈਸ ਕਲਾਸਿਨ ਨੇ ਵੀ ਗੋਰੇ ਹਾਕਮ ਦਾ ਰੋਲ ਕੀਤਾ ਹੈ। ਸ੍ਰੀ ਸਮੁੰਦਰੀ ਨੇ ਆਸ ਜਤਾਈ ਕਿ ਕੌਮਾਂਤਰੀ ਪੱਧਰ 'ਤੇ ਫਿਲਮ ਨੂੰ ਭਰਪੂਰ ਹੁੰਗਾਰਾ ਮਿਲੇਗਾ।

## ਧੀ ਨੂੰ ਕੁੱਟਣ ਦੇ ਮਾਮਲੇ ਵਿਚ ਮਾਪੇ ਦੋਸ਼ੀ ਕਰਾਰ

**ਵੈਨਕੂਵਰ:** ਮਿੱਤਰ ਲੜਕੇ ਨੂੰ ਫੋਨ ਉਤੇ ਇਤਰਾਜ਼ਯੋਗ ਤਸਵੀਰ ਭੇਜਣ ਵਾਲੀ 14 ਸਾਲਾ ਲੜਕੀ ਦੀ ਕੁੱਟਮਾਰ ਕਰਨ ਵਾਲੇ ਮਾਪਿਆਂ ਨੂੰ ਅਦਾਲਤ ਨੇ ਦੋਸ਼ੀ ਕਰਾਰ ਦਿੱਤਾ ਹੈ। ਉਨ੍ਹਾਂ ਨੂੰ ਇਸ ਬਦਲੇ ਜੇਲ੍ਹ ਵੀ ਜਾਣਾ ਪੈ ਸਕਦਾ ਹੈ।

ਅਦਾਲਤ ਨੇ ਮਾਪਿਆਂ ਦੀ ਇਸ ਦਲੀਲ ਨਾਲ ਸਹਿਮਤੀ ਨਹੀਂ ਪ੍ਰਗਟਾਈ ਕਿ ਉਨ੍ਹਾਂ ਨੇ ਆਪਣੀ ਲੜਕੀ ਨੂੰ ਆਪਣੀ ਗਲਤੀ ਦਾ ਅਹਿਸਾਸ ਕਰਾਉਣ ਲਈ ਕੁੱਟਮਾਰ ਕੀਤੀ ਸੀ। ਇਹ ਮਾਮਲਾ ਬੀਸੀ ਦੇ ਸ਼ਹਿਰ ਸੈਲਮਨ ਆਰਮ ਦਾ ਹੈ ਜਿਥੇ 14 ਸਾਲਾ ਲੜਕੀ ਨੇ ਆਪਣੀ ਇਤਰਾਜ਼ਯੋਗ ਤਸਵੀਰ ਸੋਸ਼ਲ ਮੀਡੀਆ ਰਾਹੀਂ ਮਿੱਤਰ ਲੜਕੇ ਨੂੰ ਭੇਜ ਦਿੱਤੀ। ਜਦੋਂ ਪਿਤਾ ਨੇ ਲੜਕੀ ਦਾ ਫੋਨ ਚੈੱਕ ਕੀਤਾ ਤਾਂ ਉਨ੍ਹਾਂ ਨੇ ਲੜਕੀ ਦੀ ਕੁੱਟਮਾਰ ਕੀਤੀ ਜਿਸ ਬਾਰੇ ਉਸ ਨੇ ਮਿੱਤਰ ਲੜਕੇ ਨੂੰ ਦੱਸਿਆ ਤਾਂ ਉਸ ਨੇ ਮਾਮਲਾ ਜਨਤਕ ਕਰ ਦਿੱਤਾ ਅਤੇ ਆਖਰ ਅਦਾਲਤ ਨੂੰ ਸੁਣਵਾਈ ਕਰਨੀ ਪਈ।

# ਮੱਕੜ ਵੀ ਬਣੇ 'ਫ਼ਖ਼ਰ-ਏ-ਕੌਮ'

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੂੰ ਦਿੱਲੀ ਤੋਂ ਪ੍ਰਕਾਸ਼ਤ ਹੁੰਦੀ ਮਾਸਿਕ ਧਾਰਮਿਕ ਪੱਤ੍ਰਿਕਾ 'ਸੱਚੇ ਪਾਤਸ਼ਾਹ' ਵੱਲੋਂ 'ਫਖ਼ਰ-ਏ-ਕੌਮ' ਐਵਾਰਡ ਨਾਲ ਸਨਮਾਨਤ ਕੀਤਾ ਗਿਆ ਹੈ। ਇਹ ਸਨਮਾਨ ਸਮਾਗਮ 'ਰਸ਼ੀਅਨ ਸੈਂਟਰ ਆਫ ਸਾਇੰਸ ਐਂਡ ਕਲਚਰ' ਫਿਰੋਜ਼ ਸ਼ਾਹ ਰੋਡ, ਨਵੀਂ ਦਿੱਲੀ ਵਿਖੇ ਕਰਵਾਇਆ ਗਿਆ। ਐਸ.ਜੀ.ਪੀ.ਸੀ. ਦੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਦਿੱਲੀ ਤੋਂ ਛਪਦੀ ਮਾਸਿਕ ਪੱਤ੍ਰਿਕਾ 'ਸੱਚੇ ਪਾਤਸ਼ਾਹ' ਵੱਲੋਂ ਪਿਛਲੇ ਲੰਬੇ ਸਮੇਂ ਤੋਂ ਕਰਵਾਏ ਜਾਂਦੇ ਸਾਲਾਨਾ ਸਨਮਾਨ ਸਮਾਰੋਹ ਵਿਚ ਹਰ ਸਾਲ ਸਿੱਖ ਕੌਮ ਪ੍ਰਤੀ ਵਡਮੁੱਲੀਆਂ ਸੇਵਾਵਾਂ ਨਿਭਾਉਣ ਵਾਲੀਆਂ ਸ਼ਖ਼ਸੀਅਤਾਂ ਤੇ ਵਿਦਵਾਨਾਂ ਨੂੰ ਸਨਮਾਨਤ ਕੀਤਾ ਜਾਂਦਾ ਹੈ।



ਇਸ ਸੰਸਥਾ ਵੱਲੋਂ ਜਥੇਦਾਰ ਅਵਤਾਰ ਸਿੰਘ ਨੂੰ ਇਹ ਸਨਮਾਨ ਉਨ੍ਹਾਂ ਦੀਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਜੋਂ ਇਕ ਦਹਾਕਾ ਨਿਭਾਈਆਂ ਮਿਸਾਲੀ ਸੇਵਾਵਾਂ ਦੇ ਮੱਦੇਨਜ਼ਰ ਦਿੱਤਾ ਗਿਆ ਹੈ। ਸੰਸਥਾ ਮੁਤਾਬਕ ਮੱਕੜ ਨੇ ਕੌਮ ਨੂੰ ਦਰਪੇਸ਼ ਚੁਣੌਤੀਆਂ ਵਿਚੋਂ ਬਾਹਰ ਕੱਢਣ ਲਈ ਬੜੀ ਸਹਿਜਤਾ ਤੇ ਦੂਰ-ਅੰਦੇਸ਼ੀ ਦਾ ਸਬੂਤ ਦਿੱਤਾ। ਆਪਣੇ ਪ੍ਰਧਾਨਗੀ ਕਾਲ ਦੌਰਾਨ ਸਿੱਖਾਂ ਦੀ ਇਸ ਕੇਂਦਰੀ ਸੰਸਥਾ ਦੇ ਪ੍ਰਬੰਧ ਨੂੰ ਸਚਾਰੂ ਬਣਾਉਣ ਲਈ ਨਿੱਜੀ ਦਿਲਚਸਪੀ ਰਾਹੀਂ ਇਸ ਦਾ ਨਿਰੰਤਰ ਨਿਰੀਖਣ-ਪ੍ਰੀਖਣ ਕਰਕੇ ਸਮੇਂ ਦਾ ਹਾਣੀ ਬਣਾਇਆ ਹੈ।

WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

H K TRANSPORT INC
Division of HK Incorporated
1401 West Ray St, Indianapolis, IN 46221
Ph: 317-408-3211, web: www.hktransportinc.com



ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ
ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰਾਂ ਲਈ |
|---|---|
| *92% ਫਲੈਟ ਡਿਸਪੈਚ | *48 ਸੈਂਟ ਤੱਕ ਪ੍ਰਤੀ ਮੀਲ |
| *30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | *95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| *ਬਰੈਂਡ ਨਿਊ ਟਰੇਲਰ | *ਵਧੀਆ ਅਤੇ ਸਾਫ ਸੁਥਰੇ ਟਰੱਕ |
| *ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | |

ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ
ਲੋੜੀਂਦੀ ਯੋਗਤਾ:
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।
ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ
ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ
ਸੰਪਰਕ ਕਰੋ: ਫੋਨ 317-408-3211
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

AJ
TRUCK DRIVING SCHOOL
ਏਅਰਪੋਰਟ ਤੋਂ ਪਿਕਅੱਪ ਤੇ ਡਰੌਪ ਆਫ ਦਾ ਵੀ ਖਾਸ ਪ੍ਰਬੰਧ ਹੈ।
deep@jfsinc.us



ਵਾਜ਼ਿਬ ਰੇਟ, ਫਾਸਟ ਸਰਵਿਸ,
ਸਰਟੀਫਾਈਡ, ਤਜ਼ਰਬੇਕਾਰ ਇੰਸਟਰੱਕਟਰ,
ਰਿਹਾਇਸ਼ ਦਾ ਬਹੁਤ ਵਧੀਆ ਪ੍ਰਬੰਧ ਹੈ।
ਅਸੀਂ ਲਾਗ ਬੁੱਕ ਅਤੇ ਸੇਫਟੀ ਦੀ ਟ੍ਰੇਨਿੰਗ ਵੀ ਦਿੰਦੇ ਹਾਂ
ਲਾਇਸੰਸ ਦੀ ਗਾਰੰਟੀ ♦ Experienced Instructors
3506 W. Nielsen Ave. Fresno CA 93706
Tel.: 559.266.4000 Cell : 559.217.5986

# ਕਾਟਜੂ ਕਮਿਸ਼ਨ ਵਲੋਂ ਬੇਅਦਬੀ ਕਾਂਡ ਬਾਰੇ ਘਟਨਾਵਾਂ ਦੀ ਜਾਂਚ ਸ਼ੁਰੂ

**ਜੈਤੋ/ਕੋਟਕਪੂਰਾ**: ਕਾਟਜੂ ਕਮਿਸ਼ਨ ਨੇ ਪਿੰਡ ਬਹਿਬਲ ਕਲਾਂ ਦੇ ਗੁਰਦੁਆਰੇ ਵਿਖੇ ਖੁੱਲ੍ਹਾ ਦਰਬਾਰ ਲਾਇਆ। ਇਥੇ ਤਕਰੀਬਨ 36 ਚਸ਼ਮਦੀਦਾਂ ਨੇ ਸਾਬਕਾ ਚੀਫ ਜਸਟਿਸ ਮਾਰਕੰਡੇ ਕਾਟਜੂ ਕੋਲ ਕੋਟਕਪੂਰਾ ਤੇ ਬਹਿਬਲ ਕਲਾਂ ਘਟਨਾਵਾਂ ਬਾਰੇ ਬਿਆਨ ਦਰਜ ਕਰਵਾਏ। ਕਮਿਸ਼ਨ ਦੇ ਮੈਂਬਰ ਵੱਲੋਂ ਧਰਨਾਕਾਰੀਆਂ 'ਤੇ ਗੋਲੀਆਂ ਚਲਾਉਣ ਵਾਲੇ ਅਧਿਕਾਰੀਆਂ ਦਾ ਨਾਂ ਪੁੱਛੇ ਜਾਣ ਬਾਰੇ ਸਭ ਨੇ ਅਣਜਾਣਤਾ ਪ੍ਰਗਟਾਈ।

ਤਿੰਨ ਉਘੇ ਸਿੱਖ ਪ੍ਰਚਾਰਕਾਂ ਨੇ ਕਮਿਸ਼ਨ ਸਾਹਮਣੇ ਅੱਖੀਂ ਦੇਖੀ ਦਾਸਤਾਨ ਬਿਆਨ ਕੀਤੀ। ਰਿਕਾਰਡ ਕੀਤੇ ਬਿਆਨਾਂ ਦੀ ਬਾਰੀਕੀ ਨਾਲ ਘੋਖ ਮਗਰੋਂ ਕਮਿਸ਼ਨ ਇਸ ਨੂੰ ਜਨਤਕ ਤੌਰ 'ਤੇ ਜਾਰੀ ਕਰੇਗਾ। ਜਾਂਚ ਦੇ ਫੈਸਲੇ ਨੂੰ ਆਧਾਰ ਬਣਾ ਕੇ ਮਾਮਲਾ ਅਦਾਲਤ ਵਿਚ ਜਾਣ ਦੇ ਵੀ ਆਸਾਰ ਪੈਦਾ ਹੋ ਗਏ ਹਨ।

ਕਮਿਸ਼ਨ ਦੀ ਇਸ ਪੜਤਾਲ ਨੂੰ ਹਕੂਮਤ ਲਈ 'ਭਵਿੱਖ ਦੀਆਂ ਮੁਸ਼ਕਿਲਾਂ' ਵਜੋਂ ਦੇਖਿਆ ਜਾ ਰਿਹਾ ਹੈ। ਬਹਿਬਲ ਕਾਂਡ ਵਿਚ ਜਖ਼ਮੀ ਹੋਏ ਬਹਿਬਲ ਖੁਰਦ ਦੇ ਨੌਜਵਾਨ ਬੇਅੰਤ ਸਿੰਘ ਨੂੰ



ਬਿਆਨ ਦਰਜ ਕਰਾਉਣ ਲਈ ਕਾਰ 'ਤੇ ਲਿਆਂਦਾ ਗਿਆ। ਉਸ ਦੀ ਤਬੀਅਤ ਨੂੰ ਦੇਖਦਿਆਂ ਮਾਰਕੰਡੇ ਕਾਟਜੂ ਖੁਦ ਚੱਲ ਕੇ ਉਸ ਕੋਲ ਗਏ ਅਤੇ ਕਾਰ ਵਿਚ ਬੈਠ ਕੇ ਬਿਆਨ ਦਰਜ ਕੀਤੇ। ਬਹਿਬਲ ਕਾਂਡ ਵਿਚ ਮਾਰੇ ਗਏ ਸਰਾਵਾਂ ਪਿੰਡ ਦੇ ਗੁਰਜੀਤ ਸਿੰਘ ਦਾ ਦਾਦਾ ਪ੍ਰੀਤਮ ਸਿੰਘ ਤੇ ਨਾਨਾ ਸਰਬਣ ਸਿੰਘ ਵੀ ਇਥੇ ਮੌਜੂਦ ਸਨ। ਇਸੇ ਤਰ੍ਹਾਂ ਬਹਿਬਲ ਖੁਰਦ ਦੇ ਮਰਹੂਮ ਕ੍ਰਿਸ਼ਨ ਭਗਵਾਨ ਸਿੰਘ ਦੇ ਪਿਤਾ ਮਹਿੰਦਰ ਸਿੰਘ ਵੀ ਇਥੇ ਪੁੱਜੇ ਹੋਏ ਸਨ।

ਪਾਵਨ ਸਰੂਪ ਦੀ ਬੇਅਦਬੀ ਦੇ ਦੋਸ਼ਾਂ ਵਿਚ ਜੇਲ੍ਹ ਜਾ ਕੇ ਆਏ ਪੰਜਗਰਾਈਂ ਖੁਰਦ ਦੇ ਸਕੇ ਭਰਾਵਾਂ ਰੁਪਿੰਦਰ ਸਿੰਘ ਤੇ ਜਸਵਿੰਦਰ ਸਿੰਘ ਨੇ ਵੀ ਕਮਿਸ਼ਨ ਅੱਗੇ ਕਈ ਤੱਥ ਉਜਾਗਰ ਕੀਤੇ।

ਇਨ੍ਹਾਂ ਤੋਂ ਇਲਾਵਾ ਘਟਨਾਵਾਂ ਦੇ ਪ੍ਰਤੱਖਦਰਸ਼ੀ ਤੇ ਪੰਥਕ ਸੰਗਠਨਾਂ ਦੇ ਆਗੂਆਂ ਭਾਈ ਪੰਥਪ੍ਰੀਤ ਸਿੰਘ, ਭਾਈ ਹਰਜਿੰਦਰ ਸਿੰਘ ਤੇ ਭਾਈ ਸਤਨਾਮ ਸਿੰਘ ਚੰਧੜ ਨੇ ਅੱਖੀਂ ਦੇਖੀ ਗਾਥਾ ਬਿਆਨ ਕੀਤੀ। ਪਿੰਡ ਸਰਾਵਾਂ ਦੇ ਗੁਰਚਰਨ ਸਿੰਘ ਨੇ ਕਮਿਸ਼ਨ ਨੂੰ ਦੱਸਿਆ ਕਿ ਪੁਲਿਸ ਨੇ ਬਗ਼ੈਰ ਕਿਸੇ ਚਿਤਾਵਨੀ ਦੇ ਗੋਲੀਆਂ ਚਲਾਈਆਂ। ਉਸ ਨੇ ਦੋਸ਼ ਲਾਇਆ ਕਿ ਪੁਲਿਸ ਨੇ ਖੁਦ ਬੱਸ, ਜਿਪਸੀ, ਸਕਾਰਪੀਓ ਗੱਡੀ ਤੇ ਮੋਟਰਸਾਈਕਲ ਨੂੰ ਅੱਗ ਲਾਈ।

ਭਾਈ ਪੰਥਪ੍ਰੀਤ ਸਿੰਘ ਨੇ ਕਿਹਾ ਕਿ ਕੋਟਕਪੂਰੇ ਚੌਕ ਵਿਚ ਲੱਗੇ ਧਰਨੇ ਨੂੰ ਅਸਫਲ ਬਣਾਉਣ ਲਈ ਪ੍ਰਸ਼ਾਸਨ ਨੇ ਪੂਰੀ ਵਾਹ ਲਾਈ। ਉਥੋਂ ਜਬਰਦਸਤੀ ਆਗੂਆਂ ਨੂੰ ਚੁੱਕਿਆ ਤੇ ਸੰਗਤ ਨੂੰ ਖਦੇੜਨ ਲਈ ਅੱਥਰੂ ਗੈਸ, ਲਾਠੀਆਂ ਤੇ ਗੋਲੀਆਂ ਦੀ ਵਰਤੋਂ ਕੀਤੀ।

### ਸਰਕਾਰੀ ਕਮਿਸ਼ਨ ਉਤੇ ਉਠਾਏ ਸਵਾਲ

**ਚੰਡੀਗੜ੍ਹ:** ਜਸਟਿਸ ਮਾਰਕੰਡੇ ਕਾਟਜੂ ਨੇ ਖੁਲਾਸਾ ਕੀਤਾ ਕਿ ਸਰਕਾਰ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਘਟਨਾਵਾਂ ਦੀ ਜਾਂਚ ਲਈ ਇਕ ਕਮਿਸ਼ਨ ਬਣਾਇਆ, ਪਰ ਲੋਕਾਂ ਦਾ ਉਸ ਉਤੇ ਵਿਸ਼ਵਾਸ ਨਾ ਹੋਣ ਕਰਕੇ ਪੜਤਾਲ ਦੀ ਜ਼ਿੰਮੇਵਾਰੀ ਉਨ੍ਹਾਂ (ਮਾਰਕੰਡੇ ਕਾਟਜੂ) ਨੂੰ ਦੇ ਦਿੱਤੀ ਗਈ। ਉਨ੍ਹਾਂ ਸਪਸ਼ਟ ਕੀਤਾ ਕਿ ਹਲਫੀਆ ਬਿਆਨ ਜਾਂ ਜੋ ਤੱਥ ਜ਼ੁਬਾਨੀ ਦੱਸੇ ਗਏ ਹਨ, ਉਨ੍ਹਾਂ ਦੀ ਬਾਰੀਕੀ ਨਾਲ ਜਾਂਚ ਕਰਨ ਮਗਰੋਂ ਸਹੀ ਤੱਥ ਜਨਤਕ ਕੀਤੇ ਜਾਣਗੇ। ਅੱਗੇ ਲੋਕਾਂ 'ਤੇ ਨਿਰਭਰ ਹੈ ਕਿ ਉਹ ਦੋਸ਼ੀਆਂ ਨੂੰ ਸਜ਼ਾਵਾਂ ਦੁਆਉਣ ਲਈ ਮਾਮਲੇ ਨੂੰ ਹਾਈਕੋਰਟ ਵਿਚ ਲਿਜਾਣਗੇ ਜਾਂ ਨਹੀਂ।

ਉਨ੍ਹਾਂ ਹੈਰਾਨੀ ਜਤਾਈ ਕਿ ਸਰਕਾਰੀ ਧਿਰ ਦਾ ਕੋਈ ਵੀ ਨੁਮਾਇੰਦਾ ਆਪਣੇ ਵੱਲੋਂ ਪੱਖ ਰੱਖਣ ਲਈ ਨਹੀਂ ਆਇਆ।

# ਭਾਰਤ 'ਚ ਸੁਰੱਖਿਅਤ ਨਹੀਂ ਘੱਟ-ਗਿਣਤੀਆਂ

**ਲੰਡਨ:** ਭਾਰਤ ਵਿਚ ਘੱਟ ਗਿਣਤੀਆਂ ਸੁਰੱਖਿਅਤ ਨਹੀਂ ਹਨ। ਭਾਰਤ ਦੀ ਨਰੇਂਦਰ ਮੋਦੀ ਸਰਕਾਰ ਧਾਰਮਿਕ ਘੱਟ ਗਿਣਤੀਆਂ 'ਤੇ ਵਧਦੇ ਹਮਲਿਆਂ ਨਾਲ ਨਜਿੱਠਣ ਵਿਚ ਨਾਕਾਮ ਰਹੀ ਹੈ। ਇਹ ਖੁਲਾਸਾ ਵਿਸ਼ਵ ਦੇ ਦੋ ਅਹਿਮ ਮਨੁੱਖੀ ਅਧਿਕਾਰ ਸੰਗਠਨਾਂ ਨੇ ਕੀਤਾ ਹੈ।

ਹਿਊਮਨ ਰਾਈਟਸ ਵਾਚ ਤੇ ਐਮਨੇਸਟੀ ਇੰਟਰਨੈਸ਼ਨਲ ਨੇ ਵਿਦੇਸ਼ੀ ਫੰਡਿੰਗ ਨੂੰ ਰੋਕਣ ਤੇ ਗੈਰ ਸਰਕਾਰੀ ਸੰਗਠਨਾਂ (ਐਨ.ਜੀ.ਓ.) ਤੇ ਇਨ੍ਹਾਂ ਦੇ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ ਕਰਕੇ ਸਰਕਾਰ ਦੀ ਅਲੋਚਨਾ ਕੀਤੀ ਹੈ। ਇਹ ਵੀ ਦਾਅਵਾ ਕੀਤਾ ਹੈ ਗਿਆ ਹੈ ਕਿ ਮੋਦੀ ਸਰਕਾਰ ਨੇ ਅਲੋਚਨਾ ਕਰਨ ਵਾਲੀ ਸਿਵਲ ਸੁਸਾਇਟੀ ਸੰਗਠਨਾਂ 'ਤੇ ਬੈਨ ਲਾਇਆ ਹੈ। ਐਚ.ਆਰ.ਡਬਲਿਊ. ਨੇ ਆਪਣੀ ਰਿਪੋਰਟ 2016 ਵਿਚ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਰਕਾਰ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਤੇ ਧਾਰਮਿਕ ਘੱਟ ਗਿਣਤੀਆਂ 'ਤੇ ਵਧਦੇ ਹਮਲਿਆਂ ਨਾਲ ਨਜਿੱਠਣ ਵਿਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ।

ਆਪਣੀ 659 ਪੰਨਿਆਂ ਦੀ ਰਿਪੋਰਟ ਵਿਚ ਇਸ ਨੇ ਕਿਹਾ ਹੈ ਕਿ ਅਧਿਕਾਰੀਆਂ ਨੇ ਵਿਦੇਸ਼ੀ ਫੰਡ ਨੂੰ ਜਾਮ ਕਰ ਦਿੱਤਾ ਹੈ। ਸਰਕਾਰ ਜਾਂ ਵੱਡੀਆਂ ਯੋਜਨਾਵਾਂ ਦੇ ਅਲੋਚਕ ਸੰਗਠਨਾਂ ਉਤੇ ਪਾਬੰਦੀ ਲਾ ਦਿੱਤੀ ਗਈ ਹੈ। ਐਚ.ਆਰ.ਡਬਲਿਊ. ਦੀ ਦੱਖਣੀ ਏਸ਼ੀਆ ਡਾਇਰੈਕਟਰ ਮਿਨਾਕਸ਼ੀ ਗਾਂਗੁਲੀ ਨੇ ਦੱਸਿਆ ਕਿ ਇਸ ਸਾਲ ਅਸੰਤੁਸ਼ਟ ਲੋਕਾਂ ਉਤੇ ਭਾਰਤ ਸਰਕਾਰ ਦੀ ਕਾਰਵਾਈ ਨੇ ਵਿਚਾਰਾਂ ਦੀ ਆਜ਼ਾਦੀ, ਦੇਸ਼ ਦੀ ਪੁਰਾਣੀ ਤੇ ਅਹਿਮ ਰਵਾਇਤ ਨੂੰ ਸੱਟ ਮਾਰੀ ਹੈ।




### ਅੱਠ ਕੌਮੀ ਐਵਾਰਡ ਜੇਤੂ ਨੂੰ ਲੱਗਦੈ ਭਾਰਤ 'ਚ ਰਹਿਣ ਤੋਂ ਡਰ!

**ਨਵੀਂ ਦਿੱਲੀ:** ਮੱਧ ਪ੍ਰਦੇਸ਼ ਦੇ ਧਾਰ ਜ਼ਿਲ੍ਹੇ ਵਿਚ ਬਾਗ ਪ੍ਰਿੰਟ ਦੇ ਸਭ ਤੋਂ ਵੱਡੇ ਕਲਾਕਾਰ ਮੁਹੰਮਦ ਯੂਸਫ਼ ਖੱਤਰੀ ਨੇ ਦੇਸ਼ ਛੱਡਣ ਦੀ ਧਮਕੀ ਦਿੱਤੀ ਹੈ। ਅੱਠ ਕੌਮੀ ਪੁਰਸਕਾਰ ਜਿੱਤ ਚੁੱਕੇ ਇਸ ਕਲਾਕਾਰ ਦਾ ਕਹਿਣਾ ਹੈ ਕਿ ਉਹ ਤੇ ਉਨ੍ਹਾਂ ਦਾ ਪਰਿਵਾਰ ਦੇਸ਼ ਵਿਚ ਸੁਰੱਖਿਅਤ ਮਹਿਸੂਸ ਨਹੀਂ ਕਰ ਰਿਹਾ। ਮੁਹੰਮਦ ਯੂਸਫ਼ ਦਾ ਦੋਸ਼ ਹੈ ਕਿ 6 ਤੋਂ 9 ਜਨਵਰੀ ਦੇ ਵਿਚਾਲੇ ਜਦੋਂ ਧਾਰ ਵਿਚ ਮਾਹੌਲ ਖਰਾਬ ਸੀ ਤਾਂ ਕੁਝ ਲੋਕਾਂ ਨੇ ਉਸ ਦੇ ਭਰਾ ਤੇ ਬੇਟੇ ਉਤੇ ਹਮਲਾ ਕੀਤਾ ਸੀ। ਪ੍ਰਦਰਸ਼ਨਕਾਰੀਆਂ ਨੇ ਉਸ ਦੇ ਕਾਰਖਾਨੇ ਨੂੰ ਅੱਗ ਵੀ ਲਾ ਦਿੱਤੀ ਸੀ। ਯੂਸਫ਼ ਦਾ ਕਹਿਣਾ ਹੈ ਕਿ ਉਸ ਨੂੰ ਹੁਣ ਵੀ ਕੁਝ ਲੋਕਾਂ ਦੀਆਂ ਧਮਕੀਆਂ ਮਿਲ ਰਹੀਆਂ ਹਨ। ਇਸ ਕਰ ਕੇ ਯੂਸਫ਼ ਨੇ ਦੇਸ਼ ਛੱਡ ਕੇ ਅਮਰੀਕਾ ਜਾਣ ਦੀ ਗੱਲ ਆਖੀ ਹੈ।

ਮੱਧ ਪ੍ਰਦੇਸ ਦੀ ਰਾਜਧਾਨੀ ਭੁਪਾਲ ਤੋਂ ਕਰੀਬ ਸਾਢੇ ਤਿੰਨ ਸੌ ਕਿਲੋਮੀਟਰ ਦੂਰ ਧਾਰ ਜ਼ਿਲ੍ਹੇ ਦੇ ਇਕ ਕਸਬੇ ਦਾ ਨਾਮ ਬਾਗ ਹੈ। ਇਸ ਛੋਟੇ ਕਸਬੇ ਵਿਚ ਪਿਛਲੇ 40 ਸਾਲ ਤੋਂ ਬਾਗ ਪ੍ਰਿੰਟ ਦੀ ਕਾਰੀਗਰੀ ਯੂਸਫ਼ ਕਰ ਰਿਹਾ ਹੈ। ਇਸ ਕਰ ਕੇ ਉਸ ਦੀ ਪੂਰੀ ਦੁਨੀਆਂ ਵਿਚ ਕਦਰ ਹੈ। ਮੁਹੰਮਦ ਯੂਸਫ਼ ਖੱਤਰੀ ਦੇ ਪਰਿਵਾਰ ਨੂੰ ਅੱਠ ਰਾਸ਼ਟਰੀ ਪੁਰਸਕਾਰ ਤੇ ਸੱਤ ਯੂਨੈਸਕੋ ਪੁਰਸਕਾਰ ਮਿਲ ਚੁੱਕੇ ਹਨ। ਬਾਗ ਪ੍ਰਿੰਟ ਦਾ ਮੁਹੰਮਦ ਯੂਸਫ਼ ਨੂੰ ਮਾਹਿਰ ਮੰਨਿਆ ਜਾਂਦਾ ਹੈ। ਇਹ ਕੰਮ ਕੁਦਰਤੀ ਰੰਗਾਂ ਦੇ ਜ਼ਰੀਏ ਹੱਥਾਂ ਨਾਲ ਤਿਆਰ ਹੋਣ ਵਾਲੀ ਕਾਰੀਗਰੀ ਹੈ ਜਿਸ ਦਾ ਨਾਮ ਵੀ ਬਾਗ ਕਸਬੇ ਦੇ ਨਾਮ ਉੱਤੇ ਬਾਗ ਪ੍ਰਿੰਟ ਹੈ।

# ਆਸ਼ੂਤੋਸ਼ ਦੀ ਦੋ ਸਾਲਾਂ ਤੋਂ 'ਫਰੀਜ਼ਰ ਸਮਾਧੀ' ਦਾ ਰਾਜ਼ ਬਰਕਰਾਰ

**ਚੰਡੀਗੜ੍ਹ:** ਨੂਰ ਮਹਿਲ ਦੇ ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਦੇ ਸੰਸਥਾਪਕ ਆਸ਼ੂਤੋਸ਼ ਦੇ ਸਰੀਰ ਨੂੰ ਪਿਛਲੇ ਦੋ ਸਾਲ ਤੋਂ ਡੀਪ ਫਰੀਜ਼ਰ ਵਿਚ ਰੱਖਿਆ ਹੋਇਆ ਹੈ। ਆਸ਼ਰਮ ਦਾ ਦਾਅਵਾ ਹੈ ਕਿ ਆਸ਼ੂਤੋਸ਼ ਗਹਿਰੀ ਸਮਾਧੀ ਵਿਚ ਹਨ ਤੇ ਇਕ ਦਿਨ ਜ਼ਰੂਰ ਵਾਪਸ ਆਉਣਗੇ, ਪਰ ਉਹ ਵਾਪਸ ਕਦ ਆਉਣਗੇ ਇਸ ਦਾ ਜਵਾਬ ਆਸ਼ਰਮ ਦੇ ਕੋਲ ਨਹੀਂ ਹੈ। ਹਾਈਕੋਰਟ ਵੱਲੋਂ ਆਸ਼ੂਤੋਸ਼ ਨੂੰ ਮ੍ਰਿਤਕ ਮੰਨਦਿਆਂ ਅੰਤਿਮ ਸੰਸਕਾਰ ਕੀਤੇ ਜਾਣ ਦੇ ਵੀ ਹੁਕਮ ਦਿੱਤੇ ਗਏ ਸਨ, ਪਰ ਉਸ ਫੈਸਲੇ 'ਤੇ ਫਿਲਹਾਲ ਰੋਕ ਲੱਗੀ ਹੋਈ ਹੈ।

ਮਾਮਲਾ ਪੰਜਾਬ ਐਂਡ ਹਰਿਆਣਾ ਹਾਈਕੋਰਟ ਵਿਚ ਵਿਚਾਰ ਅਧੀਨ ਹੈ। ਦੋ ਸਾਲ ਤੋਂ ਫਰੀਜ਼ਰ 'ਚ ਦੱਸੀ ਜਾ ਰਹੀ ਇਸ ਸਮਾਧੀ ਦਾ ਰਾਜ ਲਗਾਤਾਰ ਗਹਿਰਾਉਂਦਾ ਜਾ ਰਿਹਾ ਹੈ। ਇਸ ਸਮਾਧੀ ਦਾ ਸੱਚ ਕੀ ਹੈ, ਇਹ ਜਾਣਨ ਲਈ ਕਿਸੇ ਨੂੰ ਵੀ ਸਮਾਧੀ ਤੱਕ ਜਾਣ ਦੀ ਇਜਾਜ਼ਤ ਨਹੀਂ ਹੈ। ਆਸ਼ਰਮ ਨੂੰ ਜਾਣ ਵਾਲੇ ਹਰ ਰਾਸਤੇ 'ਤੇ ਪੁਲਿਸ ਤੇ ਆਸ਼ਰਮ ਦੇ ਨਿੱਜੀ ਸੁਰੱਖਿਆ ਕਰਮੀ ਤਾਇਨਾਤ ਕੀਤੇ ਗਏ ਹਨ। ਬੇਸ਼ੱਕ ਆਸ਼ਰਮ ਵੱਲੋਂ ਸਭ ਕੁਝ ਠੀਕ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਪਰ ਹਾਲਾਤ ਦੇਖਦਿਆਂ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਹੋ ਰਹੇ ਹਨ। ਪਹਿਲੀ ਦਸੰਬਰ 2014 ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਆਸ਼ੂਤੋਸ਼ ਦਾ ਅੰਤਿਮ ਸੰਸਕਾਰ 15 ਦਿਨ ਦੇ ਅੰਦਰ ਕਰਨ ਲਈ ਹੁਕਮ ਦਿੱਤੇ ਗਏ ਸਨ।



ਹਾਈਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਛੇ ਮੈਂਬਰੀ ਕਮੇਟੀ ਬਣਾ ਕੇ ਇਸ ਪ੍ਰਕਿਰਿਆ ਨੂੰ ਪੂਰਾ ਕਰਨ ਦਾ ਆਦੇਸ਼ ਦਿੱਤਾ ਗਿਆ ਸੀ, ਪਰ ਸਰਕਾਰ ਨੇ ਪੰਜਾਬ ਦੇ ਹਾਲਾਤ ਵਿਗੜਨ ਦਾ ਹਵਾਲਾ ਦਿੰਦਿਆਂ ਇਸ ਨੂੰ ਧਾਰਮਿਕ ਤੇ ਆਸ਼ਰਮ ਦਾ ਨਿੰਜੀ ਮਾਮਲਾ ਕਰਾਰ ਦਿੰਦਿਆਂ ਇਸ ਫੈਸਲੇ ਨੂੰ ਲਾਗੂ ਕਰਨ ਤੋਂ ਅਸਮਰਥਾ ਜਤਾ ਦਿੱਤੀ ਤੇ ਸਿੰਗਲ ਬੈਂਚ ਦੇ ਫੈਸਲੇ ਖਿਲਾਫ ਡਬਲ ਬੈਂਚ ਕੋਲ ਪਟੀਸ਼ਨ ਦਾਇਰ ਕੀਤੀ। ਹਾਈਕੋਰਟ ਦੇ ਇਸ ਫੈਸਲੇ ਨੂੰ ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਨੇ ਵੀ ਇਹ ਕਹਿੰਦਿਆਂ ਚੁਣੌਤੀ ਦਿੱਤੀ ਕਿ ਆਸ਼ੂਤੋਸ਼ ਗਹਿਰੀ ਸਮਾਧੀ ਵਿਚ ਹਨ ਤੇ ਜਲਦ ਵਾਪਸ ਆਉਣਗੇ।


ਇਸ ਦੇ ਨਾਲ ਹੀ ਆਸ਼ੂਤੋਸ਼ ਮਹਾਰਾਜ ਦਾ ਪੁੱਤਰ ਹੋਣ ਦਾ ਦਾਅਵਾ ਕਰਨ ਵਾਲੇ ਦਲੀਪ ਕੁਮਾਰ ਝਾਅ ਨੇ ਵੀ ਹਾਈਕੋਰਟ ਦੇ ਫੈਸਲੇ ਖਿਲਾਫ਼ ਅਪੀਲ ਕਰਦਿਆਂ ਆਸ਼ੂਤੋਸ਼ ਦਾ ਅੰਤਿਮ ਸੰਸਕਾਰ ਕਰਨ ਲਈ ਲਾਸ਼ ਉਸ ਦੇ ਪਰਿਵਾਰ ਨੂੰ ਸੌਂਪਣ ਦੀ ਮੰਗ ਕੀਤੀ। ਇਸ ਦੇ ਨਾਲ ਹੀ ਦਲੀਪ ਨੇ ਖੁਦ ਨੂੰ ਆਸ਼ੂਤੋਸ਼ ਦਾ ਪੁੱਤਰ ਸਾਬਤ ਕਰਨ ਲਈ ਬਾਕੀ ਅਹਿਮ ਸਬੂਤ ਪੇਸ਼ ਕਰਨ ਦੇ ਨਾਲ-ਨਾਲ ਖੁਦ ਦਾ ਆਸ਼ੂਤੋਸ਼ ਨਾਲ ਡੀ.ਐਨ.ਏ. ਮਿਲਾਨ ਕਰਵਾਉਣ ਦੀ ਵੀ ਮੰਗ ਕੀਤੀ। ਹਾਈਕੋਰਟ ਵੱਲੋਂ ਦਲੀਪ ਕੁਮਾਰ ਝਾਅ, ਆਸ਼ਰਮ ਤੇ ਪੰਜਾਬ ਸਰਕਾਰ ਵੱਲੋਂ ਦਾਇਰ ਵੱਖ-ਵੱਖ ਤਿੰਨ ਪਟੀਸ਼ਨਾਂ 'ਤੇ ਇਕੱਠੀ ਸੁਣਵਾਈ ਕੀਤੀ ਜਾ ਰਹੀ ਹੈ। ਮਾਮਲੇ ਦੀ ਅਗਲੀ ਸੁਣਵਾਈ 24 ਫਰਵਰੀ 2016 ਨੂੰ ਹੋਣੀ ਹੈ। ਇਨ੍ਹਾਂ ਪਟੀਸ਼ਨਾਂ 'ਤੇ ਸੁਣਵਾਈ ਤੋਂ ਬਾਅਦ ਆਉਣ ਵਾਲੇ ਫੈਸਲੇ ਤੱਕ ਆਸ਼ੂਤੋਸ਼ ਮਹਾਰਾਜ ਦੀ ਸਮਾਧੀ ਦਾ ਰਾਜ ਬਣਿਆ ਰਹੇਗਾ।

# ਪੰਥਕ ਮਰਿਆਦਾ ਦੇ ਉਪਰਾਲਿਆਂ 'ਚ ਜੁਟੀ ਸ਼੍ਰੋਮਣੀ ਕਮੇਟੀ

**ਬਠਿੰਡਾ:** ਸ਼੍ਰੋਮਣੀ ਕਮੇਟੀ ਵਲੋਂ ਪੰਜਾਬ ਵਿਚ ਪੰਥਕ ਮੁਹਿੰਮ ਵਿੱਢੀ ਜਾਵੇਗੀ ਜਿਸ ਤਹਿਤ ਹਲਕਾਵਾਰ ਧਾਰਮਿਕ ਫਿਲਮਾਂ ਦਿਖਾਈਆਂ ਜਾਣਗੀਆਂ। ਸ਼੍ਰੋਮਣੀ ਕਮੇਟੀ ਵੱਲੋਂ ਜ਼ਿਲ੍ਹਾ ਪੱਧਰ 'ਤੇ ਗੁਰਮਤਿ ਸਮਾਗਮ ਵੱਖਰੇ ਕਰਾਏ ਜਾਣਗੇ। ਉਧਰ, ਪੰਜਾਬ ਸਰਕਾਰ ਤਰਫੋਂ ਤੀਰਥ ਯਾਤਰਾ ਸਕੀਮ ਤਹਿਤ ਲੋਕਾਂ ਨੂੰ ਧਾਰਮਿਕ ਯਾਤਰਾ ਕਰਾਈ ਜਾ ਰਹੀ ਹੈ।

ਜਾਣਕਾਰੀ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ ਧਾਰਮਿਕ ਫਿਲਮਾਂ ਦਿਖਾਉਣ ਲਈ ਬਾਕਾਇਦਾ ਇਕ ਤਜਵੀਜ਼ ਤਿਆਰ ਕੀਤੀ ਗਈ ਹੈ ਜਿਸ ਤਹਿਤ 50 ਨਵੀਆਂ ਵੀਡੀਓ ਵੈਨਾਂ ਦੀ ਖਰੀਦ ਕੀਤੀ ਜਾ ਰਹੀ ਹੈ, ਜਦੋਂਕਿ ਅੱਧੀ ਦਰਜਨ ਬੱਸਾਂ ਦੀ ਖਰੀਦ ਕੀਤੀ ਜਾਣੀ ਹੈ। ਇਨ੍ਹਾਂ ਦੀ ਖਰੀਦੋ-ਫ਼ਰੋਖਤ ਲਈ ਟੈਂਡਰ ਪ੍ਰਕਾਸ਼ਿਤ ਕਰ ਦਿੱਤੇ ਗਏ ਹਨ। ਫਰਵਰੀ ਮਹੀਨੇ ਵਿਚ ਖਰੀਦੋ ਫ਼ਰੋਖਤ ਮੁਕੰਮਲ ਕਰ ਲਈ ਜਾਣੀ ਹੈ।

ਸ਼੍ਰੋਮਣੀ ਕਮੇਟੀ ਨੇ ਕਰੋੜਾਂ ਰੁਪਏ ਦਾ ਬਜਟ ਇਸ ਮਕਸਦ ਵਾਸਤੇ ਰੱਖਿਆ ਹੈ। ਕਮੇਟੀ ਕੋਲ ਤਕਰੀਬਨ ਅੱਠ ਵੀਡੀਓ ਵੈਨਾਂ ਪਹਿਲਾਂ ਹੀ ਮੌਜੂਦ




ਹਨ। ਸ਼੍ਰੋਮਣੀ ਕਮੇਟੀ ਨੇ ਚਾਰ ਸਾਹਿਬਜ਼ਾਦੇ ਫਿਲਮ ਖਰੀਦ ਲਈ ਸੀ ਅਤੇ ਹੁਣ ਇਸ ਦੀਆਂ ਸੀਡੀਜ਼ ਤਿਆਰ ਕਰਾਈਆਂ ਗਈਆਂ ਹਨ।

ਸ਼੍ਰੋਮਣੀ ਕਮੇਟੀ ਤਰਫੋਂ ਹਲਕਾਵਾਰ ਧਾਰਮਿਕ ਫਿਲਮਾਂ ਦਿਖਾਈਆਂ ਜਾਣਗੀਆਂ ਤੇ ਹਰ ਜ਼ਿਲ੍ਹੇ ਨੂੰ ਇਕ ਵੀਡੀਓ ਵੈਨ ਦਿੱਤੀ ਜਾਵੇਗੀ ਜੋ ਜ਼ਿਲ੍ਹਾ ਹੈਡਕੁਆਰਟਰ 'ਤੇ ਖੜ੍ਹੇਗੀ। ਹਰ ਜ਼ਿਲ੍ਹੇ ਦੇ ਹਰ ਹਲਕੇ ਵਿਚ ਪਿੰਡ ਵਾਈਜ਼ ਫਿਲਮਾਂ ਦਿਖਾਈਆਂ ਜਾਣਗੀਆਂ। ਇਵੇਂ ਹੀ ਸ਼੍ਰੋਮਣੀ ਕਮੇਟੀ ਤਰਫੋਂ ਪਠਾਨਕੋਟ ਤੋਂ ਗੁਰਮਤਿ ਸਮਾਗਮਾਂ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਹਰ ਜ਼ਿਲ੍ਹੇ ਵਿਚ ਇਹ ਗੁਰਮਤਿ ਸਮਾਗਮ ਕਰਾਏ ਜਾਣਗੇ ਜਿਨ੍ਹਾਂ ਵਿਚ ਢਾਡੀ, ਕਵੀਸ਼ਰ ਤੇ ਕਥਾ ਵਾਚਕ ਸ਼ਾਮਲ ਹੋਣਗੇ।

ਸ਼੍ਰੋਮਣੀ ਅਕਾਲੀ ਦਲ ਨੂੰ ਧਾਰਮਿਕ ਏਜੰਡੇ 'ਤੇ ਕਾਫੀ ਸੱਟ ਵੱਜੀ ਹੈ ਜਿਸ ਦੀ ਭਰਪਾਈ ਖਾਤਰ ਇਹ ਹੀਲੇ ਵਸੀਲੇ ਕੀਤੇ ਜਾ ਰਹੇ ਹਨ। ਧਰਮ ਪ੍ਰਚਾਰ ਕਮੇਟੀ ਦੇ ਵਧੀਕ ਸਕੱਤਰ ਸੁਖਦੇਵ ਸਿੰਘ ਦਾ ਕਹਿਣਾ ਸੀ ਕਿ ਹਰ ਜ਼ਿਲ੍ਹਾ ਹੈੱਡਕੁਆਰਟਰ 'ਤੇ ਜਲਦੀ ਹੀ ਇਕ ਵੀਡੀਓ ਵੈਨ ਭੇਜੀ ਜਾ ਰਹੀ ਹੈ ਜਿਸ ਰਾਹੀਂ ਪਿੰਡਾਂ ਵਿਚ ਧਾਰਮਿਕ ਫਿਲਮਾਂ ਦਿਖਾਏ ਜਾਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ।

### ਹਰਿਆਣਾ 'ਚ ਮੀਰੀ ਪੀਰੀ ਮੈਡੀਕਲ ਕਾਲਜ ਦੀ ਆਸ ਬੱਝੀ

**ਅੰਮ੍ਰਿਤਸਰ:** ਹਰਿਆਣਾ ਦੇ ਸ਼ਾਹਬਾਦ ਮਾਰਕੰਡਾ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਾਲੇ ਮੀਰੀ-ਪੀਰੀ ਮੈਡੀਕਲ ਕਾਲਜ ਦੇ ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ ਪ੍ਰਗਟਾਈ ਗਈ ਇੱਛਾ ਕਾਰਨ ਸ਼ੁਰੂ ਹੋਣ ਦੀ ਉਮੀਦ ਬੱਝੀ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਵੱਲੋਂ ਕੁਰੂਕਸ਼ੇਤਰ ਵਿਚ ਮਾਰਸ਼ਲ ਆਰਟ ਇੰਸਟੀਚਿਊਟ ਸਥਾਪਤ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਬਾਰੇ ਹਰਿਆਣਾ ਦੇ ਸਿਹਤ ਮੰਤਰੀ ਅਨਿਲ ਵਿਜ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨਾਲ ਮੀਟਿੰਗ ਕੀਤੀ ਹੈ। ਇਸ ਤੋਂ ਪਹਿਲਾਂ ਸ੍ਰੀ ਵਿਜ ਨੇ ਮੀਰੀ ਪੀਰੀ ਮੈਡੀਕਲ ਕਾਲਜ ਸ਼ਾਹਬਾਦ ਮਾਰਕੰਡਾ ਨੂੰ ਸ਼ੁਰੂ ਕਰਨ ਬਾਰੇ ਸ਼੍ਰੋਮਣੀ ਕਮੇਟੀ ਨੂੰ ਇਕ ਪੱਤਰ ਭੇਜਿਆ ਸੀ। ਦੱਸਣਯੋਗ ਹੈ ਕਿ ਮੀਰੀ ਪੀਰੀ ਮੈਡੀਕਲ ਕਾਲਜ ਵਾਸਤੇ ਇਮਾਰਤ ਦੀ ਉਸਾਰੀ ਦੀ ਸ਼ੁਰੂਆਤ ਸ਼੍ਰੋਮਣੀ ਕਮੇਟੀ ਵੱਲੋਂ 2006 ਵਿਚ ਕੀਤੀ ਗਈ ਸੀ ਪਰ ਉਸ ਵੇਲੇ ਸਰਕਾਰ ਵੱਲੋਂ ਖੜ੍ਹੇ ਕੀਤੇ ਗਏ ਅੜਿੱਕਿਆਂ ਕਾਰਨ ਇਹ ਮੈਡੀਕਲ ਕਾਲਜ ਸ਼ੁਰੂ ਨਹੀਂ ਹੋ ਸਕਿਆ ਸੀ। ਇਸ ਕਾਲਜ ਦੀ ਉਸਾਰੀ ਵਾਸਤੇ ਸ਼੍ਰੋਮਣੀ ਕਮੇਟੀ ਨੇ ਕਰੋੜਾਂ ਰੁਪਏ ਖਰਚੇ ਹਨ।

## ਤਿੰਨ ਸਾਲ ਹੋਰ ਚੱਲੇਗੀ ਭਾਰਤ-ਪਾਕਿ ਸਮਝੌਤਾ ਰੇਲ

**ਨਵੀਂ ਦਿੱਲੀ:** ਭਾਰਤ ਤੇ ਪਾਕਿਸਤਾਨ ਨੇ ਡਿਪਲੋਮੈਟਿਕ ਚੈਨਲਾਂ ਰਾਹੀਂ ਦੁਵੱਲੀ ਰੇਲ ਆਵਾਜਾਈ ਬਾਰੇ ਸਮਝੌਤੇ ਨੂੰ ਅਗਲੇ ਤਿੰਨ ਸਾਲਾਂ ਤੱਕ ਹੋਰ ਵਧਾ ਦਿੱਤਾ ਹੈ। ਇਹ ਸਮਝੌਤਾ ਹੁਣ 19 ਜਨਵਰੀ-2016 ਤੋਂ 18 ਜਨਵਰੀ-2019 ਤੱਕ ਵਧਾਇਆ ਗਿਆ ਹੈ। ਸਮਝੌਤੇ 'ਤੇ 28 ਜੂਨ 1976 ਵਿਚ ਦਸਤਖਤ ਹੋਏ ਸਨ। ਇਸ ਵੇਲੇ ਦੋਵਾਂ ਦੇਸ਼ਾਂ ਵਿਚਾਲੇ ਯਾਤਰੀ ਤੇ ਮਾਲ ਗੱਡੀਆਂ ਦਿੱਲੀ-ਲਾਹੌਰ ਵਾਇਆ ਅਟਾਰੀ-ਵਾਹਗਾ ਆਉਂਦੀਆਂ-ਜਾਂਦੀਆਂ ਹਨ।

# ਮੋਦੀ ਸਰਕਾਰ ਵੱਲੋਂ ਪਦਮ ਸਨਮਾਨ ਦਾ ਅਪਮਾਨ

ਰਜਵਾੜਾਸ਼ਾਹੀ ਦੇ ਦਿਨਾਂ ਦੌਰਾਨ ਰਾਜੇ-ਮਹਾਰਾਜੇ ਉਨ੍ਹਾਂ ਲੋਕਾਂ ਨੂੰ ਸ਼ਾਹੀ ਸਨਮਾਨਾਂ ਨਾਲ ਨਿਵਾਜਦੇ ਸਨ ਜਿਨ੍ਹਾਂ ਦੀ ਵਫ਼ਾਦਾਰੀ ਅਤੇ ਕਾਰਗੁਜ਼ਾਰੀ ਉਨ੍ਹਾਂ ਨੂੰ ਪ੍ਰਭਾਵਿਤ ਕਰਦੀ ਸੀ। ਆਧੁਨਿਕ ਜਮਹੂਰੀ ਮੁਲਕ ਵੀ ਆਪਣੀ ਵੱਡੀ ਜਾਦੂਈ ਪੋਟਲੀ ਵਿਚੋਂ ਕਈ ਤਰ੍ਹਾਂ ਦੇ ਮੈਡਲ ਅਤੇ ਮਾਣ ਸਨਮਾਨ ਕੱਢ ਕੇ ਆਪਣੇ ਨਾਗਰਿਕਾਂ ਨੂੰ ਸਨਮਾਨਦੇ ਹਨ। ਸਰਕਾਰੀ ਸਨਮਾਨ ਸਧਾਰਨ ਢੰਗ ਨਾਲ ਚੋਣ ਕਰ ਕੇ ਨਹੀਂ ਦਿੱਤੇ ਜਾਂਦੇ। ਜਦੋਂ ਕੋਈ ਵੀ ਸਰਕਾਰ ਸਰਕਾਰੀ ਸਨਮਾਨਾਂ ਲਈ ਵਿਅਕਤੀਆਂ ਦੀ



**ਹਰੀਸ਼ ਖਰੇ**

ਚੋਣ ਕਰਦੀ ਹੈ ਤਾਂ ਇੱਕ ਤਰੀਕੇ ਇਹ ਚੁਣੇ ਗਏ ਵਿਅਕਤੀਆਂ ਦੀ ਕਾਰਗੁਜ਼ਾਰੀ, ਤਰਜੀਹਾਂ ਅਤੇ ਸੋਚ ਤੇ ਸੂਝ ਉਤੇ ਹੀ ਮੋਹਰ ਲਾਉਂਦੀ ਹੈ। ਬਰਤਾਨਵੀ ਮਲਿਕਾ ਦੀ ਸਨਮਾਨਾਂ ਵਾਲੀ ਸੂਚੀ ਦੀ ਤਰਜ਼ 'ਤੇ ਭਾਰਤੀ ਜਮਹੂਰੀ ਤੰਤਰ ਵਿਚ ਦਿੱਤੇ ਜਾਂਦੇ ਪਦਮ ਸਨਮਾਨ ਵੀ ਸਰਕਾਰ ਵੱਲੋਂ ਸਨਮਾਨਿਤ ਵਿਅਕਤੀ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਅਤੇ ਉਨ੍ਹਾਂ ਉਪਰ ਮੋਹਰ ਲਾਉਣ ਵਾਂਗ ਹਨ।

ਪਦਮ ਸਨਮਾਨਾਂ ਦੀ ਕੋਈ ਵੀ ਸੂਚੀ ਕਦੇ ਵੀ ਉਤਮ ਜਾਂ ਸੌ ਫ਼ੀਸਦੀ ਦਰੁਸਤ ਨਹੀਂ ਹੁੰਦੀ, ਨਾ ਹੀ ਇਹ ਹੋ ਸਕਦੀ ਹੈ। ਪਦਮ ਸਨਮਾਨਾਂ ਦੀ ਸੂਚੀ ਤੋਂ ਸਰਕਾਰ ਵੱਲੋਂ ਕੀਤੀ ਗਈ ਚੋਣ ਪ੍ਰਤੱਖ ਹੁੰਦੀ ਹੈ ਅਤੇ ਇਹ ਚੋਣ ਸਮੇਂ ਦੀ ਸਰਕਾਰ ਦੇ ਸਿਆਸੀ ਜੋੜ-ਤੋੜ ਦਾ ਸਿੱਟਾ ਹੁੰਦੀ ਹੈ। ਇਸ ਵਰ੍ਹੇ ਵੀ ਗਣਤੰਤਰ ਦਿਵਸ ਦੀ ਪੂਰਵ ਸੰਧਿਆ ਮੌਕੇ ਪਦਮਸ੍ਰੀ ਲਈ 83 ਸ਼ਖ਼ਸੀਅਤਾਂ ਦੇ ਨਾਵਾਂ ਦਾ ਐਲਾਨ ਕੀਤਾ ਗਿਆ। ਪਿਛਲੇ ਸਾਲਾਂ ਵਾਂਗ ਇਸ ਵਾਰ ਵੀ ਸੂਚੀ ਵਿਚ ਸ਼ਾਮਲ ਵਿਅਕਤੀਆਂ ਦੇ ਨਾਵਾਂ ਤੋਂ ਸਪਸ਼ਟ ਹੈ ਕਿ ਸਰਕਾਰ ਉਨ੍ਹਾਂ ਨੂੰ ਆਪਣੇ ਬੰਦੇ ਸਮਝਦੀ ਹੈ ਅਤੇ ਉਨ੍ਹਾਂ ਨਾਲ ਇਕਮੁੱਠਤਾ ਦਾ ਇਜ਼ਹਾਰ ਕਰਨਾ ਚਾਹੁੰਦੀ ਹੈ। ਉਂਜ, ਪਦਮਸ੍ਰੀ ਦੀ ਉਪਾਧੀ ਨਾਲ ਸਨਮਾਨਿਤ ਕੀਤੀਆਂ ਜਾਣ ਵਾਲੀਆਂ 83 ਸ਼ਖ਼ਸੀਅਤਾਂ ਦੀ ਸੂਚੀ ਵਿਚੋਂ ਇੱਕ ਨਾਂ ਖ਼ਾਸ ਤੌਰ 'ਤੇ ਧਿਆਨ ਖਿੱਚਦਾ ਹੈ, ਕਿਉਂਕਿ ਇਹ ਨਾਂ ਕਈ ਗੱਲਾਂ ਤੋਂ ਪਰਦਾ ਚੁੱਕਣ ਦੇ ਨਾਲ-ਨਾਲ ਬੇਚੈਨ ਕਰਨ ਵਾਲਾ ਵੀ ਹੈ।

ਉਜਵਲ ਨਿਕਮ ਨੂੰ ਜਨਤਕ ਮਸਲਿਆਂ ਦੇ ਵਰਗ ਵਿਚ ਪਦਮਸ੍ਰੀ ਦੀ ਉਪਾਧੀ ਮਿਲੇਗੀ। ਨਿਕਮ ਮਹਾਰਾਸ਼ਟਰ ਸੂਬੇ ਦੇ ਸਰਕਾਰੀ ਵਕੀਲ ਹਨ। ਬੇਸ਼ੱਕ ਉਹ ਮੰਝੇ ਹੋਏ ਵਕੀਲ ਹਨ ਅਤੇ ਉਨ੍ਹਾਂ ਨੂੰ ਅਦਾਲਤੀ ਅਮਲ ਵਿਚ ਇੰਨੀ ਮੁਹਾਰਤ ਹਾਸਲ ਹੈ ਜਿਸ ਦੀ ਦੁਨੀਆਂ ਦੇ ਬਹੁਤ ਸਾਰੇ ਵਕੀਲਾਂ ਅਤੇ ਜੱਜਾਂ ਨੂੰ ਕੁਦਰਤ ਵੱਲੋਂ ਬਖਸ਼ਿਸ਼ ਨਹੀਂ ਹੋਈ ਹੁੰਦੀ, ਪਰ ਉਹ ਵਕੀਲ ਵੱਧ ਹਨ, ਕਾਨੂੰਨਦਾਨ ਨਹੀਂ। ਉਹ ਐੱਮ.ਸੀ. ਸੀਤਲਵਾੜ, ਸੀ.ਕੇ. ਦਫ਼ਤਰੀ ਜਾਂ ਫਾਲੀ ਐੱਸ. ਨਰੀਮਨ ਦੇ ਹਾਣ ਦੇ ਕਾਨੂੰਨੀ ਮਾਹਿਰ ਨਹੀਂ। ਨਿਕਮ ਸਰਕਾਰੀ ਵਕੀਲ ਹੈ ਜੋ ਕਾਨੂੰਨ ਦੀ ਆਨ-ਸ਼ਾਨ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਸਰਕਾਰ ਦੀ ਤਰਫ਼ੋਂ ਮੁਕੱਦਮਾ ਲੜਦਾ ਹੈ। ਇਹ ਮੁਕੱਦਮਾ ਬੁਨਿਆਦੀ ਤੌਰ 'ਤੇ ਬਦਲਾ ਲੈਣ ਵਾਂਗ ਹੁੰਦਾ ਹੈ। ਸਾਡਾ ਸਮਾਜ ਆਮ ਤੌਰ 'ਤੇ ਗ਼ਰੀਬ ਤੇ ਕਮਜ਼ੋਰ ਲਈ ਇਨਸਾਫ਼ ਮੰਗਣ ਅਤੇ ਇਸ ਦੇ ਪੱਖ ਵਿਚ ਡਟਣ ਵਾਲਿਆਂ ਦੀ ਸ਼ਲਾਘਾ ਕਰਦਾ ਹੈ, ਜਦੋਂਕਿ ਨਿਕਮ ਤਾਂ ਹਰ ਦੋਸ਼ੀ ਨੂੰ ਸਜ਼ਾ ਦਿਵਾਉਣ ਲਈ ਕੇਸ ਲੜਦਾ ਹੈ। ਉਹ ਸਖ਼ਤ ਵੀ ਹੁੰਦਾ ਹੈ ਤੇ ਕਰੱਖਤ ਵੀ। ਫਾਹੇ ਲਾਉਣ 'ਤੇ ਉਤਾਰੂ ਜੱਜ ਵਾਂਗ। ਸਰਕਾਰੀ ਵਕੀਲ ਵਜੋਂ ਉਹ ਦੇਸ਼ ਦੇ ਨਾਗਰਿਕਾਂ ਵੱਲੋਂ ਕੇਸ ਲੜਦਿਆਂ ਦੋਸ਼ੀਆਂ ਵੱਲੋਂ ਕੀਤੇ ਜੁਰਮਾਂ ਦਾ ਬਦਲਾ ਲੈਣ ਅਤੇ ਬਣਦੀ ਸਜ਼ਾ ਦਿਵਾਉਣ 'ਤੇ ਜ਼ੋਰ ਦਿੰਦਾ ਹੈ। ਉਹ ਇਹ ਕੁਝ ਕਰਦਾ ਵੀ ਖੁੱਲ੍ਹ ਕੇ ਹੈ। ਉਹ ਖ਼ੁਦ ਨੂੰ ਆਧੁਨਿਕ ਯੁੱਗ ਦੇ ਸੈਵੋਨਾਰੋਲਾ (ਇਤਾਲਵੀ ਪ੍ਰਚਾਰਕ) ਵਜੋਂ ਪੇਸ਼ ਕਰਨਾ ਪਸੰਦ ਕਰਦਾ ਹੈ।

ਉਜਵਲ ਨਿਕਮ ਅਜਮਲ ਕਸਾਬ ਅਤੇ ਯਾਕੂਬ ਮੈਮਨ ਖ਼ਿਲਾਫ਼ ਮੁਕੱਦਮਾ ਜਿੱਤਣ ਵਾਲੇ ਵਕੀਲ ਵਜੋਂ ਪ੍ਰਸਿੱਧ ਹੈ। ਜਨਤਕ ਸੋਚ ਮੁਤਾਬਕ, ਇਨ੍ਹਾਂ ਦੋਵਾਂ ਬੰਦਿਆਂ ਨੇ ਭਾਰਤੀ ਰਾਸ਼ਟਰ ਖ਼ਿਲਾਫ਼ ਜੰਗ ਲੜੀ ਅਤੇ ਵਹਿਸ਼ਿਆਨਾ ਢੰਗ ਨਾਲ ਲੜੀ। ਨਿਕਮ ਨੇ ਲੰਮਾ ਸਮਾਂ ਚੱਲੇ ਮੁਕੱਦਮੇ ਰਾਹੀਂ ਦੋਵਾਂ ਨੂੰ ਫਾਂਸੀ ਦੇ ਤਖ਼ਤੇ ਤਕ ਪਹੁੰਚਾਇਆ। ਸ਼ਾਇਦ ਨਿਕਮ ਅਹਿਮ ਕੇਸਾਂ ਵਿਚ ਕਈ ਦੋਸ਼ੀਆਂ ਨੂੰ ਸਜ਼ਾ ਦਿਵਾ ਚੁੱਕਿਆ ਹੈ, ਪਰ ਅਜਮਲ ਕਸਾਬ ਅਤੇ ਯਾਕੂਬ ਮੈਮਨ ਖ਼ਿਲਾਫ਼ ਮੁਕੱਦਮੇ ਵਿਚ ਕਾਮਯਾਬੀ ਸਦਕਾ ਉਹ ਲੋਕਾਂ ਦੀਆਂ ਨਜ਼ਰਾਂ ਵਿਚ ਆਇਆ ਅਤੇ ਕਈ ਹਲਕਿਆਂ ਵਿਚ ਸਤਿਕਾਰ ਤੇ ਲਾਡ-ਦੁਲਾਰ ਦਾ ਪਾਤਰ ਬਣ ਗਿਆ। ਇਹੀ ਲਾਡ-ਦੁਲਾਰ ਗੰਭੀਰ ਪੜਚੋਲ ਦੀ ਮੰਗ ਕਰਦਾ ਹੈ।

ਗੌਰਤਲਬ ਹੈ ਕਿ ਇਸ 'ਅਸਾਧਾਰਨ'



ਸਰਕਾਰੀ ਵਕੀਲ ਨੇ ਮਾਰਚ 2015 ਵਿਚ ਇੱਕ ਅਸਾਧਾਰਨ ਗੱਲ ਦਾ ਖ਼ੁਲਾਸਾ ਕੀਤਾ। ਜੈਪੁਰ ਵਿਚ ਦਹਿਸ਼ਤਗਰਦੀ ਵਿਰੋਧੀ ਆਲਮੀ ਕਾਨਫਰੰਸ ਦੌਰਾਨ ਉਜਵਲ ਨਿਕਮ ਨੇ ਜਾਣਕਾਰੀ ਦਿੱਤੀ: "ਕਸਾਬ ਨੇ ਕਦੇ ਵੀ ਬਿਰਿਆਨੀ ਨਹੀਂ ਮੰਗੀ ਅਤੇ ਨਾ ਹੀ ਕਦੇ ਸਰਕਾਰ ਨੇ ਉਸ ਨੂੰ ਇਹ ਪਕਵਾਨ ਪਰੋਸਿਆ। ਮੈਂ ਇਹ ਕਹਾਣੀ ਮੁਕੱਦਮੇ ਦੌਰਾਨ ਕਸਾਬ ਦੇ ਹੱਕ ਵਿਚ ਬਣ ਰਹੇ ਜਜ਼ਬਾਤੀ ਮਾਹੌਲ ਨੂੰ ਖ਼ਤਮ ਕਰਨ ਲਈ ਘੜੀ ਸੀ।" ਨਿਕਮ ਨੇ ਯਾਦ ਕਰਵਾਇਆ ਕਿ ਆਪਣਾ ਸਿਰ ਝੁਕਾ ਕੇ ਕਸਾਬ ਨੇ ਜਦੋਂ ਆਪਣੀ ਅੱਖ ਦਾ ਹੰਝੂ ਪੂੰਝਿਆ ਤਾਂ ਉਸ ਦੇ ਹੱਕ ਵਿਚ 'ਜਜ਼ਬਾਤੀ ਲਹਿਰ' ਉਠਣ ਲੱਗੀ ਸੀ। ਉਸ ਦਿਨ ਦੇ ਅਖ਼ਬਾਰਾਂ ਨੇ ਨਿਕਮ ਦੀ ਸੋਚ ਪ੍ਰਕਿਰਿਆ ਬਾਰੇ ਖ਼ਬਰਾਂ ਛਾਪੀਆਂ ਸਨ। ਛੋਟੀ ਇਲੈਕਟ੍ਰਾਨਿਕ ਮੀਡੀਆ ਨੇ ਵੀ ਖ਼ਬਰ ਨਸ਼ਰ ਕੀਤੀ: "ਕਸਾਬ ਦੀਆਂ ਅੱਖਾਂ ਵਿਚ ਹੰਝੂ।" ਉਸ ਦਿਨ ਰੱਖੜੀ ਸੀ। ਇਸ ਲਈ ਕਈਆਂ ਨੇ ਅੰਦਾਜ਼ਾ ਲਗਾਇਆ ਕਿ ਕਸਾਬ ਆਪਣੀ ਭੈਣ ਨੂੰ ਯਾਦ ਕਰ ਕੇ ਜਜ਼ਬਾਤੀ ਹੋ ਉਠਿਆ ਸੀ। ਕਈਆਂ ਨੇ ਤਾਂ ਇਹ ਸੁਆਲ ਵੀ ਕੀਤਾ ਕਿ ਉਹ ਦਹਿਸ਼ਤਗਰਦ ਹੈ ਵੀ ਜਾਂ ਨਹੀਂ। ਇਸ ਲਈ ਨਿਕਮ ਨੇ ਕਸਾਬ ਦੀ ਹੰਝੂ ਪੂੰਝਣ ਵਾਲੀ ਤਸਵੀਰ ਦਾ ਤੋੜ ਲੱਭਣ ਦੀ ਲੋੜ ਸਮਝੀ। ਉਸ ਨੇ ਝੂਠੀ ਗੱਲ ਬਣਾ ਲਈ ਕਿ 'ਦਹਿਸ਼ਤਗਰਦ' ਖਾਣ ਲਈ ਬਿਰਿਆਨੀ ਮੰਗ ਰਿਹਾ ਹੈ, ਉਹ ਵੀ ਮਟਨ ਬਿਰਿਆਨੀ। ਇਸ ਤੋਂ ਵੱਧ ਗੁਨਾਹ ਹੋਰ ਕੀ ਹੋ ਸਕਦਾ ਹੈ।

ਬਿਰਿਆਨੀ ਨੂੰ ਕਸਾਬ ਦਾ ਮਨਪਸੰਦ ਪਕਵਾਨ ਮਾਸੂਮੀਅਤ ਵਿਚ ਨਹੀਂ ਸੀ ਦੱਸਿਆ ਗਿਆ। 'ਬਿਰਿਆਨੀ' ਤਾਂ ਸਿਆਸੀ ਪੁੱਠ ਵਾਲਾ 'ਕੋਡ ਵਰਡ' ਹੈ। ਇਸ ਤੋਂ ਪਹਿਲਾਂ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਨੇ ਇਸ ਲਜ਼ੀਜ਼ ਅਵਧੀ ਪਕਵਾਨ ਨੂੰ ਸਿਆਸੀ ਤੜਕਾ ਉਦੋਂ ਲਾਇਆ ਸੀ ਜਦੋਂ ਉਨ੍ਹਾਂ ਨੇ ਕਸ਼ਮੀਰ ਵਿਚਲੇ ਵੱਖਵਾਦੀ-ਦਹਿਸ਼ਤਗਰਦਾਂ ਅਤੇ 'ਰਾਮ ਭਗਤਾਂ' ਦੀ ਤੁਲਨਾ ਕੀਤੀ ਸੀ। ਅਡਵਾਨੀ ਨੇ ਨਰਸਿਮ੍ਹਾ ਰਾਓ ਦੀ ਅਗਵਾਈ ਵਾਲੀ ਸਰਕਾਰ 'ਤੇ ਦੋਸ਼ ਲਾਇਆ ਸੀ ਕਿ ਇਸ ਨੇ ਅਕਤੂਬਰ 1993 ਵਿਚ ਸ੍ਰੀਨਗਰ ਦੀ ਹਜ਼ਰਤਬਲ ਦਰਗਾਹ ਅੰਦਰ ਮੋਰਚਾਬੰਦੀ ਕਰ ਕੇ ਬੈਠੇ ਦਹਿਸ਼ਤਗਰਦਾਂ ਨੂੰ ਤਾਂ 'ਬਿਰਿਆਨੀ' ਪਰੋਸ ਕੇ ਭੇਜੀ ਸੀ, ਪਰ ਉਸੇ ਸਰਕਾਰ ਨੂੰ ਬਾਬਰੀ ਮਸਜਿਦ ਢਾਹ ਕੇ ਉਸ ਦੀ ਥਾਂ ਮੰਦਿਰ ਬਣਾਉਣ ਦੀ ਇੱਛਾ ਵਾਲੇ ਰਾਮ ਭਗਤਾਂ 'ਤੇ ਗੋਲੀਆਂ ਚਲਾਉਣ ਦਾ ਕੋਈ ਪਛਤਾਵਾ ਨਹੀਂ ਸੀ। ਇਹ ਤੁਲਨਾ ਤਾਂ ਸਿਰਫ਼ ਹਿੰਦੂਆਂ ਤੇ ਮੁਸਲਿਮਾਂ, ਦੇਸ਼ ਭਗਤਾਂ ਤੇ ਗ਼ੱਦਾਰਾਂ ਅਤੇ ਨਾਇਕਾਂ ਤੇ ਖਲਨਾਇਕਾਂ ਦਰਮਿਆਨ ਕੱਟੜ ਦੁਸ਼ਮਣੀ 'ਤੇ ਜ਼ੋਰ ਦੇਣ ਲਈ ਸੀ। ਉਦੋਂ ਤੋਂ ਹੀ 'ਬਿਰਿਆਨੀ ਪਰੋਸਣਾ' ਕਮਜ਼ੋਰ ਤੇ ਅਪ੍ਰਭਾਵੀ ਸਰਕਾਰ ਅਤੇ ਜਹਾਦੀਆਂ ਤੋਂ ਖਹਿੜਾ ਛੁਡਾਉਣ ਤੋਂ ਅਸਮਰੱਥ ਤੇ ਬੇਅਸਰ ਨਿਆਂਇਕ ਪ੍ਰਣਾਲੀ ਦਾ ਸਮਾਨਾਰਥੀ ਬਣ ਚੁੱਕਾ ਹੈ।

ਇਸੇ ਤਸ਼ਬੀਹ ਨੂੰ ਭਾਰਤੀ ਸਾਹਿਲੀ ਰਾਖਿਆਂ (ਕੋਸਟ ਗਾਰਡਜ਼) ਦੇ ਇੱਕ ਕਮਾਂਡੈਂਟ ਬੀ.ਕੇ. ਲੋਸ਼ਾਲੀ ਨੇ ਵੀ ਪਿਛਲੇ ਦਿਨੀਂ ਵਰਤਿਆ ਸੀ। ਉਸ ਨੇ ਤਾੜੀਆਂ ਦੀ ਗੂੰਜ ਵਿਚ ਆਪਣੇ ਸਰੋਤਿਆਂ ਨੂੰ ਦੱਸਿਆ ਸੀ ਕਿ ਉਸ ਨੇ ਕਿਵੇਂ ਧਮਾਕਾਖੇਜ਼ ਸਮੱਗਰੀ ਨਾਲ ਲੱਦੀ ਪਾਕਿਸਤਾਨੀ ਕਿਸ਼ਤੀ ਨੂੰ ਉਡਾਉਣ ਦੇ ਹੁਕਮ ਦਿੱਤੇ ਸਨ ਤੇ ਸ਼ੱਕੀ 'ਦਹਿਸ਼ਤਗਰਦਾਂ' ਨੂੰ ਜਿਉਂਦਾ ਨਹੀਂ ਸੀ ਫੜਿਆ, ਕਿਉਂਕਿ "ਅਸੀਂ ਉਨ੍ਹਾਂ ਨੂੰ ਬਿਰਿਆਨੀ ਨਹੀਂ ਸੀ ਪਰੋਸਣਾ ਚਾਹੁੰਦੇ।"

ਇਸ ਲਈ (ਹੁਣ ਪਦਮਸ੍ਰੀ) ਉਜਵਲ ਨਿਕਮ ਨੇ ਬਿਰਿਆਨੀ ਵਾਲੀ 'ਮਿਥਿਹਾਸਕ' ਕਹਾਣੀ ਨੂੰ ਜਨਤਕ ਜੁਮਲੇਬਾਜ਼ੀ ਦਾ ਹਿੱਸਾ ਬਣਾ ਕੇ ਮਜ਼ਬੂਤ ਅਤੇ ਦੁਚਿੱਤੀ 'ਚ ਪਏ ਲੀਡਰਾਂ ਦਰਮਿਆਨ ਫ਼ਰਕ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਅਜਿਹਾ ਕਰ ਕੇ ਉਸ ਨੇ ਭਾਰਤੀ ਮੁਕੱਦਮਾ ਪ੍ਰਣਾਲੀ ਦੀ ਮਜ਼ਬੂਤੀ ਵਿਚ ਯਕੀਨ ਨਾ ਹੋਣ ਵਾਲੀ ਸੋਚ ਦਾ ਮੁਜ਼ਾਹਰਾ ਕੀਤਾ। ਸ਼ਾਇਦ ਨਿਕਮ ਨੂੰ ਜਾਪਦਾ ਸੀ ਕਿ ਸੁਣਵਾਈ ਕਰਨ ਵਾਲਾ ਜੱਜ ਫੌਰੈਂਸਿਕ ਸਬੂਤਾਂ ਅਤੇ ਪੁਖ਼ਤਾ ਕਾਨੂੰਨੀ ਨੁਕਤਿਆਂ ਵਾਲੀਆਂ ਦਲੀਲਾਂ ਦੀ ਬਜਾਏ ਕਿਤੇ 'ਜਨਤਕ ਰਾਇ' ਦੇ ਵਹਿਣ ਵਿਚ ਵਹਿ ਕੇ ਕੇਸ ਦਾ ਫ਼ੈਸਲਾ ਨਾ ਸੁਣਾ ਦੇਵੇ। ਉਂਜ ਵੀ, ਨਿਕਮ ਨੂੰ ਟੈਲੀਵਿਜ਼ਨ ਯੁੱਗ ਦੀਆਂ ਚਾਲਾਂ ਤੇ ਪੈਂਤੜਿਆਂ ਦਾ ਚੰਗਾ ਗਿਆਨ ਹੋ ਚੁੱਕਾ ਹੈ। ਉਹ ਜਾਣਦਾ ਹੈ ਕਿ ਕੈਮਰਾ ਨਾਟਕੀ, ਉਕਸਾਊ ਤੇ ਭੜਕਾਊ ਜੁਮਲਿਆਂ ਤੇ ਸੈਨਤਾਂ ਨੂੰ ਤਰਜੀਹ ਦਿੰਦਾ ਹੈ। ਉਸ ਨੇ ਇਲੈਕਟ੍ਰਾਨਿਕ ਮੀਡੀਆ ਦੀ ਕਮਜ਼ੋਰੀ ਅਤੇ ਇਸ ਰਾਹੀਂ ਲੋਕਾਂ ਦੇ ਡਰਾਂ ਤੇ ਤੌਖ਼ਲਿਆਂ ਨੂੰ ਆਪਣੀ ਮਰਜ਼ੀ ਮੁਤਾਬਿਕ ਬਾਖ਼ੂਬੀ ਮੋੜਨ ਵਿਚ ਕਾਮਯਾਬੀ ਹਾਸਲ ਕੀਤੀ ਅਤੇ ਕਸਾਬ ਲਈ ਫਾਂਸੀ ਦੀ ਸਜ਼ਾ ਦੇ ਪੱਖ ਵਿਚ ਜਨਤਕ ਰਾਇ ਖੜ੍ਹੀ ਕਰ ਲਈ।

ਜਨਤਕ ਰਾਇ ਹੀ ਮੁਲਕ ਦੀ ਆਵਾਜ਼ ਹੁੰਦੀ ਹੈ ਤੇ ਫਿਰ ਇਹ ਕਾਨੂੰਨ ਤੋਂ ਵੀ ਉਚੇਰੀ ਸਮਝੀ ਜਾਂਦੀ ਹੈ। ਸੁਪਰੀਮ ਕੋਰਟ ਨੇ ਅਫ਼ਜ਼ਲ ਗੁਰੂ ਦੇ ਮਾਮਲੇ ਵਿਚ 'ਸਾਂਝੀ ਜਨਤਕ ਰਾਇ' ਨੂੰ ਨਿਆਂਇਕ ਤੌਰ 'ਤੇ ਮਨਜ਼ੂਰੀ ਦਿੱਤੀ ਸੀ। ਭਾਰਤੀ ਸੰਸਦ ਉਤੇ ਹਮਲੇ ਦਾ ਦੋਸ਼ੀ ਪ੍ਰਚਾਰ ਕੇ ਉਸ ਨੂੰ ਫਾਹੇ ਲਾ ਦਿੱਤਾ ਗਿਆ ਸੀ। ਅਦਾਲਤ ਨੇ ਕਿਹਾ ਸੀ ਕਿ "ਹਮਲੇ ਨੇ ਪੂਰੇ ਮੁਲਕ ਨੂੰ ਹਿਲਾ ਕੇ ਰੱਖ ਦਿੱਤਾ ਹੈ ਅਤੇ ਦੇਸ਼ ਦੇ ਲੋਕਾਂ ਦੀ ਰੂਹ ਨੂੰ ਤਾਂ ਹੀ ਤਸਕੀਨ ਮਿਲੇਗੀ ਜੇ ਦੋਸ਼ੀ ਨੂੰ ਸਜ਼ਾ-ਏ-ਮੌਤ ਦਿੱਤੀ ਜਾਵੇਗੀ।" ਉਜਵਲ ਨਿਕਮ ਜਨਤਕ ਰਾਇ ਨੂੰ ਆਪਣੇ ਪੱਖ ਵਿਚ ਮੋੜਨ ਅਤੇ ਬਣਾਉਣ ਦੀ ਅਹਿਮੀਅਤ ਭਲੀਭਾਂਤ ਸਮਝਦਾ ਸੀ। ਉਸ ਨੂੰ ਆਪਣੇ ਇਰਾਦਿਆਂ ਵਿਚ ਸਫ਼ਲ ਹੋਣ ਲਈ ਹਰ ਹਰਬਾ ਵਰਤਣਾ ਆਉਂਦਾ ਹੈ ਤੇ ਉਸ ਦਾ ਮਨ ਸੰਕੀਰਨ ਵਿਚਾਰਾਂ ਨਾਲ ਭਰਿਆ ਹੋਇਆ ਹੈ।

ਕਿਸੇ ਨੂੰ ਵੀ ਉਜਵਲ ਨਿਕਮ ਨੂੰ ਮਿਲੇ ਪਦਮ ਸਨਮਾਨ 'ਤੇ ਰਸ਼ਕ ਨਹੀਂ ਕਰਨਾ ਚਾਹੀਦਾ, ਪਰ ਸਨਮਾਨ ਲਈ ਉਸ ਦੀ ਅਤੇ ਉਸ ਦੇ ਸੰਕੀਰਨ ਜੇਤੂਵਾਦ ਦੀ ਚੋਣ ਕਰਨ ਵਾਲਿਆਂ ਦਾ ਵਿਰੋਧ ਕਰਨਾ ਜ਼ਰੂਰ ਬਣਦਾ ਹੈ। ਸੱਤਾਧਾਰੀ ਧਿਰ ਨੇ ਸਾਡੇ ਮਨਾਂ 'ਚ ਡੂੰਘੀਆਂ ਜੜ੍ਹਾਂ ਜਮਾਈ ਬੈਠੀ ਦੁਸ਼ਮਣੀ ਨੂੰ ਕਾਇਮ ਰੱਖਣ, ਸਾਡੀ ਨਿਆਂ ਪ੍ਰਣਾਲੀ ਦੀ ਭਰੋਸੇਯੋਗਤਾ ਨੂੰ ਘਟਾਉਣ ਅਤੇ ਸਾਡੀ ਇਨਸਾਫ਼ਪਸੰਦ ਬਿਰਤੀ ਤੇ ਸੂਝ ਨੂੰ ਨਿਵਾਣ ਵੱਲ ਲਿਜਾਣ ਦਾ ਕੰਮ ਕੀਤਾ ਹੈ। ਅਫ਼ਸੋਸ ਦੀ ਗੱਲ ਹੈ ਕਿ ਇਸ ਇੱਕ ਪਦਮ ਸਨਮਾਨ ਨੇ ਸਾਡੀ ਦਾਨਾਈ ਸਾਥੋਂ ਖੋਹ ਲਈ ਹੈ।

# ਅਮਰੀਕਾ ਤੇ ਹਥਿਆਰਾਂ ਬਾਰੇ ਕਾਨੂੰਨ

ਇਸ ਸਾਲ ਦੇ ਸ਼ੁਰੂਆਤੀ ਦਿਨਾਂ ਵਿਚ ਸਾਰੀ ਦੁਨੀਆਂ ਦੇ ਇਲਕਟ੍ਰੌਨਿਕ ਮੀਡੀਆ ਨੇ ਅਮਰੀਕਨ ਰਾਸ਼ਟਰਪਤੀ ਬਰਾਕ ਓਬਾਮਾ ਦੀ ਕਾਨਫਰੰਸ ਦੀ ਵੀਡੀਓ ਵਾਰ-ਵਾਰ ਦਿਖਾਈ। ਇਸ ਵੀਡੀਓ ਦੀ ਖ਼ਾਸ ਗੱਲ ਇਹ ਸੀ ਕਿ ਭਾਸ਼ਣ ਦਿੰਦੇ ਸਮੇਂ ਬਰਾਕ ਓਬਾਮਾ ਰੋ ਪਏ। ਕੌਮਾਂਤਰੀ ਪ੍ਰਿੰਟ ਮੀਡੀਏ ਵਿਚ ਵੀ ਇਸ ਦ੍ਰਿਸ਼ ਦੀ ਤਸਵੀਰ ਚਰਚਾ ਦਾ ਵਿਸ਼ਾ ਬਣੀ ਰਹੀ। ਓਬਾਮਾ ਉਸ ਵਕਤ ਅਮਰੀਕਾ ਵਿਚ ਆਮ ਨਾਗਰਿਕਾਂ ਨੂੰ ਹਥਿਆਰ ਰੱਖਣ ਦੀ ਖੁੱਲ੍ਹ ਦਿੰਦੇ ਕਾਨੂੰਨ ਕਾਰਨ ਅਮਰੀਕਾ ਵਿਚ ਨਿੱਤ ਦਿਨ ਬੇਦੋਸ਼ਿਆਂ ਦੇ ਹੁੰਦੇ ਕਤਲਾਂ ਦੇ ਸਬੰਧ ਵਿਚ ਬੋਲ ਰਹੇ ਸਨ। ਭਾਸ਼ਣ ਦੌਰਾਨ ਜਦ ਉਨ੍ਹਾਂ 2012 ਵਿਚ ਸੈਂਡੀ ਹਿਲ ਐਲੀਮੈਂਟਰੀ ਸਕੂਲ ਵਿਚ ਹੋਈ ਗੋਲੀਬਾਰੀ ਦਾ ਜ਼ਿਕਰ ਕੀਤਾ

**ਯਾਦਵਿੰਦਰ ਸਿੰਘ ਸਤਕੋਹਾ**

ਤਾਂ ਕਤਲ ਹੋਏ ਬੱਚਿਆਂ ਨੂੰ ਯਾਦ ਕਰ ਕੇ ਉਹ ਰੋ ਪਏ। ਸੰਸਾਰ ਦੀ ਸਭ ਤੋਂ ਵੱਡੀ ਤਾਕਤ ਦੇ ਵਕਤੀ ਸਰਬਰਾਹ ਵੱਲੋਂ ਇਸ ਸਮੱਸਿਆ ਦਾ ਜ਼ਿਕਰ ਕਰਦਿਆਂ ਜਨਤਕ ਤੌਰ 'ਤੇ ਇਸ ਢੰਗ ਨਾਲ ਰੋ ਪੈਣ ਨਾਲ ਇਸ ਮਾਮਲੇ ਦੀ ਗੰਭੀਰ ਹੋ ਚੁੱਕੀ ਸਥਿਤੀ ਬਾਰੇ ਪਤਾ ਲਗਦਾ ਹੈ।

ਮੁਲਕ ਵਿਚ ਆਮ ਲੋਕਾਂ ਵੱਲੋਂ ਜਨਤਕ ਥਾਂਵਾਂ 'ਤੇ ਜਾ ਕੇ ਗੋਲੀਆਂ ਚਲਾਉਣ ਦੀਆਂ ਦੁਰਘਟਨਾਵਾਂ ਦਾ ਰੁਝਾਨ ਲਗਪਗ 1980 ਤੋਂ ਬਾਅਦ ਸ਼ੁਰੂ ਹੋਇਆ ਮੰਨਿਆ ਜਾਂਦਾ ਹੈ, ਪਰ ਮੌਜੂਦਾ ਸਦੀ ਦੇ ਗੁਜ਼ਰੇ ਡੇਢ ਦਹਾਕੇ ਦੌਰਾਨ ਇਨ੍ਹਾਂ ਘਟਨਾਵਾਂ ਵਿਚ ਤੇਜ਼ੀ ਆਈ ਹੈ। 'ਦਿ ਵਾਸ਼ਿੰਗਟਨ ਪੋਸਟ' ਅਨੁਸਾਰ, ਅਮਰੀਕਾ ਵਿਚ ਵਾਪਰੀਆਂ ਗੋਲੀਬਾਰੀ ਦੀਆਂ ਹੁਣ ਤੱਕ 12 ਸਭ ਤੋਂ ਵੱਡੀਆਂ ਘਟਨਾਵਾਂ ਵਿਚੋਂ ਅੱਧੀਆਂ 2007 ਤੋਂ ਬਾਅਦ ਵਾਪਰੀਆਂ ਹਨ। ਰਾਸ਼ਟਰੀ ਪੱਧਰ ਦੇ ਉਘੇ ਸਿਹਤ ਅਦਾਰੇ ਸੀ.ਡੀ.ਸੀ. (ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪਰੀਵੈਂਸ਼ਨ) ਦੀ ਰਿਪੋਰਟ ਮੁਤਾਬਕ, 2013 ਦੌਰਾਨ ਮੁਲਕ ਅੰਦਰ ਵਾਪਰੀਆਂ ਵੱਖ-ਵੱਖ ਗੋਲੀਬਾਰੀ ਦੀਆਂ ਘਟਨਾਵਾਂ ਵਿਚ 84,258 ਲੋਕ ਗੰਭੀਰ ਜ਼ਖ਼ਮੀ ਹੋਏ ਅਤੇ 11,208 ਲੋਕ ਮਾਰੇ ਗਏ। 505 ਦੇ ਕਰੀਬ ਮੌਤਾਂ ਗ਼ਲਤੀ ਨਾਲ ਗੋਲੀ ਚੱਲਣ ਦੀ ਘਟਨਾ ਨਾਲ ਵਾਪਰੀਆਂ। ਇਸੇ ਤਰ੍ਹਾਂ 2014 ਵਿਚ ਮਰਨ ਵਾਲਿਆਂ ਦੀ ਗਿਣਤੀ 12,570 ਸੀ। 2015 ਵਿਚ ਵੀ ਹਰ ਦਿਨ 35 ਸ਼ਹਿਰੀਆਂ ਦੇ ਕਤਲ ਹੋਣ ਦੀ ਔਸਤ ਮੌਜੂਦ ਰਹੀ। ਜਨਤਕ ਥਾਂਵਾਂ 'ਤੇ ਹੋ ਚੁੱਕੀ ਗੋਲੀਬਾਰੀ ਦੀਆਂ ਘਟਨਾਵਾਂ ਦੀ ਸੂਚੀ ਇੰਨੀ ਲੰਮੀ ਹੈ ਕਿ ਸਭ ਦਾ ਜ਼ਿਕਰ ਕਰਨਾ ਸੰਭਵ ਨਹੀਂ।

ਅਮਰੀਕਾ ਵਿਚ ਆਮ ਸ਼ਹਿਰੀਆਂ ਵੱਲੋਂ ਬੰਦੂਕ ਰੱਖਣ ਦੇ ਰੁਝਾਨ ਦਾ ਇਤਿਹਾਸ ਪੁਰਾਣਾ ਹੈ। ਇਸ ਮਾਮਲੇ ਦੀ ਜਾਣਕਾਰੀ ਰੱਖਣ ਵਾਲੇ ਮਾਹਿਰ 1775 ਤੋਂ ਬਾਅਦ ਸਾਲਾਂਬੱਧੀ ਚੱਲੀ ਅਮਰੀਕਨ ਆਜ਼ਾਦੀ ਦੀ ਜੰਗ ਨੂੰ ਇਸ ਰੁਝਾਨ ਦੇ ਸਥਾਪਤ ਹੋਣ ਦਾ ਦੌਰ ਮੰਨਦੇ ਹਨ। ਕਈ ਸਾਲ ਚੱਲੀ ਇਸ ਲੜਾਈ ਨੇ ਹਰ ਅਮਰੀਕਨ ਨਾਗਰਿਕ ਨੂੰ ਆਪਣੇ ਕੋਲ ਹਥਿਆਰ ਰੱਖਣ ਦੇ ਰੁਝਾਨ ਦਾ ਸ਼ਿਕਾਰ ਬਣਾਇਆ। ਇਸ ਤੋਂ ਪਹਿਲਾਂ ਵੀ ਅਮਰੀਕਾ ਵਿਚ ਬੰਦੂਕਨੁਮਾ ਹਥਿਆਰ ਰੱਖਣ ਦਾ ਸ਼ੌਕ ਸੀ, ਪਰ ਇਹ ਆਮ ਤੌਰ 'ਤੇ ਸ਼ਿਕਾਰ ਕਰਨ ਅਤੇ ਖੇਤਾਂ ਦੇ ਖੇਤਰ ਤੱਕ ਹੀ ਸੀਮਤ ਸੀ। ਜੰਗ ਖ਼ਤਮ ਹੋਣ ਤੋਂ ਬਾਅਦ 1783 ਵਿਚ ਅਮਰੀਕਨ ਲੋਕਾਂ ਨੇ ਬਰਤਾਨਵੀ ਗੁਲਾਮੀ ਦਾ ਜੂਲਾ ਆਪਣੇ ਗਲ ਵਿਚੋਂ ਲਾਹ ਲਿਆ। ਇਸ ਲੰਮੀ ਲੜਾਈ ਤੋਂ ਬਾਅਦ ਅਮਰੀਕਾ ਆਰਥਿਕ ਪੱਖ ਤੋਂ ਬੇਹੱਦ ਹੌਲਾ ਹੋ ਗਿਆ। ਰਾਸ਼ਟਰ ਕੋਲ ਹਥਿਆਰਬੰਦ ਫ਼ੌਜ ਦਾ ਗਠਨ ਕਰਨ ਲਈ ਬਜਟ ਦਾ ਵੀ ਇੰਤਜ਼ਾਮ ਨਹੀਂ ਸੀ। ਨਵੀਂ-ਨਵੀਂ ਮਿਲੀ ਆਜ਼ਾਦੀ ਕਾਰਨ ਲੋਕਾਂ ਵਿਚ ਜੋਸ਼ ਸੀ ਅਤੇ ਬਹੁਤ ਵੱਡੀ ਗਿਣਤੀ ਵਿਚ ਅਮਰੀਕਨ ਨਾਗਰਿਕ ਹਥਿਆਰਾਂ ਨਾਲ ਲੈਸ ਵੀ ਸਨ। ਇਸ ਮੌਕੇ ਇਨ੍ਹਾਂ ਲੋਕਾਂ ਨੇ ਨਾਗਰਿਕ-ਫ਼ੌਜ ਦੇ ਰੂਪ ਵਿਚ ਦੇਸ਼ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਸੰਭਾਲ ਲਈ। ਇਸ ਵਰਤਾਰੇ ਨਾਲ ਆਮ ਅਮਰੀਕਨ ਭਾਈਚਾਰੇ ਵਿਚ ਹਥਿਆਰ ਰੱਖਣ ਦਾ ਰੁਝਾਨ ਸਥਾਈ ਤੌਰ 'ਤੇ ਸਥਾਪਤ ਹੋ ਗਈ।

ਅਮਰੀਕਾ ਵੱਲੋਂ ਤਾਕਤਵਰ ਫ਼ੌਜ ਦਾ ਗਠਨ ਕਰ ਲੈਣ ਤੋਂ ਬਾਅਦ ਵੀ ਆਮ ਸ਼ਹਿਰੀਆਂ ਦੇ ਹਥਿਆਰਬੰਦ ਰਹਿਣ ਦੇ ਜੀਵਨ ਢੰਗ ਨੂੰ ਬਦਲਿਆ ਨਾ ਜਾ ਸਕਿਆ ਅਤੇ ਹਥਿਆਰ ਰੱਖਣ ਸਬੰਧੀ ਖੁੱਲ੍ਹ ਦਾ ਨਿਯਮ ਸਥਾਪਤ ਹੀ ਰਿਹਾ। 15 ਦਸੰਬਰ 1791 ਨੂੰ ਅਮਰੀਕਨ ਸੰਸਦ ਨੇ ਸ਼ਹਿਰੀਆਂ ਲਈ ਹਥਿਆਰ ਰੱਖਣ ਨੂੰ ਕਾਨੂੰਨੀ ਤੌਰ 'ਤੇ ਪ੍ਰਵਾਨਗੀ ਦੇ ਦਿੱਤੀ। ਇਸ ਕਾਨੂੰਨ ਨੂੰ ਅਮਰੀਕਨ ਸੰਵਿਧਾਨ ਦੀ ਦੂਸਰੀ ਸੋਧ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਇਸ ਤੋਂ ਬਾਅਦ ਅਮਰੀਕਨ ਵਿਚ ਹਥਿਆਰ ਰੱਖਣਾ ਬਿਲਕੁਲ ਆਮ ਗੱਲ ਹੋ ਗਈ। ਅਮਰੀਕਾ ਦੇ ਅਜਿਹੇ ਸਮਾਜਕ ਮਾਹੌਲ ਵਿਚ ਹੀ 'ਕਾਊ ਬੁਆਏ' ਵਰਗੇ ਪਾਤਰ ਦਾ ਜਨਮ ਹੋਇਆ ਜੋ ਕੰਮ ਤਾਂ ਪਸ਼ੂਆਂ ਦਾ ਇੱਜੜ ਸਾਂਭਣ ਦਾ ਕਰਦਾ ਸੀ, ਪਰ ਹੱਥ ਵਿਚ ਪਿਸਤੌਲ ਜਾਂ ਬੰਦੂਕ ਰੱਖਣਾ ਉਸ ਦਾ ਸ਼ੌਕ ਸੀ। 20ਵੀਂ ਸਦੀ ਵਿਚ ਸਿਨੇਮਾ ਨੇ ਤਰੱਕੀ ਕੀਤੀ ਤਾਂ ਅਮਰੀਕਾ ਵਿਚ ਗੈਂਗਵਾਰ ਅਤੇ ਮਾਰਧਾੜ ਨਾਲ ਸਬੰਧਤ ਫ਼ਿਲਮਾਂ ਬਣਾਉਣ ਦਾ ਦੌਰ ਸ਼ੁਰੂ ਹੋਇਆ ਜੋ ਅੱਜ ਤੱਕ ਜਾਰੀ ਹੈ। ਸੋ ਦਿਮਾਗੀ ਤੌਰ 'ਤੇ ਸਿਹਤਮੰਦ ਹਰ ਬਾਲਗ ਅਮਰੀਕਨ ਸ਼ਹਿਰੀ ਕੋਲ ਹਥਿਆਰ ਰੱਖਣ ਦਾ ਹੱਕ ਮੌਜੂਦ ਹੈ। ਅਠਾਰਾਂ ਸਾਲ ਦਾ ਜਨਮ ਕਿਸੇ ਵੀ ਅਧਿਕਾਰਤ ਵਿਕਰੇਤਾ ਕੋਲੋਂ ਰਾਈਫਲ ਜਾਂ ਸ਼ਾਟਗੰਨ ਅਤੇ 21 ਸਾਲ ਦਾ ਹੋਣ 'ਤੇ ਹੈਂਡਗੰਨ ਦੀ ਖ਼ਰੀਦ ਸਕਦਾ ਹੈ।

*ਥੋੜ੍ਹੇ-ਬਹੁਤੇ ਵਖਰੇਵੇਂ ਨਾਲ ਇਹ ਕਾਨੂੰਨ ਅਮਰੀਕਾ ਦੀਆਂ ਸਾਰੀਆਂ ਸਟੇਟਾਂ ਵਿਚ ਲਾਗੂ ਹੈ। ਔਸਤ ਹਰ ਤੀਸਰੇ ਅਮਰੀਕਨ ਕੋਲ ਲਾਇਸੰਸੀ ਹਥਿਆਰ ਮੌਜੂਦ ਹੈ। ਇਸ ਤਰ੍ਹਾਂ 32 ਕਰੋੜ ਤੋਂ ਥੋੜ੍ਹੀ ਜਿਹੀ ਜ਼ਿਆਦਾ ਆਬਾਦੀ ਵਾਲੇ ਦੇਸ਼ ਵਿਚ ਔਸਤਨ 11 ਕਰੋੜ ਲੋਕ ਨਿੱਜੀ ਹਥਿਆਰਾਂ ਦੇ ਮਾਲਿਕ ਹਨ। ਅਮਰੀਕਾ ਦੇ ਦੱਖਣੀ ਖਿੱਤੇ ਵਿਚ ਹਥਿਆਰਾਂ ਦੇ ਸਭ ਤੋਂ ਜ਼ਿਆਦਾ ਲਾਇਸੰਸ ਜਾਰੀ ਹੋਏ ਹਨ। ਇਹ ਵੀ ਦਿਲਚਸਪ ਹੈ ਕਿ ਗ਼ੈਰ-ਅਮਰੀਕੀ ਨਾਗਰਿਕ ਅਮਰੀਕਾ ਵਿਚ ਆਪਣੇ ਕੋਲ ਹਥਿਆਰ ਨਹੀਂ ਰੱਖ ਸਕਦਾ।*

ਥੋੜ੍ਹੇ-ਬਹੁਤੇ ਵਖਰੇਵੇਂ ਨਾਲ ਇਹ ਕਾਨੂੰਨ ਅਮਰੀਕਾ ਦੀਆਂ ਸਾਰੀਆਂ ਸਟੇਟਾਂ ਵਿਚ ਲਾਗੂ ਹੈ। ਔਸਤ ਹਰ ਤੀਸਰੇ ਅਮਰੀਕਨ ਕੋਲ ਲਾਇਸੰਸੀ ਹਥਿਆਰ ਮੌਜੂਦ ਹੈ। ਇਸ ਤਰ੍ਹਾਂ 32 ਕਰੋੜ ਤੋਂ ਥੋੜ੍ਹੀ ਜਿਹੀ ਜ਼ਿਆਦਾ ਆਬਾਦੀ ਵਾਲੇ ਦੇਸ਼ ਵਿਚ ਔਸਤਨ 11 ਕਰੋੜ ਲੋਕ ਨਿੱਜੀ ਹਥਿਆਰਾਂ ਦੇ ਮਾਲਿਕ ਹਨ। ਅਮਰੀਕਾ ਦੇ ਦੱਖਣੀ ਖਿੱਤੇ ਵਿਚ ਹਥਿਆਰਾਂ ਦੇ ਸਭ ਤੋਂ ਜ਼ਿਆਦਾ ਲਾਇਸੰਸ ਜਾਰੀ ਹੋਏ ਹਨ। ਇਹ ਵੀ ਦਿਲਚਸਪ ਹੈ ਕਿ ਗ਼ੈਰ-ਅਮਰੀਕੀ ਨਾਗਰਿਕ ਅਮਰੀਕਾ ਵਿਚ ਆਪਣੇ ਕੋਲ ਹਥਿਆਰ ਨਹੀਂ ਰੱਖ ਸਕਦਾ।

ਜਦ ਵੀ ਕਦੇ ਅਮਰੀਕਾ ਅੰਦਰ ਕਿਸੇ ਸਕੂਲ ਜਾਂ ਜਨਤਕ ਸਥਾਨ 'ਤੇ ਕਿਸੇ ਵੱਲੋਂ ਗੋਲੀਬਾਰੀ ਕਰ ਕੇ ਨਿਰਦੋਸ਼ ਲੋਕਾਂ ਨੂੰ ਮਾਰਨ ਦੀ ਖ਼ਬਰ ਦੁਨੀਆਂ ਨੂੰ ਸੁਣਨ ਨੂੰ ਮਿਲਦੀ ਹੈ ਤਾਂ ਸਭ ਦੇ ਮਨ ਵਿਚ ਇਹ ਸਵਾਲ ਜਨਮ ਲੈਂਦਾ ਹੈ ਕਿ ਇੰਨੀਆਂ ਦੁਰਘਟਨਾਵਾਂ ਵਾਪਰ ਜਾਣ ਤੋਂ ਬਾਅਦ ਅਮਰੀਕਨ ਸਰਕਾਰ ਇਸ 'ਗੰਨ ਕਲਚਰ' ਨੂੰ ਕਾਨੂੰਨੀ ਤੌਰ 'ਤੇ ਖ਼ਤਮ ਕਿਉਂ ਨਹੀਂ ਕਰ ਦਿੰਦੀ?

ਅਮਰੀਕਾ ਵਿਚ 'ਗੰਨ ਕਲਚਰ' ਨੂੰ ਕਾਨੂੰਨੀ ਤੌਰ 'ਤੇ ਖ਼ਤਮ ਕਰਨ ਦਾ ਤੱਥ ਸੋਚਣ ਵਿਚ ਜਿੰਨਾ ਸੌਖਾ ਹੱਲ ਲਗਦਾ ਹੈ, ਸਰਕਾਰ ਲਈ ਜ਼ਮੀਨੀ ਪੱਧਰ 'ਤੇ ਇਸ ਕਾਨੂੰਨ ਨੂੰ ਬਣਾਉਣਾ ਅਤੇ ਅਮਲ ਵਿਚ ਲਿਆਉਣਾ ਉਨਾ ਹੀ ਔਖਾ ਅਤੇ ਜੱਦੋ-ਜਹਿਦ ਭਰਿਆ ਕੰਮ ਹੈ।

ਰਾਸ਼ਟਰਪਤੀ ਬਰਾਕ ਓਬਾਮਾ ਦੀ ਸੋਚ ਭਾਵੇਂ ਹਥਿਆਰ ਰੱਖਣ ਦੇ ਵਿਰੋਧ ਵਿਚ ਕਾਨੂੰਨ ਲਾਗੂ ਕਰਨ ਦੇ ਪੱਖ ਵਿਚ ਹੈ, ਪਰ ਇਸ ਕੰਮ ਲਈ ਅਮਰੀਕਨ ਕਾਂਗਰਸ ਦੀ ਸਹਿਮਤੀ ਚਾਹੀਦੀ ਹੈ ਜੋ ਮੌਜੂਦਾ ਸਮੇਂ ਵਿਚ ਮੁਮਕਿਨ ਨਹੀਂ ਹੈ। ਅਮਰੀਕਨ ਸੈਨੇਟ ਅਤੇ ਕਾਂਗਰਸ ਦੋਵਾਂ ਸਦਨਾਂ ਵਿਚ ਹੀ ਵਿਰੋਧੀ ਧਿਰ ਰਿਪਬਲਿਕਨ ਪਾਰਟੀ ਦੇ ਨੁਮਾਇੰਦੇ ਵੱਡੀ ਗਿਣਤੀ ਵਿਚ ਮੌਜੂਦ ਹਨ ਜੋ ਇਸ ਕਾਨੂੰਨ ਨੂੰ ਬਦਲਣ ਦੇ ਹੱਕ ਵਿਚ ਨਹੀਂ ਹਨ। ਇਥੋਂ ਤੱਕ ਕਿ ਰਾਸ਼ਟਰਪਤੀ ਓਬਾਮਾ ਨੂੰ ਖ਼ੁਦ ਦੀ ਡੈਮੋਕਰੇਟ ਪਾਰਟੀ ਵਿਚੋਂ ਵੀ ਇਸ ਮੁੱਦੇ 'ਤੇ ਸਾਰਿਆਂ ਦੀ ਹਮਾਇਤ ਹਾਸਲ ਨਹੀਂ ਹੈ।

ਦੁਨੀਆ ਦੇ ਉਘੇ ਚਿੰਤਕ ਅਤੇ ਫਿਲਾਸਫਰ ਅਮਰੀਕਨ ਸਮਾਜ ਦੀ ਇਸ ਸਮੱਸਿਆ ਦੀ ਵਿਆਖਿਆ ਕਰਦੇ ਹੋਏ ਕਹਿੰਦੇ ਹਨ ਕਿ ਅਮਰੀਕਨ ਲੋਕਾਂ ਦੀ ਇਕ ਸ਼੍ਰੇਣੀ ਪਦਾਰਥਵਾਦ ਦੇ ਭੋਗ ਤੋਂ ਅੱਕ ਗਈ ਹੈ ਅਤੇ ਉਨ੍ਹਾਂ ਦੀ ਮਾਨਸਿਕਤਾ ਇਸ ਵਰਤਾਰੇ ਤੋਂ ਉਪਜੀ ਹੋਈ ਖਿਝ ਤੇ ਇਕੱਲੇਵੇਂ ਦਾ ਸ਼ਿਕਾਰ ਹੋ ਚੁੱਕੀ ਹੈ। ਅਮਰੀਕਾ ਦੀ ਤੇਜ਼ ਰਫ਼ਤਾਰ ਜ਼ਿੰਦਗੀ, ਮਾਰ-ਧਾੜ ਵਾਲੀਆਂ ਫ਼ਿਲਮਾਂ ਤੋਂ ਸੇਧ ਲੈਂਦੀ ਨੌਜਵਾਨ ਪੀੜ੍ਹੀ, ਪਰਿਵਾਰਕ ਰਿਸ਼ਤਿਆਂ ਦੇ ਨਿੱਘੇ ਅਹਿਸਾਸ ਦੀ ਘਾਟ ਆਦਿ ਕਈ ਅਜਿਹੇ ਪੱਖ ਹਨ ਜੋ ਅਮਰੀਕਾ ਅੰਦਰ ਇਕ ਥੱਕੀ ਹੋਈ ਸੋਚ ਵਾਲੇ ਸਮਾਜ ਨੂੰ ਜਨਮ ਦੇ ਰਹੇ ਹਨ। ਉੱਖੜੀ ਹੋਈ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਕੋਲ ਜਦ ਖੁੱਲ੍ਹੇਆਮ ਹਥਿਆਰ ਉਪਲਬਧ ਹੁੰਦੇ ਹਨ ਤਾਂ ਉਨ੍ਹਾਂ ਵਿਚ ਹਿੰਸਾ ਦਾ ਰੁਝਾਨ ਪੈਦਾ ਹੋਣਾ ਕੁਦਰਤੀ ਹੈ।

**ਦੇਸ਼-ਨਾਮਾ**

# ਪਦਮ ਪੁਰਸਕਾਰਾਂ ਦਾ ਧੁੰਦੂਕਾਰਾ

ਹਰ ਸਾਲ ਵਖ ਵਖ ਖੇਤਰ 'ਚ ਪਾਏ ਯੋਗਦਾਨ ਲਈ ਦਿੱਤੇ ਜਾਂਦੇ ਪਦਮ ਪੁਰਸਕਾਰਾਂ ਦਾ ਐਲਾਨ ਹੋ ਚੁੱਕਾ ਹੈ। ਜਾਹਰਾ ਤੌਰ 'ਤੇ ਇਨ੍ਹਾਂ ਇਨਾਮਾਂ ਦਾ ਮਕਸਦ ਸਮਾਜ ਲਈ ਕੁਝ ਵੱਖਰਾ ਕਰ ਗੁਜਰਨ ਵਾਲੇ ਲੋਕਾਂ ਦੀ ਨਿਸ਼ਾਨਦੇਹੀ ਤੇ ਉਨ੍ਹਾਂ ਦੀ ਨਵਾਜਿਸ਼ ਹੁੰਦੀ ਹੈ-ਪਰ ਕਿਤੇ ਨਾ ਕਿਤੇ ਇਸ ਦੀਆਂ ਤੰਦਾਂ ਇੱਕ ਸਭਿਆਚਾਰਕ ਇਲੀਟ ਸਥਾਪਿਤ ਕਰਨ ਦੀ ਸਰਕਾਰੀ ਮਜਬੂਰੀ ਨਾਲ ਜੁੜੀਆਂ ਹੁੰਦੀਆਂ ਹਨ ਜਿਸ ਨੂੰ ਗਾਹੇ-ਬਗਾਹੇ ਸਰਕਾਰ ਦੀ ਪ੍ਰਵਾਨਗੀ ਲਈ ਵਰਤਣਾ ਸਰਕਾਰਾਂ ਦੀ ਲੋੜ ਵੀ ਹੁੰਦੀ ਹੈ ਤੇ ਆਦਤ ਵੀ। ਇਸ ਸੂਚੀ 'ਚ ਬਹੁਤ ਸਾਰੇ ਲੋਕ ਐਸੇ ਹਨ ਜੋ ਗਾਹੇ-ਬਗਾਹੇ ਸਰਕਾਰੀ ਸਰਦਲਾਂ ਦੇ ਨੇੜੇ ਰਹੇ ਹਨ। ਕੁਝ

**ਨਵਚੇਤਨ**
0044-7803859945

ਅਦਾਕਾਰ ਹਨ ਜੋ ਹੁਕਮਰਾਨ ਪਾਰਟੀ ਦੀ ਚੋਣ ਮੁਹਿੰਮ ਦੇ ਸੰਚਾਲਨ 'ਚ ਆਪਣਾ ਯੋਗਦਾਨ ਪਾਉਂਦੇ ਰਹੇ ਹਨ ਤੇ ਕੁਝ ਪੱਤਰਕਾਰ ਐਸੇ ਹਨ ਜਿਨ੍ਹਾਂ ਦੀਆਂ ਸੰਪਾਦਕੀਆਂ 'ਚੋਂ ਤੁਸੀਂ ਸਰਕਾਰ ਦੇ ਗਲਤ-ਸਹੀ ਫੈਸਲਿਆਂ ਦੀ ਤਸਦੀਕ ਪੜ੍ਹ ਸਕਦੇ ਹੋ। ਛੇ ਨਾਂ ਐਸੇ ਹਨ, ਜਿਨ੍ਹਾਂ ਦਾ ਸਿੱਧਾ ਸਬੰਧ ਪ੍ਰਧਾਨ ਮੰਤਰੀ ਦੇ ਚੋਣ ਹਲਕੇ ਨਾਲ ਹੈ। ਕਿਸੇ ਖੇਤਰ 'ਚ ਰਾਤੋ-ਰਾਤ ਏਨੇ 'ਕਾਬਿਲ' ਲੋਕਾਂ ਦਾ ਪੈਦਾ ਹੋ ਜਾਣਾ ਇਨਾਮਾਂ ਦੇ ਸਹੀ ਹੋਣ 'ਤੇ ਵੀ ਸਵਾਲ ਖੜ੍ਹੇ ਕਰਦਾ ਹੈ ਤੇ ਚੋਣ ਪ੍ਰਣਾਲੀ 'ਤੇ ਵੀ।

ਮਜ਼ੇਦਾਰ ਗੱਲ ਇਹ ਹੈ ਕਿ ਹਿੰਦੁਸਤਾਨ ਦਾ ਸੰਵਿਧਾਨ ਕਿਸੇ ਵੀ ਕਿਸਮ ਦੇ ਖਿਤਾਬ ਦੇਣ ਤੋਂ ਵਰਜਦਾ ਹੈ-ਪਰ ਪਦਮਸ੍ਰੀ, ਪਦਮ ਵਿਭੂਸ਼ਣ ਤੇ ਭਾਰਤ ਰਤਨ ਦੇਣ ਦਾ ਖਿਆਲ ਨਹਿਰੂ ਦੇ ਦਿਮਾਗ ਦੀ ਕਾਢ ਸੀ। ਕੁਝ ਲੋਕਾਂ ਨੇ ਇਸ ਦੀ ਸੰਵਿਧਾਨਕਤਾ 'ਤੇ ਵੀ ਪ੍ਰਸ਼ਨ ਉਠਾਏ ਤੇ ਇਹ ਮਾਮਲਾ ਸੁਪਰੀਮ ਕੋਰਟ ਵਿਚ ਵੀ ਗਿਆ। ਇਸੇ ਕਰਕੇ ਸੁਪਰੀਮ ਕੋਰਟ ਦਾ ਇਹ ਫੁਰਮਾਨ ਹੈ ਕਿ ਕਿਸੇ ਵੀ ਕਿਸਮ ਦੇ ਖਿਤਾਬ ਤੁਸੀਂ ਨਾਂ ਦੇ ਅੱਗੇ ਨਹੀਂ ਲਗਾ ਸਕਦੇ ਪਰ ਅਜੇ ਵੀ ਨਾਂਵਾਂ ਜਾਂ ਨੇਮ ਪਲੇਟਾਂ ਦੇ ਅੱਗੇ ਪਦਮਸ੍ਰੀ ਪਦਮ ਵਿਭੂਸ਼ਣ ਜਾਂ ਭਾਰਤ ਰਤਨ ਲਿਖਿਆ ਤੁਹਾਨੂੰ ਮਿਲ ਜਾਵੇਗਾ। ਜਦੋਂ 1977 'ਚ ਜਨਤਾ ਪਾਰਟੀ ਸੱਤਾ 'ਚ ਆਈ ਤਾਂ ਉਹਨੇ ਸੰਵਿਧਾਨ ਦਾ ਹਵਾਲਾ ਦੇ ਕੇ ਇਹ ਇਨਾਮ ਬੰਦ ਕਰ ਦਿੱਤੇ ਸਨ ਪਰ ਕਾਂਗਰਸ ਦੀ ਸਰਕਾਰ ਆਉਣ 'ਤੇ ਇਹ ਮੁੜ ਸ਼ੁਰੂ ਹੋ ਗਏ।

ਐਸਾ ਨਹੀਂ ਕਿ ਸਾਰੇ ਲੋਕ ਇਨ੍ਹਾਂ ਇਨਾਮਾਂ ਪਿਛੇ ਲਾਲਾਂ ਟਪਕਾਉਂਦੇ ਫਿਰਦੇ ਹਨ-ਮੌਲਾਨਾ ਆਜ਼ਾਦ ਨੇ ਭਾਰਤ ਰਤਨ ਲੈਣ ਤੋਂ ਇਸ ਕਰਕੇ ਨਾਂਹ ਕਰ ਦਿੱਤੀ ਸੀ ਕਿ ਉਹ ਲੋਕ ਜੋ ਸਰਕਾਰ ਦੇ ਨੇੜੇ ਹਨ, ਉਨ੍ਹਾਂ ਨੂੰ ਅਜਿਹੇ ਇਨਾਮ ਲੈਣੇ ਸ਼ੋਭਦੇ ਨਹੀਂ। ਪੱਤਰਕਾਰ ਨਿਖਿਲ ਚਕਰਵਰਤੀ ਤੇ ਸਾਬਕਾ ਚੀਫ਼ ਜਸਟਿਸ ਰਾਜਿੰਦਰ ਸੱਚਰ ਵੀ ਉਨ੍ਹਾਂ ਲੋਕਾਂ 'ਚੋਂ ਹਨ ਜਿਨ੍ਹਾਂ ਨੇ ਇਹ ਇਨਾਮ ਲੈਣ ਤੋਂ ਨਾਂਹ ਕੀਤੀ।

ਕੁਲਦੀਪ ਨਈਅਰ ਆਪਣੀ ਕਿਤਾਬ 'ਚ ਇਸ ਬਾਰੇ ਬੜੇ ਵਿਸਥਾਰ ਨਾਲ ਲਿਖਦਾ ਹੈ, ਉਹ ਕਿਉਂਕਿ ਉਸ ਵਕਤ ਹੋਮ ਮਨਿਸਟਰੀ 'ਚ ਸੂਚਨਾ ਅਫਸਰ ਸੀ ਜੋ ਕਿ ਇਹ ਸਨਮਾਨ ਦੇਣ ਲਈ ਨੋਡਲ ਮਹਿਕਮਾ ਸੀ, ਉਸ ਮੁਤਾਬਕ ਆਮ ਤੌਰ 'ਤੇ ਕਾਂਗਰਸ ਪਾਰਟੀ ਵੱਲੋਂ ਚਿੱਟਾਂ 'ਤੇ ਨਾਂ ਭੇਜੇ ਜਾਂਦੇ ਸਨ ਤੇ ਬਹੁਤੀ ਵਾਰ ਕਾਂਗਰਸ ਦੇ ਚਮਚੇ ਕਿਸਮ ਦੇ ਲੋਕਾਂ ਦੇ ਨਾਂ ਹੁੰਦੇ ਸਨ। ਇਸ ਪਿਰਤ ਨੂੰ ਬਾਅਦ 'ਚ ਦੂਸਰੀਆਂ ਸਰਕਾਰਾਂ ਨੇ ਬੜੀ ਸ਼ਿੱਦਤ ਨਾਲ ਜਾਰੀ ਰੱਖਿਆ। ਉਹ ਇਕ ਬੜਾ ਦਿਲਚਸਪ ਵਾਕਿਆ ਦੱਸਦਾ ਹੈ, ਇੱਕ ਵਾਰ ਰਾਸ਼ਟਰਪਤੀ ਰਾਜਿੰਦਰ ਪ੍ਰਸਾਦ ਨੇ ਇਨਾਮੀ ਲਿਸਟ 'ਚ ਆਪਣੇ ਹੱਥ ਨਾਲ ਸਿਫਾਰਸ਼ ਕਰ ਦਿੱਤੀ, "ਮਿਸ ਲਾਜ਼ਾਰੁਸ ਫਰਾਮ ਸਾਊਥ।" ਮਨਿਸਟਰੀ 'ਚ ਭਾਜੜ ਮੱਚ ਗਈ, ਮਿਸ ਲਾਜ਼ਾਰੁਸ ਨੂੰ ਲੱਭਣ ਲਈ। ਇਸ ਨਾਂ ਦੀ ਮਦਰਾਸ 'ਚ ਇੱਕ ਅਧਿਆਪਕਾ ਸੀ, ਉਸ ਦਾ ਨਾਂ ਲਿਸਟ 'ਚ ਪਾ ਦਿੱਤਾ ਗਿਆ। ਲਿਸਟ ਮੁੜ ਰਾਸ਼ਟਰਪਤੀ ਕੋਲ ਗਈ ਤਾਂ ਉਸ ਨੇ ਇਹ ਲਿਖ ਕੇ ਲਿਸਟ ਮੋੜ ਦਿੱਤੀ ਕਿ ਮਿਸ ਲਾਜ਼ਾਰੁਸ ਤਾਂ ਇੱਕ ਨਰਸ ਸੀ ਜਿਸ ਨੇ ਹੈਦਰਾਬਾਦ ਨੂੰ ਜਾਂਦਿਆ ਉਸ ਦਾ ਇਲਾਜ ਕੀਤਾ ਸੀ। ਇਸ ਨਵੀਂ 'ਮਿਸ ਲਾਜ਼ਾਰੁਸ' ਦਾ ਖੁਰਾ ਖੋਜ ਲਭਿਆ ਗਿਆ। ਇਹੋ ਕਾਰਨ ਸੀ ਕਿ ਉਸ ਸਾਲ ਦੋ 'ਮਿਸ ਲਾਜ਼ਾਰੁਸ' ਨੂੰ ਇਹ ਇਨਾਮ ਮਿਲਿਆ।

ਇਸ ਦੇ ਉਲਟ ਤਰਕ ਹੈ ਕਿ ਕਿਸੇ ਸਰਕਾਰ ਦੇ ਨੇੜੇ ਹੋਣਾ ਕਿਸੇ ਦੇ ਹੱਕੀ ਸਨਮਾਨ ਤੋਂ ਵਾਂਝਿਆ ਰੱਖਣ ਦਾ ਕਾਰਨ ਨਹੀਂ ਹੋ ਸਕਦਾ। ਇੱਕ ਮੁਲਕ ਜਿਸ ਦਾ ਸੰਵਿਧਾਨ ਇੱਕ ਬਰਾਬਰੀ ਵਾਲਾ ਮੁਲਕ ਤੇ ਸਮਾਜ ਸਿਰਜਣ ਦੀ ਸ਼ਾਹਦੀ ਭਰਦਾ ਹੈ, ਕੀ ਉਸ ਸਮਾਜ 'ਚ ਇਨ੍ਹਾਂ ਸਨਮਾਨਾਂ ਲਈ ਕੋਈ ਜਗ੍ਹਾ ਹੈ? ਇਨ੍ਹਾਂ ਸਨਮਾਨਾਂ ਦੀ ਨਿਰੰਤਰਤਾ ਅਤੇ ਇਨ੍ਹਾਂ ਨਾਲ ਜੁੜੇ ਆਭਾ ਮੰਡਲ



ਨੇ ਇਸ ਸਵਾਲ ਨੂੰ ਨਿਗੁਣਾ ਬਣਾ ਦਿੱਤਾ ਹੈ ਪਰ ਜੇ ਇਨ੍ਹਾਂ ਨੇ ਜਾਰੀ ਰਹਿਣਾ ਹੀ ਹੈ ਤਾਂ ਕੀ ਇਹ ਜਰੂਰੀ ਨਹੀਂ ਕਿ ਇਨ੍ਹਾਂ ਦੀ ਚੋਣ ਪ੍ਰਕਿਰਿਆ ਲਈ ਅਪਨਾਏ ਜਾਂਦੇ ਮਾਪਦੰਡ ਨਾ ਸਿਰਫ ਪਾਰਦਰਸ਼ੀ ਹੋਣ ਸਗੋਂ ਇਨ੍ਹਾਂ ਦੀ ਚੋਣ ਪ੍ਰਕਿਰਿਆ ਸਰਕਾਰਾਂ ਦੇ ਅਧਿਕਾਰ ਖੇਤਰ ਤੋਂ ਬਾਹਰ ਵੀ ਹੋਵੇ।

## ਖਡੂਰ ਸਾਹਿਬ ਜਿਮਨੀ ਚੋਣ

ਕਿੰਨੇ ਦਿਨਾਂ ਦੀ ਟਾਲ ਮਟੋਲ ਤੋਂ ਬਾਅਦ ਕਾਂਗਰਸ ਨੇ ਖਡੂਰ ਸਾਹਿਬ ਦੀ ਜਿਮਨੀ ਚੋਣ ਨਾ ਲੜਨ ਦਾ ਫੈਸਲਾ ਲੈ ਲਿਆ। ਕੀ ਇਹ ਸਿਰਫ ਇਤਫਾਕ ਹੈ ਕਿ 1998 ਦੀ ਆਦਮਪੁਰ ਜਿਮਨੀ ਚੋਣ ਤੋਂ ਬਾਅਦ ਹਾਕਮ ਧਿਰ ਨੇ ਕਦੇ ਵੀ ਕੋਈ ਜਿਮਨੀ ਚੋਣ ਨਹੀਂ ਹਾਰੀ? ਪਟਿਆਲਾ ਸ਼ਹਿਰ ਦੀ 2014 ਦੀ ਜਿਮਨੀ ਚੋਣ ਇਸ ਦਾ ਇੱਕੋ ਇੱਕ ਅਪਵਾਦ ਹੈ। ਮੌਜੂਦਾ ਸਿਆਸਤ ਦੇ ਦੌਰ 'ਚ ਜਨਤਾ ਨੂੰ ਦਰਪੇਸ਼ ਮੁੱਦਿਆਂ ਨਾਲੋਂ 'ਚੋਣ ਰਣਨੀਤੀ ਘਾੜੇ' ਦਾ ਜਿਆਦਾ ਅਹਿਮ ਹੋ ਜਾਣਾ ਇਸ ਗੱਲ ਦੀ ਸ਼ਾਹਦੀ ਹੈ ਕਿ ਵੋਟਾਂ ਹੁਣ ਲੋਕ ਰਾਇ ਤੇ ਸੱਤਾ ਨੂੰ ਲੁੱਟਣ-ਕੁੱਟਣ ਦਾ ਸਾਧਨ ਬਣ ਗਈਆਂ ਹਨ, ਜਿਥੇ ਵਧੀਕੀਆਂ ਤੇ ਧੱਕੇਸ਼ਾਹੀਆਂ ਨੂੰ 'ਮਾਈਕਰੋ ਮੈਨੇਜਮੈਂਟ' ਵਰਗੇ ਸੂਖਮ ਲਫਜ਼ਾਂ ਦੇ ਭਰਮਜਾਲ ਥੱਲੇ ਆਰਾਮ ਨਾਲ ਲੁਕਾਇਆ ਜਾ ਸਕਦਾ ਹੈ।

ਕਾਂਗਰਸ ਦੀ ਇਸ ਚੋਣ ਬਾਰੇ ਦੁਚਿਤੀ ਸਮਝ ਆਉਂਦੀ ਹੈ। ਇਹ ਹਲਕਾ ਕਦੇ ਵੀ ਕਾਂਗਰਸ ਲਈ ਬਹੁਤਾ ਸੁਖਾਲਾ ਨਹੀਂ ਰਿਹਾ। 2012 'ਚ ਕਾਂਗਰਸ ਦਾ ਜਿੱਤਣਾ, ਕਾਂਗਰਸ ਦੀ ਜਿੱਤ ਨਾਲੋਂ ਬ੍ਰਹਮਪੁਰੇ ਦੀ ਹਾਰ ਜਿਆਦਾ ਸੀ। ਇਹ ਗੱਲ ਹਰ ਜ਼ੁਬਾਨ 'ਤੇ ਸੀ ਕਿ ਉਸ ਨੂੰ ਉਸ ਦੀ ਆਪਣੀ ਹੀ ਪਾਰਟੀ ਨੇ ਹਰਾਇਆ ਕਿਉਂਕਿ ਕੁਝ ਲੋਕ ਉਸ ਨੂੰ ਉਸ ਦਾ ਟਿਕਾਣਾ ਵਿਖਾਉਣਾ ਚਾਹੁੰਦੇ ਸਨ। ਮਾਝੇ ਦੇ ਹੀ ਇੱਕ ਹੋਰ ਵੱਡੇ ਵਜੀਰ ਵੱਲੋਂ ਉਸ ਦਾ ਵਿਰੋਧ ਕੋਈ ਲੁਕੀ ਛਿਪੀ ਗੱਲ ਨਹੀਂ ਸੀ। ਕਾਂਗਰਸੀ ਉਮੀਦਵਾਰ ਰਮਨਜੀਤ ਸਿੰਘ ਸਿੱਕੀ ਦਾ ਜਾਤੀ ਵੱਕਾਰ ਇੱਕ ਹੋਰ ਕਾਰਨ ਸੀ। ਉਸ ਤੋਂ ਪਹਿਲਾਂ ਕਾਂਗਰਸ ਆਖਰੀ ਵਾਰ ਇਸ ਹਲਕੇ 'ਚੋਂ 1980 ਵਿਚ ਜਿੱਤੀ ਸੀ। ਫਿਰ ਕਦੇ ਵੀ ਕਾਂਗਰਸ ਨੂੰ ਇਸ ਹਲਕੇ ਤੋਂ ਜਿੱਤ ਨਹੀਂ ਸਕੀ। 1992 'ਚ ਅਕਾਲੀਆਂ ਨੇ ਬਾਈਕਾਟ ਕੀਤਾ ਤਾਂ ਉਦੋਂ ਵੀ ਅਕਾਲੀ ਜਿੱਤੇ ਸਨ।

2007 ਤੋਂ ਪਹਿਲਾਂ ਕਾਂਗਰਸ ਵੀਹ ਕੁ ਫੀਸਦੀ ਵੋਟਾ ਲਿਜਾਂਦੀ ਰਹੀ। ਕਦੇ ਇਥੋਂ ਕਾਂਗਰਸ ਦਾ ਚਿਹਰਾ ਲੱਖਾ ਸਿੰਘ ਹੁੰਦਾ ਸੀ। ਫੇਰ ਸਹਿਬਾਜ਼ਪੁਰੀ ਨੇ ਚੋਣ ਲੜੀ। ਉਹ ਹਲਕੇ ਤੋਂ ਬਾਹਰਲਾ ਸੀ। 2007 'ਚ ਤਰਸੇਮ ਸਿੰਘ ਡੀ.ਸੀ. ਲੜੇ, ਹਾਰ ਗਏ ਪਰ ਫਿਰ ਵੀ ਮੁਕਾਬਲਾ ਤਕੜਾ ਦਿੱਤਾ। 2014 ਦੀ ਲੋਕ ਸਭਾ ਚੋਣ 'ਚ ਅਕਾਲੀ ਦਲ ਨੂੰ ਪਈਆਂ ਵੋਟਾਂ ਦੀ ਗਿਣਤੀ ਕਾਂਗਰਸ ਤੋਂ ਦੁੱਗਣੀਆਂ ਸਨ। ਕਾਂਗਰਸ ਤੇ ਆਮ ਆਦਮੀ ਪਾਰਟੀ ਦੀਆਂ ਵੋਟਾਂ ਦੇ ਜੋੜ ਪਿਛੋਂ ਵੀ ਅਕਾਲੀ ਦਲ ਦੀਆਂ ਵੋਟਾਂ 28000 ਵੱਧ ਸਨ। ਅਕਾਲੀ ਉਮੀਦਵਾਰ ਦਾ ਇਸ ਹਲਕੇ 'ਚ ਜਾਤੀ ਪ੍ਰਭਾਵ ਹੈ। ਸੋ ਇਨ੍ਹਾਂ ਹਾਲਤਾਂ 'ਚ ਕਾਂਗਰਸ ਦੀ ਹਾਰ ਜਿੱਤ ਨਾਲੋਂ ਕਿਤੇ ਵਧ ਯਕੀਨੀ ਸੀ, ਪਰ ਸਿਆਸਤ ਹਮੇਸ਼ਾਂ ਜਿੱਤ-ਹਾਰ ਦਾ ਨਾਂ ਨਹੀਂ ਹੁੰਦਾ। ਵੇਗ ਦੇ ਉਲਟ ਖੜੇ ਹੋ ਕੇ ਦਰਜ ਕਰਵਾਇਆ ਗਿਆ ਵਿਰੋਧ ਮੈਦਾਨ ਛਡਣ ਨਾਲੋਂ ਕਿਤੇ ਵਧ ਮਾਇਨੇ ਰਖਦਾ ਹੈ। ਇਸ ਜਿਮਨੀ ਚੋਣ ਦਾ ਖਾਸਾ ਇਹ ਹੈ ਕਿ ਪੰਜਾਬ 'ਚ ਆਪਣੇ ਆਪ ਨੂੰ ਬਦਲ ਦੇ ਤੌਰ 'ਤੇ ਪੇਸ਼ ਕਰ ਰਹੀਆਂ ਦੋਵੇਂ ਹੀ ਧਿਰਾਂ ਲੜਾਈ ਤੋਂ ਬਾਹਰ ਹਨ। ਆਮ ਆਦਮੀ ਪਾਰਟੀ ਨੇ ਇਹ ਕਹਿ ਕੇ ਪੱਲਾ ਝਾੜ ਲਿਆ ਕਿ ਉਸ ਦੀਆਂ ਨਜ਼ਰਾਂ ਭਵਿੱਖ ਦੀ ਲੜਾਈ 'ਤੇ ਹਨ ਤੇ ਉਹ ਨਹੀਂ ਸਮਝਦੀ ਕਿ ਇਸ ਜਿਮਨੀ ਚੋਣ ਨਾਲ ਸੱਤਾ ਤਬਦੀਲੀ 'ਤੇ ਕੋਈ ਫਰਕ ਪਵੇਗਾ। ਹਾਲਾਂਕਿ ਇਸ ਦੇ ਪਿਛੇ ਵੀ ਅਸਲ ਕਾਰਨ ਪਾਰਟੀ ਦੀ ਮਾਝੇ 'ਚ ਆਪਣਾ ਲੋਕ ਆਧਾਰ ਹੋਣ ਬਾਰੇ ਗੈਰ ਯਕੀਨੀ ਹੀ ਮੁਖ ਕਾਰਨ ਹੈ। ਪਰ ਫਿਰ ਵੀ ਆਮ ਆਦਮੀ ਪਾਰਟੀ ਦਾ ਸਟੈਂਡ ਕਿਤੇ ਵਧ ਸਪਸ਼ਟ ਸੀ।

ਕਾਂਗਰਸ ਦੀ ਆਪਣੀ ਹਾਲਤ 'ਸ਼ਾਨਦਾਰ ਤਰੀਕੇ ਨਾਲ ਲੜਾਂਗੇ ਤੇ ਜਿੱਤਾਂਗੇ' ਤੋਂ 'ਸਲਾਹ ਕਰਾਂਗੇ ਤੇ ਦੱਸਾਂਗੇ' ਤੋਂ ਅਖੀਰ ਵਿਚ ਉਮੀਦਵਾਰ ਦੇ ਐਲਾਨ ਕਰਨ ਤੋਂ ਬਾਅਦ ਲੜਾਈ ਤੋਂ ਬਿਲਕੁਲ ਹੀ ਪਾਸਾ ਵੱਟ ਲੈਣ ਨਾਲ ਹਾਸੋਹੀਣੀ ਜਿਹੀ ਬਣ ਗਈ। ਇਹ ਕੋਈ ਪਹਿਲੀ ਵਾਰ ਨਹੀਂ ਕਿ ਕਿਸੇ ਮੁਖ ਵਿਰੋਧੀ ਧਿਰ ਨੇ ਕਿਸੇ ਜਿਮਨੀ ਚੋਣ ਤੋਂ ਪਾਸਾ ਵੱਟਿਆ ਹੋਵੇ। ਯੂ ਪੀ 'ਚ ਬਸਪਾ ਕਦੇ ਵੀ ਜਿਮਨੀ ਚੋਣਾਂ ਨਹੀਂ ਲੜਦੀ। ਉਸ ਦਾ ਇਹ ਸਟੈਂਡ ਸਿਧਾਂਤਕ ਹੈ ਪਰ ਕਾਂਗਰਸ ਦੀ ਖਡੂਰ ਸਾਹਿਬ ਦੇ ਚੋਣ ਮੈਦਾਨ ਵਿਚੋਂ ਹਟਣ ਪਿਛੇ ਸੁਵਿਧਾ ਦੀ ਰਾਜਨੀਤੀ ਜਿਆਦਾ ਹੈ ਤੇ ਸਿਧਾਂਤਕ ਪੇਸ਼ਗੋਈ ਘੱਟ। ਕਾਂਗਰਸ ਲਈ ਰਾਹਤ ਵਾਲੀ ਗੱਲ ਸਿਰਫ ਇਹੋ ਹੈ ਕਿ ਦੂਸਰੀ ਮੁਖ ਵਿਰੋਧੀ ਧਿਰ ਵੀ ਚੋਣ ਮੈਦਾਨ ਵਿਚੋਂ ਬਾਹਰ ਹੈ। ਇਹ ਨਹੀਂ ਕਿ ਕਾਂਗਰਸ ਦੇ ਲੜਾਈ ਤੋਂ ਬਾਹਰ ਆਉਣ ਨਾਲ ਅਕਾਲੀ ਦਲ ਨੂੰ ਕੋਈ ਬਹੁਤ ਵੱਡਾ ਫਾਇਦਾ ਹੋਇਆ ਹੈ। ਅਕਾਲੀ ਲੀਡਰ ਜਿੰਨੇ ਮਰਜੀ ਦਮਗਜੇ ਮਾਰ ਲੈਣ ਪਰ ਅਕਾਲੀ ਦਲ ਦੇ ਸਾਹਮਣੇ ਹਲਕੇ ਵਿਚ ਚੁਣੌਤੀਆਂ ਬਰਕਰਾਰ ਹਨ। ਭਾਈ ਬਲਦੀਪ ਸਿੰਘ ਦੇ ਕਾਗਜ਼ ਰੱਦ ਹੋਣ ਪਿਛੋਂ ਭੁਪਿੰਦਰ ਸਿੰਘ ਬਿੱਟੂ ਤੇ ਸੁਮੇਲ ਸਿੱਧੂ ਮੈਦਾਨ 'ਚ ਹਨ। ਇੱਕ ਦਾ ਪਿਛੋਕੜ ਕਾਂਗਰਸੀ ਹੈ ਤੇ ਸਾਂਝੀਵਾਲ ਮੋਰਚਾ ਦੇ ਸੁਮੇਲ ਸਿੱਧੂ ਬੀਤੇ 'ਚ ਆਪ ਨਾਲ ਜੁੜੇ ਰਹੇ ਹਨ। ਰਵਾਇਤੀ ਵਿਰੋਧੀ ਪਾਰਟੀਆਂ ਦੇ ਲੇਬਲਾਂ ਦੀ ਅਣਹੋਂਦ 'ਚ ਕਿਉਂਕਿ ਵਿਰੋਧੀ ਵੋਟ ਵੰਡੀ ਨਹੀਂ ਜਾਵੇਗੀ ਤੇ ਸਾਰੀ ਵਿਰੋਧੀ ਵੋਟ ਕਿਸੇ ਇੱਕ ਉਮੀਦਵਾਰ ਨੂੰ ਯਕਮੁਸ਼ਤ ਭੁਗਤਣ ਦੇ ਆਸਾਰ ਹਨ। ਜੇ ਅਜਿਹਾ ਹੁੰਦਾ ਹੈ ਤਾਂ ਨਾ ਸਿਰਫ ਹਲਕੇ 'ਚ ਨਵੀਂ ਸਫਬੰਦੀ ਨੂੰ ਜਨਮ ਦੇ ਸਕਦੀ ਹੈ ਬਲਕੇ ਪੰਜਾਬ 'ਚ ਕਿਸੇ ਹੋਰ ਧਿਰ ਦੀ ਆਮਦ ਦੀ ਸੋਅ ਵੀ ਬਣ ਸਕਦੀ ਹੈ।

# 2017 ਦੀਆਂ ਚੋਣਾਂ ਦਾ ਸੈਮੀ ਫਾਈਨਲ ਹਲਕਾ ਖਡੂਰ ਸਾਹਿਬ

ਪੰਜਾਬ ਵਿਧਾਨ ਸਭਾ ਦੀਆਂ 2017 ਵਿਚ ਹੋਣ ਵਾਲੀਆਂ ਚੋਣਾਂ ਦਾ ਸੈਮੀ ਫਾਈਨਲ ਮੰਨੀ ਜਾਂਦੀ ਖਡੂਰ ਸਾਹਿਬ ਵਿਧਾਨ ਹਲਕੇ ਦੀ ਜਿਮਨੀ ਚੋਣ ਦਿਲਚਸਪ ਮੋੜ 'ਤੇ ਹੈ ਅਤੇ ਇਸ ਦਾ ਨਤੀਜਾ ਵੀ ਹੈਰਾਨਕੁਨ ਤੇ ਰਾਹ ਦਸੇਰਾ ਹੋਣ ਦੀ ਸੰਭਾਵਨਾ ਹੈ।

ਪਿਛਲੇ ਮਹੀਨੇ ਚੋਣ ਸਰਗਰਮੀ ਵਿਚ ਹਿੱਸਾ ਲੈਦਿਆਂ ਅਠਾਰਾਂ ਦਿਨ ਇਸ ਹਲਕੇ ਦੇ

**ਗੁਰਚਰਨ ਪੱਖੋਕਲਾਂ**
ਫੋਨ: 91-94177-27245

ਪਿੰਡਾਂ ਵਿਚ ਕੰਮ ਕਰਦਿਆਂ ਬਹੁਤ ਸਾਰੇ ਲੋਕ ਮਨਾਂ ਨੂੰ ਟੋਹਣ ਦਾ ਮੌਕਾ ਮਿਲਿਆ ਅਤੇ ਚੋਣ ਲੜਨ ਵਾਲੇ ਉਮੀਦਵਾਰਾਂ ਦੀ ਕਾਰਜ ਸ਼ੈਲੀ ਨੂੰ ਵੀ ਨੇੜਿਉਂ ਦੇਖਣ ਕਰਕੇ ਕੁੱਝ ਸੰਕੇਤ ਮਿਲਦੇ ਹਨ। ਦੂਰੋਂ ਦੇਖਿਆਂ ਬਹੁਤੇ ਵਿਸ਼ਲੇਸ਼ਕ ਅਕਾਲੀ ਦਲ ਨੂੰ ਇੱਕਪਾਸੜ ਜਿੱਤ ਦਾ ਦਾਅਵੇਦਾਰ ਸਮਝਣ ਲੱਗੇ ਹਨ ਪਰ ਸਥਿਤੀ ਅਜਿਹੀ ਨਹੀਂ ਹੈ। ਬ੍ਰਹਮਪੁਰਾ ਪਰਿਵਾਰ ਦੀ ਹੱਦ ਦਰਜੇ ਦੀ ਦਾਦਾਗਿਰੀ ਤੋਂ ਡਰਦੇ ਲੋਕ ਭਾਵੇਂ ਬੋਲਣ-ਦੱਸਣ ਦੇ ਰਾਹ ਤੁਰਨ ਤੋਂ ਵੀ ਗੁਰੇਜ ਕਰਦੇ ਹਨ ਪਰ ਥੋੜਾ ਜਿਹਾ ਪਿਆਰ ਬਣਾ ਕੇ ਫਰੋਲਣ 'ਤੇ ਅਕਾਲੀ ਦਲ ਪ੍ਰਤੀ ਨਫਰਤ ਦਾ ਵਿਖਾਵਾ ਵੀ ਖੂਬ ਕਰਦੇ ਹਨ। ਕਾਂਗਰਸ ਦੇ ਉਮੀਦਵਾਰ ਰਮਨਜੀਤ ਸਿੰਘ ਸਿੱਕੀ ਨੂੰ ਇੱਕ ਵੀ ਵਿਅਕਤੀ ਮਾੜਾ ਬੋਲਦਾ ਨਹੀਂ ਮਿਲਿਆ ਪਰ ਕੁੱਝ ਸਿਆਣੇ ਲੋਕ ਉਸ ਦੀ ਨਰਮਾਈ ਨੂੰ ਜਰੂਰ ਲਾਹੇਵੰਦਾ ਨਹੀਂ ਮੰਨਦੇ ਜੋ ਅਕਾਲੀ ਦਲ ਦੇ ਦਬਾਅ ਨੂੰ ਉਪਜਣ ਦੇਣ ਦਾ ਕਾਰਨ ਮੰਨਦੇ ਹਨ। ਅਕਾਲੀ ਦਲ ਦਾ ਦਬਾਅ ਅਫਸਰਸ਼ਾਹੀ ਅਤੇ ਆਮ ਲੋਕਾਂ 'ਤੇ ਵੀ ਹੈ। ਕੁੱਝ ਲੋਕ ਤਾਂ ਇਹ ਵੀ ਕਹਿੰਦੇ ਹਨ ਕਿ ਅਫਸਰਸ਼ਾਹੀ ਅਕਾਲੀ ਅਹੁਦੇਦਾਰਾਂ ਅੱਗੇ ਆਪਣੀ ਨਿਸ਼ਚਿਤ ਕੁਰਸੀ 'ਤੇ ਵੀ ਬੈਠਣ ਦੀ ਹਿੰਮਤ ਨਹੀਂ ਕਰਦੇ। ਕਈ ਵਾਰ ਤਾਂ ਅਕਾਲੀ ਦਲ ਦੇ ਆਗੂ ਵੱਡੇ ਅਫਸਰਾਂ ਦੀ ਕੁਰਸੀ 'ਤੇ ਵੀ ਖੁਦ ਬੈਠ ਜਾਂਦੇ ਹਨ। ਹੋ ਸਕਦਾ ਹੈ ਇਹ ਗਲਤ ਹੋਵੇ ਪਰ ਆਮ ਕਰਕੇ ਪੱਤਰਕਾਰਾਂ ਅਤੇ ਸਿਆਣੇ ਲੋਕਾਂ ਵਿਚ ਇਸ ਨੂੰ ਸੱਚ ਮੰਨਿਆ ਜਾਂਦਾ ਹੈ।

ਇਸ ਸਮੇਂ ਉਸ ਹਲਕੇ ਵਿਚ ਕਾਂਗਰਸ ਦੇ ਦੋ ਧੜੇ ਹਨ, ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਤਾਪ ਸਿੰਘ ਬਾਜਵਾ। ਭੁਪਿੰਦਰ ਸਿੰਘ ਬਿੱਟੂ ਸਾਬਕਾ ਚੋਣ ਕਮਿਸ਼ਨਰ ਮਨੋਹਰ ਸਿੰਘ ਗਿੱਲ ਦਾ ਰਿਸ਼ਤੇਦਾਰ ਜਾਂ ਨਜ਼ਦੀਕੀ ਹੈ। ਅਜਿਹੇ ਹਾਲਾਤ ਵਿਚ ਕੈਪਟਨ ਅਮਰਿੰਦਰ ਸਿੰਘ ਦਾ ਖਡੂਰ ਸਾਹਿਬ ਵਿਚ ਪੈਨਲਟੀ ਸਟਰੋਕ ਹੈ, ਸਿੱਕੀ ਨੂੰ ਬਿਠਾਉਣਾ ਜਿਸ ਨੂੰ ਇੱਕ ਮਜਬੂਤ ਵਿਰੋਧੀ ਭੁਪਿੰਦਰ ਬਿੱਟੂ ਦੇ ਵਿਰੋਧ ਕਾਰਨ ਹਾਰਨਾ ਪੈਣਾ ਸੀ। ਸਿੱਧੇ ਤੌਰ 'ਤੇ ਕਾਂਗਰਸ ਦਾ ਕੋਈ ਉਮੀਦਵਾਰ ਨਹੀਂ ਪਰ ਹੁਣ ਅਸਿੱਧੇ ਤੌਰ 'ਤੇ ਕਾਂਗਰਸ ਦਾ ਇੱਕ ਉਮੀਦਵਾਰ ਵੀ ਹੈ ਬਿੱਟੂ ਜਿਸ ਨੇ ਆਪਣੇ



*ਰਵਿੰਦਰ ਸਿੰਘ ਬ੍ਰਹਮਪੁਰਾ*

ਰਿਸ਼ਤੇਦਾਰ ਸਾਬਕਾ ਚੋਣ ਕਮਿਸ਼ਨਰ ਦੇ ਐਮ.ਪੀ. ਖਾਤੇ ਦੇ 25 ਕਰੋੜ ਰੁਪਏ ਗਰਾਂਟਾਂ ਦੇ ਰੂਪ ਵਿਚ ਵੰਡੇ ਹਨ ਅਤੇ ਸਿੱਕੀ ਨਾਲੋਂ ਜ਼ਿਆਦਾ ਰਾਬਤਾ ਲੋਕਾਂ ਨਾਲ ਬਣਾਈ ਰੱਖਿਆ ਹੈ। ਹੋ



*ਰਮਨਦੀਪ ਸਿੰਘ ਸਿੱਕੀ*

ਸਕਦਾ ਹੈ ਗਰਾਂਟਾਂ ਵੰਡਣ ਦਾ ਕੰਮ ਘੱਟ ਵੱਧ ਹੋਵੇ ਪਰ ਲੋਕਾਂ ਵਿਚ ਇਹ ਅਕਸ ਬਣ ਚੁਕਾ ਹੈ। ਇਹ ਵੀ ਹੋ ਸਕਦਾ ਹੈ ਕਿ ਪਹਿਲਾਂ ਇਸ ਨੂੰ ਅੰਦਰਖਾਤੇ ਅਕਾਲੀ ਦਲ ਦਾ ਇਸ਼ਾਰਾ ਜਾਂ ਮਦਦ ਵੀ ਹੋਵੇ, ਸਿੱਕੀ ਜਾਂ ਕਾਂਗਰਸ ਦੇ ਉਮੀਦਵਾਰ ਨੂੰ ਹਰਾਉਣ ਲਈ ਪਰ ਇਸ ਸਮੇਂ ਉਹ ਸਿਰਦਰਦੀ ਸਿੱਧ ਹੋਵੇਗਾ। ਰਾਜਨੀਤੀ ਵਿਚ ਬਹੁਤ ਕੁੱਝ ਗੁਪਤ ਹੁੰਦਾ ਹੈ ਅਤੇ ਇਸ ਵਿਚ ਕੋਈ ਕਿਸੇ ਦਾ ਸਕਾ ਨਹੀਂ ਹੁੰਦਾ ਅਤੇ ਹਰ ਸਿਆਸੀ ਮੌਕੇ ਨੂੰ ਆਪਣੀ ਤਾਕਤ ਅਤੇ ਲਿਆਕਤ ਅਨੁਸਾਰ ਵਰਤਦਾ ਹੈ, ਮੌਕੇ 'ਤੇ ਫੈਸਲੇ ਲੈਂਦਾ ਹੈ ਜੋ ਜਰੂਰੀ ਵੀ ਹੈ। ਮੌਜੂਦਾ ਸਥਿਤੀ ਵਿਚ ਕਿਉਂਕਿ ਲੋਕਾਂ ਵਿਚ ਅਕਾਲੀ ਦਲ ਦਾ ਭਾਰੀ ਵਿਰੋਧ ਅਤੇ ਨਫਰਤ ਹੈ ਅਤੇ ਬਿੱਟੂ ਹੀ ਹੁਣ ਅਕਾਲੀ ਦਲ ਦਾ ਮੁੱਖ ਵਿਰੋਧੀ ਬਣ ਚੁੱਕਿਆ ਹੈ ਜਿਸ ਨੂੰ ਕਾਂਗਰਸ ਦੇ ਵੱਡੇ ਆਗੂਆਂ ਦਾ ਪੂਰਾ ਸਮਰਥਨ ਹਾਸਲ ਹੈ। ਹੁਣ ਅਕਾਲੀ ਦਲ ਨੂੰ ਬਿੱਟੂ ਨੂੰ ਹਰਾਉਣ ਲਈ ਕਿਸੇ ਨਵੇਂ ਉਮੀਦਵਾਰ ਦੀ ਮਦਦ ਕਰਕੇ ਬਿੱਟੂ ਦੀ ਵੋਟ ਘਟਾਉਣ ਲਈ ਉਸ ਨੂੰ ਵਰਤਣਾ ਹੈ ਜਿਸ ਨਾਲ ਬਿੱਟੂ ਕਮਜੋਰ ਹੋਵੇ। ਇਹ ਆਉਣ ਵਾਲੇ ਸਮੇਂ ਵਿਚ ਹੀ ਪਤਾ ਲੱਗੇਗਾ। ਬਸਪਾ ਅੰਬੇਦਕਰ ਦੇ ਉਮੀਦਵਾਰ ਨੂੰ ਅੰਦਰਖਾਤੇ ਮਦਦ ਜਾਂ ਕੋਈ ਹੋਰ ਆਜ਼ਾਦ ਉਮੀਦਵਾਰ ਜਿਸ ਵਿਚ ਸੁਮੇਲ ਸਿੰਘ ਜਾਂ ਕੋਈ ਹੋਰ ਦੀ ਉਡੀਕ ਕਰਨੀ ਪਵੇਗੀ ਅਤੇ ਇਸ ਦਾ ਪਤਾ ਆਉਣ ਵਾਲੇ ਸਮੇਂ ਵਿਚ ਲੱਗ ਹੀ ਜਾਵੇਗਾ।

ਭਾਈ ਬਲਦੀਪ ਸਿੰਘ ਜਿਨ੍ਹਾਂ ਦੇ ਕਾਗਜ਼ ਹੀ ਰੱਦ ਹੋ ਗਏ ਹਨ, ਨੂੰ ਵੀ ਗੁਪਤ ਤੌਰ 'ਤੇ ਇਸ ਏਜੰਡੇ ਤਹਿਤ ਵਰਤਿਆ ਜਾਣਾ ਸੀ ਪਰ ਇਹ ਹਥਿਆਰ ਵਕਤ ਤੋਂ ਪਹਿਲਾਂ ਹੀ ਖੁੰਢਾ ਹੋ ਚੁੱਕਾ ਸੀ ਜਿਸ 'ਤੇ ਦਾਅ ਲਾਉਣ ਵਾਲੇ ਰਾਜਨੀਤੀ ਤੋਂ ਅਣਜਾਣ ਨਵੇਂ ਲੋਕ ਸਨ ਜਿਨ੍ਹਾਂ ਦੇ ਕੁੱਝ ਨਿਜੀ ਕਾਰਨ ਅਤੇ ਹਿੱਤ ਸਨ ਜਿਨ੍ਹਾਂ ਕਾਰਨ ਇਹ ਸਭ ਕੁਝ ਹੋਇਆ। ਭਾਈ ਬਲਦੀਪ ਸਿੰਘ ਰਾਜਨੀਤਕ ਵਿਅਕਤੀ ਨਹੀਂ ਹੈ। ਉਨ੍ਹਾਂ ਵੱਲੋਂ ਲਗਵਾਏ ਗਏ ਸਵਾ ਲੱਖ ਖਾਲਸਾ ਜਾਂ ਅਬਦਾਲੀ ਰਾਜ ਦੇ ਵੱਡੇ ਵੱਡੇ ਫਲੈਕਸ ਉਨ੍ਹਾਂ ਨੂੰ ਗੈਰ ਰਾਜਨੀਤਕ ਵਿਅਕਤੀ ਸਿੱਧ ਕਰਦੇ ਹਨ। ਪਿੰਡਾਂ ਅਤੇ ਸ਼ਹਿਰਾਂ ਵਿਚ ਲੱਗੇ ਅਣਗਿਣਤ ਫਲੈਕਸਾਂ 'ਤੇ ਖਰਚੇ ਲੱਖਾਂ ਰੁਪਏ ਵੀ ਗੁਪਤ ਕਹਾਣੀ ਦੀ ਬਾਤ ਪਾਉਂਦੇ ਹਨ। ਸਵਰਾਜ ਗਰੁਪ ਦੇ ਮਨਜੀਤ ਸਿੰਘ ਨਿਜ ਹਾਉਮੈ ਕਾਰਨ ਜੋਗਿੰਦਰ ਯਾਦਵ ਅਤੇ ਕੁੱਝ ਹੋਰ ਆਗੂਆਂ ਨੂੰ ਵੀ ਰਗੜਾ ਲਾ ਗਏ ਹਨ।

**Khadoor Sahib**
**BY-POLLS**
**2016**

ਇਸ ਸਮੇਂ ਵਿਦੇਸ਼ਾਂ ਵਿਚਲੇ ਬਹੁਤੇ ਸਮਝਦਾਰ ਲੋਕ ਪੰਜਾਬ ਨੂੰ ਵਧੀਆ ਤਰੱਕੀਪਸੰਦ ਸੂਬਾ ਬਣਾਉਣਾ ਲੋਚਦੇ ਹਨ ਪਰ ਵਿਦੇਸ਼ਾਂ ਵਿਚ ਬੈਠੇ ਕੁੱਝ ਮਤਲਬਪ੍ਰਸਤ ਅਤੇ ਏਜੰਸੀਆਂ ਦੇ ਲੋਕਾਂ ਦਾ ਵੀ ਇਸ ਪਿੱਛੇ ਹੱਥ ਹੈ, ਪੰਜਾਬ ਦੀ ਰਾਜਨੀਤੀ ਨੂੰ ਗੰਧਲਾ ਕਰਨ ਵਿਚ। ਖਡੂਰ ਸਾਹਿਬ ਦੀ ਚੋਣ ਵਿਚ ਉਸ ਹਲਕੇ ਵਿਚ ਆਮ ਆਦਮੀ ਪਾਰਟੀ ਦਾ ਕੋਈ ਖਾਸ ਆਧਾਰ ਹੀ ਨਹੀਂ ਹੈ। ਆਮ ਆਦਮੀ ਪਾਰਟੀ ਵਿਚ ਧੜੇਬਾਜ਼ੀ ਸਿਖਰਾਂ 'ਤੇ ਹੈ। ਇਸ ਵੇਲੇ ਇਸ ਦੇ ਵਧੇਰੇ ਆਗੂ ਰਾਜਨੀਤੀ ਤੋਂ



*ਸੁਮੇਲ ਸਿੰਘ ਸਿੱਧੂ*

ਦੂਰ ਗੁਪਤ ਨੀਤੀਆਂ ਤਹਿਤ ਵਿਸ਼ੇਸ਼ ਵਿਅਕਤੀਆਂ ਲਈ ਨਿਜੀ ਹਿੱਤਾਂ ਤਹਿਤ ਕੰਮ ਕਰ ਰਹੇ ਹਨ ਅਤੇ ਬਿਆਨਬਾਜ਼ੀ ਵੀ, ਜੋ ਪਾਰਟੀ ਦੇ ਵੱਕਾਰ ਨੂੰ ਢਾਹ ਲਾਵੇਗੀ। ਇਸ ਹਲਕੇ ਵਿਚ ਜਿੱਤ ਕਿਸੇ ਦੀ ਵੀ ਹੋਵੇ ਪਰ ਫੈਸਲਾ ਇਸ ਗੱਲ 'ਤੇ ਹੋਵੇਗਾ ਕਿ ਅਕਾਲੀ ਦਲ ਦੇ ਹੱਕ ਵਿਚ ਕਿੰਨੇ ਪ੍ਰਤੀਸ਼ਤ ਵੋਟ ਭੁਗਤਦੀ ਹੈ ਅਤੇ ਵਿਰੋਧ ਵਿਚ ਕਿੰਨੀ। ਜੇ ਅਕਾਲੀ ਦਲ ਦੇ ਵਿਰੋਧ ਵਿਚ ਜਿਆਦਾ ਵੋਟ ਭੁਗਤਦੀ ਹੈ ਭਾਵੇਂ ਉਹ ਜਿੱਤ ਵੀ ਜਾਵੇ ਤਦ ਇਹ ਉਸ ਦੀ ਹਾਰ ਹੀ ਹੋਵੇਗੀ ਪਰ ਜੇ ਅਕਾਲੀ ਦਲ ਖਿਲਾਫ ਵੋਟ ਜਿਆਦਾ ਨਹੀਂ ਭੁਗਤਦੀ ਤਦ ਅਕਾਲੀ ਦਲ ਫਾਈਨਲ ਦਾ ਦਾਅਵੇਦਾਰ ਹੋਵੇਗਾ ਅਤੇ ਸ਼ਾਇਦ ਜਿੱਤਣ ਦਾ ਵੀ।

# 'ਪਹਿਲੀ ਚੋਰੀ-ਫਾਹੇ ਦਾ ਹੁਕਮ'

**ਐਮਰਜੈਂਸੀ ਅਤੇ 'ਕੱਖ-ਕਾਨਾਂ' ਦੀ ਵਾਰੀ-9**

*'ਐਮਰਜੈਂਸੀ ਤੇ ਕੱਖ-ਕਾਨਾਂ ਦੀ ਵਾਰੀ' ਲੇਖ ਲੜੀ ਵਿਚ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਐਮਰਜੈਂਸੀ ਨਾਲ ਜੁੜੀਆਂ ਯਾਦਾਂ ਦਾ ਵਰਕਾ ਫਰੋਲਿਆ ਹੈ। ਉਹ ਅਜਿਹਾ ਵਕਤ ਸੀ ਜਦੋਂ ਵਿਰੋਧ ਦੀ ਹਰ ਆਵਾਜ਼ ਨੂੰ ਬੰਦ ਕਰਨ ਦਾ ਹੀਲਾ ਕੇਂਦਰ ਸਰਕਾਰ ਨੇ ਕੀਤਾ ਸੀ। ਬਹੁਤ ਸਾਰੇ ਆਗੂਆਂ, ਪੱਤਰਕਾਰਾਂ, ਲੇਖਕਾਂ ਤੇ ਬੁੱਧੀਜੀਵੀਆਂ ਉਤੇ ਵੱਖ-ਵੱਖ ਕੇਸ ਪਾ ਕੇ ਉਨ੍ਹਾਂ ਨੂੰ ਜੇਲ੍ਹਾਂ ਅੰਦਰ ਡੱਕ ਦਿੱਤਾ ਗਿਆ। ਵਰਿਆਮ ਸਿੰਘ ਸੰਧੂ ਨੇ ਇਸ ਲੰਮੀ ਲੇਖ ਲੜੀ ਵਿਚ ਇਸ ਜੇਲ੍ਹ ਯਾਤਰਾ ਦੇ ਹਵਾਲੇ ਨਾਲ ਆਪਣੇ ਸਮਾਜ ਅਤੇ ਸਿਸਟਮ ਬਾਰੇ ਸਾਰਥਕ ਟਿੱਪਣੀਆਂ ਕੀਤੀਆਂ ਹਨ। ਇਨ੍ਹਾਂ ਟਿੱਪਣੀਆਂ ਵਿਚ ਬਤੌਰ ਲੇਖਕ ਉਨ੍ਹਾਂ ਅਵਾਮ ਦੇ ਸਰੋਕਾਰ ਸਾਂਝੇ ਕੀਤੇ ਹਨ। 'ਪਹਿਲੀ ਚੋਰੀ-ਫ਼ਾਹੇ ਦਾ ਹੁਕਮ' ਵਿਚ ਪੁਲਿਸ ਦੀ ਤਫਤੀਸ਼ ਦੇ ਢੰਗ-ਤਰੀਕਿਆਂ ਦਾ ਜ਼ਿਕਰ ਕੀਤਾ ਗਿਆ ਹੈ। -ਸੰਪਾਦਕ*

ਹੁਣ ਦੂਜੀ ਮੁਲਾਕਾਤ ਵਾਲੀ 'ਕੁੰਡੀ' ਜੁੜਨੀ ਰਹਿ ਗਈ ਸੀ।

"ਦੂਜੀ ਵਾਰ ਕਿੱਥੇ ਮਿਲਿਆ ਸੈਂ ਬਲਬੀਰ ਨੂੰ?"

ਮੈਂ ਲੋੜ ਅਨੁਸਾਰ ਏਧਰ-ਓਧਰ ਦੌੜ ਲਾਉਣ ਤੋਂ ਬਾਅਦ ਹੀ 'ਟਿਕਾਣੇ' 'ਤੇ ਪੁੱਜਣਾ ਸੀ!

"ਕੀ ਕਹਿ ਸਕਦਾਂ ਕਿ ਦੂਜੀ ਵਾਰ ਉਹਨੂੰ ਕਿੱਥੇ ਮਿਲਿਆਂ? ਮੇਰੀ ਉਸ ਨਾਲ ਬਿਲਕੁਲ ਕੋਈ ਦੋਸਤੀ ਜਾਂ ਨੇੜ ਨਾ ਹੋਣ ਬਾਰੇ ਤਾਂ ਦੱਸ ਹੀ ਚੁੱਕਾਂ। ਇਹੋ ਹੀ ਖ਼ਿਆਲ ਵਿਚ ਆਉਂਦਾ ਹੈ ਕਿ ਕਿਤੇ ਕਿਸੇ ਭੀੜ ਜਾਂ ਇਕੱਠ ਵਿਚ ਹੀ ਉਸ ਨਾਲ ਸਾਧਾਰਨ 'ਫ਼ਤਹਿ-ਫ਼ਤੂਹੀ' ਹੋਈ ਹੋਏਗੀ। ਨਿੱਜੀ ਮਿਲਣੀ ਦਾ ਤਾਂ ਸਵਾਲ ਹੀ ਪੈਦਾ ਨਹੀਂ



**ਵਰਿਆਮ ਸਿੰਘ ਸੰਧੂ**
**ਫੋਨ: 416-918-5212**

ਹੁੰਦਾ।" ਮੇਰੇ ਕੋਲ ਪਹਿਲਾਂ ਹੀ ਪੁੱਜੀ ਸੂਚਨਾ ਦਾ ਭਰੋਸਾ ਮੇਰੇ ਅੰਦਰੋਂ ਬੋਲ ਰਿਹਾ ਸੀ।

"ਚੱਲ 'ਨਿੱਜੀ' ਨਹੀਂ ਤਾਂ 'ਸਮੂਹ' ਵਿਚਲੀ ਮਿਲਣੀ ਬਾਰੇ ਹੀ ਦੱਸ।" ਉਹ ਵੀ ਹੁਣ ਛੇਤੀ ਕਿਸੇ ਸਿੱਟੇ 'ਤੇ ਪਹੁੰਚਣ ਲਈ ਕਾਹਲਾ ਸੀ। 'ਇਨ੍ਹਾਂ ਤਿਲਾਂ ਵਿਚ ਉਹਨੂੰ ਕੋਈ ਬਹੁਤਾ ਤੇਲ ਨਜ਼ਰ ਨਹੀਂ ਸੀ ਆ ਰਿਹਾ।'

"ਕੋਈ ਵੀ ਕਾਨਫ਼ਰੰਸ, ਕੋਈ ਵੀ ਸਮਾਗਮ ਹੋ ਸਕਦਾ ਹੈ। ਅਸੀਂ ਅੰਬਰਸਰ ਗੁਰਸ਼ਰਨ ਸਿੰਘ ਦੇ ਡਰਾਮੇਂ ਵੇਖਣ ਵੀ ਆਉਂਦੇ ਰਹੇ ਹਾਂ; ਹੋ ਸਕਦਾ ਕਿਸੇ ਇਹੋ ਜਿਹੇ ਮੌਕੇ ਮਿਲਿਆ ਹੋਵੇ।"

ਉਸ ਨੇ ਨਾਂਹ ਵਿਚ ਸਿਰ ਹਿਲਾਇਆ।

ਮੈਂ 'ਘੁੰਮ ਫਿਰ ਆਇਆ' ਸਾਂ।

"ਉਹਦੇ ਬਿਜਲੀ ਬੋਰਡ ਵਿਚ ਹੋਣ ਤੋਂ ਖ਼ਿਆਲ ਆ ਰਿਹਾ ਏ ਕਿ ਇੱਕ ਵਾਰ ਬਿਜਲੀ ਬੋਰਡ ਵਾਲਿਆਂ ਦੀ ਵੱਡੀ ਹੜਤਾਲ ਹੋਈ ਸੀ, ਜਿਸ ਦੀ ਲੋਕਾਂ ਨੇ ਬੜੀ ਮੁਖ਼ਾਲਫ਼ਤ ਕੀਤੀ ਸੀ। ਹੋ ਸਕਦੈ, ਇਸ ਹੜਤਾਲ ਦੌਰਾਨ ਕਿਤੇ ਮਿਲਿਆ ਹੋਵਾਂ।" ਗੱਡੀ ਲੀਹ 'ਤੇ ਆ ਗਈ ਸੀ।

"ਹਾਂ, ਹਾਂ। ਚੱਲ ਹੜਤਾਲ ਮੌਕੇ ਕਿੱਥੇ ਮਿਲਿਆ ਸੈਂ?" ਉਹ ਉਤਸ਼ਾਹ ਵਿਚ ਸੀ।

"ਮੈਨੂੰ ਧੁੰਦਲਾ ਜਿਹਾ ਚੇਤਾ ਹੈ ਜਿਵੇਂ ਅਸੀਂ ਦਰਬਾਰ ਸਾਹਿਬ ਕੰਪਲੈਕਸ ਵਿਚ ਹੜਤਾਲੀ ਆਗੂਆਂ ਨੂੰ ਮਿਲੇ ਸਾਂ। ਬਲਬੀਰ ਉਥੇ ਵੀ ਹੋ ਸਕਦਾ ਹੈ।"

ਦੂਜੀ ਵਾਰ ਬਲਬੀਰ ਉਥੇ ਹੀ ਤਾਂ ਮਿਲਿਆ ਸੀ! ਇਹ ਸੂਚਨਾ ਉਹਨੇ ਮੈਨੂੰ ਪਹਿਲਾਂ ਈ ਪਹੁੰਚਾ ਦਿੱਤੀ ਹੋਈ ਸੀ।

ਦੂਜੀ ਕੁੰਡੀ ਵੀ ਜੁੜ ਗਈ ਸੀ। ਗੱਡੀ 'ਟੇਸ਼ਨ 'ਤੇ ਪਹੁੰਚ ਗਈ ਸੀ।

ਉਸ ਨੇ ਮੇਰੀ ਪੁਸ਼ਟੀ ਸ਼ਾਇਦ ਜਾਣ-ਬੁੱਝ ਕੇ ਨਾ ਕੀਤੀ। ਉਲਟਾ ਕਹਿਣ ਲੱਗਾ, "ਨਾਲੇ ਕਹਿੰਦਾ ਏਂ ਕਿ ਮੈਂ ਬੇਕਸੂਰ ਆਂ, ਨਾਲੇ ਹੜਤਾਲੀਆਂ ਨੂੰ ਉਨ੍ਹਾਂ ਦੇ 'ਲੁਕਣ-ਟਿਕਾਣਿਆਂ' 'ਤੇ ਮਿਲ ਕੇ ਉਨ੍ਹਾਂ ਨੂੰ ਹੜਤਾਲ ਕਰਨ ਲਈ ਭੜਕਾਉਂਦਾ ਵੀ ਰਿਹਾ ਏਂ।"

"ਮੈਂ ਇਹ ਗੱਲ ਪਹਿਲਾਂ ਹੀ ਕਹਿ ਚੁੱਕਾਂ ਕਿ 'ਏਨਾ ਕੁ ਪ੍ਰੋਗਰੈਸਿਵ ਹੋਣ' ਤੋਂ ਮੈਂ ਬਿਲਕੁਲ ਇਨਕਾਰੀ ਨਹੀਂ। ਆਪਣੀਆਂ ਜਾਇਜ਼ ਮੰਗਾਂ ਲਈ ਲੜਨਾ, ਹੜਤਾਲਾਂ ਕਰਨੀਆਂ ਹਰ ਮੁਲਾਜ਼ਮ ਦਾ ਅਧਿਕਾਰ ਹੈ। ਅਸੀਂ ਉਨ੍ਹਾਂ ਆਗੂਆਂ ਨੂੰ ਉਦੋਂ ਇਹ ਵੀ ਕਿਹਾ ਸੀ ਕਿ ਆਮ ਜਨਤਾ ਨੂੰ ਨਾਲ ਲਏ ਬਿਨਾਂ ਨਾ ਕੋਈ ਹੜਤਾਲ ਅਤੇ ਨਾ ਕੋਈ ਲਹਿਰ ਕਾਮਯਾਬ ਹੋ ਸਕਦੀ ਹੈ।"

ਅਸਲ ਵਿਚ ਉਸ ਕੋਲ ਬਲਬੀਰ ਦੇ ਬਿਆਨ 'ਤੇ ਆਧਾਰਿਤ ਇਹ ਦੋ ਹੀ ਬੁਨਿਆਦੀ ਨੁਕਤੇ ਸਨ। ਉਨ੍ਹਾਂ ਦੀਆਂ 'ਕੁੰਡੀਆਂ' ਜੁੜ ਗਈਆਂ ਸਨ। ਉਸ ਨੇ ਬਲਬੀਰ ਦੇ ਦਿੱਤੇ ਬਿਆਨਾਂ ਨਾਲ ਮੇਰੇ ਬਿਆਨ ਮਿਲਾ ਕੇ ਵੇਖਣੇ ਸਨ। ਮੈਂ ਉਸ ਦੇ ਬਿਆਨਾਂ ਅਨੁਸਾਰ 'ਸੱਚ' ਬੋਲਿਆ ਸੀ। ਇਹ ਸੱਚ ਮੇਰੇ ਤੀਕ ਪਹਿਲਾਂ ਹੀ ਪਹੁੰਚ ਚੁੱਕਾ ਸੀ। ਬਲਬੀਰ ਨੇ ਕਿਹਾ ਸੀ ਕਿ ਉਹ ਲੇਖਕ ਵਜੋਂ ਮੈਨੂੰ ਜਾਣਦਾ ਸੀ ਅਤੇ ਪਹਿਲੀ ਵਾਰ ਉਹ ਮੈਨੂੰ ਆਪਣੇ ਦੋਸਤ ਪਾਲ ਸਿੰਘ ਨਾਲ ਮੇਰੇ ਪਿੰਡ ਮੇਰੇ ਵਿਆਹ 'ਤੇ ਮਿਲਿਆ ਸੀ। ਦੂਜੀ ਵਾਰ ਮੈਂ ਬਿਜਲੀ ਬੋਰਡ ਦੇ ਹੜਤਾਲੀ ਮੁਲਾਜ਼ਮਾਂ ਨਾਲ ਉਹਨੂੰ ਦਰਬਾਰ ਸਾਹਿਬ ਕੰਪਲੈਕਸ ਵਿਚ ਮਿਲਿਆ ਸਾਂ; ਜਿੱਥੇ ਮੈਂ ਹੜਤਾਲੀ ਮੁਲਾਜ਼ਮਾਂ ਨੂੰ 'ਭਾਸ਼ਣ' ਵੀ ਦਿੱਤਾ ਸੀ। ਇਸ ਤੋਂ ਵੱਧ ਕਿਸੇ ਹੋਰ ਕਿਸਮ ਦਾ ਮੇਰੇ ਨਾਲ ਕੋਈ ਸਬੰਧ ਹੋਣ ਤੋਂ ਉਸ ਨੇ ਇਨਕਾਰ ਕੀਤਾ ਸੀ।

ਮੇਰੇ ਅਫ਼ਸਰ ਨੇ ਮੇਰੇ ਕੋਲੋਂ ਇਹ ਸੱਚਾਈ ਐਨ ਹੂ-ਬ-ਹੂ ਉਗਲਵਾ ਲਈ ਸੀ। ਵਾਧੂ ਗੱਲ ਇਹ ਸੀ ਕਿ ਉਸ ਨੇ ਮੇਰੇ ਕੋਲੋਂ ਇਹ ਵੀ ਮੰਨਵਾ ਲਿਆ ਕਿ ਮੈਂ ਮੁਲਾਜ਼ਮ-ਘੋਲਾਂ ਵਿਚ ਸਰਗਰਮ ਹਿੱਸਾ ਲੈਂਦਾ ਸਾਂ। ਸਰਕਾਰ ਦੇ ਲੋਕ-ਵਿਰੋਧੀ ਕਿਰਦਾਰ ਦਾ ਨਿੰਦਕ ਅਤੇ ਵਿਰੋਧੀ ਵੀ ਸਾਂ। ਅਧਿਆਪਕਾਂ ਦੀ ਜਥੇਬੰਦੀ ਤੇ ਨੌਜਵਾਨ ਭਾਰਤ ਸਭਾ ਵਿਚ ਕੰਮ ਕਰਦਾ ਸਾਂ ਅਤੇ ਉਸ ਕੰਮ ਨੂੰ ਠੀਕ ਵੀ ਮੰਨਦਾ ਸਾਂ। ਸਭਾ ਦੇ ਮੈਨੀਫ਼ੈਸਟੋ ਦੇ ਹਵਾਲੇ ਨਾਲ ਇਹ ਗੱਲ ਵੀ ਮੰਨਦਾ ਸਾਂ ਕਿ ਸਾਡੀ ਲੜਾਈ ਉਨਾ ਚਿਰ ਜਾਰੀ ਰਹੇਗੀ, ਜਿੰਨਾ ਚਿਰ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਨਹੀਂ ਹੋ ਜਾਂਦੀ।

ਸਿਵਾਏ ਮੇਰੇ ਨਕਸਲੀ ਹੋਣ ਦੇ ਉਸ ਨੇ ਮੇਰੇ ਕੋਲੋਂ ਸਾਰੀ ਲੋੜੀਂਦੀ ਜਾਣਕਾਰੀ ਹਾਸਲ ਕਰ ਲਈ ਸੀ। ਨੌਜਵਾਨ ਭਾਰਤ ਸਭਾ ਦੇ ਮੈਨੀਫ਼ੈਸਟੋ ਵਿਚੋਂ ਜੰਗ ਜਾਰੀ ਰਹਿਣ ਦਾ ਇਕਬਾਲੀਆ ਬਿਆਨ ਵੀ ਉਸ ਲਈ ਵੱਡੀ ਗੱਲ ਸੀ।

ਹੁਣ ਇਸ ਬਿਆਨ ਨੂੰ ਕਲਮਬੰਦ ਕੀਤਾ ਜਾਣਾ ਸੀ। ਇੰਟੈਰੋਗੇਸ਼ਨ ਸੈਂਟਰ ਦੀ ਵੱਡੀ ਬਿਲਡਿੰਗ ਦੇ ਚੜ੍ਹਦੇ ਪਾਸੇ, ਕੰਧ ਦੇ ਨਾਲ ਨਾਲ, ਜਿੱਥੇ ਸਿਆਲਾਂ ਵਿਚ ਚੜ੍ਹਦੇ ਸੂਰਜ ਦੀ ਧੁੱਪ ਪੈਂਦੀ ਸੀ, ਵੱਖ ਵੱਖ ਪੜਤਾਲੀਆ ਅਫ਼ਸਰਾਂ ਨੇ ਆਪਣੇ ਮੇਜ਼-ਕੁਰਸੀਆਂ ਇੱਕ ਲਾਈਨ ਵਿਚ ਲਾਏ ਹੋਏ ਸਨ ਅਤੇ ਉਨ੍ਹਾਂ ਦੇ ਬੱਕਰੇ ਆਪਣੇ ਬਿਆਨ 'ਮਿਆਂਕ' ਰਹੇ ਸਨ। ਬਿਆਨ, ਅਫ਼ਸਰਾਂ ਦੀ ਮਰਜ਼ੀ ਅਨੁਸਾਰ ਦੇਣ ਲਈ ਭਾਵੇਂ 'ਦੋਸ਼ੀਆਂ' ਦੀ 'ਸੋਧ-ਸੁਧਾਈ' ਪਹਿਲਾਂ ਹੀ ਹੋ ਚੁੱਕੀ ਹੁੰਦੀ ਸੀ ਅਤੇ ਉਨ੍ਹਾਂ ਨੂੰ 'ਤੋਤਾ' ਬਣਾ ਕੇ ਹੀ ਇੱਥੇ ਲਿਆਂਦਾ ਜਾਂਦਾ ਸੀ, ਫ਼ਿਰ ਵੀ ਲੋੜ ਅਨੁਸਾਰ ਇੱਥੇ ਵੀ 'ਪੁਲਿਸੀ ਪਿਆਰ ਮੁਹੱਬਤ' ਦਾ ਪ੍ਰਗਟਾਵਾ ਹੋ ਹੀ ਜਾਂਦਾ ਸੀ।

ਸੈਂਟਰ ਦਾ ਮੁੱਖ ਅਫ਼ਸਰ ਰਾਊਂਡ 'ਤੇ ਆਇਆ ਅਤੇ ਇਕੱਲੇ ਇਕੱਲੇ ਮੁਲਜ਼ਿਮ ਤੋਂ ਮਿਲੀ ਜਾਣਕਾਰੀ ਬਾਰੇ ਸੰਖੇਪ ਵਿਚ ਪੁੱਛਦਾ ਜਦੋਂ ਸਾਡੇ ਕੋਲ ਪੁੱਜਾ ਤਾਂ ਮੇਰੇ ਪੜਤਾਲ ਅਫ਼ਸਰ ਨੇ ਆਪ ਹੀ ਕਹਿ ਦਿੱਤਾ, "ਬਲਬੀਰ ਵਾਲੀ ਗੱਲ ਸਾਫ਼ ਹੋ ਗਈ ਏ ਜੀ! ਬਿਆਨ ਤਿਆਰ ਕਰ ਰਹੇ ਆਂ।"

ਮੁੱਖ ਅਫ਼ਸਰ ਦੋ ਕਦਮ ਅੱਗੇ ਵਧਿਆ ਅਤੇ ਸਾਥੋਂ ਅਗਲੇ 'ਇਨਚਾਰਜ' ਨੂੰ ਪੁੱਛਿਆ, "ਇਹ ਬਕਿਆ ਭੈਣ... ਕਿ ਨਹੀਂ? ਛੋਈ ਲਾਹ ਦਿਓ ਇਹਦੀ। ਮੁੱਛਾਂ ਪੁੱਟ ਕੇ ਇਹਦੀ... 'ਚ ਦੇ ਦਿਓ।"

ਉਨ੍ਹਾਂ ਦਾ ਹਵਾਲਦਾਰ ਪਹਿਲਾਂ ਹੀ ਬੋਲ ਪਿਆ, "ਸਾਹਬ ਬਹਾਦਰ! ਮੁੱਛਾਂ ਤਾਂ ਭੈਣ ਦੇ

*ਲਾਲਾ ਕੋਠੜੀ ਅੰਦਰ ਵੜਨ ਲੱਗਾ ਤਾਂ ਉਸ ਉਤੇ ਲਿਆ ਕੀਮਤੀ ਕੰਬਲ ਪਿਛਲੇ ਪੁਲਸੀਏ ਨੇ ਉਸ ਦੇ ਗਲ ਵਿਚੋਂ ਪਿੱਛੇ ਨੂੰ ਧੂੰਹਦਿਆਂ ਕਿਹਾ, "ਲਾਹ ਇਹਨੂੰ... ਏਥੇ ਕੁੜਮਾਂ ਦੇ ਨਹੀਂ ਆਇਆ ਤੂੰ। ਕਿੱਡੀ ਕੰਬਲ ਦੀ ਬੁੱਕਲ ਮਾਰੀ ਸੂ। ਕਰਨੀਆਂ ਲੌਂਗਾਂ ਦੀਆਂ ਬਲੈਕਾਂ ਤੇ... ।"*
*ਪਿੱਛੋਂ ਧੌਣ 'ਤੇ ਧੱਫ਼ਾ ਪੈਣ ਕਾਰਨ ਲਾਲਾ ਮੇਰੇ ਉਤੇ ਡਿੱਗਦਾ ਡਿੱਗਦਾ ਬਚਿਆ।... ਉਹ ਦਰਵਾਜ਼ਾ ਬੰਦ ਕਰ ਕੇ ਚਲੇ ਗਏ। ਲਾਲਾ ਡਰੀਆਂ-ਡੈਂਬਰੀਆਂ ਅੱਖਾਂ ਨਾਲ ਮੇਰੇ ਵੱਲ ਵੇਖਣ ਲੱਗਾ। ਅੱਥਰੂ ਉਸ ਦੀਆਂ ਗੱਲ੍ਹਾਂ 'ਤੇ ਅਟਕੇ ਹੋਏ ਸਨ।*



ਖਸਮ ਨੇ ਮਹਾਰਾਣਾ ਪ੍ਰਤਾਪ ਵਾਂਗ ਰੱਖੀਆਂ ਨੇ ਤੇ ਟੱਟੀ ਭੈਣ... ਦੀ ਤਿੱਜੇ ਛਿੱਤਰ 'ਤੇ ਨਿਕਲ ਗਈ ਆ। ਛਿੱਤਰ ਵੀ ਲਬੇੜ'ਤਾ ਭੈਣ ਦੇਣੇ ਨੇ। ਅਹੁ ਵੇਖੋ! ਧੁਆ ਕੇ ਕੰਧ ਨਾਲ ਸੁੱਕਣੇ ਪਾਇਆ ਹੋਇਆ।"

ਜਿੱਥੋਂ ਤੀਕ ਹਵਾਲਦਾਰ ਦੀ ਆਵਾਜ਼ ਗਈ, ਸੁਣ ਕੇ ਕੰਧ ਨਾਲ ਬੈਠੀਆਂ 'ਟੀਮਾਂ' ਦਾ ਉਚਾ ਹਾਸਾ ਗੂੰਜਿਆ।

ਮੁੱਖ ਅਫ਼ਸਰ ਨੇ ਮੇਰੇ ਵੱਲ ਮੂੰਹ ਕੀਤਾ, "ਕਿਹੜੀ ਐਮ.ਏ. ਕੀਤੀ ਆ?"

"ਪੰਜਾਬੀ ਦੀ"

"ਫੇਰ ਤਾਂ ਤੈਨੂੰ ਸਾਰਾ ਗੁਰੂ ਗ੍ਰੰਥ ਸਾਹਿਬ ਜ਼ਬਾਨੀ ਯਾਦ ਹੋਣਾ?" ਮੇਰੇ ਸੱਜੇ ਹੱਥ ਵਾਲੀ ਟੋਲੀ ਦੇ ਗੰਜੇ ਥਾਣੇਦਾਰ ਨੇ ਬੜੀ ਉਤਸੁਕਤਾ ਨਾਲ ਪੁੱਛਿਆ। ਉਸ ਅਨੁਸਾਰ ਪੰਜਾਬੀ ਦੀ ਐਮ.ਏ. ਵਿਚ ਗੁਰੂ ਗ੍ਰੰਥ ਸਾਹਿਬ ਹੀ, ਸ਼ਾਇਦ, ਕੰਠ ਕਰਵਾਇਆ ਜਾਂਦਾ ਸੀ। ਜਿਵੇਂ ਹੋਰ ਬਹੁਤ ਸਾਰਿਆਂ ਲਈ ਪੰਜਾਬੀ ਦੀ ਐਮ.ਏ. ਵਿਚ ਸਿਰਫ਼ ਹੀਰ-ਰਾਂਝਾ ਅਤੇ ਹੋਰ ਆਸ਼ਕਾਂ ਦੇ ਕਿੱਸੇ ਹੀ ਪੜ੍ਹਾਏ ਜਾਂਦੇ ਹਨ।

ਮੈਂ ਐਮ.ਏ. ਦੇ ਵੱਖ ਵੱਖ ਪਰਚਿਆਂ ਦੀ ਤਫ਼ਸੀਲ ਦੱਸੀ ਅਤੇ ਇਹ ਵੀ ਦੱਸਿਆ ਕਿ ਗੁਰਬਾਣੀ ਵੀ ਸਾਡੇ ਸਿਲੇਬਸ ਦਾ ਹਿੱਸਾ ਹੈ।

"ਆਹ ਜਿਹੜੀ ਆਰਤੀ ਪੜ੍ਹਦੇ ਨੇ ਗੁਰਦਵਾਰਿਆਂ ਵਿਚ; ਇਹਦਾ ਕੀ ਮਤਲਬ ਆ? ਤੂੰ ਸੁਣਿਐ ਯੂਨੀਵਰਸਿਟੀ 'ਚੋਂ ਅੱਵਲ ਆਇਆ ਏਂ?" ਗੰਜੇ ਥਾਣੇਦਾਰ ਨੇ ਸਵਾਲ ਕੀਤਾ।

ਮੈਨੂੰ ਕਿਹੜਾ ਸਾਰਾ ਗੁਰੂ ਗ੍ਰੰਥ ਸਾਹਿਬ ਜ਼ਬਾਨੀ ਚੇਤੇ ਸੀ, ਪਰ ਚੰਗੇ ਭਾਗਾਂ ਨੂੰ ਆਰਤੀ ਤਾਂ ਮੈਨੂੰ ਯਾਦ ਹੀ ਸੀ। ਮੈਂ ਸਾਰੀ ਆਰਤੀ ਪਹਿਲਾਂ ਜ਼ਬਾਨੀ ਬੋਲ ਕੇ ਸੁਣਾਈ ਤੇ ਫਿਰ ਇਕੱਲੀ ਇਕੱਲੀ ਸਤਰ ਦੇ ਅਰਥ ਅਤੇ ਵਿਆਖਿਆ ਕਰਨੀ ਸ਼ੁਰੂ ਕਰ ਦਿੱਤੀ। ਗੱਲ ਬਣਦੀ ਵੇਖ ਕੇ ਮੈਂ ਵਧੇਰੇ ਪ੍ਰਭਾਵਿਤ ਕਰਨ ਵਾਲਾ ਕੁਝ ਮਸਾਲਾ ਕੋਲੋਂ ਵੀ ਜੋੜ ਲਿਆ। ਉਨ੍ਹਾਂ ਨੂੰ ਕਿਹੜੇ 'ਕੱਲੇ 'ਕੱਲੇ ਸ਼ਬਦ ਦੇ ਅਰਥ ਆਉਂਦੇ ਸਨ। ਭਾਸ਼ਾ ਨੂੰ ਵੀ ਕੁਝ ਵਧੇਰੇ ਲੱਛੇਦਾਰ ਬਣਾ ਲਿਆ।

ਮੇਰੀ 'ਵਿਦਵਤਾ' ਦੀ 'ਭੱਲ' ਬਣਾਉਣ ਵਿਚ ਗੰਜੇ ਥਾਣੇਦਾਰ ਨੇ ਮੇਰੀ ਸਹਿਵਨ ਹੀ ਮਦਦ ਕਰ ਦਿੱਤੀ ਸੀ।

ਸਾਰੇ ਜਣੇ ਆਪੋ-ਆਪਣਾ 'ਕੰਮ' ਰੋਕ ਕੇ ਮੇਰੇ ਕੋਲ ਆ ਕੇ ਖਲੋ ਗਏ। ਮੈਂ ਵਿਆਖਿਆ ਖ਼ਤਮ ਕੀਤੀ ਤਾਂ ਮੁੱਖ ਅਫ਼ਸਰ ਵਾਪਸ ਮੁੜ ਪਿਆ। ਉਹਨੂੰ 'ਸੁਣਾ' ਕੇ ਗੰਜੇ ਥਾਣੇਦਾਰ ਨੇ ਕਿਹਾ, "ਦਲੀਪ ਸਿਆਂ! ਜੇ ਬਿਆਨ 'ਮਿਲ' ਗਏ ਨੇ ਤਾਂ ਇਹਨੂੰ ਪੜ੍ਹੇ-ਲਿਖੇ ਬੰਦੇ ਨੂੰ ਭੁੰਜੇ ਕਿਉਂ ਬਠਾਇਆ ਏ? ਬੈਂਚ 'ਤੇ ਬਿਠਾ।"

ਦਲੀਪ ਸਿੰਘ ਨਾਲ ਤਾਂ ਮੇਰਾ ਰਾਬਤਾ ਬਣ ਹੀ ਗਿਆ ਸੀ, ਪਰ ਉਹ ਮੇਰੇ ਲਈ ਕੋਈ 'ਹਮਦਰਦੀ' ਵਿਖਾਉਂਦਾ 'ਦਿਸਣਾ' ਨਹੀਂ ਸੀ ਚਾਹੁੰਦਾ। ਗੰਜੇ ਥਾਣੇਦਾਰ ਨੇ ਮੇਰੇ ਨਾਲ ਉਸ ਦੀ ਵੀ 'ਮਦਦ' ਕਰ ਦਿੱਤੀ ਸੀ। ਮੇਰਾ ਬੈਂਚ 'ਤੇ ਬੈਠਣਾ ਹੁਣ ਉਸ ਲਈ ਕੋਈ ਮਿਹਣਾ ਨਹੀਂ ਸੀ ਬਣਨਾ।

ਮੈਂ 'ਭਵ-ਸਾਗਰ' ਪਾਰ ਕਰ ਲਿਆ ਸੀ।

ਅੱਜ ਦੀ ਸ਼ਾਮ ਆਪਣੀ ਕੋਠੜੀ ਵਿਚ ਆਪਣੇ ਦੁਆਲੇ ਕੰਬਲ ਲਪੇਟ ਕੇ ਬੈਠਾ, ਮੈਂ ਸਹਿਜ ਸਾਂ ਅਤੇ ਕਿਸੇ ਦਰਸ਼ਕ ਵਾਂਗ ਸੈਂਟਰ ਦੇ ਸਮੁੱਚੇ ਵਰਤਾਰੇ ਨੂੰ ਵਾਚਣ ਲਈ 'ਵਿਹਲਾ' ਸਾਂ! ਇੰਨੇ ਨੂੰ ਨਵੇਂ ਮੁਲਜ਼ਿਮ ਨੂੰ ਲੈ ਕੇ ਆਉਂਦੇ ਹੋਏ, ਗਾਲ੍ਹ-ਮੰਦਾ ਕਰਦੇ ਪੁਲਸੀਏ ਅਹਾਤੇ ਵਿਚ ਦਾਖ਼ਲ ਹੋਏ।

"ਕਿੱਥੇ ਵਾੜੀਏ ਇਹਨੂੰ?" ਇੱਕ ਜਣੇ ਨੇ ਸਵਾਲ ਕੀਤਾ।

"ਮਾਸਟਰ ਹੁਣਾਂ ਵਾਲੀ ਕੋਠੜੀ ਵਿਚ ਵਾੜੋ ਇਹਨੂੰ। ਪੜ੍ਹੇ-ਲਿਖੇ ਬੰਦੇ ਤੋਂ ਕੋਈ 'ਗਿਆਨ ਦੀ ਗੱਲ' ਈ ਸਿੱਖੂ।" ਆਖਣ ਵਾਲਾ ਹੱਸਦਾ ਹੋਇਆ ਮੇਰੀ ਕੋਠੜੀ ਦਾ ਦਰਵਾਜ਼ਾ ਖੋਲ੍ਹ ਰਿਹਾ ਸੀ। ਫਿਰ ਉਹ ਮੁਲਜ਼ਿਮ ਨੂੰ ਸੰਬੋਧਤ ਹੋਇਆ, "ਲਾਲਾ! ਹੁਣ ਸਵੇਰੇ ਲਵਾਂਗੇ ਤੇਰੀ ਕੁੜੀ ਨਾਲ ਫ਼ੇਰੇ।"

ਉਸ ਨੇ ਲੰਮੇ-ਝੰਮੇ 'ਲਾਲੇ' ਦੇ ਕੰਨਾਂ 'ਤੇ ਧੌਲ ਜੜੀ।

"ਮੋਤੀਆਂ ਵਾਲਿਆ! ਮੈਂ ਤਾਂ ਆਪਣੇ ਕੁੜਮ ਦਾ ਫਸਾਇਆ ਫਸਿਆਂ! ਮੈਂ ਇੱਜ਼ਤਦਾਰ ਆਦਮੀ! ਧੀਆਂ ਜਵਾਈਆਂ ਵਾਲਾ! ਜਿਹੜਾ ਗੁਨਾਹ ਹੈਗਾ, ਉਹ ਮੈਂ ਪਹਿਲਾਂ ਈ ਮੰਨਦਾਂ।"

ਲਾਲਾ ਗਿੜਗੜਾਉਂਦਾ ਹੋਇਆ ਅੱਥਰੂ ਕੇਰ ਰਿਹਾ ਸੀ।

"ਚੱਲ! ਚੱਲ! ਅੰਦਰ ਹੋ।"

ਲਾਲਾ ਕੋਠੜੀ ਅੰਦਰ ਵੜਨ ਲੱਗਾ ਤਾਂ ਉਸ ਉਤੇ ਲਿਆ ਕੀਮਤੀ ਕੰਬਲ ਪਿਛਲੇ ਪੁਲਸੀਏ ਨੇ ਉਸ ਦੇ ਗਲ ਵਿਚੋਂ ਪਿੱਛੇ ਨੂੰ ਧੂੰਹਦਿਆਂ ਕਿਹਾ, "ਲਾਹ ਇਹਨੂੰ ਭੈਣ... ਏਥੇ ਕੁੜਮਾਂ ਦੇ ਨਹੀਂ ਆਇਆ ਤੂੰ। ਕਿੱਡੀ ਕੰਬਲ ਦੀ ਬੁੱਕਲ ਮਾਰੀ ਸੂ। ਕਰਨੀਆਂ ਲੌਂਗਾਂ ਦੀਆਂ ਬਲੈਕਾਂ ਤੇ... ।"

ਪਿੱਛੋਂ ਧੌਣ 'ਤੇ ਧੱਫ਼ਾ ਪੈਣ ਕਾਰਨ ਲਾਲਾ ਮੇਰੇ ਉਤੇ ਡਿੱਗਦਾ ਡਿੱਗਦਾ ਬਚਿਆ।

"ਸਾਂਭੋ ਮਾਸਟਰ ਜੀ ਇਹਨੂੰ...।"

ਉਹ ਦਰਵਾਜ਼ਾ ਬੰਦ ਕਰ ਕੇ ਚਲੇ ਗਏ। ਲਾਲਾ ਡਰੀਆਂ-ਡੈਂਬਰੀਆਂ ਅੱਖਾਂ ਨਾਲ ਮੇਰੇ ਵੱਲ ਵੇਖਣ ਲੱਗਾ। ਅੱਥਰੂ ਉਸ ਦੀਆਂ ਗੱਲ੍ਹਾਂ 'ਤੇ ਅਟਕੇ ਹੋਏ ਸਨ। ਮੈਂ ਉਹਨੂੰ 'ਆਪਣੇ' ਕੰਬਲਾਂ ਵਿਚੋਂ ਇੱਕ ਕੰਬਲ ਉਤੇ ਲੈਣ ਲਈ ਦਿੱਤਾ ਅਤੇ ਹੌਸਲਾ ਕਰਨ ਲਈ ਕਿਹਾ।

"ਸਰਦਾਰ ਜੀ ਮੇਰਾ ਕੀ ਬਣੂੰ? ਮੈਂ ਸ਼ਰੀਫ਼ ਖਾਨਦਾਨ ਵਾਲਾ, ਚੰਗੇ ਅੰਗਾਂ ਸਾਕਾਂ ਵਾਲਾ। ਸਾਡੇ ਕਦੇ ਪਿਓ ਦਾਦੇ ਨੇ ਇਹ ਕੰਮ ਨਾ ਕੀਤੇ। ਕਦੀ ਠਾਣਾ ਹਵਾਲਾਤ ਨਾ ਵੇਖੀ। ਮੈਨੂੰ ਤਾਂ ਪਹਿਲੀ ਚੋਰੀ 'ਤੇ ਫ਼ਾਹੇ ਦਾ ਹੁਕਮ ਵਾਲੀ ਗੱਲ ਬਣੀ ਜੀ। ਜਿੱਧਰ ਮੇਰਾ ਮੁੰਡਾ ਵਿਆਹਿਆ, ਮੇਰਾ ਉਹ ਕੁੜਮ ਬਲੈਕ ਕਰਦਾ। ਮੈਨੂੰ ਵੀ ਨਾਲ ਰਲਣ ਲਈ ਕਹਿੰਦਾ ਰਹਿੰਦਾ ਸੀ। ਮੈਂ ਨਹੀਂ ਸਾਂ ਮੰਨਦਾ। ਉਹਦੀਆਂ ਮਿੱਠੀਆਂ ਪਿਆਰੀਆਂ ਗੱਲਾਂ 'ਚ ਆ ਕੇ ਫਸ ਗਿਆ। ਪਹਿਲੀ ਵਾਰ ਈ ਰਲਿਆ ਤੇ ਮਾੜੀ ਕਿਸਮਤ ਨੂੰ ਮਾਲ ਫੜਿਆ ਗਿਆ। ਉਹਨੇ ਅੱਗਿਉਂ ਮੇਰਾ ਨਾਂ ਵੀ ਲੈ ਦਿੱਤਾ। ਪਹਿਲੀ ਚੋਰੀ, ਫ਼ਾਹੇ ਦਾ ਹੁਕਮ!" ਉਸ ਨੇ ਦੁਹਰਾਇਆ।


"ਹੁਣ ਤਾਂ ਜੋ ਹੋਇਆ, ਭੁਗਤਣਾ ਹੀ ਪਊ, ਪਰ ਦਿਲ ਨਾ ਛੱਡੋ, ਤਗੜੇ ਰਹੋ।" ਮੈਂ ਧੀਰਜ ਦਿੱਤਾ।

"ਅਜੇ ਪਿਛਲੇ ਹਫ਼ਤੇ ਹੀ ਮੈਂ ਆਪਣੀ ਧੀ ਬੜੇ ਉਚੇ, ਪੜ੍ਹੇ-ਲਿਖੇ ਅਤੇ ਸ਼ਰੀਫ਼ ਖ਼ਾਨਦਾਨ ਵਿਚ ਮੰਗੀ ਏ। ਉਹਦਾ ਤਾਂ ਰਿਸ਼ਤਾ ਟੁੱਟ ਜੂ ਜੀ। ਮੇਰਾ ਭਾਈਚਾਰਾ ਤੇ ਹੋਰ ਲੋਕ ਮੇਰੇ ਬਾਰੇ ਕੀ ਸੋਚਣਗੇ ਜੀ। ਸਾਡੇ ਤਾਂ ਪੀੜ੍ਹੀਆਂ 'ਚੋਂ ਕਿਸੇ ਨੇ ਠਾਣੇ ਦਾ ਮੂੰਹ ਨਹੀਂ ਸੀ ਵੇਖਿਆ ਜੀ। ਹੁਣ ਕੀ ਬਣੂੰ?"

ਉਹਨੂੰ 'ਖ਼ਾਨਦਾਨ ਦੀ ਇੱਜ਼ਤ ਰੁਲ ਜਾਣ' ਦਾ ਖ਼ਤਰਾ ਵੀ ਸੀ ਅਤੇ ਸੈਂਟਰ ਵਿਚ ਵਾਪਰਨ ਵਾਲੀ ਹੋਣੀ ਦੀ ਦਹਿਸ਼ਤ ਵੀ ਉਹਦੇ ਸਿਰ ਚੜ੍ਹ ਬੋਲ ਰਹੀ ਸੀ। ਮੈਂ ਉਹਨੂੰ ਧਰਵਾਸ ਬੰਨ੍ਹਾਉਣ ਵਾਲੀਆਂ ਗੱਲਾਂ ਕਰਨ ਲੱਗਾ। ਉਸ ਦਾ ਮਨ ਥੋੜ੍ਹਾ ਕੁ ਟਿਕਿਆ ਤਾਂ ਮੈਨੂੰ ਮੇਰੇ ਬਾਰੇ ਪੁੱਛਣ ਲੱਗਾ।

000

*ਸਿਵਾਏ ਮੇਰੇ ਨਕਸਲੀ ਹੋਣ ਦੇ ਉਸ ਨੇ ਮੇਰੇ ਕੋਲੋਂ ਸਾਰੀ ਲੋੜੀਂਦੀ ਜਾਣਕਾਰੀ ਹਾਸਲ ਕਰ ਲਈ ਸੀ। ਨੌਜਵਾਨ ਭਾਰਤ ਸਭਾ ਦੇ ਮੈਨੀਫ਼ੈਸਟੋ ਵਿਚੋਂ ਜੰਗ ਜਾਰੀ ਰਹਿਣ ਦਾ ਇਕਬਾਲੀਆ ਬਿਆਨ ਵੀ ਉਸ ਲਈ ਵੱਡੀ ਗੱਲ ਸੀ।*
*ਹੁਣ ਇਸ ਬਿਆਨ ਨੂੰ ਕਲਮਬੰਦ ਕੀਤਾ ਜਾਣਾ ਸੀ। ਇੰਟੈਰੋਗੇਸ਼ਨ ਸੈਂਟਰ ਦੀ ਵੱਡੀ ਬਿਲਡਿੰਗ ਦੇ ਚੜ੍ਹਦੇ ਪਾਸੇ, ਕੰਧ ਦੇ ਨਾਲ ਨਾਲ, ਜਿੱਥੇ ਸਿਆਲਾਂ ਵਿਚ ਚੜ੍ਹਦੇ ਸੂਰਜ ਦੀ ਧੁੱਪ ਪੈਂਦੀ ਸੀ, ਵੱਖ ਵੱਖ ਪੜਤਾਲੀਆ ਅਫ਼ਸਰਾਂ ਨੇ ਆਪਣੇ ਮੇਜ਼-ਕੁਰਸੀਆਂ ਇੱਕ ਲਾਈਨ ਵਿਚ ਲਾਏ ਹੋਏ ਸਨ ਅਤੇ ਉਨ੍ਹਾਂ ਦੇ ਬੱਕਰੇ ਆਪਣੇ ਬਿਆਨ 'ਮਿਆਂਕ' ਰਹੇ ਸਨ। ਬਿਆਨ, ਅਫ਼ਸਰਾਂ ਦੀ ਮਰਜ਼ੀ ਅਨੁਸਾਰ ਦੇਣ ਲਈ ਭਾਵੇਂ 'ਦੋਸ਼ੀਆਂ' ਦੀ 'ਸੋਧ-ਸੁਧਾਈ' ਪਹਿਲਾਂ ਹੀ ਹੋ ਚੁੱਕੀ ਹੁੰਦੀ ਸੀ ਅਤੇ ਉਨ੍ਹਾਂ ਨੂੰ 'ਤੋਤਾ' ਬਣਾ ਕੇ ਹੀ ਇੱਥੇ ਲਿਆਂਦਾ ਜਾਂਦਾ ਸੀ, ਫ਼ਿਰ ਵੀ ਲੋੜ ਅਨੁਸਾਰ ਇੱਥੇ ਵੀ 'ਪੁਲਿਸੀ ਪਿਆਰ ਮੁਹੱਬਤ' ਦਾ ਪ੍ਰਗਟਾਵਾ ਹੋ ਹੀ ਜਾਂਦਾ ਸੀ।*




ਸ੍ਰੀ ਲੰਕਾ ਦਾ ਚੀਤਾ
ਪ੍ਰਭਾਕਰਨ-4

# ਲਿੱਟੇ ਤੇ ਰਾਜੀਵ ਗਾਂਧੀ

*ਸ੍ਰੀ ਲੰਕਾ ਵਿਚ ਤਾਮਿਲਾਂ ਅਤੇ ਸਿੰਘਲੀਆਂ (ਆਮ ਪ੍ਰਚਲਿਤ ਸ਼ਬਦ ਸਿਨਹਾਲੀ) ਵਿਚਕਾਰ ਤਣਾਉ ਵਿਚੋਂ ਜਿਹੜੀ ਸਿਆਸਤ 20ਵੀਂ ਸਦੀ ਦੀ ਅਖੀਰਲੀ ਚੌਥਾਈ ਦੌਰਾਨ ਸਾਹਮਣੇ ਆਈ, ਉਸ ਦਾ ਸਿਖਰ ਸੀ 'ਲਿੱਟੇ' (LTTE- ਲਿਬਰੇਸ਼ਨ ਟਾਈਗਰਜ਼ ਆਫ ਤਾਮਿਲ ਈਲਮ)। ਇਸ ਜਥੇਬੰਦੀ ਨੇ ਵੇਲੂਪਿੱਲੇ ਪ੍ਰਭਾਕਰਨ ਦੀ ਅਗਵਾਈ ਹੇਠ ਗੁਰੀਲਾ ਜੰਗ ਦਾ ਨਿਵੇਕਲਾ ਰੰਗ ਤਾਂ ਦਿਖਾਇਆ ਹੀ, ਸ੍ਰੀ ਲੰਕਾ ਦੇ ਤਾਮਿਲਾਂ ਦਾ ਮਸਲਾ ਸੰਸਾਰ ਪੱਧਰ ਉਤੇ ਲੈ ਆਂਦਾ। ਸੰਸਾਰ ਅੰਦਰ ਜੂਝ ਰਹੀਆਂ ਹੋਰ ਕੌਮੀਅਤਾਂ ਵਾਂਗ ਸ੍ਰੀ ਲੰਕਾ ਦੇ ਤਾਮਿਲਾਂ ਦੀ ਕਹਾਣੀ ਪੜ੍ਹਨ-ਸੁਣਨ ਵਾਲੀ ਹੈ। ਉਘੇ ਬਿਊਰੋਕਰੈਟ ਐਮ.ਆਰ. ਨਰਾਇਣ ਸਵਾਮੀ ਨੇ ਇਸ ਬਾਬਤ ਡੂੰਘੀ ਖੋਜ ਪਿਛੋਂ ਕਿਤਾਬ ਲਿਖੀ ਹੈ-'ਇਨਸਾਈਡ ਐਨ ਇਲੂਸਿਵ ਮਾਈਂਡ: ਪ੍ਰਭਾਕਰਨ'। ਨਰਾਇਣ ਸਵਾਮੀ ਨੇ ਪ੍ਰਭਾਕਰਨ ਦੇ ਬਹਾਨੇ ਤਾਮਿਲ ਮਸਲੇ ਦੀ ਕਈ ਤਹਿਆਂ ਫਰੋਲੀਆਂ ਹਨ। ਪ੍ਰੋ. ਹਰਪਾਲ ਸਿੰਘ ਪੰਨੂ ਨੇ ਇਸ ਕਿਤਾਬ ਦੇ ਚੌਖਟੇ ਅੰਦਰ ਰਹਿੰਦਿਆਂ ਪ੍ਰਭਾਕਰਨ ਅਤੇ ਲਿੱਟੇ ਬਾਰੇ ਲੰਮਾ ਲੇਖ ਲਿਖਿਆ ਹੈ। ਇਸ ਲੇਖ ਵਿਚ ਉਨ੍ਹਾਂ ਤਾਮਿਲਾਂ ਦੀ ਸਿਆਸਤ ਅਤੇ ਸੰਸਾਰ ਸਿਆਸਤ ਵਿਚ ਇਨ੍ਹਾਂ ਦੀ ਹੋਣੀ ਬਾਰੇ ਕੁਝ ਗੱਲਾਂ ਸਪਸ਼ਟ ਰੂਪ ਵਿਚ ਉਭਾਰਨ ਦਾ ਯਤਨ ਕੀਤਾ ਹੈ। ਪਿਛਲੀਆਂ ਕਿਸ਼ਤਾਂ ਵਿਚ ਤਾਮਿਲ ਸਿਆਸਤ ਦੇ ਪਿਛੋਕੜ, ਪ੍ਰਭਾਕਰਨ ਦੇ ਘਰ ਤੋਂ ਜੰਗਲ ਵੱਲ ਸਫਰ ਅਤੇ ਭਾਰਤ ਦੀ ਪਹੁੰਚ ਬਾਰੇ ਕੁਝ ਖੁਲਾਸਾ ਕੀਤਾ ਗਿਆ ਸੀ। ਐਤਕੀਂ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਰਾਜੀਵ ਗਾਂਧੀ ਬਾਰੇ ਚਰਚਾ ਕੀਤੀ ਗਈ ਹੈ। -ਸੰਪਾਦਕ*

31 ਅਕਤੂਬਰ 1984 ਨੂੰ ਖਬਰ ਮਿਲੀ ਕਿ ਇੰਦਰਾ ਗਾਂਧੀ ਦੀ ਹੱਤਿਆ ਉਸ ਦੇ ਅੰਗ ਰਖਿਅਕਾਂ ਨੇ ਕਰ ਦਿੱਤੀ। ਤਮਿਲ ਉਦਾਸ ਹੋਏ। ਇੰਨਾ ਦੁੱਖ ਮਹਾਤਮਾ ਗਾਂਧੀ ਦੀ ਹੱਤਿਆ ਦਾ ਨਹੀਂ ਹੋਇਆ ਸੀ ਜਿੰਨਾ ਇੰਦਰਾ ਦਾ। ਸਿੰਘਲੀ ਇੰਨੇ ਖੁਸ਼ ਕਿ ਸੜਕਾਂ ਉਪਰ ਆ ਕੇ ਨੱਚਣ ਲੱਗੇ। ਉਨ੍ਹਾਂ ਦੀ ਖੁਸ਼ੀ ਦੇਰ ਤਕ ਨਾ ਰਹੀ, ਕਿਉਂਕਿ ਖਾੜਕੂ ਗਰੋਹਾਂ ਨੇ ਵੱਖ-ਵੱਖ ਥਾਂਵਾਂ 'ਤੇ ਹੱਲੇ ਕਰ ਕੇ ਫੌਜੀ ਮਾਰੇ ਅਤੇ ਅਸਲਾ ਖੋਹਿਆ। ਖਾੜਕੂਆਂ ਕੋਲ ਜਹਾਜ਼ਾਂ ਰਾਹੀਂ ਅਸਲਾ ਵੀ ਆਇਆ, ਵਾਇਰਲੈਸ ਸੈੱਟ ਵੀ। ਜੰਗ ਪ੍ਰਚੰਡ ਹੋਇਆ, ਪ੍ਰਭਾਕਰਨ ਦੀ ਸ਼ਾਦੀ ਦਾ ਵਿਵਾਦ ਠੰਢਾ ਪੈ ਗਿਆ। ਉਤਰੀ ਕਮਾਂਡ ਦਾ ਚੀਫ, ਉਡਾਏ ਗਏ ਪੁਲ ਦਾ ਜਾਇਜ਼ਾ ਲੈਣ ਨਵੰਬਰ ਵਿਚ ਗਿਆ, ਬਾਰੂਦੀ ਸੁਰੰਗ ਨਾਲ ਟੁਕੜੇ-ਟੁਕੜੇ ਹੋ ਗਿਆ। ਦੋ



**ਹਰਪਾਲ ਸਿੰਘ ਪੰਨੂ**
ਫੋਨ: +91-94642-51454

ਦਰਜਨ ਫੌਜੀ ਕਤਲ ਕੀਤੇ। ਦਸੰਬਰ ਵਿਚ ਫਿਰ ਭਾਰੀ ਖੂਨ ਖਰਾਬਾ ਹੋਇਆ।

ਹੁਣ ਖਾੜਕੂ ਪਹਿਲ ਕਰਨ ਲੱਗੇ। ਦੁਕਾਨਦਾਰ ਚੈੱਕ ਲੈਣ ਤੋਂ ਇਨਕਾਰ ਕਰਨ ਲੱਗੇ, ਕਿਉਂਕਿ ਬੈਂਕਾਂ ਕੋਲ ਕੈਸ਼ ਨਹੀਂ ਰਿਹਾ ਸੀ। ਸਰਕਾਰ ਨੇ ਕਿਸ਼ਤੀਆਂ ਰੋਕ ਦਿੱਤੀਆਂ ਜਿਨ੍ਹਾਂ ਰਾਹੀਂ ਹਥਿਆਰ ਆ ਰਹੇ ਸਨ, ਮਲਾਹਾਂ ਨੇ ਜਾਲ ਸਮੇਟ ਕੇ ਸੁੱਕਣੇ ਪਾ ਦਿੱਤੇ। ਸਿਪਾਹੀ ਸੜਕਾਂ ਉਤੋਂ ਗਾਇਬ ਹੋ ਗਏ, ਥਾਣਿਆਂ ਵਿਚ ਰੇਤੇ ਦੀਆਂ ਬੋਰੀਆਂ ਪਿੱਛੇ ਲੇਟੇ ਰਹਿੰਦੇ।

ਬਾਲਾਸਿੰਘਮ ਦਾ ਮਦਰਾਸ ਤੋਂ ਬਿਆਨ ਛਪਿਆ- ਸਰਕਾਰ ਹਥਿਆਰਾਂ ਨਾਲ ਅਮਨ ਕਾਇਮ ਕਰਨਾ ਚਾਹੁੰਦੀ ਹੈ ਨਾ, ਕਰ ਲਏ ਫਿਰ। ਗੋਲੀ ਬਦਲੇ ਗੋਲੀ, ਬੰਬ ਬਦਲੇ ਬੰਬ। ਹਨ੍ਹੇਰੇ ਵਿਚ ਦੇਖ ਸਕਣ ਵਾਲੀਆਂ ਐਨਕਾਂ ਖਾੜਕੂਆਂ ਕੋਲ ਵੀ ਸਨ, ਪਰ ਇਕ ਗੜਬੜ ਹੋ ਗਈ। ਰਾਜੀਵ ਗਾਂਧੀ ਨੇ ਭਾਰਤ ਸਰਕਾਰ ਦੀ ਕਮਾਨ ਸੰਭਾਲ ਲਈ। ਉਹ ਲੰਕਾ ਸਰਕਾਰ ਦਾ ਹਮਾਇਤੀ ਸੀ। ਲੰਕਾ ਦੀ ਫੌਜ ਨੂੰ ਸਪਲਾਈ ਕਰਨ ਵਾਸਤੇ ਮਦਰਾਸ ਤੋਂ ਹਥਿਆਰਾਂ ਨਾਲ ਭਰਿਆ ਜਹਾਜ਼ ਉਡਿਆ। ਖਾੜਕੂਆਂ ਦੀਆਂ ਕਿਸ਼ਤੀਆਂ ਤਾਮਿਲਨਾਡੂ ਦੀਆਂ ਬੰਦਰਗਾਹਾਂ ਤੋਂ ਫੜੀਆਂ ਜਾਣ ਲੱਗੀਆਂ। ਸਿੰਘਲ ਖੁਸ਼ ਹੋਏ, ਲੰਕਾ ਸਰਕਾਰ ਨੂੰ ਹੌਸਲਾ ਮਿਲਿਆ।

14 ਮਈ 1985 ਨੂੰ ਲਿਟੇ ਖਾੜਕੂਆਂ ਨੇ ਵੱਡੀ ਵਾਰਦਾਤ ਕੀਤੀ। ਫੌਜੀ ਵਰਦੀਆਂ ਪਹਿਨ ਕੇ ਉਹ ਅਨੁਰਾਧਾਪੁਰ ਬੋਧ ਮੰਦਰ ਗਏ। ਕਦੀ ਇਹ ਥਾਂ ਲੰਕਾ ਦੀ ਪ੍ਰਾਚੀਨ ਰਾਜਧਾਨੀ ਸੀ। ਇਥੇ ਹੀ ਉਹ ਬੋਧਰੁੱਖ ਹੈ ਜੋ ਭਾਰਤ ਤੋਂ ਗਿਆ ਸੀ। ਜਿਧਰ ਦਿਲ ਕੀਤਾ, ਮਨਚਾਹੀ ਫਾਇਰਿੰਗ ਹੋਈ। ਸਫੈਦ ਅਤੇ ਕੇਸਰੀ ਚੋਲਿਆਂ ਵਾਲੇ ਪੁਜਾਰੀ ਮਾਰੇ, ਸ਼ਰਧਾਲੂ ਆਮ ਲੋਕ ਮਾਰੇ, ਕੁੱਲ 146 ਮੌਤਾਂ। ਜਾਂਦਿਆਂ-ਜਾਂਦਿਆਂ ਥਾਣੇ ਉਪਰ ਹਮਲਾ ਕੀਤਾ। ਕਿਸੇ ਖਾੜਕੂ ਦੇ ਝਰੀਟ ਤੱਕ ਨਹੀਂ ਲੱਗੀ। ਇਕ ਸਾਲ ਪਹਿਲਾਂ ਲਿਟੇ ਨੇ 120 ਕਤਲ ਕੀਤੇ ਸਨ, ਪੇਂਡੂ ਸਿੰਘਲੀ। ਭਾਰਤ ਸਰਕਾਰ ਦਾ ਮਨ ਬਣ ਗਿਆ ਕਿ ਇਹ ਕਤਲੋਗਾਰਤ ਰੁਕਣੀ ਚਾਹੀਦੀ ਹੈ। ਇਹ ਹਾਲਾਤ ਦੇਖਦਿਆਂ ਪ੍ਰਭਾਕਰਨ ਨੇ 18 ਜੂਨ ਨੂੰ ਗੋਲੀਬੰਦੀ ਦਾ ਐਲਾਨ ਕਰ ਦਿੱਤਾ। ਉਸ ਨੇ ਸੋਚਿਆ, ਜੇ ਅਜਿਹਾ ਨਾ ਕੀਤਾ ਤਾਂ ਭਾਰਤ ਸਰਕਾਰ ਤਮਿਲ ਸਿਆਸੀ ਲੀਡਰਾਂ ਨਾਲ ਵਾਰਤਾ ਸ਼ੁਰੂ ਕਰ ਦਏਗੀ। ਕੀ ਪਤਾ, ਬਾਕੀ ਖਾੜਕੂ ਵੀ ਗੱਲਬਾਤ ਦੀ ਮੇਜ਼ 'ਤੇ ਆ ਜਾਣ।

ਭਾਰਤ ਸਰਕਾਰ ਨੇ ਫੈਸਲਾ ਕੀਤਾ ਕਿ ਭੂਟਾਨ ਦੀ ਰਾਜਧਾਨੀ ਥਿੰਪੂ ਵਿਚ ਗਲਬਾਤ ਹੋਏਗੀ। ਪ੍ਰਭਾਕਰਨ ਸੋਚੀਂ ਪੈ ਗਿਆ, ਉਸ ਨੂੰ ਨਾ ਸਿੰਘਲੀ ਸਰਕਾਰ 'ਤੇ ਭਰੋਸਾ ਸੀ, ਨਾ ਭਾਰਤ ਸਰਕਾਰ 'ਤੇ; ਪਰ 'ਰਾਅ' ਦੇ ਅਫਸਰਾਂ ਨੇ ਉਸ ਨੂੰ ਸਾਫ ਕਹਿ ਦਿੱਤਾ ਕਿ ਉਹ ਭਾਰਤੀ ਜ਼ਮੀਨ ਅਤੇ ਭਾਰਤੀ ਸਾਗਰ ਆਪਣੇ ਹਿਤਾਂ ਲਈ ਵਰਤਦਾ ਆ ਰਿਹਾ ਹੈ ਤਾਂ ਭਾਰਤ ਦੀ ਗੱਲ ਮੰਨਣੀ ਪਵੇਗੀ। ਜੇ ਨਹੀਂ ਮੰਨੇਗਾ, ਭਾਰਤ ਪਾਬੰਦੀਆਂ ਲਾ ਦਏਗਾ। ਭਾਰਤੀ ਅਫਸਰਾਂ ਦੀ ਗੱਲ ਚੁਪ-ਚਾਪ ਸੁਣਨ ਪਿਛੋਂ ਆਪਣੇ ਸਾਥੀ ਖਾੜਕੂਆਂ ਨੂੰ ਬਾਅਦ ਵਿਚ ਪ੍ਰਭਾਕਰਨ ਨੇ ਕਿਹਾ- ਸਾਨੂੰ ਯਰਗਮਾਲ ਸਮਝਣ ਵਾਲੇ ਭਾਰਤੀਆਂ ਨੂੰ ਤਾਰੇ ਦਿਖਾ ਦਿਆਂਗਾ, ਇਕ ਦਿਨ ਯਾਦ ਰੱਖਣਗੇ।

ਉਹ ਗੱਲਬਾਤ ਵਿਚ ਹਿੱਸਾ ਲੈਣ ਭੂਟਾਨ ਨਹੀਂ ਗਿਆ, ਆਪਣਾ ਜੂਨੀਅਰ ਸੰਗੀ ਭੇਜ ਦਿੱਤਾ। ਰਾਜੀਵ ਗਾਂਧੀ ਦੇ ਵਿਦੇਸ਼ ਸਕੱਤਰ ਰਮੇਸ਼ ਭੰਡਾਰੀ ਨੂੰ ਕਿਹਾ- ਸਾਨੂੰ ਲੰਕਾ ਸਰਕਾਰ 'ਤੇ ਇਤਬਾਰ ਨਹੀਂ, ਪਰ ਅੰਮਾ (ਇੰਦਰਾ ਗਾਂਧੀ) ਨੇ ਸਾਡੇ ਲਈ ਬੜਾ ਕੁਝ ਕੀਤਾ, ਗੱਲਬਾਤ ਵਿਚ ਹਿੱਸਾ ਲਵਾਂਗੇ। ਰਾਸ਼ਟਰਪਤੀ ਜੈਵਰਧਨੇ ਦਾ ਭਰਾ ਹੈਕਟਰ ਮੀਟਿੰਗ ਵਿਚ ਸ਼ਾਮਲ ਹੋਣ ਆਇਆ। ਰਾਜੀਵ ਗਾਂਧੀ ਦਾ ਕਜ਼ਨ ਅਰੁਣ ਨਹਿਰੂ, ਗ੍ਰਹਿ ਵਿਭਾਗ ਦਾ ਸਟੇਟ ਮਿਨਿਸਟਰ ਇਸ ਗੱਲਬਾਤ ਦਾ ਸੂਤਰਧਾਰ ਸੀ। ਭੂਟਾਨ ਵਿਚ ਮੀਟਿੰਗ ਚੱਲ ਰਹੀ ਸੀ ਕਿ 17 ਅਗਸਤ ਨੂੰ ਖਬਰ ਮਿਲੀ, ਸਿੰਘਲੀ ਫੌਜੀਆਂ ਅਤੇ ਗੁੰਡਿਆਂ ਨੇ ਰਲ-ਮਿਲ ਕੇ ਲੰਕਾ ਦੇ ਤਮਿਲ ਕਤਲ ਕਰ ਦਿੱਤੇ ਹਨ। ਸਾਰੇ ਖਾੜਕੂ ਧੜਿਆਂ ਦੇ ਲੀਡਰ ਉਠੇ ਤੇ ਬਾਹਰ ਚੱਲ ਪਏ। ਲੰਕਾ ਦੇ ਅਫਸਰ ਕਹਿੰਦੇ ਰਹੇ- ਇਕ ਮਿੰਟ ਰੁਕੋ ਤਾਂ ਸਹੀ; ਭਾਰਤੀ ਅਫਸਰਾਂ ਨੇ ਵੀ ਰੁਕਣ ਲਈ ਕਿਹਾ, ਪਰ ਸਭ ਮਸਲਾ ਖਤਮ। ਪ੍ਰਭਾਕਰਨ ਨੇ ਆਪਣੇ ਨੁਮਾਇੰਦੇ ਨੂੰ ਕਿਹਾ- ਮਦਰਾਸ ਆ ਜਾ, ਲੰਕਾ ਨਾ ਜਾਈਂ। ਪ੍ਰਭਾਕਰਨ ਨੇ ਅਖਬਾਰਾਂ ਨੂੰ ਕਿਹਾ- ਇਕ ਪਾਸੇ ਸਰਕਾਰ ਟੀ.ਵੀ. ਉਪਰ ਸਾਡੇ ਨਾਲ ਮੀਟਿੰਗ ਹੁੰਦੀ ਦਿਖਾ ਰਹੀ ਹੈ, ਦੂਜੇ ਪਾਸੇ ਤਮਿਲਾਂ ਨੂੰ ਫੌਜ ਤੋਂ ਮਰਵਾ ਰਹੀ ਹੈ। ਹੈ ਨਾ ਸਾਨੂੰ ਖਾੜਕੂਆਂ ਨੂੰ ਤਮਿਲਾਂ ਦੀ ਨਜ਼ਰ ਵਿਚ ਬਦਨਾਮ ਕਰਨ ਦੀ ਵਿਉਂਤ? ਸਾਡੇ ਵਲੋਂ ਵੀ ਗੋਲੀਬੰਦੀ ਦਾ ਫੈਸਲਾ ਵਾਪਸ। ਬਦਲਾ ਲਵਾਂਗੇ।

ਦਿੱਲੀ ਸਰਕਾਰ ਨੇ ਫੈਸਲਾ ਕੀਤਾ ਕਿ ਲੰਕਾ ਦੇ ਤਮਿਲਾਂ ਨੂੰ ਦਬਾਉਣ ਵਾਸਤੇ ਉਥੇ ਸਰਕਾਰ ਦੀ ਮਦਦ ਕਰਾਂਗੇ। ਤਮਿਲਨਾਡੂ ਦੇ ਤਮਿਲ ਸੜਕਾਂ ਉਪਰ ਉਤਰ ਆਏ, ਜਲੂਸ ਨਿਕਲਣ ਲੱਗੇ। ਇਕ-ਇਕ ਕਰ ਕੇ ਸਾਰੇ ਖਾੜਕੂ ਨੇਤਾ ਭਾਰਤ ਤੋਂ ਬਾਹਰ ਖਿਸਕਣ ਲੱਗੇ। ਬਾਲਾਸਿੰਘਮ ਪਤਨੀ ਸਮੇਤ ਲੰਡਨ ਚਲਾ ਗਿਆ। ਪ੍ਰਭਾਕਰਨ ਭਾਰਤ ਵਿਚ ਹੀ ਰੂਪੋਸ਼ ਹੋ ਗਿਆ। ਭਾਰਤ ਨੇ ਧੋਖਾ ਕੀਤਾ। ਬਾਲਾਸਿੰਘਮ ਦੇ ਭਾਰਤ ਦਾਖਲ ਹੋਣ 'ਤੇ ਪਾਬੰਦੀ ਲਾ ਦਿੱਤੀ। ਪ੍ਰਭਾਕਰਨ ਨੇ ਕਿਹਾ- ਬਾਲਾ ਵਿਰੁੱਧ ਪਾਬੰਦੀ ਨਾ ਚੁਕੀ ਤਾਂ ਮੇਰਾ ਭਾਰਤ ਨਾਲ ਕੋਈ ਵਾਹ-ਵਾਸਤਾ ਨਹੀਂ। ਅਖਬਾਰ ਨੂੰ ਕਿਹਾ- ਮੇਰਾ ਗੱਲਬਾਤ ਵਿਚ ਪਹਿਲੋਂ ਹੀ ਭਰੋਸਾ ਨਹੀਂ ਸੀ। ਆਜ਼ਾਦ ਹੋਣ ਵਾਸਤੇ ਲੜਾਈ ਦਾ ਭਾਰ ਮੈਂ ਅਗਲੀ ਪੀੜ੍ਹੀ ਉਤੇ ਪਾਉਣਾ ਤਾਂ ਨਹੀਂ ਸੀ ਚਾਹੁੰਦਾ, ਪਰ



*ਸ੍ਰੀ ਲੰਕਾ ਵਿਚ ਇਕ ਸਿੰਘਲੀ ਸੈਨਿਕ ਵੱਲੋਂ ਰਾਜੀਵ ਗਾਂਧੀ ਉਤੇ ਕੀਤੇ ਹਮਲੇ ਦੀ ਤਸਵੀਰ। ਇਸ ਹਮਲੇ ਵਿਚ ਉਹ ਵਾਲ-ਵਾਲ ਬਚ ਗਏ।*

ਜੇ ਅਸੀਂ ਕਾਮਯਾਬ ਨਾ ਹੋਏ, ਅਗਲੀ ਪੀੜ੍ਹੀ ਯੁੱਧ ਲੜੇਗੀ। ਅਖਬਾਰਨਵੀਸ ਨੇ ਪੁੱਛਿਆ- ਜੇ ਭਾਰਤ ਨੇ ਮਦਦ ਦੇਣੀ ਬੰਦ ਕਰ ਦਿੱਤੀ? ਉਸ ਨੇ ਕਿਹਾ- ਅਸੀਂ ਭਾਰਤੀ ਸ਼ਹਿ 'ਤੇ ਹਥਿਆਰ ਥੋੜ੍ਹਾ ਚੁੱਕੇ ਨੇ, ਮਰਜ਼ੀ ਨਾਲ ਚੁੱਕੇ। ਭਾਰਤੀ ਮਦਦ ਨਾਲ ਸਾਨੂੰ ਹੌਸਲਾ ਜ਼ਰੂਰ ਮਿਲਦਾ ਸੀ। ਲੜਾਈ ਤਾਂ ਆਪਣੀ ਅਸੀਂ ਆਪ ਲੜਾਂਗੇ।

ਪ੍ਰਭਾਕਰਨ ਦੇ ਘਰ ਪਹਿਲਾਂ ਬੇਟਾ, ਫਿਰ ਧੀ ਦਾ ਜਨਮ ਹੋਇਆ। ਦੋਹਾਂ ਦੇ ਨਾਮ ਸ਼ਹੀਦ ਖਾੜਕੂਆਂ ਵਾਲੇ ਰੱਖੇ ਗਏ। ਜਾਫਨਾ ਵਿਚ ਉਸ ਦਾ ਸਿੱਕਾ ਚਲਦਾ ਸੀ, ਵਪਾਰੀਆਂ ਤੋਂ ਟੈਕਸ ਉਗਰਾਹੁੰਦਾ। ਅਕਤੂਬਰ 1986 ਵਿਚ ਮਿਲਟਰੀ ਨੇ ਉਸ ਦਾ ਕਮਾਂਡਰ ਵਿਕਟਰ ਮਾਰ ਦਿੱਤਾ, ਜਨਾਜ਼ੇ ਵਿਚ ਵੀਹ ਹਜ਼ਾਰ ਲੋਕ ਸ਼ਾਮਲ ਹੋਏ।

ਪ੍ਰਭਾਕਰਨ ਨੇ ਭਾਰਤ ਤੋਂ ਹਥਿਆਰ ਮੰਗੇ, ਸਰਕਾਰ ਨੇ ਕਿਹਾ- ਹਥਿਆਰ ਦੇ ਦਿਆਂਗੇ, ਇਸ ਸ਼ਰਤ 'ਤੇ ਕਿ ਭਾਰਤੀ ਸੈਨਾ ਦੇ ਦੋ ਅਫਸਰ ਖਾੜਕੂਆਂ ਵਿਚ ਰਹਿ ਕੇ ਲਿਟੇ ਦਾ ਕੰਮਕਾਜ ਦੇਖਣਗੇ। ਪ੍ਰਭਾਕਰਨ ਚਾਹੁੰਦਾ ਨਹੀਂ ਸੀ, ਪਰ ਕੌੜਾ ਘੁੱਟ ਭਰ ਕੇ ਹਾਂ ਕਰ ਦਿੱਤੀ। ਰੇਡੀਓ ਸਟੇਸ਼ਨ ਤੋਂ ਬਾਅਦ ਪ੍ਰਭਾਕਰਨ ਨੇ ਆਪਣਾ ਟੀ.ਵੀ. ਸਟੇਸ਼ਨ ਵੀ ਚਲਾ ਦਿੱਤਾ, ਸਟੰਟ ਫਿਲਮਾਂ ਦਿਖਾਈਆਂ ਜਾਂਦੀਆਂ, ਪ੍ਰਭਾਕਰਨ ਦੇ ਭਾਸ਼ਣ ਨਸ਼ਰ ਹੁੰਦੇ। ਥਾਂ-ਥਾਂ ਖਾੜਕੂ ਅਦਾਲਤਾਂ ਚਾਲੂ ਕੀਤੀਆਂ, ਕੰਧਾਂ 'ਤੇ ਡੱਬੇ ਲਟਕਾਏ ਹੁੰਦੇ; ਆਪਣੀਆਂ ਤਕਲੀਫਾਂ, ਆਪਣੇ ਸੁਝਾਅ ਲਿਖ ਕੇ ਇਨ੍ਹਾਂ ਵਿਚ ਪਾਉ। ਬਾਕੀ ਨਿਕੇ-ਮੋਟੇ ਖਾੜਕੂ ਗਰੁੱਪ ਖਤਮ ਹੋ ਗਏ, ਹਥਿਆਰ ਅਤੇ ਪੈਸਾ ਵਧੀਕ ਆਉਣ ਲੱਗਾ। ਭਰਤੀ ਵਧਣ ਲੱਗੀ।

ਸਤੰਬਰ 1986 ਵਿਚ 'ਦਿ ਹਿੰਦੂ' ਅਖਬਾਰ ਨੇ ਲੰਮੀ ਇੰਟਰਵਿਊ ਛਾਪੀ; ਇਕ ਸਵਾਲ ਸੀ- ਤੁਸੀਂ ਵਾਕਈ ਆਜ਼ਾਦ ਤਮਿਲ ਦੇਸ ਲੈ ਕੇ ਸੰਤੁਸ਼ਟ ਹੋਵੋਗੇ ਕਿ ਸਿਆਸਤਦਾਨ ਜਿਵੇਂ ਕਰਦੇ ਨੇ, ਮੰਗ ਵੱਡੀ, ਸੌਦੇਬਾਜ਼ੀ ਉਸ ਤੋਂ ਹੇਠਾਂ ਮੁਕਾ ਲਈ, ਇੰਜ ਕਰੋਗੇ? ਪ੍ਰਭਾਕਰਨ- ਤੁਸੀਂ ਤਮਿਲ ਸਿਆਸੀ ਪਾਰਟੀਆਂ ਦਾ ਨਹੀਂ, ਸਾਡਾ ਵਿਹਾਰ ਦੇਖੋ। ਤੀਹ ਸਾਲ ਦੇ ਹਥਿਆਰਬੰਦ ਯੁੱਧ ਤੋਂ ਅਸੀਂ ਕਦੀ ਇਧਰ ਉਧਰ ਹੋਏ? ਧੱਕੇ ਨਾਲ ਭਾਰਤ ਸਾਨੂੰ ਗੱਲਬਾਤ ਲਈ ਮਜਬੂਰ ਕਰਦਾ ਹੈ। ਸਾਨੂੰ ਪਤੈ, ਸਿੰਘਲੀ ਸਰਕਾਰ ਨੇ ਵਿਚਾਰ-ਵਟਾਂਦਰੇ ਨਾਲ ਕੱਖ ਨਹੀਂ ਦੇਣਾ। ਸਾਡਾ ਸਟੈਂਡ ਸਾਫ ਹੈ- ਸੁਤੰਤਰ ਤਮਿਲ ਦੇਸ ਜਿਸ ਦਾ ਕੋਈ ਬਦਲ ਨਹੀਂ।

ਅਕਤੂਬਰ ਦੇ ਅਖੀਰਲੇ ਦਿਨੀਂ ਭਾਰਤ ਨੇ ਜਦੋਂ ਕਿਹਾ ਕਿ ਲੰਕਾ ਨਾਲ ਵਾਰਤਾ ਮੁੜ ਸ਼ੁਰੂ ਹੋਵੇਗੀ ਤਾਂ ਪ੍ਰਭਾਕਰਨ ਨੇ ਸਾਫ ਕਿਹਾ- ਜਨਵਰੀ 1987 ਵਿਚ ਅਸੀਂ ਤਮਿਲ ਬਹੁ-ਗਿਣਤੀ ਇਲਾਕੇ ਦੇ ਸਿਵਲ ਪ੍ਰਸ਼ਾਸਨ ਦਾ ਪ੍ਰਬੰਧ ਸੰਭਾਲ ਕੇ ਫਿਰ ਆਪਣੀ ਕਰੰਸੀ ਛਾਪ ਕੇ ਜਾਰੀ ਕਰਾਂਗੇ। ਲੰਕਾ ਨੇ ਭਾਰਤ ਅੱਗੇ ਰੋਸ ਜ਼ਾਹਿਰ ਕੀਤਾ ਕਿ ਇਹ ਖਾੜਕੂ ਭਾਰਤ ਨੇ ਸਿਰ ਚੜ੍ਹਾ ਰੱਖੇ ਹਨ। ਪਹਿਲੀ ਨਵੰਬਰ ਨੂੰ ਮਦਰਾਸ ਦੇ ਬਾਜ਼ਾਰ ਵਿਚ ਕਿਸੇ ਭਾਰਤੀ ਨਾਲ ਲੰਕਾ ਦੇ ਖਾੜਕੂ ਦਾ ਤਕਰਾਰ ਹੋ ਗਿਆ। ਗੋਲੀ ਚੱਲੀ, ਭਾਰਤੀ ਮਾਰਿਆ ਗਿਆ। ਭਾਰਤੀ ਤਮਿਲਾਂ ਵਿਚ ਰੋਸ ਫੈਲਿਆ, ਲਿਟੇ ਦੇ ਬੰਦਿਆਂ ਉਪਰ ਗੁੰਡਾਗਰਦੀ, ਨਸ਼ਾ ਤਸਕਰੀ ਦੇ ਦੋਸ਼ ਲੱਗੇ।

ਮੁੱਖ ਮੰਤਰੀ ਐਮ.ਜੀ.ਆਰ. ਨੇ ਸਾਰੇ ਖਾੜਕੂ ਲੀਡਰਾਂ ਦੀ ਮੀਟਿੰਗ ਸੱਦ ਲਈ। ਮੁੱਖ ਮੰਤਰੀ ਅਤੇ ਉਸ ਦਾ ਪੁਲਿਸ ਚੀਫ ਗੁੱਸੇ ਵਿਚ ਸਨ। ਸੀ.ਐਮ. ਨੇ ਕਿਹਾ- ਅਸੀਂ ਤੁਹਾਡੀ ਮਹਿਮਾਨਨਿਵਾਜ਼ੀ ਕੀਤੀ, ਤੁਸੀਂ ਸਾਡੇ ਉਪਰ ਬੰਦੂਕ ਤਾਣੀ, ਇਹ ਸਿਲਾ ਮਿਲਿਆ? ਹੁਣ ਨ੍ਹੀਂ ਮੈਂ ਤੁਹਾਨੂੰ ਭਾਰਤੀ ਧਰਤੀ 'ਤੇ ਰਹਿਣ ਦੇਣਾ, ਖੇਡ ਖਤਮ। ਭਿੰਨ-ਭਿੰਨ ਗੁੱਟਾਂ ਦੇ ਖਾੜਕੂ ਸੁੰਨ ਹੋ ਗਏ। ਪ੍ਰਭਾਕਰਨ ਨੇ ਸੰਤੁਲਨ ਕਾਇਮ ਰੱਖਦਿਆਂ ਕਿਹਾ- ਅਸੀਂ ਤੁਹਾਡੀ ਮਦਦ ਦੇ ਕਦਰਦਾਨ ਹਾਂ। ਕਿਸੇ ਇਕ-ਅੱਧ ਪਾਗਲ ਤੋਂ ਗੋਲੀ ਚੱਲ ਗਈ, ਸ਼ਰਮਿੰਦਾ ਹਾਂ, ਪਰ ਇਸ ਦੀ ਸਜ਼ਾ ਸਭ ਨੂੰ ਦੇਣੀ ਵਾਜਬ ਹੋਏਗੀ?

8 ਨਵੰਬਰ 1987 ਨੂੰ ਅੰਮ੍ਰਿਤ ਵੇਲੇ ਤਮਿਲਨਾਡੂ ਪੁਲਿਸ ਨੇ ਸਾਰੇ ਖਾੜਕੂ ਨੇਤਾ ਗ੍ਰਿਫਤਾਰ ਕਰ ਲਏ, ਸਮੇਤ ਪ੍ਰਭਾਕਰਨ ਦੇ। ਉਸ ਨੂੰ ਥਾਣੇ ਲਿਜਾਇਆ ਗਿਆ, ਫਿੰਗਰ ਪ੍ਰਿੰਟ ਲਏ ਗਏ, ਟਿਕਾਣਿਆਂ ਬਾਰੇ ਸਵਾਲ ਪੁਛੇ, ਕਿਸ-ਕਿਸ ਭਾਰਤੀ ਲੀਡਰ ਨਾਲ ਵਾਕਫੀ ਹੈ ਆਦਿਕ। ਸਾਰਿਆਂ ਨੂੰ ਲੱਗਾ, ਭਾਰੀ ਹੱਤਕ ਹੋਈ ਹੈ। ਕੁਝ ਦਿਨਾਂ ਬਾਅਦ ਸਾਰੇ ਛੱਡ ਦਿੱਤੇ, ਪਰ ਪ੍ਰਭਾਕਰਨ ਅਤੇ ਬਾਲਾਸਿੰਘਮ ਨੂੰ ਘਰੇ ਨਜ਼ਰਬੰਦ ਰੱਖਿਆ। ਲੰਕਾ ਸਰਕਾਰ ਬਾਗੋ-ਬਾਗ ਹੋਈ ਜਦੋਂ ਐਲਾਨ ਹੋਇਆ ਕਿ ਖਤਰਨਾਕ ਹਥਿਆਰਾਂ ਦੇ ਜ਼ਖੀਰੇ ਫੜ ਲਏ ਹਨ। ਪ੍ਰਭਾਕਰਨ ਦਾ ਬਿਆਨ ਆਇਆ- ਭਾਰਤ ਨੇ ਧੋਖਾ ਕੀਤਾ, ਸਾਡੀ ਹੱਤਕ ਹੋਈ ਹੈ। ਇਥੇ ਰਹਿ ਕੇ ਬੇਇਜ਼ਤ ਹੋਣ ਨਾਲੋਂ ਤਾਂ ਬਿਹਤਰ ਹੈ, ਆਪਣੇ ਦੇਸ ਲੰਕਾ ਵਿਚ ਜਾ ਕੇ ਯੁੱਧ ਲੜਦਾ ਹੋਇਆ ਸ਼ਹੀਦ ਹੋਵਾਂ।

ਪ੍ਰਭਾਕਰਨ ਨੂੰ ਐਮ.ਜੀ.ਆਰ. ਦਾ ਸੁਨੇਹਾ ਆਇਆ- ਬੰਗਲੌਰ ਵਿਚ ਲੰਕਾ ਰਾਸ਼ਟਰਪਤੀ ਜੈਵਰਧਨੇ ਨਾਲ ਮੀਟਿੰਗ ਕਰਾਵਾਂ? ਇਸ ਸੁਨੇਹੇ ਦਾ ਮਤਲਬ ਸੀ ਕਿ ਪ੍ਰਭਾਕਰਨ ਇਕੋ-ਇਕ ਤਮਿਲ ਨੇਤਾ ਸੀ ਜਿਸ ਨਾਲ ਬੈਠ ਕੇ ਕੋਈ ਫੈਸਲਾ ਹੋ ਸਕੇ, ਸਿਆਸੀ ਲੀਡਰ ਅੰਮ੍ਰਿਤ ਲਿੰਗਮ ਪਿੱਛੇ ਰਹਿ ਗਿਆ। ਜੈਵਰਧਨੇ ਨਾਲ ਮਿਲਣ ਤੋਂ ਪਹਿਲਾਂ ਪ੍ਰਭਾਕਰਨ ਐਮ.ਜੀ.ਆਰ. ਨੂੰ ਮਿਲਿਆ, ਸਲਾਹ ਮੰਗੀ। ਐਮ.ਜੀ.ਆਰ. ਨੇ ਕਿਹਾ- ਜੋ ਲੈ ਸਕਦੇ ਹੋ, ਲੈ ਲਉ। ਰੋਜ਼-ਰੋਜ਼ ਮੌਕੇ ਨ੍ਹੀਂ ਆਇਆ ਕਰਦੇ। ਪ੍ਰਭਾਕਰਨ ਖਾਮੋਸ਼ ਰਿਹਾ।


ਮੀਟਿੰਗ ਵਿਚ ਭਾਰਤੀ ਵਿਦੇਸ਼ ਮੰਤਰੀ ਨਟਵਰ ਸਿੰਘ ਮੌਜੂਦ ਸੀ। ਪ੍ਰਭਾਕਰਨ ਨੇ ਕਿਹਾ- ਸੁਤੰਤਰ ਤਮਿਲ ਦੇਸ ਤੋਂ ਘੱਟ ਕੁਝ ਨਹੀਂ। ਨਟਵਰ ਸਿੰਘ ਨੇ ਨਾਰਾਜ਼ਗੀ ਪ੍ਰਗਟਾਈ, ਕਿਹਾ- ਤੁਸੀਂ ਹਰ ਦਲੀਲ ਨੂੰ ਰੱਦ ਕਰ ਰਹੇ ਹੋ। ਪ੍ਰਭਾਕਰਨ ਨੇ ਕਿਹਾ- ਇੰਦਰਾ ਗਾਂਧੀ ਸਾਡੀ ਮਦਦਗਾਰ ਸੀ, ਉਸ ਨੇ ਜੋ ਵਾਅਦੇ ਕੀਤੇ, ਤੁਸੀਂ ਉਨ੍ਹਾਂ ਤੋਂ ਪਿੱਛੇ ਹਟ ਰਹੇ ਹੋ। ਮੈਨੂੰ ਸ਼ੱਕ ਹੋਣ ਲੱਗਾ ਹੈ ਤੁਹਾਡੇ ਇਰਾਦਿਆਂ 'ਤੇ। ਤੁਸੀਂ ਮੇਰੇ ਨਾਲ ਹੋ ਕਿ ਮੇਰੇ ਦੁਸ਼ਮਣਾਂ ਨਾਲ? ਗੱਲ ਸਾਫ ਕਰੋ।

ਜਦੋਂ ਬਗੈਰ ਕਿਸੇ ਨਤੀਜੇ ਦੇ ਪ੍ਰਭਾਕਰਨ ਮਦਰਾਸ ਵਾਪਸ ਪਰਤਿਆ, ਉਸ ਦਾ ਸ਼ਕਤੀਸ਼ਾਲੀ ਸੰਚਾਰ ਸਿਸਟਮ ਰੇਡੀਓ ਸੈੱਟ ਪੁਲਿਸ ਨੇ ਜ਼ਬਤ ਕਰ ਲਿਆ। ਇਸ ਨਾਲ ਉਸ ਦੇ ਖੰਭ ਕੁਤਰੇ ਗਏ। ਉਸ ਨੇ ਐਮ.ਜੀ.ਆਰ. ਨੂੰ ਕਿਹਾ- ਇਹ ਤੁਹਾਡੀ ਪੁਲਿਸ ਦਾ ਕੰਮ ਹੈ ਸੀ.ਐਮ. ਸਾਹਿਬ। ਹੁਣ ਮੇਰੀ ਜ਼ਿੰਦਗੀ ਵੀ ਸੁਰੱਖਿਅਤ ਨਹੀਂ।

ਉਸ ਨੇ ਕਿਹਾ - ਠੀਕ ਹੈ, ਮੈਂ ਲੰਕਾ ਚਲਾ ਜਾਂਦਾ ਹਾਂ, ਮੇਰਾ ਸੰਚਾਰ ਸਿਸਟਮ ਮੇਰੇ ਹਵਾਲੇ ਕਰੋ। ਉਸ ਦੀ ਗੱਲ ਗੌਲੀ ਨਾ ਗਈ, ਉਸ ਨੇ ਭੁੱਖ ਹੜਤਾਲ ਕਰ ਦਿੱਤੀ। ਪਾਣੀ ਵੀ ਨਹੀਂ ਪੀਏਗਾ। ਭੁੱਖ ਹੜਤਾਲ ਦੀ ਖਬਰ ਸੁਣ ਕੇ ਤਮਿਲਨਾਡੂ ਦੇ ਲੋਕ ਉਸ ਦੇ ਹੱਕ ਵਿਚ ਨਿਕਲ ਪਏ। ਪ੍ਰਾਂਤ ਦੇ ਸਾਰੇ ਸਥਾਨਕ ਲੀਡਰ ਪ੍ਰਭਾਕਰਨ ਦੀ ਹਮਾਇਤ ਵਿਚ ਆ ਗਏ। ਐਮ.ਜੀ.ਆਰ. ਕੇਂਦਰ ਸਰਕਾਰ

(ਬਾਕੀ ਅਗਲੇ ਸਫੇ 'ਤੇ)

*ਜਾਫਨਾ ਵਿਚ ਸਾਰਾ ਕਾਰੋਬਾਰ ਠੱਪ ਹੋਣ ਕਰ ਕੇ ਕਾਲ ਵਰਗੀ ਹਾਲਤ ਹੋ ਗਈ। ਭਾਰਤ ਸਰਕਾਰ ਨੇ ਕਿਸ਼ਤੀਆਂ ਰਾਹੀਂ ਰਾਹਤ ਭੇਜੀ, ਪਰ ਲੰਕਾ ਦੇ ਫੌਜੀਆਂ ਨੇ ਕਿਸ਼ਤੀਆਂ ਰੋਕ ਲਈਆਂ। ਅਗਲੇ ਦਿਨ ਭਾਰਤੀ ਹੈਲੀਕਾਪਟਰਾਂ ਨੇ 25 ਟਨ ਖਾਣ ਸਮੱਗਰੀ ਦੇ ਪੈਕਟ ਜਾਫਨਾ ਵਿਚ ਸੁੱਟੇ। ਭਾਰਤ ਨੇ ਧਮਕੀ ਦਿੱਤੀ- ਜੇ ਸਾਡੇ ਜਹਾਜ਼ਾਂ ਨੂੰ ਨੁਕਸਾਨ ਪੁੱਜਾ, ਅਸੀਂ ਹਮਲਾ ਕਰ ਦਿਆਂਗੇ। ਜੈਵਰਧਨੇ ਨੇ ਇਸ ਕਾਰਵਾਈ ਵਿਰੁੱਧ ਕਿਹਾ- ਭਾਰਤ ਦਾਦਾਗਿਰੀ ਕਰ ਰਿਹੈ। ਅਸੀਂ ਅਮਨ ਚਾਹੁੰਦੇ ਹਾਂ, ਇਹ ਕਿਸ ਤਰ੍ਹਾਂ ਦਾ ਅਮਨ ਹੈ ਜਿਹੜਾ ਭਾਰਤੀ ਹਵਾਈ ਸੈਨਾ ਦੇ ਜਹਾਜ਼ ਵਿਚ ਚੜ੍ਹ ਕੇ ਇਥੇ ਆ ਰਿਹਾ ਹੈ? ਜੂਨ ਵਿਚ ਸਮੁੰਦਰੀ ਜਹਾਜ਼ਾਂ ਰਾਹੀਂ ਜਾਫਨਾ ਵਿਚ ਰਾਹਤ ਸਮੱਗਰੀ ਪੁੱਜੀ, ਲੰਕਾ ਸਰਕਾਰ ਰੋਕ ਨਾ ਸਕੀ। ਪ੍ਰਭਾਕਰਨ ਨੇ ਭਾਰਤ ਨੂੰ ਖੁਸ਼ ਕਰਨ ਲਈ ਅਗਲੇ ਹੁਕਮਾਂ ਤੱਕ ਗੋਲੀਬੰਦੀ ਦਾ ਐਲਾਨ ਕਰ ਦਿੱਤਾ।*



ਜੈਵਰਧਨੇ

ਵਿਰੁੱਧ ਗੁੱਸਾ ਕੱਢਣ ਲੱਗਾ, ਕੇਂਦਰ ਐਮ.ਜੀ.ਆਰ. ਖਿਲਾਫ ਜ਼ਬਾਨ ਚਲਾਉਣ ਲੱਗਾ। ਭਾਰਤੀ ਤਮਿਲ ਭਾਰਤ ਸਰਕਾਰ ਖਿਲਾਫ ਅੱਗ ਉਗਲਣ ਲੱਗੇ। ਐਮ.ਜੀ.ਆਰ. ਨੇ ਬਾਲਾਸਿੰਘਮ ਨੂੰ ਬੁਲਾ ਕੇ ਕਿਹਾ- ਵਰਤ ਖੁੱਲ੍ਹਵਾਉ। ਬਾਲਾ ਨੇ ਕਿਹਾ- ਖੁੱਲ੍ਹ ਜਾਏਗਾ, ਸੰਚਾਰ ਸੈੱਟ ਦਿਵਾਉ। 24 ਘੰਟਿਆਂ ਅੰਦਰ ਹਾਲਤ ਇੰਨੀ ਗਰਮ ਹੋ ਗਈ ਕਿ ਮੁੱਖ ਮੰਤਰੀ ਨੇ ਪੁਲਿਸ ਨੂੰ ਹੁਕਮ ਦਿੱਤਾ- ਇਸ ਦਾ ਰੇਡੀਓ ਸਿਸਟਮ ਅਤੇ ਇਹਦੇ ਹਥਿਆਰ ਵਾਪਸ ਕਰੋ। ਪੁਲਿਸ ਨੇ ਸਭ ਕੁਝ ਵਾਪਸ ਭੇਜ ਦਿੱਤਾ, ਜਿਹੜੇ ਹਥਿਆਰ ਪ੍ਰਭਾਕਰਨ ਤੋਂ ਨਹੀਂ, ਹੋਰਾਂ ਤੋਂ ਫੜੇ ਸਨ, ਉਹ ਵੀ ਦੇ ਦਿੱਤੇ। ਇਕ ਭਾਰਤੀ ਤਮਿਲ ਨੇਤਾ ਤੋਂ ਜੂਸ ਦਾ ਗਲਾਸ ਲੈ ਕੇ ਵਰਤ ਖਤਮ ਤਾਂ ਕਰ ਦਿੱਤਾ, ਪਰ ਭਾਰਤੀਆਂ ਉਪਰੋਂ ਸਦਾ ਲਈ ਉਸ ਦਾ ਇਤਬਾਰ ਜਾਂਦਾ ਰਿਹਾ।

ਆਪਣੇ ਭਾਰਤੀ ਮੇਜ਼ਬਾਨ ਨੇਡੂਮਰਾਨ ਨਾਲ 2 ਜਨਵਰੀ 1987 ਨੂੰ ਉਸ ਨੇ ਚਾਰ ਘੰਟੇ ਲੰਮੀ ਗੱਲਬਾਤ ਕਰਦਿਆਂ ਕਿਹਾ- ਰਾਜੀਵ ਗਾਂਧੀ ਨਾਰਾਜ਼ ਹੈ; ਜੋ ਉਹ ਚਾਹੁੰਦਾ ਹੈ, ਮੈਨੂੰ ਮਨਜ਼ੂਰ ਨਹੀਂ। ਲਿਫਾਫੇਬਾਜ਼ੀ ਕਰਦੈ। ਮੈਂ ਨਹੀਂ ਮੰਨਿਆ, ਹੁਣ ਉਹ ਮੈਨੂੰ ਮਰਵਾਉਣਾ ਚਾਹੁੰਦੈ, ਸਾਡੇ ਹੀ ਕਿਸੇ ਖਾੜਕੂ ਗਰੁੱਪ ਤੋਂ ਕਤਲ ਕਰਾਉਣ ਦੀ ਵਿਉਂਤ ਹੈ। ਚਾਰ ਦਿਨਾਂ ਦੇ ਅੰਦਰ-ਅੰਦਰ ਮੈਂ ਭਾਰਤ ਛੱਡ ਦੇਣਾ ਹੈ, ਕੇਵਲ ਤੁਹਾਨੂੰ ਦੱਸਿਐ, ਕਿਸੇ ਨੂੰ ਪਤਾ ਨਾ ਲੱਗੇ।

ਅਗਲੇ ਦਿਨ ਨੇਡੂਮਰਾਨ ਫਿਰ ਪ੍ਰਭਾਕਰਨ ਦੇ ਕਮਰੇ ਵਿਚ ਗਿਆ ਜਿਥੇ ਉਹ ਆਪਣੇ ਲਿਟੇ ਸਹਿਯੋਗੀਆਂ ਨਾਲ ਰਲ-ਮਿਲ ਕੇ ਸਾਇਨਾਇਡ ਦੇ ਕੈਪਸੂਲ ਭਰ ਰਿਹਾ ਸੀ। ਚਾਰ ਜਨਵਰੀ ਨੂੰ ਹਥਿਆਰਬੰਦ ਗਾਰਡਾਂ ਸਣੇ ਉਹ ਜਾਫਨਾ ਵੱਲ ਚਲ ਪਿਆ। ਉਸ ਨੇ 1973 ਵਿਚ ਲੰਕਾ ਛੱਡਿਆ ਸੀ। 1987 ਵਿਚ ਭਾਰਤ ਛੱਡ ਦਿੱਤਾ। ਇਕ ਵਾਰ ਮੁੜ ਕੇ ਤਮਿਲਨਾਡੂ ਦਾ ਕਿਨਾਰਾ ਦੇਖਿਆ। ਆਪਣੇ ਸਾਥੀਆਂ ਨੂੰ ਹੌਲੀ ਦੇਣੀ ਕਿਹਾ- ਅਸੀਂ ਦਹਿਸ਼ਤਗਰਦ ਨਹੀਂ, ਆਜ਼ਾਦੀ ਸੰਗਰਾਮੀਏ ਹਾਂ।

17 ਅਪਰੈਲ 1987 ਨੂੰ ਗੁੱਡ ਫਰਾਈਡੇ ਦੇ ਦਿਨ ਲਿਟੇ ਨੇ ਵੱਡੀ ਖੂਨੀ ਵਾਰਦਾਤ ਕੀਤੀ। ਕੋਲੰਬੋ ਨੂੰ ਜਾਂਦੀ ਸੜਕ ਉਤੇ ਜਾ ਰਹੇ ਵਾਹਨ ਰੋਕ-ਰੋਕ ਸਿੰਘਲੀ ਮੁਸਾਫਰ ਉਤਾਰੇ ਅਤੇ ਗੋਲੀਆਂ ਨਾਲ ਭੁੰਨ ਦਿੱਤੇ। ਕੁੱਲ 126 ਮੌਤਾਂ ਵਿਚੋਂ 75 ਫੌਜੀਆਂ ਦੀਆਂ ਲਾਸ਼ਾਂ ਮਿਲੀਆਂ ਜਿਹੜੇ ਛੁੱਟੀ ਕੱਟਣ ਸਿਵਲ ਕੱਪੜਿਆਂ ਵਿਚ ਘਰ ਜਾ ਰਹੇ ਸਨ। ਤਿੰਨ ਦਿਨ ਬਾਅਦ ਘਰਾਂ ਵਿਚੋਂ ਬਾਹਰ ਧੂ ਕੇ 18 ਸਿੰਘਲੀ ਮਾਰੇ, ਫਿਰ ਕੋਲੰਬੋ ਬਸ ਅੱਡੇ ਉਪਰ ਭਿਆਨਕ ਬੰਬ ਧਮਾਕਾ; 100 ਮਰੇ, 300 ਜ਼ਖਮੀ ਹੋਏ। ਜੈਵਰਧਨੇ ਗੱਜਿਆ- ਭਾਰਤ ਸਾਨੂੰ ਗੱਲਬਾਤ ਵਾਸਤੇ ਕਹਿ ਰਿਹਾ ਹੈ, ਇਨ੍ਹਾਂ ਖੂਨੀਆਂ ਨਾਲ ਗੱਲ ਕਰਾਂ? ਉਸ ਨੇ ਜਾਫਨਾ ਦੇ ਪਿੰਡਾਂ 'ਤੇ ਹਵਾਈ ਹਮਲੇ ਕਰਵਾਏ। ਅਣਗਿਣਤ ਤਮਿਲ ਘਰ ਛੱਡ ਕੇ ਮੰਦਰਾਂ ਚਰਚਾਂ ਵਿਚ ਆ ਗਏ। ਪ੍ਰਭਾਕਰਨ ਦਾ ਪਿੰਡ ਬੰਦਰਗਾਹ ਲਾਗੇ ਸੀ, ਨੇਵੀ ਨੇ ਉਥੇ ਭਾਰੀ ਬੰਬਾਰੀ ਕੀਤੀ। ਭਾਰਤੀ ਨੀਤੀ ਨਾ ਖਾੜਕੂਆਂ ਨੂੰ ਪਸੰਦ, ਨਾ ਲੰਕਾ ਸਰਕਾਰ ਨੂੰ।

ਮਈ ਦਿਵਸ 'ਤੇ ਪ੍ਰਭਾਕਰਨ ਦਾ ਭਾਸ਼ਣ ਰੇਡੀਓ ਅਤੇ ਟੀ.ਵੀ. ਉਪਰ ਨਸ਼ਰ ਹੋਇਆ, ਕਹਿ ਰਿਹਾ ਸੀ- ਕੋਈ ਗੱਲਬਾਤ ਨਹੀ, ਕੋਈ ਸਮਝੌਤਾ ਨਹੀਂ। ਲੰਕਾ ਸਰਕਾਰ ਜਾਫਨਾ ਨੂੰ ਆਜ਼ਾਦ ਕਰਨ ਦਾ ਐਲਾਨ ਕਰੇ। ਸਰਕਾਰ ਉਪਰ ਐਲਾਨ ਦਾ ਅਸਰ ਨਹੀਂ, 26 ਮਈ ਨੂੰ ਨੇਵੀ, ਆਰਮੀ ਅਤੇ ਏਅਰਫੋਰਸ, ਤਿੰਨਾਂ ਸੈਨਾਵਾਂ ਨੇ ਜਾਫਨਾ ਉਤੇ ਹਮਲਿਆਂ ਦੀ ਹਨ੍ਹੇਰੀ ਲਿਆ ਦਿੱਤੀ। ਲੋਕ ਚਰਚਾਂ ਮੰਦਰਾਂ ਵੱਲ ਦੌੜੇ, ਉਥੇ ਵੀ ਬੰਬ ਸੁੱਟੇ ਗਏ। ਆਬਾਦੀਆਂ ਵਿਚੋਂ ਸੈਂਕੜੇ ਸ਼ੱਕੀ ਜੁਆਨ ਬੰਦੀ ਬਣਾ ਕੇ ਗੋਲੀਆਂ ਨਾਲ ਫੁੰਡ ਦਿੱਤੇ। ਲਿਟੇ ਨੇ ਇਸ ਖੂਨੀ ਓਪਰੇਸ਼ਨ ਪਿੱਛੇ 'ਰਾਅ' ਨੂੰ ਜ਼ਿੰਮੇਵਾਰ ਠਹਿਰਾਇਆ।

ਜਾਫਨਾ ਵਿਚ ਸਾਰਾ ਕਾਰੋਬਾਰ ਠੱਪ ਹੋਣ ਕਰ ਕੇ ਕਾਲ ਵਰਗੀ ਹਾਲਤ ਹੋ ਗਈ। ਭਾਰਤ ਸਰਕਾਰ ਨੇ ਕਿਸ਼ਤੀਆਂ ਰਾਹੀਂ ਰਾਹਤ ਭੇਜੀ, ਪਰ ਲੰਕਾ ਦੇ ਫੌਜੀਆਂ ਨੇ ਕਿਸ਼ਤੀਆਂ ਰੋਕ ਲਈਆਂ। ਅਗਲੇ ਦਿਨ ਭਾਰਤੀ ਹੈਲੀਕਾਪਟਰਾਂ ਨੇ 25 ਟਨ ਖਾਣ ਸਮੱਗਰੀ ਦੇ ਪੈਕਟ ਜਾਫਨਾ ਵਿਚ ਸੁੱਟੇ। ਭਾਰਤ ਨੇ ਧਮਕੀ ਦਿੱਤੀ- ਜੇ ਸਾਡੇ ਜਹਾਜ਼ਾਂ ਨੂੰ ਨੁਕਸਾਨ ਪੁੱਜਾ, ਅਸੀਂ ਹਮਲਾ ਕਰ ਦਿਆਂਗੇ। ਜੈਵਰਧਨੇ ਨੇ ਇਸ ਕਾਰਵਾਈ ਵਿਰੁੱਧ ਕਿਹਾ- ਭਾਰਤ ਦਾਦਾਗਿਰੀ ਕਰ ਰਿਹੈ। ਅਸੀਂ ਅਮਨ ਚਾਹੁੰਦੇ ਹਾਂ, ਇਹ ਕਿਸ ਤਰ੍ਹਾਂ ਦਾ ਅਮਨ ਹੈ ਜਿਹੜਾ ਭਾਰਤੀ ਹਵਾਈ ਸੈਨਾ ਦੇ ਜਹਾਜ਼ ਵਿਚ ਚੜ੍ਹ ਕੇ ਇਥੇ ਆ ਰਿਹਾ ਹੈ? ਜੂਨ ਵਿਚ ਸਮੁੰਦਰੀ ਜਹਾਜ਼ਾਂ ਰਾਹੀਂ ਜਾਫਨਾ ਵਿਚ ਰਾਹਤ ਸਮੱਗਰੀ ਪੁੱਜੀ, ਲੰਕਾ ਸਰਕਾਰ ਰੋਕ ਨਾ ਸਕੀ। ਪ੍ਰਭਾਕਰਨ ਨੇ ਭਾਰਤ ਨੂੰ ਖੁਸ਼ ਕਰਨ ਲਈ ਅਗਲੇ ਹੁਕਮਾਂ ਤੱਕ ਗੋਲੀਬੰਦੀ ਦਾ ਐਲਾਨ ਕਰ ਦਿੱਤਾ।

ਰਾਹਤ ਸਮੱਗਰੀ ਤਾਂ ਆਈ ਹੀ, ਇਕ ਹੋਰ ਤੋਹਫਾ, ਲੰਕਾ ਵਿਚ ਹਰਦੀਪ ਸਿੰਘ ਪੁਰੀ ਪੁੱਜਾ। ਇਹ ਸਾਬਤ ਸੂਰਤ ਸਿੱਖ ਲੰਕਾ ਵਿਚ ਭਾਰਤੀ ਦੂਤਾਵਾਸ ਦੇ ਕੂਟਨੀਤਕ ਸਕੱਤਰ ਜੇ.ਐਨ.

***ਰਾਹਤ ਸਮੱਗਰੀ ਤਾਂ ਆਈ ਹੀ, ਇਕ ਹੋਰ ਤੋਹਫਾ, ਲੰਕਾ ਵਿਚ ਹਰਦੀਪ ਸਿੰਘ ਪੁਰੀ ਪੁੱਜਾ। ਇਹ ਸਾਬਤ ਸੂਰਤ ਸਿੱਖ ਲੰਕਾ ਵਿਚ ਭਾਰਤੀ ਦੂਤਾਵਾਸ ਦੇ ਕੂਟਨੀਤਕ ਸਕੱਤਰ ਜੇ.ਐਨ. ਦੀਕਸ਼ਿਤ ਦਾ ਖਾਸ-ਉਲ-ਖਾਸ ਸੀ। ਹਜ਼ਾਰਾਂ ਤਮਿਲ ਥੱਕੇ ਟੁੱਟੇ, ਸਾਗਰ ਕੰਢੇ ਖਲੋਤੇ ਸਨ। ਅਧਖੜ ਬੰਦੇ ਨੇ ਪੁਰੀ ਦੇ ਗਲ ਹਾਰ ਪਾਉਂਦਿਆਂ ਉਚੀ ਆਵਾਜ਼ ਵਿਚ ਨਾਅਰਾ ਲਾਇਆ, ਭਾਰਤ ਮਾਤਾ ਦੀ ਜੈ। ਉਤਰ ਵਿਚ ਭੀੜ ਨੇ ਜ਼ੋਰ-ਜ਼ੋਰ ਦੀ ਨਾਅਰੇ ਲਾਏ- ਤਮਿਲ ਦੇਸ ਜ਼ਿੰਦਾਬਾਦ।***



ਹਰਦੀਪ ਸਿੰਘ ਪੁਰੀ

ਦੀਕਸ਼ਿਤ ਦਾ ਖਾਸ-ਉਲ-ਖਾਸ ਸੀ। ਹਜ਼ਾਰਾਂ ਤਮਿਲ ਥੱਕੇ ਟੁੱਟੇ, ਸਾਗਰ ਕੰਢੇ ਖਲੋਤੇ ਸਨ। ਅਧਖੜ ਬੰਦੇ ਨੇ ਪੁਰੀ ਦੇ ਗਲ ਹਾਰ ਪਾਉਂਦਿਆਂ ਉਚੀ ਆਵਾਜ਼ ਵਿਚ ਨਾਅਰਾ ਲਾਇਆ, ਭਾਰਤ ਮਾਤਾ ਦੀ ਜੈ। ਉਤਰ ਵਿਚ ਭੀੜ ਨੇ ਜ਼ੋਰ-ਜ਼ੋਰ ਦੀ ਨਾਅਰੇ ਲਾਏ- ਤਮਿਲ ਦੇਸ ਜ਼ਿੰਦਾਬਾਦ।

ਲਿਟੇ ਦੇ ਕਮਾਂਡਰ ਪੁਰੀ ਨੂੰ ਮਿਲੇ ਤੇ ਖਾਣ-ਪੀਣ ਦੀਆਂ ਚੀਜ਼ਾਂ ਪ੍ਰਾਪਤ ਕੀਤੀਆਂ। ਮੀਟਿੰਗ ਹੋਈ, ਪੁਰੀ ਨੂੰ ਦੱਸਿਆ ਗਿਆ ਕਿ ਭਾਰਤੀ ਰਵੱਈਆ ਠੀਕ ਨਹੀਂ, ਸਾਨੂੰ ਸਾਡੀ ਲੋੜ ਮੁਤਾਬਕ ਮਦਦ ਨਹੀਂ ਮਿਲਦੀ। ਪੁਰੀ ਨੇ ਕਿਹਾ- ਮੈਂ ਪ੍ਰਭਾਕਰਨ ਨੂੰ ਮਿਲਣਾ ਚਾਹੁੰਨਾ। ਮੁਲਾਕਾਤ ਲਈ ਮਸ਼ਕਾਂ ਸ਼ੁਰੂ ਹੋ ਗਈਆਂ। ਪੁਰੀ ਨੇ ਮਹਿਸੂਸ ਕੀਤਾ, ਜੇ ਲੰਕਾ ਦੀ ਫੌਜ ਸ਼ਾਂਤ ਹੋ ਜਾਏ ਤਾਂ ਲਿਟੇ, ਤਮਿਲ ਬਹੁ-ਗਿਣਤੀ ਇਲਾਕਿਆਂ ਵਿਚ ਆਟੋਨਮੀ ਬਾਰੇ ਸੋਚ ਸਕਦੀ ਹੈ। ਇਹ ਸਾਰੀ ਕਾਰਵਾਈ ਮਜਬੂਰੀ ਦੇ ਆਲਮ ਦੀ ਉਪਜ ਸੀ।

ਸ਼ਾਮੀ ਨੌਂ ਵਜੇ ਪੁਰੀ ਪ੍ਰਭਾਕਰਨ ਦੇ ਟਿਕਾਣੇ ਪੁੱਜਾ। ਪ੍ਰਭਾਕਰਨ ਦਰਵਾਜ਼ੇ 'ਤੇ ਉਸ ਨੂੰ ਲੈਣ ਲਈ ਆਇਆ, ਸ਼ਾਨਦਾਰ ਸਵਾਗਤ। ਪੁਰੀ ਕੁਝ ਕਹਿਣ ਲੱਗਾ ਸੀ ਕਿ ਪ੍ਰਭਾਕਰਨ ਨੇ ਪਹਿਲਾਂ ਹੀ ਕਿਹਾ- ਭਾਰਤ ਰਾਹੀਂ ਸਾਡਾ ਘਾਣ ਕਰਵਾਇਆ। ਅਸੀਂ ਅੰਮਾ ਇੰਦਰਾ ਦੀ ਪੂਜਾ ਕਰਦੇ ਸਾਂ। ਉਸ ਦੇ ਬੇਟੇ ਰਾਜੀਵ ਦਾ ਰਵੱਈਆ ਸਹੀ ਨਹੀਂ। ਸਾਰੀ ਗੱਲ ਸੁਣਨ ਪਿਛੋਂ ਪੁਰੀ ਨੇ ਕਿਹਾ- ਅਸੀਂ ਹੁਣ ਵੀ ਤੁਹਾਡੀ ਹਰ ਮਦਦ ਕਰਾਂਗੇ। ਇਕ ਗਲ ਸਾਫ ਕਰ ਦਿਆਂ ਕਿ ਭਾਰਤ ਲੰਕਾ ਦੇ ਟੁਕੜੇ ਨਹੀਂ ਕਰੇਗਾ। ਪ੍ਰਭਾਕਰਨ ਨੇ ਕਿਹਾ- ਅਸੀਂ ਸੁਤੰਤਰ ਦੇਸ ਤੋਂ ਇਲਾਵਾ ਹੋਰ ਕੁਝ ਲੈਣਾ ਵੀ ਨਹੀਂ।

ਪੁਰੀ ਨੇ ਪੁੱਛਿਆ- ਤੁਸੀਂ ਆਪਣੇ ਸ਼ਰੀਕ ਗੁੱਟਾਂ ਦਾ ਸਫਾਇਆ ਕਿਉਂ ਕਰ ਦਿੱਤਾ? ਪ੍ਰਭਾਕਰਨ- ਕਿਉਂਕਿ ਉਹ 'ਰਾਅ' ਨਾਲ ਮਿਲ ਗਏ ਸਨ ਤੇ ਮੇਰਾ ਕਤਲ ਕਰਨਾ ਉਨ੍ਹਾਂ ਦੀ ਮਨਸ਼ਾ ਸੀ। ਪੁਰੀ ਨੇ ਦੱਸਿਆ- ਭਾਰਤ ਲਗਾਤਾਰ ਲੰਕਾ ਉਪਰ ਦਬਾ ਪਾ ਰਿਹਾ ਹੈ ਕਿ ਤਮਿਲਾਂ ਦੀ ਵੱਖਰੀ ਨਸਲੀ ਹਸਤੀ ਦਾ ਆਦਰ ਕਰੋ, ਤਮਿਲ ਬਹੁ-ਗਿਣਤੀ ਦੇ ਇਲਾਕੇ ਇਕ ਕਰ ਕੇ ਉਨ੍ਹਾਂ ਦੀ ਵੱਖਰੀ ਬੋਲੀ, ਵੱਖਰਾ ਧਰਮ ਅਤੇ ਵੱਖਰੀ ਵਿਧਾਨ ਸਭਾ ਦਾ ਗਠਨ ਕਰੋ। ਐਲਾਨ ਕਰੋ ਕਿ ਲੰਕਾ ਕੇਵਲ ਸਿੰਘਲੀ ਬੋਧੀਆਂ ਦੀ ਮਲਕੀਅਤ ਨਹੀਂ। ਤਮਿਲਾਂ ਨੂੰ ਸ਼ਾਨ ਨਾਲ ਜਿਉਣ ਦਾ ਹੱਕ ਹੈ, ਪਰ ਬਦਲੇ 'ਚ ਉਨ੍ਹਾਂ ਨੂੰ ਵੀ ਹਿੰਸਾ ਤਿਆਗਣੀ ਪਏਗੀ।

ਪ੍ਰਭਾਕਰਨ ਨੇ ਕਿਹਾ- ਕੀ ਸਰਕਾਰ ਜਾਫਨਾ ਵਿਚੋਂ ਫੌਜ ਹਟਾਉਣ ਲਈ ਤਿਆਰ ਹੈ? ਜੇ ਤਮਿਲਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਮਿਲਦਾ ਹੈ, ਮੈਂ ਪਾਗਲ ਹਾਂ ਕਿ ਹਥਿਆਰ ਚੁੱਕੀ ਫਿਰਾਂ? ਪੁਰੀ ਨੇ ਪੁੱਛਿਆ- ਜੇ ਤੁਹਾਡੀ ਮੀਟਿੰਗ ਜੈਵਰਧਨੇ ਨਾਲ ਕਰਵਾ ਕੇ ਰਾਜ਼ੀਨਾਵੇਂ ਦਾ ਪੱਤਰ ਤਿਆਰ ਕਰ ਲਈਏ, ਠੀਕ ਹੈ? ਪ੍ਰਭਾਕਰਨ ਨੇ ਕਿਹਾ- ਬਿਲਕੁਲ ਨਹੀਂ। ਰਾਜੀਵ ਗਾਂਧੀ ਵਿਚ ਬੈਠਣਾ ਚਾਹੀਦੈ, ਉਸ ਦੇ ਦਸਤਖਤ ਹੋਣ। ਜੈਵਰਧਨੇ ਮੁੱਕਰ ਗਿਆ ਤਾਂ ਅਸੀਂ ਰਾਜੀਵ ਗਾਂਧੀ ਕੋਲ ਸ਼ਿਕਾਇਤ ਤਾਂ ਕਰ ਸਕੀਏ। ਪਹਿਲਾਂ ਜੈਵਰਧਨੇ ਤੇ ਰਾਜੀਵ ਆਪਣੀ ਮੀਟਿੰਗ ਕਰਨ, ਫਿਰ ਮੈਨੂੰ ਦੱਸਣ, ਕੀ ਕਰਨੈ। ਠੀਕ ਲੱਗਾ, ਮੈਂ ਦਸਤਖਤ ਕਰ ਦਿਆਂਗਾ।

ਪੁਰੀ ਨੇ ਪੁੱਛਿਆ- ਜੇ ਤੁਹਾਨੂੰ ਸਲਾਹ-ਮਸ਼ਵਰੇ ਲਈ ਭਾਰਤ ਵਿਚ ਸੱਦਿਆ ਜਾਂਦਾ ਹੈ, ਮੰਨੋਗੇ? ਪ੍ਰਭਾਕਰਨ ਨੇ ਕਿਹਾ- ਲੰਮਾ ਸਮਾਂ ਭਾਰਤ ਵਿਚ ਰਿਹਾ। ਜਦੋਂ ਮਹਿਸੂਸ ਹੋਇਆ, ਮੈਨੂੰ ਕਤਲ ਕਰਵਾਉਣ ਦੀ ਯੋਜਨਾ ਹੈ, ਮੈਂ ਵਾਪਸ ਆ ਗਿਆ। ਪਹਿਲਾਂ ਮੈਂ ਚੋਰੀ-ਛਿਪੇ ਭਾਰਤ ਜਾਂਦਾ, ਨਾਜਾਇਜ਼। ਹੁਣ ਭਾਰਤ ਮੈਨੂੰ ਸਰਕਾਰੀ ਸੱਦਾ ਦਏਗਾ, ਦੁਨੀਆਂ ਨੂੰ ਪਤਾ ਲੱਗੇਗਾ ਤਮਿਲਾਂ ਦਾ ਆਦਰ ਹੈ, ਜਾਵਾਂਗਾ। ਹੁਣ ਲੁਕ-ਛੁਪ ਕੇ ਨਹੀਂ ਜਾਣਾ।

ਆਖਰ ਪ੍ਰਭਾਕਰਨ ਨੂੰ ਭਾਰਤ ਯਾਤਰਾ ਦਾ ਸਰਕਾਰੀ ਸੱਦਾ ਮਿਲਿਆ, ਉਸ ਨੇ ਪੁਰੀ ਨੂੰ ਕਿਹਾ- ਮੈਂ ਲੰਕਾ ਦੇ ਨਹੀਂ, ਭਾਰਤੀ ਜਹਾਜ਼ ਵਿਚ ਜਾਵਾਂਗਾ। ਮੇਰੀ ਬੀਵੀ ਬੱਚੇ ਨਾਲ ਜਾਣਗੇ, ਮਦਰਾਸ ਉਹ ਆਪਣੇ ਮਾਪਿਆਂ ਨੂੰ ਮਿਲ ਆਏਗੀ। ਮੇਰੇ ਨਾਲ ਮੇਰੇ ਦੋ ਅੰਗ ਰੱਖਿਅਕ, ਦੋ ਸਿਆਸੀ ਸਲਾਹਕਾਰ ਹੋਣਗੇ। ਬਾਲਾਸਿੰਘਮ ਮਦਰਾਸ ਮੇਰੀ ਟੀਮ ਵਿਚ ਮਿਲ ਜਾਏਗਾ। ਮਦਰਾਸ ਵਿਚ ਪਹਿਲਾਂ ਐਮ.ਜੀ.ਆਰ. ਨੂੰ ਮਿਲਾਂਗਾ, ਉਨ੍ਹਾਂ ਦੀ ਸਲਾਹ ਜ਼ਰੂਰੀ ਹੈ। ਪੁਰੀ ਨੇ ਦਿੱਲੀ ਗੱਲ ਕੀਤੀ। ਮਨਜ਼ੂਰ। ਸ਼ੰਕਰ, ਪ੍ਰਭਾਕਰਨ ਨੂੰ ਛੱਡਣ ਆਇਆ, ਪੁਰੀ ਨੂੰ ਕਿਹਾ- ਤੁਹਾਡੇ ਪਾਸ ਪੂਰੀ ਦੁਨੀਆਂ ਵਿਚ ਸਭ ਤੋਂ ਕੀਮਤੀ ਖਜ਼ਾਨਾ ਹਵਾਲੇ ਕੀਤਾ, ਖਿਆਲ ਰੱਖਣਾ। ਪੁਰੀ ਨੇ ਕਿਹਾ- ਸਰਕਾਰਾਂ ਕੀ ਫੈਸਲੇ ਕਰਦੀਆਂ ਨੇ, ਸਰਕਾਰਾਂ ਜਾਣਨ; ਮੇਰੀ ਡਿਊਟੀ ਹੈ ਜਿਥੋਂ ਪ੍ਰਭਾਕਰਨ ਨੂੰ ਲੈ ਕੇ ਉਡਿਆ ਹਾਂ, ਉਥੇ ਵਾਪਸ ਛੱਡ ਕੇ ਜਾਣਾ।

ਭਾਰਤੀ ਹਵਾਈ ਅੱਡੇ ਉਪਰ ਪੱਤਰਕਾਰਾਂ ਦੀ ਭੀੜ ਸੀ। ਪਹਿਲੀ ਵਾਰ ਭਾਰਤ ਨੇ ਤਮਿਲਾਂ ਦੀ ਹੋਂਦ ਨੂੰ ਮਾਨਤਾ ਦਿੱਤੀ, ਪ੍ਰਭਾਕਰਨ ਨੂੰ ਲੀਡਰ ਮੰਨਿਆ। ਪੱਤਰਕਾਰਾਂ ਨੂੰ ਕਿਹਾ- ਭਾਰਤ ਨੇ ਪੀ.ਐਲ.ਓ. ਨੂੰ ਜਿਵੇਂ ਮਾਨਤਾ ਦੇ ਰੱਖੀ ਹੈ, ਸਾਨੂੰ ਕਿਉਂ ਨਹੀਂ ਮਿਲ ਸਕਦੀ?

ਪੁਰੀ ਅਤੇ ਪ੍ਰਭਾਕਰਨ ਮਦਰਾਸ ਤੋਂ ਦਿੱਲੀ ਪੁੱਜੇ, ਅਸ਼ੋਕ ਹੋਟਲ ਵਿਚ ਠਹਿਰਨਾ ਸੀ। ਜੇ.ਐਨ. ਦੀਕਸ਼ਿਤ ਇਥੇ ਆਇਆ ਹੋਇਆ ਸੀ। ਪ੍ਰਭਾਕਰਨ ਨੇ ਪੁੱਛਿਆ- ਮੈਨੂੰ ਉਹ ਕਾਗਜ਼ ਤਾਂ ਦਿਖਾਇਆ ਨਹੀਂ ਜਿਥੇ ਦਸਤਖਤ ਕਰਨੇ ਨੇ। ਦੀਕਸ਼ਿਤ ਨੇ ਕਿਹਾ- ਪਹਿਲੋਂ ਰਾਜੀਵ ਗਾਂਧੀ ਨਾਲ ਸਲਾਹ-ਮਸ਼ਵਰਾ ਕਰੋ, ਫਿਰ ਕਾਗਜ਼ ਤਿਆਰ ਹੋਏਗਾ। ਪ੍ਰਭਾਕਰਨ ਨੇ ਕਿਹਾ- ਗੋਲੀ ਚਲਾਉਣੀ ਛੱਡ ਕੇ ਅਚਾਨਕ ਸਿਆਸਤ ਕਰਨੀ ਔਖਾ ਕੰਮ ਹੈ, ਪਰ ਮੈਂ ਕਿਹੜਾ ਆਜ਼ਾਦ ਤਮਿਲ ਦੇਸ ਤੋਂ ਘੱਟ ਗੱਲ ਮੰਨਣੀ ਐਂ? ਸਾਰੇ ਹੱਸ ਪਏ।

ਪਹਿਲਾਂ ਨਹੀਂ ਸੀ ਪਤਾ, ਇਥੇ ਆ ਕੇ ਪ੍ਰਭਾਕਰਨ ਨੇ ਜਾਣਿਆਂ ਕਿ ਹੋਰ ਤਮਿਲ ਬਾਗੀ ਖਾੜਕੂ ਧੜਿਆਂ ਦੇ ਲੀਡਰ ਵੀ ਸੱਦੇ ਹੋਏ ਹਨ। ਜੈਵਰਧਨੇ ਆਪਣੇ ਸਿੰਘਲੀ ਬੋਧੀਆਂ ਵਿਚ ਘਿਰਿਆ ਹੋਇਆ ਸੀ- ਕਿਤੇ ਰਾਸ਼ਟਰਪਤੀ ਸਾਰਾ ਕੁਝ ਤਮਿਲਾਂ ਨੂੰ ਨਾ ਵੇਚ ਆਏ।

25 ਜੁਲਾਈ ਸਵੇਰ ਨੂੰ ਪੁਰੀ ਇਕ ਕਾਗਜ਼ ਲੈ ਕੇ ਆਇਆ ਜਿਸ ਵਿਚ ਸੰਭਾਵਿਤ ਗੱਲਬਾਤ ਦੀ ਰੂਪਰੇਖਾ ਸੀ। ਅੰਗਰੇਜ਼ੀ ਵਿਚ ਲਿਖੀਆਂ ਮੱਦਾਂ ਬਾਲਾਸਿੰਘਮ ਨੇ ਤਮਿਲ ਵਿਚ ਪ੍ਰਭਾਕਰਨ ਨੂੰ ਸੁਣਾਈਆਂ। ਸਵਾ ਘੰਟਾ ਲੱਗਾ। ਪ੍ਰਭਾਕਰਨ ਨੇ ਭਾਰਤੀਆਂ ਨੂੰ ਕਿਹਾ- ਤੁਸੀਂ ਜਾਉ, ਮੈਂ ਸਾਥੀਆਂ ਨਾਲ ਵਿਚਾਰ ਕਰ ਲਵਾਂ। ਦੁਪਹਿਰ ਹੋਈ ਤੋਂ ਫਿਰ ਆਏ। ਪ੍ਰਭਾਕਰਨ ਨੇ ਪੁਰੀ ਨੂੰ ਕਿਹਾ- ਮੈਂ ਸਾਥੀਆਂ ਨਾਲ ਗੱਲ ਕਰ ਲਈ। ਸਾਨੂੰ ਇਹ ਮਸਾਲਾ ਮਨਜ਼ੂਰ ਨਹੀਂ। ਕੂਟਨੀਤਕਾਂ ਦੀ ਖਾਨਿਉਂ ਗਈ। ਪੁੱਛਿਆ- ਦੱਸੋ ਕਿਥੇ ਲਿਖਿਐ, ਤਮਿਲ ਵੱਖਰੀ ਆਜ਼ਾਦ ਕੌਮ ਨੇ? ਤਮਿਲ ਬਹੁ-ਗਿਣਤੀ ਇਲਾਕੇ ਇਕੱਠੇ ਕੀਤੇ ਜਾਣ, ਕਿਥੇ ਲਿਖਿਐ? ਲਿਖਿਐ ਕਿ 72 ਘੰਟਿਆਂ ਅੰਦਰ ਅਸੀਂ ਗੋਲਾਬਾਰੀ ਬੰਦ ਕਰ ਦਿਆਂਗੇ, ਇਸ ਦੇ ਬਰਾਬਰ 72 ਘੰਟਿਆਂ ਅੰਦਰ ਲੰਕਾ ਸਰਕਾਰ ਕੀ ਕਰੇਗੀ?

ਪ੍ਰਭਾਕਰਨ ਨੇ ਕਿਹਾ- ਮੁੱਖ ਮੰਤਰੀ ਐਮ.ਜੀ.ਆਰ. ਨੂੰ ਬੁਲਾਉ, ਮੈਨੂੰ ਉਸ 'ਤੇ ਭਰੋਸਾ ਹੈ। ਐਮ.ਜੀ.ਆਰ. ਪੁੱਜ ਗਿਆ। ਰਾਜੀਵ ਗਾਂਧੀ ਨੇ ਕਿਹਾ- ਇਸ ਕੱਬੇ ਬੰਦੇ ਨੂੰ ਸਮਝਾਉ। ਸਮਝੌਤਾ ਹੋ ਗਿਆ ਤਾਂ ਭਾਰਤ ਦੀ ਸ਼ਾਨ ਬਣੇਗੀ ਤੇ ਇਹ ਜਾਫਨਾ ਦਾ ਮੁੱਖ ਮੰਤਰੀ ਹੋ ਜਾਏਗਾ। ਹੋਰ ਕੀ ਚਾਹੀਦੈ? ਦੀਕਸ਼ਿਤ ਨੂੰ ਕਿਹਾ- ਲੰਕਾ ਸਰਕਾਰ ਜਾਫਨਾ ਵਿਚੋਂ ਫੌਜਾਂ ਹਟਾ ਲਵੇ। ਜੈਵਰਧਨੇ ਨੇ ਕਮਾਂਡਰ ਨਾਲ ਗੱਲ ਕੀਤੀ, ਕਮਾਂਡਰ ਗੁੱਸੇ ਵਿਚ ਲਾਲ ਹੋ ਗਿਆ, ਕਿਹਾ- ਮੁਸ਼ਕਿਲ ਨਾਲ ਮਸਾਂ ਖਾੜਕੂਆਂ ਦੀ ਗੋਡੀ ਲੁਆਈ ਹੈ, ਤੁਸੀਂ ਫਿਰ ਤਮਾਸ਼ਾ ਕਰਵਾਉਗੇ? ਜੈਵਰਧਨੇ ਚੁੱਪ ਕਰ ਗਿਆ। ਦੀਕਸ਼ਿਤ ਜੈਵਰਧਨੇ ਦੇ ਕਮਰੇ ਵਿਚ ਗਿਆ ਤੇ ਕਿਹਾ- ਰਾਸ਼ਟਰਪਤੀ ਜੀ, ਫੌਜਾਂ ਕੱਢਣੀਆਂ ਨੇ ਕਿ ਨਹੀਂ, ਰਾਜੀਵ ਦਾ ਹੁਕਮ ਹੈ। ਰੱਖਿਆ ਮੰਤਰੀ ਅਤੇ ਫੌਜੀ ਕਮਾਂਡਰ ਦੇ ਗੁੱਸੇ ਦੀ ਪ੍ਰਵਾਹ ਕਰਨ ਬਗੈਰ ਜੈਵਰਧਨੇ ਨੇ ਫੌਜ ਦੀ ਵਾਪਸੀ ਦਾ ਹੁਕਮ ਕਰ ਦਿੱਤਾ।

29 ਜੁਲਾਈ ਨੂੰ ਰਾਜੀਵ ਗਾਂਧੀ ਨੇ ਕੋਲੰਬੋ ਜਾਣਾ ਸੀ। ਪ੍ਰਭਾਕਰਨ ਦਸਤਖਤ ਕਰੇ ਤਾਂ ਜਾਏਗਾ, ਨਹੀਂ ਫਿਰ ਕੀ ਕੰਮ? ਥੱਕ-ਹਾਰ ਕੇ ਦੀਕਸ਼ਿਤ ਨੇ ਪ੍ਰਭਾਕਰਨ ਨੂੰ ਕਿਹਾ- ਜੇ ਤੁਸੀਂ ਦਸਤਖਤ ਨਹੀਂ ਕਰੋਗੇ, ਬਾਕੀ ਧੜੇ ਕਰ ਦੇਣਗੇ, ਸਮਝੌਤਾ ਤਾਂ ਸਿਰੇ ਚਾੜ੍ਹਨਾ ਹੀ ਚਾੜ੍ਹਨਾ ਹੈ। ਪ੍ਰਭਾਕਰਨ ਨੇ ਕਿਹਾ- ਫਿਰ ਚਾੜ੍ਹ ਲਉ ਸਿਰੇ, ਮੈਥੋਂ ਕੀ ਮੰਗਦੇ ਹੋ? ਦੀਕਸ਼ਿਤ ਗੁੱਸੇ ਵਿਚ ਚੀਕਿਆ- ਤੂੰ ਸਾਨੂੰ ਚਾਰ ਵਾਰ ਧੋਖਾ ਦਿੱਤਾ, ਸਮਝਿਆ? ਠੰਢੀ ਜ਼ਬਾਨ ਵਿਚ ਪ੍ਰਭਾਕਰਨ ਬੋਲਿਆ- ਯਾਨੀ, ਮੈਂ ਆਪਣੇ ਤਮਿਲਾਂ ਨੂੰ ਚਾਰ ਵਾਰ ਤੁਹਾਡੀ ਠੱਗੀ ਤੋਂ ਬਚਾਇਆ! ਲੰਕਾ ਦੇ ਤਮਿਲਾਂ ਦੇ ਭਾਰਤੀ ਹਮਦਰਦ ਸੰਸਦ ਮੈਂਬਰ ਗੋਪਾਲ ਸਵਾਮੀ ਦਾ ਫੋਨ ਆਇਆ, ਪ੍ਰਭਾਕਰਨ ਨੇ ਜਵਾਬ ਦਿੱਤਾ- ਮੈਨੂੰ ਇਉਂ ਲਗਦੈ ਜਿਵੇਂ ਮੈਂ ਖੁਦਕੁਸ਼ੀ ਕਰਨ ਲੱਗਾ ਹੋਵਾਂ। ਸਾਨੂੰ ਭਾਰਤ ਨੇ ਧੋਖਾ ਦਿੱਤਾ। ਰਾਜੀਵ ਗਾਂਧੀ ਨੇ ਸਾਡੀ ਪਿੱਠ ਵਿਚ ਛੁਰਾ ਖੋਭਿਆ ਗੋਪਾਲ!

***14 ਮਈ 1985 ਨੂੰ ਲਿਟੇ ਖਾੜਕੂਆਂ ਨੇ ਵੱਡੀ ਵਾਰਦਾਤ ਕੀਤੀ। ਫੌਜੀ ਵਰਦੀਆਂ ਪਹਿਨ ਕੇ ਉਹ ਅਨੁਰਾਧਾਪੁਰ ਬੋਧ ਮੰਦਰ ਗਏ। ਕਦੀ ਇਹ ਥਾਂ ਲੰਕਾ ਦੀ ਪ੍ਰਾਚੀਨ ਰਾਜਧਾਨੀ ਸੀ। ਇਥੇ ਹੀ ਉਹ ਬੋਧਰੁੱਖ ਹੈ ਜੋ ਭਾਰਤ ਤੋਂ ਗਿਆ ਸੀ। ਜਿਧਰ ਦਿਲ ਕੀਤਾ, ਮਨਚਾਹੀ ਫਾਇਰਿੰਗ ਹੋਈ। ਸਫੈਦ ਅਤੇ ਕੇਸਰੀ ਚੋਲਿਆਂ ਵਾਲੇ ਪੁਜਾਰੀ ਮਾਰੇ, ਸ਼ਰਧਾਲੂ ਆਮ ਲੋਕ ਮਾਰੇ, ਕੁੱਲ 146 ਮੌਤਾਂ। ਜਾਂਦਿਆਂ-ਜਾਂਦਿਆਂ ਥਾਣੇ ਉਪਰ ਹਮਲਾ ਕੀਤਾ। ਕਿਸੇ ਖਾੜਕੂ ਦੇ ਝਰੀਟ ਤੱਕ ਨਹੀਂ ਲੱਗੀ। ਇਕ ਸਾਲ ਪਹਿਲਾਂ ਲਿਟੇ ਨੇ 120 ਕਤਲ ਕੀਤੇ ਸਨ, ਪੇਂਡੂ ਸਿੰਘਲੀ। ਭਾਰਤ ਸਰਕਾਰ ਦਾ ਮਨ ਬਣ ਗਿਆ ਕਿ ਇਹ ਕਤਲੋਗਾਰਤ ਰੁਕਣੀ ਚਾਹੀਦੀ ਹੈ।***



ਲੰਕਾ ਦੀ ਪ੍ਰਾਚੀਨ ਰਾਜਧਾਨੀ ਅਨੁਰਾਧਾਪੁਰ ਦਾ ਬੋਧ ਮੰਦਰ ਜਿਥੇ ਹਮਲਾ ਕਰ ਕੇ ਲਿਟੇ ਨੇ 146 ਜਾਨਾਂ ਲੈ ਲਈਆਂ ਸਨ।

ਮਾਹੌਲ ਗਰਮ ਅਤੇ ਤਣਾਉਪੂਰਨ। ਜੇ ਦਸਤਖਤ ਨਾ ਕੀਤੇ, ਲਗਦਾ ਸੀ ਪ੍ਰਭਾਕਰਨ ਨੂੰ ਫਿਰ ਭਾਰਤ ਸਰਕਾਰ ਲੰਕਾ ਨਹੀਂ ਜਾਣ ਦਏਗੀ। ਬਾਲਾਸਿੰਘਮ ਨੇ ਪੁੱਛਿਆ- ਕੀ ਕਰੀਏ? ਪ੍ਰਭਾਕਰਨ ਨੇ ਕਿਹਾ- ਖਾਣਾ ਖਾਈਏ।

ਕੋਲੰਬੋ ਵਿਚ ਅਫਵਾਹ ਫੈਲ ਗਈ ਕਿ ਜੈਵਰਧਨੇ ਨੇ ਤਮਿਲਾਂ ਦੇ ਹੱਕ ਵਿਚ ਦਸਤਖਤ ਕਰ ਦਿੱਤੇ ਹਨ। ਸਿੰਘਲੀ ਸੜਕਾਂ ਉਪਰ ਨਿਕਲ ਤੁਰੇ। ਇਧਰ ਪ੍ਰਭਾਕਰਨ ਸੋਚ ਰਿਹਾ ਸੀ, ਰਾਜੀਵ ਗਾਂਧੀ ਤਾਸ਼ ਦੇ ਸਾਰੇ ਯੱਕੇ ਜੈਵਰਧਨੇ ਹੱਥ ਦੇ ਰਿਹੈ। ਭਾਰਤ ਕੁੜਿੱਕੀ ਵਿਚ ਫਸਿਆ ਹੋਇਆ ਸੀ। ਪ੍ਰਭਾਕਰਨ ਨੇ ਕਿਹਾ- ਮੈਂ ਰਾਜੀਵ ਗਾਂਧੀ ਨੂੰ ਮਿਲਣੈ, 28 ਜੁਲਾਈ ਨੂੰ ਮੀਟਿੰਗ ਹੋਈ, ਬਾਲਾਸਿੰਘਮ ਨਾਲ ਸੀ। ਰਾਜੀਵ ਗਾਂਧੀ ਹੱਸ ਕੇ ਮਿਲਿਆ, ਦੋ ਸਾਲ ਪਹਿਲਾਂ ਇਹੀ ਰਾਜੀਵ ਗਾਂਧੀ ਗੱਲ ਕਰਨ ਨੂੰ ਤਿਆਰ ਨਹੀਂ ਸੀ। ਪ੍ਰਭਾਕਰਨ ਨੇ ਕਿਹਾ- ਮੈਨੂੰ ਕਿਸੇ 'ਤੇ ਇਤਬਾਰ ਨਹੀਂ। ਜੇ ਮੈਂ ਜਾਫਨਾ ਵਿਚ ਟੈਕਸ ਉਗਰਾਹੀ ਛੱਡ ਦਿੱਤੀ, ਮੇਰਾ ਖਰਚ ਕਿਵੇਂ ਚੱਲੇਗਾ? ਰਾਜੀਵ ਨੇ ਕਿਹਾ- ਤੇਰਾ ਘਾਟਾ ਮੈਂ ਪੂਰਾ ਕਰਾਂਗਾ। ਸੱਤਾ ਵਿਚ ਬਰਾਬਰ ਦੇ ਭਾਈਵਾਲ ਹੋਵੋਗੇ। ਤੁਹਾਡੀਆਂ ਕੁਰਬਾਨੀਆਂ ਰਾਸ ਆਉਣਗੀਆਂ। ਫਿਰ ਪ੍ਰਭਾਕਰਨ ਨੇ ਕਿਹਾ- ਕਈ ਦੁੱਕੀ-ਤਿੱਕੀ ਖਾੜਕੂ ਜਥੇਬੰਦੀਆਂ ਫਿਰ ਰਹੀਆਂ ਹਨ, ਮੈਂ ਕਿਸੇ ਦਾ ਦਖਲ ਬਰਦਾਸ਼ਤ ਨਹੀਂ ਕਰਨਾ।

***ਭਾਰਤੀ ਜਹਾਜ਼ ਵਿਚੋਂ ਜਦੋਂ ਉਹ ਜਾਫਨਾ ਉਤਰਿਆ, ਲਿਟੇ ਵਰਕਰਾਂ ਦੀ ਭੀੜ ਨੇ ਘੇਰ ਲਿਆ, ਅਣਗਿਣਤ ਸਵਾਲ। ਕਿਸੇ ਨੂੰ ਪਤਾ ਨਹੀਂ ਸੀ ਕੀ ਹੋਇਆ। ਹਥਿਆਰ ਸੁੱਟਣੇ ਪੈਣੇ ਨੇ? ਰਾਜੀਵ ਨੇ ਕੀ ਕਿਹੈ? ਪ੍ਰਭਾਕਰਨ ਜਾਫਨਾ ਦਾ ਮੁੱਖ ਮੰਤਰੀ ਹੋਏਗਾ? ਆਮ ਨਾਗਰਿਕ ਯੁੱਧ ਖਾਤਮੇ ਦੇ ਇੱਛੁਕ ਸਨ। ਕੋਲੰਬੋ ਦੇ ਸਿੰਘਲੀ ਮਾਤਮ ਮਨਾ ਰਹੇ ਸਨ ਜਿਨ੍ਹਾਂ ਨੂੰ ਦੇਖ ਕੇ ਤਮਿਲਾਂ ਨੂੰ ਲੱਗਾ, ਸਾਡਾ ਫਾਇਦਾ ਹੋਇਆ ਹੈ। ਬੁਝਾਰਤ ਨਾ ਸਿੰਘਲੀਆਂ ਨੂੰ ਪਤਾ, ਨਾ ਤਮਿਲਾਂ ਨੂੰ। ਹਿੰਸਾ ਸ਼ੁਰੂ ਹੋ ਗਈ। ਕੇਵਲ ਰਾਜੀਵ ਗਾਂਧੀ ਜਾਣਦਾ ਸੀ ਕਿ ਸਮਝੌਤੇ ਉਪਰ ਦਸਤਖਤਾਂ ਦਾ ਮਤਲਬ ਹੈ ਲੰਕਾ ਫੌਜ ਵਿਰੁੱਧ ਤਮਿਲ ਖਾੜਕੂਆਂ ਦਾ ਯੁੱਧ ਖਤਮ; ਦੋਵੇਂ ਪਿਛੇ ਹਟਣ, ਭਾਰਤੀ ਫੌਜ ਕਮਾਲ ਸੰਭਾਲੇਗੀ।***

ਰਾਜੀਵ ਨੇ 'ਹਾਂ' ਵਿਚ ਸਿਰ ਹਿਲਾਇਆ- ਇਕ ਮੌਕਾ ਤਾਂ ਦੇਹ।

ਰਾਜੀਵ ਖੁਸ਼ ਹੋ ਗਿਆ ਤੇ ਕਿਹਾ- ਆਪਾਂ ਇਕੱਠੇ ਖਾਣਾ ਖਾਵਾਂਗੇ। ਖਾਣਾ ਖਾਣ ਪਿਛੋਂ ਉਸ ਨੇ ਆਪਣੇ ਬੇਟੇ ਰਾਹੁਲ ਨੂੰ ਕਿਹਾ- ਅਹੁ ਮੇਰੀ ਬੁਲਟ ਪਰੂਫ ਜੈਕਟ ਫੜਾ। ਜੈਕਟ ਪ੍ਰਭਾਕਰਨ ਨੂੰ ਪਹਿਨਾ ਕੇ ਕਿਹਾ- ਤੇਰਾ ਭਲਾ ਹੋਵੇ। ਵੱਖਰੇ-ਵੱਖਰੇ ਜਹਾਜ਼ ਵਿਚ ਦੋਵੇਂ ਕੋਲੰਬੋ ਵੱਲ ਚਲ ਪਏ।

ਲੰਕਾ ਅਹਿਦਨਾਮਾ ਫੇਲ੍ਹ ਹੋਣ ਦੀ ਸੰਭਾਵਨਾ ਇਸ ਦੇ ਜਨਮ ਤੋਂ ਪ੍ਰਤੱਖ ਸੀ, ਕਿਉਂਕਿ ਪ੍ਰਭਾਕਰਨ ਇਸ 'ਤੇ ਸਹਿਮਤ ਨਹੀਂ ਸੀ। ਉਹ ਹਾਂ ਹਾਂ ਇਸ ਕਰ ਕੇ ਕਰੀ ਗਿਆ, ਕਿਉਂਕਿ ਉਸ ਨੇ ਭਾਰਤ ਵਿਚੋਂ ਬਾਹਰ ਨਿਕਲ ਕੇ ਜਾਫਨਾ ਪੁੱਜਣਾ ਸੀ।

ਭਾਰਤੀ ਜਹਾਜ਼ ਵਿਚੋਂ ਜਦੋਂ ਉਹ ਜਾਫਨਾ ਉਤਰਿਆ, ਲਿਟੇ ਵਰਕਰਾਂ ਦੀ ਭੀੜ ਨੇ ਘੇਰ ਲਿਆ, ਅਣਗਿਣਤ ਸਵਾਲ। ਕਿਸੇ ਨੂੰ ਪਤਾ ਨਹੀਂ ਸੀ ਕੀ ਹੋਇਆ। ਹਥਿਆਰ ਸੁੱਟਣੇ ਪੈਣੇ ਨੇ? ਰਾਜੀਵ ਨੇ ਕੀ ਕਿਹੈ? ਪ੍ਰਭਾਕਰਨ ਜਾਫਨਾ ਦਾ ਮੁਖ ਮੰਤਰੀ ਹੋਏਗਾ? ਆਮ ਨਾਗਰਿਕ ਯੁੱਧ ਖਾਤਮੇ ਦੇ ਇੱਛੁਕ ਸਨ। ਕੋਲੰਬੋ ਦੇ ਸਿੰਘਲੀ ਮਾਤਮ ਮਨਾ ਰਹੇ ਸਨ ਜਿਨ੍ਹਾਂ ਨੂੰ ਦੇਖ ਕੇ ਤਮਿਲਾਂ ਨੂੰ ਲੱਗਾ, ਸਾਡਾ ਫਾਇਦਾ ਹੋਇਆ ਹੈ। ਬੁਝਾਰਤ ਨਾ ਸਿੰਘਲੀਆਂ ਨੂੰ ਪਤਾ, ਨਾ ਤਮਿਲਾਂ ਨੂੰ। ਹਿੰਸਾ ਸ਼ੁਰੂ ਹੋ ਗਈ। ਕੇਵਲ ਰਾਜੀਵ ਗਾਂਧੀ ਜਾਣਦਾ ਸੀ ਕਿ ਸਮਝੌਤੇ ਉਪਰ ਦਸਤਖਤਾਂ ਦਾ ਮਤਲਬ ਹੈ ਲੰਕਾ ਫੌਜ ਵਿਰੁੱਧ ਤਮਿਲ ਖਾੜਕੂਆਂ ਦਾ ਯੁੱਧ ਖਤਮ; ਦੋਵੇਂ ਪਿਛੇ ਹਟਣ, ਭਾਰਤੀ ਫੌਜ ਕਮਾਲ ਸੰਭਾਲੇਗੀ। ਲੰਕਾ ਜਾ ਕੇ ਰਾਜੀਵ ਨੂੰ ਪਤਾ ਲੱਗਾ, ਨਸਲੀ ਨਫਰਤ ਕਿੰਨੀ ਤਿੱਖੀ ਹੈ। ਜਦੋਂ ਵਾਪਸ ਆਉਣ ਲਈ ਜਹਾਜ਼ ਚੜ੍ਹਨ ਤੋਂ ਪਹਿਲਾਂ ਰਾਜੀਵ, ਸੈਨਾ ਤੋਂ ਸਲਾਮੀ ਲੈ ਰਿਹਾ ਸੀ, ਇਕ ਸਿੰਘਲੀ ਸਿਪਾਹੀ ਨੇ ਸਿਰ ਉਪਰ ਬੰਦੂਕ ਦੇ ਬੱਟ ਦਾ ਜ਼ੋਰਦਾਰ ਵਾਰ ਕੀਤਾ। ਖੁਦ ਪਾਇਲਟ ਰਿਹਾ ਸੀ, ਫੁਰਤੀ ਨਾਲ ਵਾਰ ਬਚਾ ਗਿਆ। ਸਿਰ ਉਪਰ ਵੱਜ ਜਾਂਦਾ, ਮੌਤ ਹੋ ਸਕਦੀ ਸੀ। ਵਾਲ-ਵਾਲ ਬਚਿਆ, ਪਰ ਹਿੱਲ ਗਿਆ।

(ਚਲਦਾ)

# ਗੁਰਮੀਤ ਪਿੰਕੀ ਦੀਆਂ 'ਚਿੰਘਾੜਾਂ' ਦੇ ਪ੍ਰਸੰਗ-3

## ਹਿੰਸਾ ਪ੍ਰਤੀ-ਹਿੰਸਾ ਅਤੇ ਸਿਆਸਤ ਦੀਆਂ ਸਿਮਰਤੀਆਂ

*ਪੰਜਾਬ ਵਿਚ ਪਿਛਲੀ ਸਦੀ ਦੇ ਆਖਰੀ ਪਹਿਰ ਦੌਰਾਨ ਡੇਢ-ਦੋ ਦਹਾਕੇ ਝੁੱਲੀ ਹਿੰਸਾ, ਬੇਵਸਾਹੀ ਅਤੇ ਖੌਫ ਦੀ ਹਨ੍ਹੇਰੀ ਦੀਆਂ ਬਹੁਤ ਸਾਰੀਆਂ ਪਰਤਾਂ ਅਜੇ ਵੀ ਅਣਫੋਲੀਆਂ ਪਈਆਂ ਹਨ। ਉਨ੍ਹਾਂ ਵਕਤਾਂ ਬਾਰੇ ਕੋਈ ਨਾ ਕੋਈ ਕਹਾਣੀ, ਕਿਸੇ ਨਾ ਕਿਸੇ ਸੰਸਥਾ ਜਾਂ ਸ਼ਖਸ ਰਾਹੀਂ ਆਵਾਮ ਤੱਕ ਲਗਾਤਾਰ ਪੁੱਜ ਰਹੀ ਹੈ। ਹਾਲ ਹੀ ਵਿਚ ਬਦਨਾਮ ਪੁਲਿਸ ਕੈਟ ਗੁਰਮੀਤ ਸਿੰਘ ਪਿੰਕੀ ਨੇ ਆਪਣੇ ਆਕਾਵਾਂ ਦੀ ਬੇਰੁਖੀ ਤੋਂ ਖਫਾ ਹੋ ਕੇ ਉਸ ਦੌਰ ਬਾਰੇ ਕੁਝ ਸੱਚ ਸਾਹਮਣੇ ਲਿਆਉਣ ਦਾ ਦਾਅਵਾ ਕੀਤਾ ਹੈ। ਇਸ ਪ੍ਰਸੰਗ ਵਿਚ ਚਲਦੇ-ਫਿਰਦੇ ਇਤਿਹਾਸ ਅਤੇ ਉਸ ਦੌਰ ਨਾਲ ਡੂੰਘੇ ਜੁੜੇ ਰਹੇ ਪੱਤਰਕਾਰ ਗੁਰਦਿਆਲ ਸਿੰਘ ਬੱਲ ਨੇ ਲੰਮਾ ਲੇਖ 'ਪੰਜਾਬ ਟਾਈਮਜ਼' ਨੂੰ ਭੇਜਿਆ ਹੈ। ਇਸ ਲੇਖ ਵਿਚ ਉਸ ਵਕਤ ਵੱਖ-ਵੱਖ ਰੂਪ ਅਖਤਿਆਰ ਕਰ ਰਹੀਆਂ ਘਟਨਾਵਾਂ ਦੇ ਵੱਖ-ਵੱਖ ਪੱਖ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ। ਇਨ੍ਹਾਂ ਪੱਖਾਂ ਬਾਰੇ ਕਿਸੇ ਦੀ ਵੀ ਸਹਿਮਤੀ ਜਾਂ ਅਸਹਿਮਤੀ ਹੋ ਸਕਦੀ ਹੈ, ਜਾਂ ਕੋਈ ਵੱਖਰਾ ਜ਼ਾਵੀਆ ਵੀ ਸੰਭਵ ਹੈ, ਪਰ ਇਸ ਲਿਖਤ ਤੋਂ ਉਨ੍ਹਾਂ ਵਕਤਾਂ ਵਿਚ ਮੱਚੇ ਘਮਸਾਣ ਉਤੇ ਭਰਵੀਂ ਝਾਤ ਜ਼ਰੂਰ ਪਾਈ ਗਈ ਹੈ। ਐਤਕੀਂ ਉਨ੍ਹਾਂ ਪੰਜਾਬ ਦੀ ਅਕਾਲੀ ਸਿਆਸਤ ਦੇ ਕੁਝ ਪੱਤਰੇ ਫਰੋਲੇ ਹਨ। -ਸੰਪਾਦਕ*

ਪਿਛਲੀ ਵਾਰ ਚਰਚਾ ਕੀਤੀ ਸੀ ਕਿ ਕਿੰਜ 'ਲਿੱਟੇ' ਤੋਂ ਪਹਿਲਾਂ ਕਾਮਰੇਡ ਰੋਹਾਨ ਵਿਜੈਵੀਰਾ ਨੇ ਹਥਿਆਰਬੰਦ ਘੋਲ ਵਾਲਾ ਰਾਹ ਖੋਲ੍ਹੀ ਰੱਖਿਆ। ਵੀਹਵੀਂ ਸਦੀ ਦੇ ਆਖਰੀ ਦੋ ਦਹਾਕਿਆਂ ਦੌਰਾਨ ਜਦੋਂ 'ਲਿੱਟੇ' ਆਗੂ ਪ੍ਰਭਾਕਰਨ ਨੇ ਆਪਣਾ 'ਧਰਮ ਯੁੱਧ' ਆਰੰਭਿਆ ਸੀ, ਉਸ ਸਮੇਂ ਸਿੱਖ ਖਾੜਕੂ ਸੰਘਰਸ਼ ਅਤੇ ਫਿਰ ਜਲਦੀ ਬਾਅਦ ਪਾਕਿਸਤਾਨ ਦੇ ਸਰਗਰਮ ਸਹਿਯੋਗ ਨਾਲ ਕਸ਼ਮੀਰੀ ਨੌਜਵਾਨਾਂ ਨੇ ਵੀ ਸੰਗਰਾਮ ਸ਼ੁਰੂ ਕੀਤੇ ਹੋਏ ਸਨ। ਲਾਤੀਨੀ ਅਮਰੀਕੀ ਦੇਸ਼ ਪੇਰੂ ਅੰਦਰ ਦਾਰਸ਼ਨਿਕ ਗੁਰੀਲਾ ਆਗੂ ਅਬੀਮੀਲ ਗੁਜ਼ਮੈਨ ਦੀ ਅਗਵਾਈ ਹੇਠਲੇ 'ਸ਼ਾਈਨਿੰਗ ਪਾਥ' ਨੇ ਇਨ੍ਹਾਂ ਤੋਂ ਵੀ ਕਿਤੇ ਵੱਧ ਹੇਠਲੀ ਉਤੇ ਲਿਆਂਦੀ ਹੋਈ ਸੀ। ਕਿਸੇ ਵੀ ਕਿਸਮ ਦੀ



**ਗੁਰਦਿਆਲ ਸਿੰਘ ਬੱਲ**
ਫੋਨ: 647-982-6091

ਧਾਰਮਿਕ ਜਾਂ ਫਿਰਕੂ ਆਸਥਾ ਤੋਂ ਗੁਜ਼ਮੈਨ ਦੇ ਪੈਰੋਕਾਰ ਕੋਹਾਂ ਦੂਰ ਸਨ।

ਗੁਜ਼ਮੈਨ ਨੇ ਕਾਂਟ ਦੇ ਦਰਸ਼ਨ 'ਤੇ ਡਾਕਟਰੀ ਦੀ ਡਿਗਰੀ ਹਾਸਿਲ ਕੀਤੀ। ਸਾਈਮਨ ਸਟਰੌਂਗ ਨੇ 1992 ਵਿਚ 'ਦਿ ਸ਼ਾਇਨਗ ਪਾਥ: ਦਿ ਵਰਲਡ'ਜ਼ ਡੈੱਡਲੀਐਸਟ ਰੈਵੋਲਿਊਸ਼ਨਰੀ ਫੋਰਸ' ਸਿਰਲੇਖ ਹੇਠਲੀ ਪੁਸਤਕ ਵਿਚ ਇਸ ਅਲੋਕਾਰ ਗੁਰੀਲਾ ਆਗੂ ਦਾ ਕ੍ਰਿਸ਼ਮਾ ਆਸ਼ਕਾਰ ਕੀਤਾ ਹੋਇਆ ਹੈ। ਗੁਜ਼ਮੈਨ ਕਾਰਲ ਮਾਰਕਸ, ਲੈਨਿਨ ਜਾਂ ਮਾਓ ਦੀਆਂ ਕਿਰਤਾਂ ਦਾ ਮਾਹਿਰ ਸੀ। ਫਿਓਦੋਰ ਦਾਸਤੋਵਸਕੀ ਅਤੇ ਪਾਬਲੋ ਨੇਰੂਦਾ ਉਸ ਦੇ ਮਨ-ਭਾਉਂਦੇ ਲੇਖਕ ਸਨ। ਬਾਖ, ਬੀਥੋਵਨ, ਵਾਗਨਰ ਅਤੇ ਮੋਜ਼ਾਰਟ ਉਸ ਦੇ ਪਸੰਦੀਦਾ ਸੰਗੀਤਕਾਰ ਸਨ। ਜਾਨ ਲਾਕ ਦੀਆਂ ਕਿਰਤਾਂ ਅਤੇ ਜਾਨ ਮਿਲਟਨ ਦੇ 'ਪੈਰਾਡਾਈਜ਼ ਲੌਸਟ' ਵਿਚੋਂ ਹਵਾਲੇ ਉਹ ਇੰਝ ਦਿੰਦਾ ਸੀ ਕਿ ਸੁਣਨ ਵਾਲੇ ਮੰਤਰ-ਮੁਗਧ ਹੋ ਜਾਂਦੇ ਸਨ।

ਸਾਈਮਨ ਸਟਰੌਂਗ ਦੀ ਪੁਸਤਕ ਦੇ ਨਾਲ ਹੀ ਮੇਰੇ ਸਾਹਵੇਂ ਪੇਰੂ ਦੇ ਜੁਝਾਰੂ ਪੱਤਰਕਾਰ/ਲੇਖਕ ਗੁਸਤਾਵ ਗੋਰੀਟੀ ਦੀ ਪੁਸਤਕ 'ਦਿ ਮੈੱਨ ਹੂ ਸੇਵਡ ਦਿਅਰ ਕੰਟਰੀ' ਪਈ ਹੈ ਜੋ ਬੈਨਡਿਕੀ ਜਿੰਮਨੇਜ਼ ਨਾਂ ਦੇ ਪੇਰੂ ਦੀ ਖੁਫੀਆ ਪੁਲਿਸ ਦੇ ਉਸ ਅਫ਼ਸਰ ਦੀ ਕਥਾ ਸੁਣਾਉਂਦੀ ਹੈ ਜਿਸ ਨੇ ਪੂਰੇ ਦੋ ਵਰ੍ਹੇ ਸਿਰ 'ਤੇ ਕਫ਼ਨ ਬੰਨ੍ਹ ਕੇ ਸਾਥੀਆਂ ਨਾਲ ਗੁਜ਼ਮੈਨ ਨੂੰ ਲੱਭਣ ਲਈ ਦਿਨ-ਰਾਤ ਇੱਕ ਕੀਤਾ ਅਤੇ 12 ਸਤੰਬਰ 1992 ਨੂੰ ਇਸ ਗੁਰੀਲਾ ਆਗੂ ਤੇ ਉਸ ਦੀ ਡਿਪਟੀ ਆਗੂ ਇਲੈਨਾ ਨੂੰ ਰਾਜਧਾਨੀ ਲੀਮਾ ਦੀ ਇੱਕ ਪੌਸ਼ ਡਾਂਸ ਅਕੈਡਮੀ ਵਿਚੋਂ ਗ੍ਰਿਫਤਾਰ ਕਰ ਲਿਆ।

ਪੱਤਰਕਾਰ ਗੁਸਤਾਵ ਗੋਰੀਟੀ, ਗੁਜ਼ਮੈਨ ਦੇ ਨਾਂਹਵਾਦੀ ਇਨਕਲਾਬੀ ਸੰਗਠਨ ਦਾ ਤਾਂ ਨੁਕਤਾਚੀਨ ਸੀ, ਪਰ ਉਸ ਸਮੇਂ ਦੇ ਰਾਸ਼ਟਰਪਤੀ ਅਲਬਰਟੋ ਫੂਜੀਮੋਰੀ ਨਾਲ ਵੀ ਉਸ ਦਾ ਇੱਟ-ਕੁੱਤੇ ਤੋਂ ਤਿੱਖਾ ਵੈਰ ਸੀ। ਫੂਜੀਮੋਰੀ ਰਾਸ਼ਟਰਪਤੀ ਦੇ ਅਹੁਦੇ ਲਈ 1990 ਦੀਆਂ ਚੋਣਾਂ ਦੌਰਾਨ ਪੇਰੂ ਦੇ ਮਹਾਨ ਚਿੰਤਕ, ਨੋਬੈੱਲ ਵਿਜੇਤਾ ਨਾਵਲਕਾਰ ਇਓਸ਼ਾ ਨੂੰ ਹਰਾ ਕੇ ਜਿੱਤਿਆ ਸੀ, ਪਰ ਚੋਣ ਜਿੱਤਦਿਆਂ ਹੀ ਉਸ ਨੇ ਆਪਣੇ ਮਿੱਤਰ ਤੇ ਸਾਬਕਾ ਕਾਮਰੇਡ ਵਲਾਦੀਮੀਰ ਮੋਨੇਟਸੀਨੋਸ ਨੂੰ ਗ੍ਰਹਿ ਮੰਤਰੀ ਥਾਪ ਕੇ ਗੁਰੀਲਾ ਹਿੰਸਾ 'ਤੇ ਪਰਦਾ ਪਾਉਣ ਦੇ ਬਹਾਨੇ ਤਾਨਾਸ਼ਾਹ ਅੰਦਾਜ਼ ਵਿਚ ਕੰਮ ਸ਼ੁਰੂ ਕਰ ਦਿੱਤਾ। ਗੁਸਤਾਵ ਗੋਰੀਟੀ ਨੇ 1992 ਵਿਚ ਮੋਨੇਟਸੀਨੋਸ ਦੇ ਕੋਕੀਨ ਸਮੱਗਲਰਾਂ ਨਾਲ ਸਬੰਧਾਂ ਨੂੰ ਬੇਪਰਦ ਕਰਨ ਵਾਲੀ ਰਿਪੋਰਟ ਨਸ਼ਰ ਕੀਤੀ, ਤਾਂ ਫੂਜੀਮੋਰੀ ਬੁਖਲਾ ਉਠਿਆ ਤੇ ਪੁਲਿਸ ਨੇ ਉਸ ਨੂੰ ਘਰੋਂ ਅਗਵਾ ਕਰ ਲਿਆ। ਇਸ ਘਟਨਾ ਤੋਂ ਕੋਹਰਾਮ ਮੱਚ ਗਿਆ। ਗੋਰੀਟੀ ਦੀ ਰਿਹਾਈ ਤਾਂ ਹੋ ਗਈ, ਪਰ ਉਸ ਨੂੰ ਦੇਸ਼ ਛੱਡਣਾ ਪਿਆ। ਫੂਜੀਮੋਰੀ 10 ਵਰ੍ਹੇ ਦੇਸ਼ ਦਾ ਤਾਨਾਸ਼ਾਹ ਬਣਿਆ ਰਿਹਾ, ਫਿਰ ਉਸ ਨੂੰ ਵੀ ਦੇਸ਼ ਛੱਡ ਕੇ ਭੱਜਣਾ ਪੈ ਗਿਆ। ਉਂਜ, ਗੋਰੀਟੀ ਫੂਜੀਮੋਰੀ ਦੀਆਂ ਜੜ੍ਹਾਂ ਵਿਚ ਅਜਿਹਾ ਬੈਠਾ ਕਿ ਪੇਰੂ ਦੀ ਅਗਲੀ ਸਰਕਾਰ ਵੱਲੋਂ ਕਾਇਮ ਕੀਤੇ ਵਿਸ਼ੇਸ਼ ਟ੍ਰਿਬਿਊਨਲ ਨੇ ਗੋਰੀਟੀ ਅਗਵਾ ਕੇਸ ਅਤੇ ਮਾਨਵ ਅਧਿਕਾਰਾਂ ਦੀ ਉਲੰਘਣਾ ਦੇ ਕੁਝ ਹੋਰ ਦੋਸ਼ਾਂ ਵਿਚ ਅਪਰੈਲ 2009 ਵਿਚ ਫੂਜੀਮੋਰੀ ਨੂੰ 25 ਵਰ੍ਹੇ ਕੈਦ ਦੀ ਸਜ਼ਾ ਸੁਣਾ ਕੇ ਕਾਲ ਕੋਠੜੀ ਦੇ ਉਸ 'ਪਿੰਜਰੇ' ਵਿਚ ਭੇਜ ਦਿੱਤਾ ਜਿੱਥੇ ਗੁਰੀਲਾ ਦਾਰਸ਼ਨਿਕ ਗੁਜ਼ਮੈਨ ਪਹਿਲਾਂ ਹੀ ਕਈ ਵਰ੍ਹਿਆਂ ਤੋਂ ਉਸ ਨੂੰ 'ਉਡੀਕ' ਰਿਹਾ ਸੀ।

ਗੁਰੀਲਾ ਹਿੰਸਾ ਦੌਰਾਨ ਸੱਤਰ-ਅੱਸੀ ਹਜ਼ਾਰ ਤੋਂ ਵੀ ਵੱਧ ਜਾਨਾਂ ਗਈਆਂ। ਮਨੋਵਿਗਿਆਨੀਆਂ ਅਤੇ ਸਮਾਜ ਸ਼ਾਸਤਰੀਆਂ ਲਈ ਇਹ ਬਹਿਸ ਅਜੇ ਵੀ ਚਰਚਾ ਦਾ ਵਿਸ਼ਾ ਹੈ ਕਿ ਗੁਜ਼ਮੈਨ ਨੇ ਪੇਰੂ ਦੇ ਨੌਜਵਾਨਾਂ ਦੇ ਦਿਲੋ-ਦਿਮਾਗ ਉਪਰ ਛਾਉਣੀਆਂ ਕਿਵੇਂ ਪਾਈਆਂ!

000

ਚਾਰ ਕੁ ਸਾਲ ਪਹਿਲਾਂ ਦੀ ਗੱਲ ਹੈ। ਭਾਅ ਜੀ ਕਰਮਜੀਤ ਸਿੰਘ ਪਟਿਆਲੇ ਮਿਲਣ ਆਏ ਹੋਏ ਸਨ। ਸਟਾਲਿਨ ਦੀਆਂ ਸੱਤ-ਅੱਠ ਮੋਟੀਆਂ ਜੀਵਨ ਕਥਾਵਾਂ ਮੇਜ਼ 'ਤੇ ਪਈਆਂ ਸਨ, ਤੇ ਮੈਂ ਵੀਰ ਆਪਣੇ ਨੂੰ ਉਹ ਪੁਸਤਕਾਂ ਦਿਖਾ ਕੇ ਦੱਸਣ ਦੀ ਕੋਸ਼ਿਸ਼ ਕਰ ਰਿਹਾ ਸਾਂ ਕਿ ਕਾਇਨਾਤ ਦਾ ਉਹ ਕਿੰਨਾ ਵੱਡਾ ਜੱਲਾਦ ਸੀ, ਪਰ 1936-38 ਦੇ ਬਦਨਾਮ ਖੁੱਲ੍ਹੇ ਮਾਸਕੋ ਮੁਕੱਦਮਿਆਂ ਦੌਰਾਨ ਉਸ ਦੀ ਇਹ ਖਸਲਤ ਜੱਗ-ਜ਼ਾਹਿਰ ਹੋ ਜਾਣ ਦੇ ਬਾਵਜੂਦ ਦੁਨੀਆਂ ਭਰ ਵਿਚ ਕਰੋੜਾਂ ਹੀ ਸੁਪਨੇਸਾਜ਼ ਇਨਕਲਾਬੀ ਨੌਜਵਾਨ ਉਸ ਦੀ ਸ਼ਖ਼ਸੀਅਤਪ੍ਰਸਤੀ ਦੀ ਗ੍ਰਿਫਤ ਅੰਦਰ ਸਨ।

ਉਨ੍ਹੀਂ ਦਿਨੀ ਹੀ ਅਮਰੀਕਾ ਰਹਿੰਦੇ ਹਰਮਹਿੰਦਰ ਚਾਹਲ ਨੇ 9/11 ਵਾਲੇ ਜਹਾਦੀਆਂ ਦੀ ਹੋਣਹਾਰ ਸਹਾਇਕ ਆਫ਼ੀਆ ਸਦੀਕੀ ਦੀ ਤਰਾਸਦੀ ਬਾਰੇ 'ਆਫ਼ੀਆ ਸਦੀਕੀ ਦਾ ਜਹਾਦ' ਪੁਸਤਕ ਦੀ ਰਚਨਾ ਕੀਤੀ ਸੀ ਜੋ 'ਪੰਜਾਬ ਟਾਈਮਜ਼' ਵਿਚ ਲੜੀਵਾਰ ਛਪ ਚੁੱਕੀ ਹੈ। ਕਰਮਜੀਤ ਸਿੰਘ ਨੂੰ ਉਸ ਦੀ ਇਸ 'ਰੂਹਾਨੀ ਭੈਣ' ਦੀ ਇਹ ਕਥਾ ਪੜ੍ਹਨ ਲਈ ਦਿੱਤੀ ਸੀ। ਉਦੋਂ ਇਕ ਹੋਰ ਚਰਚਾ ਉਨ੍ਹਾਂ ਨਾਲ ਹੋਈ ਸੀ। ਇਹ ਮਹਾਨ ਮੈਕਸੀਕਨ ਨਾਵਲਕਾਰ ਕਾਰਲੋਸ ਫਿਊਂਨਤੈਸ ਦੇ ਨਾਵਲ 'ਦਿ ਡੈੱਥ ਆਫ਼ ਆਰਟੇਮੀਓ ਕਰੂਜ਼' ਨਾਲ ਸਬੰਧਿਤ ਸੀ। ਮਾਨਵੀ ਇਤਿਹਾਸ ਅੰਦਰ ਇਨਸਾਨ ਦੇ ਸਭ ਆਦਰਸ਼, ਖਾਸ ਕਰ ਕੇ ਇਨਕਲਾਬੀ ਆਦਰਸ਼ ਵਾਰ-ਵਾਰ ਬਦਰੰਗ ਕਿੰਝ ਹੁੰਦੇ ਰਹੇ, ਇਸ ਅਹਿਸਾਸ ਦੀ ਸਮਝ ਅਤੇ ਇਸ ਦੇ ਦਰਦ ਦੇ ਮਾਮਲੇ ਵਿਚ ਫਿਊਂਨਤੈਸ ਦਾ ਕੋਈ ਸਾਨੀ ਨਹੀਂ ਹੈ। ਅਸੀਂ ਕਰਮਜੀਤ ਸਿੰਘ ਦੇ ਮਨ ਅੰਦਰ 'ਮਸੀਹਾ ਦੀ ਉਡੀਕ' ਲਈ ਅਮੁੱਕ ਤੜਫਾਹਟ ਨੂੰ ਬਹੁਤ ਕਰੀਬ ਤੋਂ ਦੇਖਿਆ ਹੈ। ਕੁਝ ਸਮਾਂ ਪਹਿਲਾਂ ਜਦੋਂ ਪੰਜ ਪਿਆਰਿਆਂ ਨੇ ਨਵਾਂ ਕੌਤਕ ਕੀਤਾ ਤਾਂ ਕਰਮਜੀਤ ਸਿੰਘ ਦਾ ਸਦੀਵੀ ਭਟਕਣ ਦੀ ਗ੍ਰਿਫਤ ਵਿਚ ਆਇਆ ਹੋਇਆ ਮਨ ਆਪ-ਮੁਹਾਰੇ ਹੀ 'ਵਧਾਈਆਂ! ਵਧਾਈਆਂ!!' ਕਹਿ ਕੇ 'ਨੱਚ' ਉੱਠਿਆ। ਫਿਊਂਨਤੈਸ ਦੇ ਉਸ ਮਹਾਨ ਨਾਵਲ ਅੰਦਰ ਇੱਕ ਬਜ਼ੁਰਗ ਪਾਤਰ ਕਿਧਰੇ ਕਰਮਜੀਤ ਸਿੰਘ ਵਰਗੇ ਹੀ ਕਿਸੇ ਉਤਸ਼ਾਹੀ ਸਾਥੀ ਨੂੰ ਇਹ ਕਹਿ ਕੇ ਟਿਕਾਉਣ ਦੀ ਕੋਸ਼ਿਸ਼ ਕਰ ਰਿਹਾ ਹੈ:

"ਕਦੇ-ਕਦੇ ਇਉਂ ਲਗਦਾ ਹੈ ਕਿ ਖੜਕੇ-ਦੜਕੇ, ਕਾਤਲੋ-ਗਾਰਤ ਅਤੇ ਅਲੀ-ਅਲੀ ਦੇ ਨਾਅਰਿਆਂ ਦੀ ਗੂੰਜ ਤੋਂ ਬਿਨਾਂ ਵੀ ਆਦਮੀ ਸੁੰਨ ਹੋ ਜਾਂਦਾ ਹੈ। ਕਬਰਸਤਾਨ ਵਰਗੀ ਸ਼ਾਂਤੀ ਤੋਂ ਵੀ ਬੰਦਾ ਘਬਰਾ ਜਾਂਦਾ ਹੈ। ਸ਼ਮਸ਼ੀਰਾਂ ਦੇ ਵਜਦ ਦੀ ਲੋੜ ਪੈਂਦੀ ਹੈ। (ਅਖੇ) ਇਉਂ ਲੱਗਦਾ ਹੈ ਕਿ ਜੰਗ-ਯੁੱਧ, ਮਾਰ-ਧਾੜ ਅਤੇ ਕਤਲਗਾਹਾਂ ਸਾਨੂੰ ਵੱਡਾ ਜੀਵਨਦਾਨ ਬਖ਼ਸ਼ਦੀਆਂ ਹਨ। ਇਨਸਾਨ ਬਹੁਤੀ ਦੇਰ ਸੂਹੇ, ਖ਼ੂਨੀ ਖ਼ੁਆਬਾਂ ਤੋਂ ਬਿਨਾਂ ਜਿੰਦਾ ਰਹਿ ਨਹੀਂ ਸਕਦਾ, ਚਾਹੇ ਉਸ ਨੂੰ ਵਾਰ-ਵਾਰ ਮੂੰਹ ਦੀ ਖਾਣੀ ਹੀ ਕਿਉਂ ਨਾ ਪਵੇ।"

ਖੈਰ! ਸਰਬੱਤ ਖਾਲਸਾ ਦੇ ਰੌਣਕ ਮੇਲੇ ਵਿਚ ਬਾਈ ਜੀ ਕਰਮਜੀਤ ਨੂੰ ਬਾਜਾਂ ਵਾਲੇ ਦੀ ਆਮਦ ਦੀ ਆਹਟ ਸੁਣਾਈ ਦਿੰਦੀ ਹੈ। ਇਸ ਦੇ ਉਲਟ ਕੇ.ਪੀ.ਐੱਸ. ਗਿੱਲ ਨੇ ਪੰਜਾਬ ਦੀ ਅਕਾਲੀ ਸਿਆਸਤ ਅਤੇ ਖਾੜਕੂ ਲਹਿਰ ਦੀ ਸਾਰਥਿਕਤਾ ਨੂੰ ਨਕਾਰਨ ਲਈ 'ਨਾਈਟਸ ਆਫ਼ ਫਾਲਸਹੁੱਡ' ਪੁਸਤਕ ਲਿਖੀ। ਇਸ ਦਾ ਪੰਜਾਬੀ ਅਨੁਵਾਦ 'ਕੂੜ ਫਿਰੈ ਪਰਧਾਨ' ਸਿਰਲੇਖ ਤਹਿਤ ਹੋਇਆ। ਕੇ.ਪੀ.ਐੱਸ. ਗਿੱਲ ਨਾਲ ਕਿਸੇ ਦੀ ਸਹਿਮਤੀ ਜਾਂ ਅਸਹਿਮਤੀ ਹੋ ਸਕਦੀ ਹੈ, ਪਰ ਇਹ ਮੰਨਣ ਦੀ ਕੋਸ਼ਿਸ਼ ਤਾਂ ਕਰਨੀ ਹੀ ਚਾਹੀਦੀ ਹੈ ਕਿ ਗੁਰੂ ਨਾਨਕ ਦੇ ਮਿਸ਼ਨ ਅਤੇ ਸੰਦੇਸ਼ ਦੀ ਪਰਿਭਾਸ਼ਾ 'ਤੇ ਅਜਾਰੇਦਾਰੀ ਕੇਵਲ ਕਰਮਜੀਤ ਸਿੰਘ ਜਾਂ ਹਰਿੰਦਰ ਸਿੰਘ ਮਹਿਬੂਬ ਵਰਗੇ ਮਿੱਤਰਾਂ ਦੀ ਹੀ ਨਹੀਂ ਹੈ। ਇਸ ਉਤੇ ਕੇ.ਪੀ.ਐੱਸ. ਗਿੱਲ, ਖੁਸ਼ਵੰਤ ਸਿੰਘ, ਦਰਸ਼ਨ ਸਿੰਘ ਕੈਨੇਡੀਅਨ, ਡਾ. ਸਾਧੂ ਸਿੰਘ ਜਾਂ ਡਾ. ਰਵਿੰਦਰ ਰਵੀ ਵਰਗੇ ਸੱਜਣਾਂ ਦਾ ਵੀ ਉਨਾ ਹੀ ਹੱਕ ਹੈ।

ਖੁਸ਼ਵੰਤ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੀ ਦੇਹਰੀ 'ਤੇ ਡੀ.ਆਈ.ਜੀ. ਏ.ਐੱਸ. ਅਟਵਾਲ ਦੀ ਹੱਤਿਆ ਦੀ ਘਟਨਾ ਤੋਂ ਬਾਅਦ ਪੰਜਾਬ ਦੀ ਹਾਲਤ ਉਤੇ ਚਿੰਤਾ ਪ੍ਰਗਟ



*ਗੁਰਚਰਨ ਸਿੰਘ ਟੌਹੜਾ, ਪ੍ਰਕਾਸ਼ ਸਿੰਘ ਬਾਦਲ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ।*

ਕਰਦਿਆਂ 28 ਅਪਰੈਲ 1983 ਨੂੰ ਬਿਆਨ ਦਿੱਤਾ ਸੀ ਜਿਸ ਨੂੰ ਉਨ੍ਹਾਂ 'ਪੰਜਾਬ ਬਾਰੇ ਸਪਸ਼ਟ ਬਿਆਨੀ' ਸਿਰਲੇਖ ਹੇਠਲੇ ਆਪਣੇ ਲੇਖ ਵਿਚ ਵੀ ਅੰਕਿਤ ਕੀਤਾ। ਉਨ੍ਹਾਂ ਕਾਂਗਰਸ ਦਾ ਨੁਮਾਇੰਦਾ ਹੋਣ ਦੇ ਬਾਵਜੂਦ ਅਨੇਕਾਂ ਵਾਰ ਵਕਤ ਦੇ ਹਾਕਮਾਂ ਨੂੰ ਹੋਸ਼ ਤੋਂ ਕੰਮ ਲੈਣ ਅਤੇ ਅਕਾਲੀ ਨੇਤਾਵਾਂ ਨਾਲ ਜ਼ਿੰਮੇਵਾਰਾਨਾ ਅੰਦਾਜ਼ ਵਿਚ ਗੱਲਬਾਤ ਕਰ ਕੇ ਸਭ ਜਾਇਜ਼ ਮੰਗਾਂ ਮੰਨਣ ਲਈ ਜ਼ੋਰ ਦਿੱਤਾ ਅਤੇ ਨਾਲ ਹੀ ਕੰਪਲੈਕਸ ਵਿਚ ਕਿਸੇ ਵੀ ਸੂਰਤ ਵਿਚ ਤਾਕਤ ਦੀ ਵਰਤੋਂ ਨਾ ਕਰਨ ਦੀ ਗੁਜ਼ਾਰਿਸ਼ ਕੀਤੀ ਹੋਈ ਹੈ। ਇਸੇ ਤਰ੍ਹਾਂ ਫਰਵਰੀ 1984 ਵਿਚ ਉਨ੍ਹਾਂ ਦੀ ਅਜਿਹੀ ਹੀ ਅਹਿਮ ਸਪੀਚ ਹੈ। 1984 ਵਿਚ 3 ਮਾਰਚ ਦਾ 'ਮੈਲਿਸ ਟੁਵਰਡਜ਼ ਵਨ ਐਂਡ ਆਲ' ਵਾਲਾ ਕਾਲਮ ਵੀ ਪੜ੍ਹਨ ਵਾਲਾ ਹੈ ਜਿਸ ਵਿਚ ਉਨ੍ਹਾਂ ਕੰਪਲੈਕਸ ਵਿਚ ਹਾਲਤ ਇਤਰਾਜ਼ਯੋਗ ਹੋਣ ਦੇ ਬਾਵਜੂਦ ਬੜੇ ਸਖ਼ਤ ਅਤੇ ਸਪਸ਼ਟ ਸ਼ਬਦਾਂ ਵਿਚ ਦਰਬਾਰ ਸਾਹਿਬ ਕੰਪਲੈਕਸ ਅੰਦਰ ਕਿਸੇ ਵੀ ਹਾਲ ਵਿਚ ਤਾਕਤ ਦੀ ਵਰਤੋਂ ਤੋਂ ਗੁਰੇਜ਼ ਕਰਨ ਲਈ ਕਿਹਾ ਹੈ। ਆਖੀਰ ਫੌਜੀ ਕਾਰਵਾਈ ਹੋ ਗਈ ਤਾਂ ਉਹ ਸ਼ਾਇਦ ਸਭ ਤੋਂ ਪਹਿਲੇ ਸ਼ਖ਼ਸ ਸਨ ਜਿਨ੍ਹਾਂ ਨੇ ਰੋਸ ਵਜੋਂ ਇਨਾਮ-ਸਨਮਾਨ ਵਾਪਿਸ ਕੀਤੇ। ਇਸ ਸਾਰੇ ਕਾਸੇ ਦੇ ਬਾਵਜੂਦ ਉਹ ਸਿੱਖ ਲਹਿਰ ਦੇ ਹੱਕ ਵਿਚ ਨਹੀਂ ਸਨ। ਸਿੱਖ ਭਾਈਚਾਰੇ ਬਾਰੇ ਉਨ੍ਹਾਂ ਦੀ ਸਪਸ਼ਟ ਬਿਆਨੀ ਜ਼ਰਾ ਵੇਖੋ:


"ਸਮੁੱਚੀ ਵੱਖਵਾਦੀ ਲਹਿਰ ਹੀ ਗ਼ਲਤ ਸੀ ਅਤੇ ਇਹ ਭਿਆਨਕ ਹੱਦ ਤੱਕ ਗ਼ਲਤ ਪਾਸੇ ਚਲੀ ਗਈ। ਖਾਲਿਸਤਾਨ ਦੀ ਮੰਗ ਕਰਨਾ ਸਿੱਖਾਂ ਲਈ ਖੁਦਕੁਸ਼ੀ ਦੇ ਬਰਾਬਰ ਸੀ। ਨਿੱਕਾ ਜਿਹਾ ਰਾਜ ਹੋਣਾ ਸੀ, ਮੁੱਖ ਤੌਰ 'ਤੇ ਖੇਤੀ ਉਤੇ ਆਸ਼ਰਿਤ। ਇੱਕ ਪਾਸੇ ਪਾਕਿਸਤਾਨ ਅਤੇ ਦੂਜੇ ਪਾਸੇ ਭਾਰਤ ਦਰਮਿਆਨ ਫਸਿਆ ਹੋਇਆ ਉਕਾ ਹੀ ਨਾ ਜਿਉਣਯੋਗ।... (ਸਾਕਾ ਨੀਲਾ ਤਾਰਾ ਦੇ ਦੁਖਾਂਤ ਪਿਛੋਂ) ਸਿੱਖ ਹੌਲੀ-ਹੌਲੀ ਫਿਰ ਪੈਰਾਂ 'ਤੇ ਖੜ੍ਹੇ ਹੋ ਗਏ। ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰ ਹੈ ਕਿ ਪ੍ਰਧਾਨ ਮੰਤਰੀ ਸਿੱਖ ਹੈ। ਫੌਜ ਦਾ ਮੁਖੀ ਜਨਰਲ ਜੇ.ਜੇ. ਸਿੰਘ ਸਿੱਖ ਹੈ। ਭਾਰਤੀ ਚੋਣ ਕਮਿਸ਼ਨਰ ਸਿੱਖ ਹੈ ਅਤੇ ਇੱਕ ਸਿੱਖ ਮੋਨਟੇਕ ਸਿੰਘ ਆਹਲੂਵਾਲੀਆ ਹੀ ਭਾਰਤੀ ਯੋਜਨਾ ਕਮਿਸ਼ਨ ਨੂੰ ਚਲਾ ਰਿਹਾ ਹੈ। ਅੱਜ ਖਾਲਸਾ ਕਲਮ ਰਾਹੀਂ ਵੀ ਰਾਜ ਕਰ ਰਿਹਾ ਹੈ।"

ਕਰਮਜੀਤ ਸਿੰਘ ਅਤੇ ਉਨ੍ਹਾਂ ਵਰਗੀ ਸੋਚ ਵਾਲੇ ਮਿੱਤਰਾਂ ਨੂੰ ਇਨ੍ਹਾਂ ਤੱਥਾਂ ਦਾ ਪਤਾ ਹੈ? ਜੇ ਪਤਾ ਹੈ ਤਾਂ ਉਨ੍ਹਾਂ ਦਾ ਇਸ ਬਾਰੇ ਕੀ ਕਹਿਣਾ ਹੈ? ਅਜੋਕੇ ਪੰਜਾਬ ਜਿੱਥੇ ਅੱਜ ਦੀ ਤਰੀਕ ਵਿਚ ਜੱਟ-ਸਿੱਖ ਭਾਈਚਾਰੇ ਨਾਲ ਸਬੰਧਿਤ ਕੋਈ ਨੌਜਵਾਨ ਲੜਕਾ ਜਾਂ ਲੜਕੀ ਰਹਿਣ ਨੂੰ ਰਾਜ਼ੀ ਨਹੀਂ, ਉਸ ਦੀ ਹੋਣੀ ਨੂੰ ਨਵਿਆਉਣ ਲਈ ਉਨ੍ਹਾਂ ਕੋਲ ਭਲਾ ਕਿਹੜੀ ਨਿੱਗਰ ਆਰਥਿਕ ਯੋਜਨਾ ਹੈ? ਉਹ ਉਨ੍ਹਾਂ ਨੂੰ ਵਾਰ-ਵਾਰ 'ਬ੍ਰਾਹਮਣ-ਬਾਣੀਆਂ' ਸਰਕਾਰ ਵਿਰੁਧ ਲੜ ਮਰਨ ਲਈ ਲਲਕਾਰ ਜਾਂ ਵੰਗਾਰ ਕੇ ਭਲਾ ਚਾਹੁੰਦੇ ਕੀ ਹਨ?

ਹੁਣ 'ਵਧਾਈਆਂ! ਵਧਾਈਆਂ!!' ਵਾਲੇ ਲੇਖ ਦਾ ਸ਼ੁਰੂਆਤੀ ਪੈਰਾ ਜ਼ਰਾ ਵੇਖੋ:


"ਵਧਾਈਆਂ! ਵਧਾਈਆਂ!! ਕਿਉਂਕਿ ਅਕਾਲ ਤਖਤ 'ਤੇ ਅੰਮ੍ਰਿਤ ਛਕਾਉਣ ਦੀ ਰਸਮ ਨਿਭਾਅ ਰਹੇ ਪੰਜ ਪਿਆਰੇ ਮੁੜ ਸਰਗਰਮ ਹੋ ਗਏ ਹਨ ਅਤੇ ਉਨ੍ਹਾਂ ਨੇ ਮੌਜੂਦਾ ਜੱਥੇਦਾਰਾਂ ਨੂੰ ਅਲਟੀਮੇਟਮ ਦੇ ਦਿੱਤਾ ਹੈ ਕਿ ਜੇ ਉਹ ਪਹਿਲੀ ਜਨਵਰੀ ਤੱਕ ਆਪਣੇ ਅਹੁਦਿਆਂ ਨੂੰ ਨਹੀਂ ਛੱਡਦੇ ਤਾਂ 2 ਜਨਵਰੀ 2016 ਨੂੰ ਉਨ੍ਹਾਂ ਵਿਰੁੱਧ ਕਰਵਾਈ ਕਰਨ ਲਈ ਅਗਲੇ ਪ੍ਰੋਗਰਾਮ ਦਾ ਐਲਾਨ ਕੀਤਾ ਜਾਵੇਗਾ। (ਅਖੇ) ਸੱਚ ਤਾਂ ਇਹ ਹੈ ਕਿ ਇਨ੍ਹਾਂ

(ਬਾਕੀ ਅਗਲੇ ਸਫੇ 'ਤੇ)



ਸੰਤ ਫ਼ਤਹਿ ਸਿੰਘ

*ਮਾਰਚ 1970 ਵਿਚ ਰਾਜ ਸਭਾ ਦੀਆਂ ਤਿੰਨ ਸੀਟਾਂ ਦੀ ਚੋਣ ਆ ਗਈ। ਸੰਤ ਫ਼ਤਹਿ ਸਿੰਘ ਨੇ ਗੁਰਚਰਨ ਸਿੰਘ ਟੌਹੜਾ ਅਤੇ ਸੰਤੋਖ ਸਿੰਘ ਨੂੰ ਮੈਦਾਨ ਵਿਚ ਉਤਾਰ ਦਿੱਤਾ। ਉਧਰ, ਜਸਟਿਸ ਗੁਰਨਾਮ ਸਿੰਘ ਨੇ ਅੰਦਰ-ਖਾਤੇ ਸੈਂਟਰਲ ਪਾਰਲੀਮੈਂਟਰੀ ਬੋਰਡ ਦੇ ਚੇਅਰਮੈਨ ਗਿਆਨੀ ਭੁਪਿੰਦਰ ਸਿੰਘ ਨੂੰ ਥਾਪੜਾ ਦੇ ਦਿੱਤਾ। ਗਿਆਨੀ ਜੀ ਜਿੱਤ ਗਏ। ਸੰਤ ਅੰਦਰ ਸਬਰ ਬਹੁਤ ਸੀ। ਇਨ੍ਹਾਂ ਗੁਣਾਂ ਨਾਲ ਹੀ ਤਾਂ ਉਨ੍ਹਾਂ ਮਾਸਟਰ ਤਾਰਾ ਸਿੰਘ ਵਰਗੇ ਪੰਥ ਦੇ 'ਬੇਤਾਜ ਬਾਦਸ਼ਾਹ' ਨੂੰ ਸਿਫਰ ਕੀਤਾ ਸੀ। ਉਨ੍ਹਾਂ ਕੋਲੋਂ ਜਸਟਿਸ ਦੀ ਸੱਟ ਜਰੀ ਨਾ ਗਈ।*



ਜਸਟਿਸ ਗੁਰਨਾਮ ਸਿੰਘ

ਪੰਜ ਪਿਆਰਿਆਂ ਨੇ ਸੰਨ 1699 ਦੀ ਵਿਸਾਖੀ ਵਾਲੇ ਪੰਜ ਪਿਆਰਿਆਂ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ ਜਿਨ੍ਹਾਂ ਨੇ ਦਸਮੇਸ਼ ਪਿਤਾ ਦਾ ਹੁਕਮ ਮੰਨਿਆ ਅਤੇ ਉਸ ਦਿਨ ਇਤਿਹਾਸ ਨੇ ਉਹ ਚਮਤਕਾਰ ਵੇਖਿਆ ਜੋ ਸਾਡੇ ਮਨਾਂ ਨੂੰ ਅੱਜ ਤੱਕ ਵੀ ਧੂਹਾਂ ਪਾਈ ਜਾਂਦਾ ਹੈ। ਪੰਜ ਪਿਆਰਿਆਂ ਵੱਲੋਂ ਚੁੱਕੇ ਤਾਜ਼ਾ ਕਦਮ ਨਾਲ ਹੁਣ ਇੰਝ ਮਹਿਸੂਸ ਹੋਇਆ ਹੈ ਜਿਵੇਂ ਦਿਲ ਦੇ ਵਿਹੜੇ ਵਿਚ ਇਲਾਹੀ ਨੂਰ ਦੀ ਕੋਈ ਤਰੋ-ਤਾਜ਼ਾ ਛੱਲ ਆਈ ਹੈ।"

ਸਿੱਖ ਇਤਿਹਾਸ ਦੀ ਪੜ੍ਹਤ ਅਤੇ ਸਮਝ ਦੇ ਪੱਖ ਤੋਂ ਕਰਮਜੀਤ ਸਿੰਘ ਦੀ ਸੁਹਿਰਦਤਾ ਠੀਕ ਹੈ- ਇਹ ਪਤਾ ਹੈ, ਕੋਈ ਕਿੰਤੂ ਨਹੀਂ ਹੈ। ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੈ ਜਿਸ ਦਾ ਮੁਖੀ ਪ੍ਰਕਾਸ਼ ਸਿੰਘ ਬਾਦਲ ਹੈ। ਸ਼੍ਰੋਮਣੀ ਕਮੇਟੀ ਉਨ੍ਹਾਂ ਦੇ ਕਬਜ਼ੇ ਵਿਚ ਹੈ ਅਤੇ ਜੱਥੇਦਾਰ ਵੀ ਉਨ੍ਹਾਂ ਦੇ ਹੀ ਨਾਮਜ਼ਦ ਕੀਤੇ ਹੋਏ ਹਨ। ਜ਼ਾਹਿਰ ਹੈ ਕਿ ਰੌਲਾ ਰਾਜਸੀ ਤਾਕਤ ਅਤੇ ਕਬਜ਼ੇ ਦਾ ਹੈ, ਬਾਦਲ ਨੂੰ ਪਾਸੇ ਕਰਨ ਦਾ ਹੈ।

ਇਥੇ ਬਿਹਤਰ ਰਹੇਗਾ ਕਿ ਅਕਾਲੀ ਦਲ ਦੀ 'ਪਾਵਰ ਪਾਲਿਟਿਕਸ' ਦੇ ਕੁਝ ਪੁਰਾਣੇ ਅਤੇ ਸਮਕਾਲੀ ਅਧਿਆਏ ਚੇਤੇ ਕੀਤੇ ਜਾਣ...

ਸ਼੍ਰੋਮਣੀ ਅਕਾਲੀ ਦਲ ਦੇ ਮਰਹੂਮ ਪ੍ਰਧਾਨ ਸੰਤ ਫ਼ਤਹਿ ਸਿੰਘ ਨੇ ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਲ ਕਰਵਾਉਣ ਲਈ ਆਪਣਾ ਅੰਤਿਮ ਮਰਨ ਵਰਤ 24 ਜਨਵਰੀ 1970 ਨੂੰ ਰੱਖਿਆ ਸੀ। ਉਨ੍ਹਾਂ ਅਲਟੀਮੇਟਮ ਦਿੱਤਾ ਕਿ ਕੇਂਦਰ ਸਰਕਾਰ ਨੇ 31 ਜਨਵਰੀ ਤੱਕ ਉਨ੍ਹਾਂ ਦੀ ਮੰਗ ਨਾ ਮੰਨੀ, ਤਾਂ ਉਹ ਪਹਿਲੀ ਫ਼ਰਵਰੀ ਨੂੰ ਆਤਮਦਾਹ ਕਰ ਜਾਣਗੇ। ਸਰਕਾਰ ਉਨ੍ਹਾਂ ਦੀ ਆਪਣੀ ਪਾਰਟੀ ਦੀ ਸੀ ਅਤੇ ਜਸਟਿਸ ਗੁਰਨਾਮ ਸਿੰਘ ਉਨ੍ਹਾਂ ਦੇ ਥਾਪੇ ਹੋਏ ਮੁੱਖ ਮੰਤਰੀ ਸਨ ਜਿਨ੍ਹਾਂ ਨੂੰ ਉਨ੍ਹਾਂ ਸ਼ਾਇਦ ਪੂਰੀ ਤਰ੍ਹਾਂ ਵਿਸ਼ਵਾਸ ਵਿਚ ਨਹੀਂ ਸੀ ਲਿਆ। ਅਲਟੀਮੇਟਮ ਕਰ ਕੇ ਉਨ੍ਹਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਉਨ੍ਹਾਂ ਦਿੱਲੀ ਜਾ ਕੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਮਨਾਉਣ ਲਈ ਸਿਰ-ਭੇੜ ਆਰੰਭ ਦਿੱਤੇ। ਇੰਦਰਾ ਨੇ ਆਖ ਦਿੱਤਾ ਕਿ ਚੰਡੀਗੜ੍ਹ ਪੰਜਾਬ ਨੂੰ ਦੇ ਦਿੰਦੇ ਹਾਂ, ਪਰ ਹਰਿਆਣਾ ਵਿਚ ਬਰਾਬਰ ਦੀ ਧਿਰ ਹੈ, ਅਬੋਹਰ-ਫ਼ਾਜ਼ਲਿਕਾ ਹਿੰਦੀ ਬੋਲਦੇ ਇਲਾਕੇ ਉਨ੍ਹਾਂ ਨੂੰ ਛੱਡਣੇ ਪੈਣੇ ਹਨ। ਇੰਦਰਾ ਗਾਂਧੀ ਨੇ ਇਹ ਗੱਲ ਸਮਝਾਈ ਅਤੇ ਜਸਟਿਸ ਕੋਲ ਇਸ ਦਾ ਕੋਈ ਜਵਾਬ ਨਹੀਂ ਸੀ, ਪਰ ਜਸਟਿਸ ਗੁਰਨਾਮ ਸਿੰਘ ਅਤੇ ਉਸ ਦੇ ਸਹਿਯੋਗੀਆਂ ਨੇ ਸਮਝੌਤੇ ਦਾ ਮਹਿਜ਼ ਅੱਧਾ ਹਿੱਸਾ ਸੰਤ ਨੂੰ ਦਿਖਾ ਕੇ ਉਨ੍ਹਾਂ ਨੂੰ ਜੂਸ ਦਾ ਗਿਲਾਸ ਪਿਆ ਦਿੱਤਾ। ਇਸ 'ਤੇ ਸਿੱਖ ਸੰਗਤ ਨੇ ਵਿਦਰੋਹ ਕਰ ਦਿੱਤਾ। ਸੰਤਾਂ ਦੀ ਤੋਏ-ਤੋਏ ਸ਼ੁਰੂ ਹੋ ਗਈ, ਤੇ ਇਹੋ ਗੱਲ ਜਸਟਿਸ ਚਾਹੁੰਦਾ ਸੀ। ਅੱਜ ਅੱਧੀ ਸਦੀ ਬਾਅਦ ਵੀ ਜਸਟਿਸ ਦੀ ਚੁਸਤੀ ਨੂੰ ਚਿਤਾਰਦਿਆਂ ਉਸ ਦੀ ਅਨਾੜੀ ਸਿਆਸਤ 'ਤੇ ਹੈਰਤ ਹੁੰਦੀ ਹੈ!

ਮੁੱਖ ਮੰਤਰੀ ਨੇ ਸੰਤ ਨੂੰ ਸਿਆਸਤ 'ਚੋਂ ਸਿਫ਼ਰ ਕਰਨ ਦੀ ਜੋ ਕੋਸ਼ਿਸ਼ ਕੀਤੀ ਸੀ, ਉਹ ਸਿਰੇ ਨਾ ਚੜ੍ਹੀ। ਮਹਿਜ਼ ਦੋ-ਤਿੰਨ ਮਹੀਨਿਆਂ ਪਿਛੋਂ, ਮਾਰਚ 1970 ਵਿਚ ਰਾਜ ਸਭਾ ਦੀਆਂ ਤਿੰਨ ਸੀਟਾਂ ਦੀ ਚੋਣ ਆ ਗਈ। ਸੰਤ ਨੇ ਜੱਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਜੱਥੇਦਾਰ ਸੰਤੋਖ ਸਿੰਘ ਨੂੰ ਮੈਦਾਨ ਵਿਚ ਉਤਾਰ ਦਿੱਤਾ। ਉਧਰ, ਜਸਟਿਸ ਨੇ ਆਪਣੇ ਪੈਰਾਂ 'ਤੇ ਕੁਹਾੜਾ ਮਾਰਦਿਆਂ ਅੰਦਰ-ਖਾਤੇ ਸੈਂਟਰਲ ਪਾਰਲੀਮੈਂਟਰੀ ਬੋਰਡ ਦੇ ਚੇਅਰਮੈਨ ਗਿਆਨੀ ਭੁਪਿੰਦਰ ਸਿੰਘ ਨੂੰ ਥਾਪੜਾ ਦੇ ਦਿੱਤਾ। ਗਿਆਨੀ ਭੁਪਿੰਦਰ ਸਿੰਘ ਚੋਣ ਜਿੱਤ ਗਏ। ਸੰਤ ਜੀ ਸ਼ਾਂਤ ਤਾਂ ਬੜੇ ਸਨ, ਉਨ੍ਹਾਂ ਅੰਦਰ ਸਬਰ ਵੀ ਬਹੁਤ ਸੀ। ਇਨ੍ਹਾਂ ਗੁਣਾਂ ਨਾਲ ਹੀ ਤਾਂ ਕਈ ਵਰ੍ਹੇ ਪਹਿਲਾਂ ਉਨ੍ਹਾਂ ਨੇ ਮਾਸਟਰ ਤਾਰਾ ਸਿੰਘ ਵਰਗੇ ਪੰਥ ਦੇ 'ਬੇਤਾਜ ਬਾਦਸ਼ਾਹ' ਨੂੰ ਸਿਫਰ ਕੀਤਾ ਸੀ। ਉਨ੍ਹਾਂ ਕੋਲੋਂ ਜਸਟਿਸ ਦੀ ਸੱਟ ਜਰੀ ਨਾ ਗਈ। ਉਨ੍ਹਾਂ ਜ਼ਖ਼ਮੀ ਸ਼ੇਰ ਵਾਂਗ ਪਲਟਵਾਂ ਵਾਰ ਕੀਤਾ। 25 ਮਾਰਚ 1970 ਦਾ ਦਿਨ ਸੀ। ਦਰਮਿਆਨੇ ਜਿਹੇ ਕੱਦ, ਪਰ ਪੈਰਾਂ ਦਾ ਬੜਾ ਹੀ ਛੋਹਲਾ ਵਿੱਤ ਮੰਤਰੀ ਬਲਵੰਤ ਸਿੰਘ (ਜਿਸ ਦੀ ਜਸਟਿਸ ਗੁਰਨਾਮ ਸਿੰਘ ਨੂੰ 'ਡੈਡੀ-ਡੈਡੀ' ਕਹਿੰਦਿਆਂ ਜ਼ੁਬਾਨ ਸੁੱਕਦੀ ਨਹੀਂ ਹੁੰਦੀ ਸੀ) ਨੂੰ ਜਦੋਂ ਮੁੱਖ ਮੰਤਰੀ ਨੇ ਅਸੈਂਬਲੀ ਵਿਚ ਬਜਟ ਪੇਸ਼ ਕਰਨ ਲਈ ਕਿਹਾ, ਉਨ੍ਹਾਂ ਅੱਗਿਉਂ ਹੱਸਣਾ ਸ਼ੁਰੂ ਕਰ ਦਿੱਤਾ। ਜਸਟਿਸ ਨੂੰ ਮਚਲਿਆਂ ਵਾਲੀ ਫੀਲਡ ਦੀ ਰਾਜਨੀਤੀ (ਜਿਸ ਦੇ ਪਿਛੋਂ ਜਾ ਕੇ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਜੱਥੇਦਾਰ ਟੌਹੜਾ ਗੁਰਜਧਾਰੀ ਚੈਂਪੀਅਨ ਬਣੇ) ਦੀ ਸੋਝੀ ਨਾ ਹੋਣ ਕਾਰਨ ਉਨ੍ਹਾਂ ਫਾਈਲ ਖੁਦ ਚੁੱਕੀ ਅਤੇ ਬਜਟ ਪੇਸ਼ ਕਰ ਦਿੱਤਾ।



*ਪੇਰੂ ਦਾ ਗੁਰੀਲਾ ਆਗੂ ਅਬੀਮੀਲ ਗੁਜ਼ਮੈਨ, ਰਾਸ਼ਟਰਪਤੀ ਅਲਬਰਟੋ ਫੂਜੀਮੋਰੀ ਅਤੇ ਪੱਤਰਕਾਰ ਗੁਸਤਾਵ ਗੋਰੀਟੀ।*

ਕੁਲ 22 ਵੋਟਾਂ ਮਿਲੀਆਂ; ਪੈਂਤੀ ਅਕਾਲੀ ਅਤੇ ਸੱਤ ਜਨਸੰਘੀ ਬਜਟ ਵਿਰੁੱਧ ਵੋਟਾਂ ਪਾ ਗਏ। ਕਾਂਗਰਸ ਦੇ 28 ਅਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਚਾਰ ਮੈਂਬਰਾਂ ਨੇ ਕਿਸੇ ਪਾਸੇ ਵੀ ਵੋਟ ਨਾ ਪਾਈ।

ਇਹ ਉਹੀ ਦਿਨ ਸੀ ਜਦੋਂ ਜੱਥੇਦਾਰ ਟੌਹੜਾ ਤੇ ਗਿਆਨੀ ਭੁਪਿੰਦਰ ਸਿੰਘ ਰਾਜ ਸਭਾ ਦੇ ਮੈਂਬਰ ਵਜੋਂ ਸਹੁੰ ਚੁੱਕ ਰਹੇ ਸਨ ਅਤੇ ਜਸਟਿਸ ਨੂੰ ਠੰਢੀਆਂ ਤਰੇਲੀਆਂ ਆ ਰਹੀਆਂ ਸਨ। ਇਹ ਉਹ ਇਤਿਹਾਸਕ ਦੌਰ ਸੀ ਜਦੋਂ ਅਕਾਲੀ ਸਿਆਸਤ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਦੇ ਪਹਿਲੀ ਵਾਰ ਸਿਤਾਰੇ ਚਮਕੇ। ਸੰਤ ਨੇ ਜਸਟਿਸ ਗੁਰਨਾਮ ਸਿੰਘ ਨੂੰ ਪੜ੍ਹਨੇ ਪਾਉਣ ਲਈ ਮੁੱਖ ਮੰਤਰੀ ਵਜੋਂ ਪ੍ਰਕਾਸ਼ ਸਿੰਘ ਬਾਦਲ ਦੀ ਤਾਜਪੋਸ਼ੀ ਕਰਵਾਈ।

ਜਸਟਿਸ ਨੂੰ ਧੋਬੀ ਪਟੜਾ ਵੱਜ ਤਾਂ ਗਿਆ, ਪਰ 7-8 ਮੈਂਬਰ ਅਜੇ ਵੀ ਉਸ ਨਾਲ ਚਟਾਨ ਵਾਂਗ ਡਟੇ ਹੋਏ ਸਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਅਧਿਕਾਰ ਖੇਤਰ ਨੂੰ ਲੈ ਕੇ ਜਨਸੰਘੀ ਆਪਣੀ ਸਿਆਸਤ ਕਰ ਰਹੇ ਸਨ। ਮਹਿਜ਼ 3-4 ਮਹੀਨਿਆਂ ਪਿਛੋਂ ਹੀ 24 ਜੁਲਾਈ ਨੂੰ ਜਸਟਿਸ ਨੇ ਸੰਤ ਦੇ ਮੁੱਖ ਮੰਤਰੀ ਬਾਦਲ ਨੂੰ ਘੇਰਨ ਲਈ ਸਿਰਤੋੜ ਹੰਭਲਾ ਮਾਰਿਆ। ਬੇਵਿਸ਼ਵਾਸੀ ਦੇ ਮਤੇ ਦੇ ਦਾਖਲੇ ਲਈ 21 ਮੈਂਬਰਾਂ ਦੀ ਲੋੜ ਸੀ। ਜਸਟਿਸ ਦੇ ਦੋ ਬੰਦੇ ਕੋਰਮ ਤੋਂ ਥੁੜ੍ਹ ਗਏ। ਕਾਂਗਰਸ ਦੇ 28 ਮੈਂਬਰ ਪਾਸੇ ਹੋ ਗਏ। ਹੁਣ ਬਾਦਲ ਕੋਲ ਪੰਜਾਬ ਦੀ ਰਾਜਨੀਤੀ ਅੰਦਰ ਤਾਜ਼ਗੀ ਲਿਆਉਣ ਦਾ ਸੁਨਹਿਰੀ ਅਵਸਰ ਸੀ। ਕਹਿੰਦੇ ਹਨ ਕਿ ਇੰਦਰਾ ਗਾਂਧੀ ਅਕਾਲੀਆਂ, ਖਾਸ ਕਰ ਕੇ ਸ. ਬਾਦਲ ਨਾਲ ਪੰਜਾਬ ਵਿਚ ਸਾਂਝੀ ਸਿਆਸਤ ਕਰਨ ਲਈ ਤਿਆਰ ਸੀ। ਬਾਦਲ ਸਹਿਜੇ ਹੀ ਉਸ ਨਾਲ ਉਸੇ ਤਰ੍ਹਾਂ ਦੀ ਸਾਂਝ ਪਾ ਸਕਦੇ ਸਨ ਜਿਸ ਕਿਸਮ ਦੀ ਸਾਂਝ ਜਲਦੀ ਹੀ ਤਾਮਿਲਾਂ ਦੇ ਐੱਮ.ਜੀ. ਰਾਮ ਚੰਦਰਨ ਨੇ ਪਾ ਲਈ ਸੀ, ਪਰ ਜੱਥੇਦਾਰ ਗੁਰਚਰਨ ਸਿੰਘ ਟੌਹੜਾ ਇਸ ਸਾਂਝ ਵਿਚਕਾਰ ਆ ਗਏ।

ਫਿਰ ਵੀ ਜਲਦੀ ਬਾਅਦ ਜਨਸੰਘੀਆਂ ਦੇ ਵਿੱਟਰ ਜਾਣ ਪਿੱਛੋਂ ਸਰਕਾਰ ਬਚਾਉਣ ਲਈ ਪ੍ਰਕਾਸ਼ ਸਿੰਘ ਬਾਦਲ ਕੋਲ ਕਾਂਗਰਸ ਦੀ ਮਦਦ ਬਿਨਾਂ ਕੋਈ ਰਾਹ ਨਹੀਂ ਸੀ। ਕਰਮਜੀਤ ਸਿੰਘ, ਪ੍ਰਕਾਸ਼ ਸਿੰਘ ਬਾਦਲ ਦੀ ਸਿਆਸਤ ਨੂੰ ਮੱਤਾਂ ਦੇਣ ਲਈ ਪੰਜ ਪਿਆਰਿਆਂ ਤੋਂ ਜਿਸ ਕਿਸਮ ਦੀ ਤਵੱਕੋ ਕਰ ਰਿਹਾ ਹੈ, ਸ਼ਾਇਦ ਉਸੇ ਤਰ੍ਹਾਂ ਦੀ ਤਵੱਕੋ ਜੱਥੇਦਾਰ ਟੌਹੜਾ ਦੇ ਇਸ਼ਾਰੇ 'ਤੇ ਇਸੇ ਤਰ੍ਹਾਂ ਦੀ ਮਨਸੂਬਾਬੰਦੀ ਤਹਿਤ ਅਕਾਲੀ ਆਗੂ ਸਰਦਾਰ ਬਸੰਤ ਸਿੰਘ ਨੇ ਵੀ ਉਨ੍ਹਾਂ ਭਲੇ ਵਕਤਾਂ ਵਿਚ ਕੀਤੀ। ਉਨ੍ਹਾਂ ਅਕਾਲੀ ਸਰਕਾਰ ਨੂੰ ਕਾਂਗਰਸ ਦੀ ਮਦਦ ਤੋਂ ਬਿਨਾਂ ਅਕਾਲੀ ਏਕੇ ਰਾਹੀਂ ਬਚਾਉਣ ਦੀ 'ਮੁਹਿੰਮ' ਤਹਿਤ 16 ਜੁਲਾਈ 1970 ਨੂੰ 72 ਘੰਟੇ ਦਾ ਵਰਤ ਰੱਖਿਆ, ਪਰ ਜਸਟਿਸ ਗੁਰਨਾਮ ਸਿੰਘ ਨੇ ਸਿੱਧਾ ਹੀ ਇਹ ਕਹਿ ਕੇ ਟਕੇ ਵਰਗਾ ਜਵਾਬ ਦੇ ਦਿੱਤਾ ਕਿ ਜੱਥੇਦਾਰ ਤਾਕਤ 'ਤੇ ਕਾਬਜ਼ ਅਕਾਲੀਆਂ ਦੇ ਤਨਖਾਹਦਾਰ ਮੁਲਾਜ਼ਮ ਹਨ, ਉਹ ਨਿਰਪੱਖ ਨਹੀਂ ਹੋ ਸਕਦੇ।

ਜ਼ਾਹਿਰ ਹੈ ਕਿ ਜੱਥੇਦਾਰਾਂ ਦੇ ਦਖਲ ਦੀ ਗੱਲ ਤਾਂ ਜਸਟਿਸ ਨੇ ਮੰਨੀ ਨਾ, ਪਰ ਇਹ ਸੋਚ ਕੇ ਕਿ ਜੇ ਬਾਦਲ ਨੇ ਕਾਂਗਰਸ ਦੀ ਮਦਦ ਲੈ ਲਈ, ਉਹ ਕਿਧਰੇ ਸਿਫ਼ਰ ਨਾ ਹੋ ਜਾਣ, ਉਨ੍ਹਾਂ ਬਾਦਲ ਨੂੰ ਡੱਕਣ ਲਈ ਆਪ ਹੀ ਸਰਕਾਰ ਨੂੰ ਹਮਾਇਤ ਦੇ ਦਿੱਤੀ। ਹਾਂ, ਇੱਥੇ ਇੱਕ ਗੱਲ ਰਹਿ ਗਈ, ਉਹ ਇਹ ਕਿ ਸੰਤ ਫ਼ਤਹਿ ਸਿੰਘ ਨੇ ਬਾਦਲ ਦੀ ਮੁੱਖ ਮੰਤਰੀ ਵਜੋਂ ਤਾਜਪੋਸ਼ੀ ਜਦੋਂ ਕਰਵਾਈ ਸੀ, ਜੱਥੇਦਾਰ ਟੌਹੜਾ ਵਾਹਦ ਸ਼ਖ਼ਸ ਸਨ ਜਿਨ੍ਹਾਂ ਨੇ ਉਸ ਦਾ ਉਦੋਂ ਪਹਿਲੀ ਵਾਰ ਵਿਰੋਧ ਕੀਤਾ ਸੀ। ਉਸ ਦਿਨ ਤੋਂ ਸ਼ੁਰੂ ਹੋਈ ਦੋਵਾਂ ਮਹਾਂਬਲੀਆਂ ਦੀ ਉਹੋ ਕਸ਼ਮਕਸ਼ ਜੱਥੇਦਾਰ ਦੇ ਅੰਤਿਮ ਸੁਆਸਾਂ ਤੱਕ ਚੱਲੀ। ਇਸ ਕਸ਼ਮਕਸ਼ ਨੂੰ ਨਜ਼ਰਅੰਦਾਜ਼ ਕਰ ਕੇ ਪੰਜਾਬ ਦੇ ਬਾਅਦ ਦੇ ਸਮਿਆਂ ਦੇ ਦੁਖਾਂਤ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਨਾ, ਸਚਾਈ ਨੂੰ ਨਜ਼ਰਅੰਦਾਜ਼ ਕਰਨਾ ਹੋਵੇਗਾ। ਨਿਰਸੰਦੇਹ, ਦਿੱਲੀ ਦਰਬਾਰ ਦੀ ਸਿਆਸਤ ਖਰੀ ਨਹੀਂ ਸੀ, ਪਰ ਅਫ਼ਸੋਸ, ਕਿ ਅਕਾਲੀ 'ਪਾਵਰ ਪਾਲਿਟਿਕਸ' ਉਨ੍ਹਾਂ ਤੋਂ ਵੀ ਮਾੜੀ ਸੀ।

ਉਦੋਂ ਕਾਫ਼ੀ ਸਮੇਂ ਤੱਕ ਕਾਂਗਰਸ ਨੇ ਬਾਦਲ ਪ੍ਰਤੀ ਆਪਣਾ ਰਵੱਈਆ ਨਰਮ ਹੀ ਰੱਖਿਆ। ਉਨ੍ਹੀਂ ਕੁ ਦਿਨੀਂ ਹੀ ਗੁਰਦਾਸਪੁਰ ਪਾਰਲੀਮਾਨੀ ਸੀਟ ਅਤੇ ਨਾਲ ਹੀ ਅਨੰਦਪੁਰ ਤੇ ਡਕਾਲਾ ਅਸੈਂਬਲੀ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਆ ਗਈਆਂ। ਸ. ਬਾਦਲ ਜਾਂ ਸੰਤਾਂ ਕੋਲੋਂ ਰਾਜਨੀਤੀ ਦੇ ਸਹੀ ਪੱਤੇ ਖੇਡੇ ਨਾ ਜਾ ਸਕੇ... ਤੇ ਫਿਰ ਮਾਰਚ 1971 ਨੂੰ ਲੋਕ ਸਭਾਈ ਚੋਣਾਂ ਆ ਗਈਆਂ। ਇਕ ਜਾਣਕਾਰੀ ਮੁਤਾਬਕ ਇੰਦਰਾ ਗਾਂਧੀ 4 ਸੀਟਾਂ ਅਕਾਲੀਆਂ ਨੂੰ ਛੱਡ ਰਹੀ ਸੀ, ਪੰਜਾਬੀ ਸਪੀਕਰ ਦੀ ਜਾਂ ਇੱਕ-ਅੱਧ ਹੋਰ ਸੀਟ ਵੀ ਉਹ ਛੱਡ ਸਕਦੀ ਸੀ। ਅਕਾਲੀਆਂ ਨੂੰ ਮੁੱਖ ਧਿਰ ਮੰਨ ਕੇ ਉਨ੍ਹਾਂ ਨਾਲ ਅੱਗਿਉਂ ਸਾਂਝੀ ਸਰਕਾਰ ਬਣਾਉਣ ਲਈ ਵੀ ਉਹ ਰਾਜ਼ੀ ਸੀ, ਪਰ ਅਜਿਹਾ ਹੋ ਨਾ ਸਕਿਆ। ਹੋਇਆ ਇਹ ਕਿ ਚੋਣਾਂ ਵਿਚ ਕਾਂਗਰਸ (ਇੰਦਰਾ) ਨੂੰ ਹੂੰਝਾ-ਫੇਰ ਜਿੱਤ ਮਿਲ ਗਈ।

ਉਨ੍ਹੀਂ ਦਿਨੀਂ ਤਰਲੋਚਨ ਸਿੰਘ ਰਿਆਸਤੀ ਨਾਂ ਦਾ ਬੜਾ ਹੀ ਸੋਝੀ ਵਾਲਾ ਅਕਾਲੀ ਮਨਿਸਟਰ ਆਫ਼ ਸਟੇਟ ਹੁੰਦਾ ਸੀ। ਉਸ ਨੇ ਹਾਰ ਲਈ ਪ੍ਰਕਾਸ਼ ਸਿੰਘ ਬਾਦਲ ਨੂੰ ਜ਼ਿੰਮੇਵਾਰ ਦੱਸਦਿਆਂ ਕਿਤਾਬਚਾ ਕੱਢ ਦਿੱਤਾ। ਸ. ਬਾਦਲ ਨੇ ਜ਼ਾਬਤੇ ਦੀ ਕਰਵਾਈ ਸ਼ੁਰੂ ਕੀਤੀ ਤਾਂ ਮੈਂਬਰ ਉਹਦੇ ਸਿਰ ਹੋ ਗਏ। ਲੋਕ ਸਭਾਈ ਚੋਣਾਂ ਵਿਚ ਬੁਰੀ ਤਰ੍ਹਾਂ ਹਾਰ ਖਾਣ ਕਾਰਨ ਸ. ਬਾਦਲ ਜਾਂ ਸੰਤਾਂ ਦਾ ਵੀ ਇਖ਼ਲਾਕੀ ਦਾਅਵਾ ਕੋਈ ਰਹਿ ਨਹੀਂ ਗਿਆ ਸੀ। ਜਸਟਿਸ ਗੁਰਨਾਮ ਸਿੰਘ ਨੇ ਵੀ ਆਪਣਾ ਦਾਅਵਾ ਅਜੇ ਛੱਡਿਆ ਨਹੀਂ ਸੀ। ਉਹ ਕਾਂਗਰਸ ਦੀ ਮਦਦ ਨਾਲ ਮੁੱਖ ਮੰਤਰੀ ਬਣਨ ਨੂੰ ਫਿਰਦਾ ਸੀ।

ਇਹ ਸੀ ਉਹ ਪ੍ਰਸੰਗ ਜਿਸ ਵਿਚ 12 ਜੂਨ 1971 ਦੀ ਰਾਤ ਨੂੰ ਪ੍ਰਕਾਸ਼ ਸਿੰਘ ਬਾਦਲ ਗਵਰਨਰ ਡੀ.ਸੀ. ਪਾਵਟੇ ਨੂੰ ਜਾ ਮਿਲਿਆ ਅਤੇ ਉਨ੍ਹਾਂ ਨਾਲ ਗੱਲ ਕਰ ਕੇ ਅਗਲੇ ਦਿਨ ਸਵੇਰੇ ਹੀ ਅਸੈਂਬਲੀ ਭੰਗ ਕਰਨ ਦੀ ਸਿਫਾਰਸ਼ ਜਾ ਕੀਤੀ। ਇਉਂ ਅਕਾਲੀਆਂ ਦੀ ਸਰਕਾਰ ਇੱਕ ਵਾਰ ਮੁੜ ਕਿਸੇ ਕੇਂਦਰ ਨੇ ਨਹੀਂ, ਅਕਾਲੀਆਂ ਨੇ ਖੁਦ ਤੋੜੀ। 12 ਜੂਨ 1971 ਦੇ ਦਿਨ ਜਦੋਂ ਵੋਟਾਂ ਪਈਆਂ ਤਾਂ ਗਿਆਨੀ ਜ਼ੈਲ ਸਿੰਘ ਦੀ ਕਿਸਮਤ ਖੁੱਲ੍ਹ ਗਈ।

ਹੁਣ ਤਾਕਤ ਤੋਂ ਬਾਹਰ, ਵਿਹਲੇ ਹੋ ਕੇ ਅਕਾਲੀਆਂ ਨੇ ਅਨੰਦਪੁਰ ਸਾਹਿਬ ਦਾ ਮਤਾ ਕਿੰਝ ਬਣਾਇਆ, ਉਸ ਦੀ ਅੰਦਰੂਨੀ ਕਥਾ ਕੋਈ ਮੰਨੇ ਜਾਂ ਨਾ ਮੰਨੇ, ਡਾ. ਜਸਬੀਰ ਸਿੰਘ ਆਹਲੂਵਾਲੀਆ ਨੇ 'ਅਕਾਲ ਤਖਤ' ਨਾਂ ਦੀ ਆਪਣੀ ਪੁਸਤਕ ਅੰਦਰ ਬਾਖੂਬੀ ਵਿਸਥਾਰ ਰੂਪ ਵਿਚ ਸੁਣਾਈ ਹੋਈ ਹੈ। ਰਹੀ ਗੱਲ ਜੈ ਪ੍ਰਕਾਸ਼ ਨਰਾਇਣ ਅਤੇ ਐਮਰਜੈਂਸੀ ਦੇ ਅੰਦੋਲਨ ਦੀ, ਉਹ ਬਹੁਤ ਗ਼ਲਤ ਕਾਰੋਬਾਰ ਸੀ। ਜੈ ਪ੍ਰਕਾਸ਼ ਕਲਾਸਿਕ ਕਿਸਮ ਦਾ ਜਮਾਂਦਰੂ ਸੁਪਨੇਸਾਜ਼ ਸੀ, ਹਕੀਕਤ ਦੀ ਦੁਨੀਆਂ ਨਾਲ ਉਸ ਦਾ ਕੋਈ ਵਾਹ ਨਹੀਂ ਸੀ। ਨਵ-ਨਿਰਮਾਣ ਸੰਮਤੀ ਵਾਲੇ ਸੰਘੀਆਂ ਨੇ ਕਥਿਤ ਭ੍ਰਿਸ਼ਟਾਚਾਰ ਵਿਰੁੱਧ ਲਹਿਰ ਪਹਿਲਾਂ 1973 ਵਿਚ ਗੁਜਰਾਤ ਦੀ ਸਰਾਕਾਰ ਵਿਰੁੱਧ ਸ਼ੁਰੂ ਕੀਤੀ ਸੀ। ਇੰਦਰਾ ਨੇ ਉਨ੍ਹਾਂ ਦੀ ਮੰਗ ਮੰਨ ਕੇ ਗ਼ਲਤੀ ਕੀਤੀ। ਉਨ੍ਹਾਂ ਦੀ ਦੇਖਾ-ਦੇਖੀ ਸਿਰੇ ਦੇ ਅਰਾਜਕ ਅਤੇ ਵਿਰੋਧੀ ਤੱਤਾਂ ਨੇ ਜੈ ਪ੍ਰਕਾਸ਼ ਨਰਾਇਣ ਨੂੰ ਅੱਗੇ ਲਾ ਕੇ ਬਿਹਾਰ ਦੀ ਗਫ਼ੂਰ ਸਰਕਾਰ ਦੇ ਭ੍ਰਿਸ਼ਟਾਚਾਰ ਵਿਰੁੱਧ ਵੀ ਜਹਾਦ ਆਰੰਭ ਦਿੱਤਾ। ਫੌਜਾਂ ਨੂੰ ਸਰਕਾਰ ਦੇ ਹੁਕਮ ਨਾ ਮੰਨਣ ਲਈ ਸ਼ਿਸ਼ਕੇਰਨਾ ਸ਼ੁਰੂ ਕਰ ਦਿੱਤਾ। ਇੰਦਰਾ ਗਾਂਧੀ ਨੇ ਐਮਰਜੈਂਸੀ ਲਗਾ ਦਿੱਤੀ। ਜੇਲ੍ਹਾਂ ਅੰਦਰ ਫਿਰ ਦਾਲਾਂ ਨੂੰ ਤੜਕੇ ਕਿੰਝ ਲੱਗੇ ਅਤੇ ਬਾਹਰ ਆ ਕੇ ਕਿਸ ਤਰ੍ਹਾਂ ਦੇ ਲੋਕਾਂ ਨੇ ਕਿਸ ਤਰ੍ਹਾਂ ਦੀਆਂ ਸਰਕਾਰਾਂ ਬਣਾਈਆਂ, ਸਭ ਨੂੰ ਪਤਾ ਹੈ।... ਇਹ ਵੀ ਕਿ ਲੋਕ ਨਾਇਕ ਦੇ 'ਧਰਮ ਪੁੱਤਰ' ਲਾਲੂ ਪ੍ਰਸਾਦ ਦੇ ਰੂਪ ਵਿਚ ਭ੍ਰਿਸ਼ਟਾਚਾਰ ਦੇ 'ਗੁਰਜਧਾਰੀ ਰੁਸਤਮ' ਤਾਂ ਅਜੇ ਐਮਰਜੈਂਸੀ ਤੋਂ ਬਾਅਦ ਆਉਣੇ ਸਨ!

ਇਸ ਵਿਸਥਾਰ ਨਾਲ ਸਾਡੇ ਬਿਰਤਾਂਤ ਦਾ ਇੰਨਾ ਕੁ ਸਬੰਧ ਹੈ ਕਿ ਐਮਰਜੈਂਸੀ ਦੌਰਾਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਅਕਾਲੀਆਂ ਨਾਲ ਨੇੜਤਾ ਦੀ ਇੱਕ ਵਾਰ ਮੁੜ ਪੇਸ਼ਕਸ਼ ਕੀਤੀ। ਇਸ ਵਾਰ ਜੱਥੇਦਾਰ ਟੌਹੜਾ ਤਾਂ ਇਹ ਗੱਲ ਚਾਹੁੰਦਾ ਸੀ, ਪਰ ਐਤਕੀਂ ਸ. ਬਾਦਲ ਬਿਨਾਂ ਲੰਮੀ ਸੋਚਿਆਂ ਲੋਕ ਨਾਇਕ ਦੇ 'ਛਕੜੇ' ਵਿਚ ਛਲਾਂਗ ਮਾਰ ਗਏ। ਇਹ ਚਾਲ ਸਿੱਧੀ ਪੈ ਗਈ ਅਤੇ ਉਨ੍ਹਾਂ ਦੀਆਂ ਪੌਂ ਬਾਰਾਂ ਹੋ ਗਈਆਂ।

**(ਚਲਦਾ)**

## ਵਿਅੰਗ

### ਨਸ਼ਾ

ਲਾੜੇ, ਸਾਜ਼ੀ, ਖਿਡਾਰੀ ਬਣ ਕੇ ਪਹੁੰਚ ਗਏ ਅਮਰੀਕਾ।
ਇਨ੍ਹਾਂ ਏਧਰ ਆ ਕੇ ਵੀ ਸਿੱਖਿਆ ਨਹੀਂ ਸਲੀਕਾ।
ਉਹੀ ਨਸ਼ਾ ਖਾਈ ਜਾਂਦੇ ਨੇ, ਜੋ ਵੀ ਦੇ ਜਾਵੇ ਮੈਕਸੀਕਾ।
ਲੱਭ ਲੈਂਦੇ ਨੇ ਨਸ਼ਿਆਂ ਖਾਤਰ, ਨਵੇਂ ਤੋਂ ਨਵਾਂ ਤਰੀਕਾ।
ਕੋਹੜ ਕਿਰਲੀ ਭੁੰਨ ਕੇ ਸੁੰਘਣ, ਲੱਤ 'ਚ ਨਸ਼ੇ ਦਾ ਟੀਕਾ।
ਯਮਲਾ ਤੇ ਮਸਤਾਨਾ ਭੱਲ੍ਹ'ਗੇ, ਸੁਣਦੇ ਹਨੀ ਤੇ ਮੀਕਾ।

***-ਜੁਗਰਾਜ ਗਿੱਲ, ਸ਼ਾਰਲਟ, ਫੋਨ: 704-257-6693***

# ਲੱਤਾਂ ਖਿੱਚਣ ਵਾਲੇ ਉਰਫ ਅੜਿੱਕਾ ਸਿੰਘ

ਹਰੇਕ ਪਿੰਡ, ਕਸਬੇ ਅਤੇ ਸ਼ਹਿਰ ਵਿਚ ਲੱਤਾਂ ਖਿੱਚਣ ਵਾਲੇ ਆਮ ਹੀ ਮਿਲ ਜਾਂਦੇ ਹਨ। ਇਨ੍ਹਾਂ ਭੱਦਰ ਪੁਰਸ਼ਾਂ ਦੀ ਹਾਜ਼ਰੀ ਆਦਿ-ਜੁਗਾਦਿ ਸੱਚ ਹੈ। ਇਹ ਇਕ ਕਿਸਮ ਦੇ ਅੜਿੱਕਾ ਸਿੰਘ ਹੀ ਹੁੰਦੇ ਹਨ ਜੋ ਦੂਜਿਆਂ ਦੇ ਕੰਮ ਵਿਚ ਅੜਿੱਕਾ ਪਾ ਕੇ ਜਾਂ ਉਨ੍ਹਾਂ ਦੀਆਂ ਲੱਤਾਂ ਖਿੱਚ ਕੇ ਅਨੰਦ-ਪ੍ਰਸੰਨ ਹੁੰਦੇ ਹਨ। ਇਨ੍ਹਾਂ ਜਿਉੜਿਆਂ ਦੇ ਮਨ ਤੇ ਤਨ ਈਰਖਾ ਦੀ ਅੱਗ ਵਿਚ ਸੜੇ ਤੇ ਰੜੇ ਹੁੰਦੇ ਹਨ, ਇਸ ਕਰਕੇ ਇਹ ਵਰਗ ਵਿਕਾਸਵਾਦੀ ਨਜ਼ਰੀਏ

**ਰਮੇਸ਼ ਬੱਗਾ ਚੋਹਲਾ**
**ਫੋਨ: 91-94631-32719**

ਦਾ ਹਮੇਸ਼ਾਂ ਹੀ ਵਿਰੋਧੀ ਰਹਿੰਦਾ ਹੈ। ਦੂਜਿਆਂ ਦੇ ਸੁੱਖ ਵਿਚ ਦੁੱਖ ਮਨਾਉਣਾ ਇਨ੍ਹਾਂ ਦਾ ਇਕ ਵਿਸ਼ੇਸ਼ ਸੁਭਾਅ ਹੁੰਦਾ ਹੈ। ਕਿਸੇ ਵਿਅਕਤੀ ਦੀ ਤਰੱਕੀ ਵਾਲੀ ਤੋਰ ਇਨ੍ਹਾਂ ਦੀ ਬਰਦਾਸ਼ਤ ਤੋਂ ਬਾਹਰ ਹੁੰਦੀ ਹੈ ਇਸ ਲਈ ਇਹ ਉਸ ਵਿਅਕਤੀ ਦੀਆਂ ਲੱਤਾਂ ਖਿੱਚਣ ਦੀ ਤਾਕ ਵਿਚ ਰਹਿੰਦੇ ਹਨ।

ਲੱਤਾਂ ਖਿੱਚਣ ਵਾਲੇ ਕਈ ਵਾਰ ਬਿਗਾਨੇ ਘੱਟ ਅਤੇ ਆਪਣੇ ਵਧੇਰੇ ਹੁੰਦੇ ਹਨ। ਕਈ ਵਾਰ ਤਾਂ ਇਹ ਡਿਊਟੀ (ਲੱਤਾਂ ਖਿੱਚਣ ਦੀ) ਸਾਡੇ ਸਕੇ-ਸੋਧਰੇ ਅਤੇ ਸੱਜਣ-ਮਿੱਤਰ ਹੀ ਨਿਭਾਈ ਜਾਂਦੇ ਹਨ। ਪਰ ਇਨ੍ਹਾਂ ਵੱਲੋਂ ਇਹ ਡਿਊਟੀ ਬੜੀ ਹੀ ਚੁਤਰਾਈ ਅਤੇ ਸਫਾਈ ਨਾਲ ਨਿਭਾਈ ਜਾਂਦੀ ਹੈ।

ਲੱਤਾਂ ਖਿੱਚਣ ਦੀਆਂ ਉਦਾਹਰਣਾਂ ਸਾਡੇ ਆਪਣੇ ਘਰ-ਪਰਿਵਾਰ ਵਿਚ ਵੀ ਮਿਲ ਜਾਂਦੀਆਂ ਹਨ। ਗੱਲ ਉਨ੍ਹਾਂ ਭਲਿਆਂ ਸਮਿਆਂ ਦੀ ਹੈ ਜਦੋਂ ਮੇਰੇ ਬਾਪੂ ਨੇ ਮੈਟ੍ਰਿਕ ਦਾ ਇਮਤਿਹਾਨ ਪਾਸ ਕੀਤਾ ਸੀ। ਉਨ੍ਹਾਂ ਸਮਿਆਂ ਵਿਚ ਕੋਈ ਵਿਰਲਾ-ਟਾਵਾਂ ਹੀ ਪੜ੍ਹਿਆ ਕਰਦਾ ਸੀ। ਪੜ੍ਹਾਈ ਤੋਂ ਬਾਅਦ ਬਾਪੂ ਦੀ ਚੋਣ ਇੱਕ ਚੰਗੇ ਸਰਕਾਰੀ ਅਹੁਦੇ ਲਈ ਹੋ ਗਈ ਸੀ ਪਰ ਉਨ੍ਹਾਂ ਨੂੰ ਇਸ ਕੰਮ ਲਈ ਆਪਣੇ ਨਗਰ-ਖੇੜੇ ਤੋਂ ਦੂਰ ਜਾਣਾ ਪੈਣਾ ਸੀ। ਜਦੋਂ ਬਾਪੂ ਘਰੋਂ ਚਾਲੇ ਪਾਉਣ ਲੱਗਾ ਤਾਂ ਤਾਏ ਨੇ ਪਿੱਛੋਂ ਆਪਣੇ ਇਕੱਲੇ ਰਹਿ ਜਾਣ ਦਾ ਵਾਸਤਾ ਪਾ ਕੇ ਬਾਪੂ ਦੀ ਲੱਤ ਖਿੱਚ ਲਈ। ਤਾਏ ਦਾ ਵਾਸਤਾ ਮੰਨ ਕੇ ਬਾਪੂ ਨੇ ਆਪਣਾ ਇਰਾਦਾ ਤਾਂ ਬਦਲ ਲਿਆ ਪਰ ਲੱਤ ਖਿੱਚੀ ਜਾਣ ਕਾਰਨ ਉਹ (ਬਾਪੂ) ਆਪਣੀ ਸਾਰੀ ਹਯਾਤੀ ਫਿਰ ਸਾਬਤ ਕਦਮੀ (ਆਰਥਿਕ ਪੱਖੋਂ) ਨਹੀਂ ਹੋ ਸਕਿਆ। ਤੇ ਇਸ ਗੱਲ ਨੂੰ ਲੈ ਕੇ ਉਹ ਸਾਰੀ ਉਮਰ ਝੂਰਦਾ ਹੀ ਰਿਹਾ।

ਲੱਤਾਂ ਖਿੱਚਣ ਦੀ ਦੂਜੀ ਉਦਾਹਰਣ ਵੀ ਸਾਡੇ ਆਪਣੇ ਲਾਣੇ ਨਾਲ ਹੀ ਸਬੰਧਤ ਹੈ। ਜਦੋਂ ਮੈਂ ਆਪਣੇ ਨਗਰ ਦੇ ਸਕੂਲ (ਬਾਬਾ ਭਾਈ ਅਦਲੀ) ਵਿਚੋਂ ਦਸਵੀਂ ਪਹਿਲੇ ਦਰਜੇ ਵਿਚ ਪਾਸ ਕੀਤੀ ਤਾਂ



ਮੇਰੀ ਇੱਛਾ ਅੱਗੇ ਹੋਰ ਪੜ੍ਹਨ ਦੀ ਸੀ ਪਰ ਇਸ ਸਕੂਲ ਦੀ ਗਿਆਰਵੀਂ ਜਮਾਤ ਵਿਚ ਮੇਰੇ ਮਨ ਭਾਉਂਦੇ ਵਿਸ਼ੇ (ਵਿਗਿਆਨ ਤੇ ਗਣਿਤ) ਨਾ ਹੋਣ ਕਰਕੇ ਮੈਨੂੰ ਸਕੂਲ ਬਦਲਣਾ ਪੈਣਾ ਸੀ। ਇਕੱਲਾ ਅਤੇ ਲਾਡਲਾ ਪੁੱਤਰ ਹੋਣ ਕਰਕੇ ਸਾਡੇ ਟੱਬਰ ਦੇ ਕੁਝ ਮੈਂਬਰਾਂ ਵਿਚ ਮੇਰੇ ਘਰ ਤੋਂ ਬਾਹਰ ਜਾਣ ਦੀ ਸਹਿਮਤੀ ਨਹੀਂ ਬਣ ਸਕੀ। ਮੇਰੀ ਇਸ ਲੱਤ ਖਿੱਚਾਈ ਕਾਰਨ ਮੈਂ ਸਮਾਜਿਕ ਤੌਰ 'ਤੇ ਕੁਝ ਵਧੇਰੇ ਸਤਿਕਾਰੀ ਅਤੇ ਵੱਕਾਰੀ ਵਿਸ਼ਿਆਂ ਦੀ ਪੜ੍ਹਾਈ ਤੋਂ ਵਾਂਝਾ ਰਹਿ ਗਿਆ।

ਲੱਤਾਂ ਖਿੱਚਣ ਵਾਲਿਆਂ ਦਾ ਇੱਕ ਵਿਤਕਰੇ ਭਰਿਆ ਵਰਤਾਰਾ ਹੋਰ ਵੀ ਹੈ। ਜਦੋਂ ਕਿਸੇ ਘਰਾਣੇ (ਵਿਸ਼ੇਸ਼ ਕਰਕੇ ਪੇਂਡੂ) ਦੀ ਕੋਈ ਲੜਕੀ ਉਚੇਰੀ ਸਿੱਖਿਆ ਹਾਸਲ ਕਰਨ ਹਿੱਤ ਦੂਰ-ਦੁਰਾਡੇ ਦਾ ਸਫ਼ਰ ਤੈਅ ਕਰਨਾ ਚਾਹੁੰਦੀ ਹੈ ਤਾਂ 'ਜ਼ਮਾਨਾ ਖ਼ਰਾਬ' ਕਹਿ ਕੇ ਉਸ ਦੀਆਂ ਲੱਤਾਂ ਵੀ ਖਿੱਚ ਦਿੱਤੀਆਂ ਜਾਂਦੀਆਂ ਹਨ।

ਲੱਤਾਂ ਖਿੱਚਣ ਵਾਲੇ ਬਸ਼ਰ ਕਈ ਵਾਰੀ ਸਰਕਾਰੀ ਅਤੇ ਗ਼ੈਰ ਸਰਕਾਰੀ ਵਿਭਾਗਾਂ ਵਿਚ ਵੀ ਟੱਕਰ ਜਾਂਦੇ ਹਨ ਜੋ ਆਪਣੇ ਸਹਿਯੋਗੀਆਂ-ਸਹਿਕਰਮੀਆਂ ਦੇ ਕਿਸੇ ਨਿਰੋਏ ਅਤੇ ਨਿਵੇਕਲੇ ਕੰਮ-ਢੰਗ ਦਾ ਮਜ਼ਾਕ ਉਡਾ ਕੇ ਉਨ੍ਹਾਂ ਦੀਆਂ ਲੱਤਾਂ ਖਿੱਚ ਕੇ ਲੁਤਫ ਲੈਂਦੇ ਰਹਿੰਦੇ ਹਨ। ਇਹ ਲੱਤ-ਖਿਚਾਈ ਉਸ ਵਕਤ ਤਾਂ ਹੋਰ ਵੀ ਦੁਖ਼ਦਾਈ ਹੋ ਨਿੱਬੜਦੀ ਹੈ ਜਿਥੇ ਲੱਤਾਂ ਖਿੱਚਣ ਵਾਲਿਆਂ ਦੀ ਬਹੁ-ਸੰਮਤੀ ਜਾਂ ਬਹੁਗਿਣਤੀ ਹੋ ਜਾਂਦੀ ਹੈ।

ਭਾਵੇਂ ਲੱਤਾਂ ਖਿੱਚਣ ਵਾਲੇ ਮਹਿਕਮੇ ਦਾ ਬੋਲਬਾਲਾ ਚਾਰੇ ਯੁੱਗਾਂ ਵਿਚ ਚੱਲਿਆ ਆ ਰਿਹਾ ਹੈ ਪਰ ਨਵੀਆਂ ਅਤੇ ਨਿਰਾਲੀਆਂ ਰਾਹਾਂ ਦੇ ਪਾਂਧੀ ਇਨ੍ਹਾਂ ਈਰਖਾਲੂਆਂ ਦੀ ਰਤਾ ਪ੍ਰਵਾਹ ਨਹੀਂ ਕਰਦੇ। ਜਿਨ੍ਹਾਂ ਨੂੰ ਆਪਣੀ ਮੰਜ਼ਿਲ ਨਾਲ ਇਸ਼ਕ ਹੋ ਜਾਂਦਾ ਹੈ, ਉਹ ਆਪਣੀ ਹਾਥੀ ਵਾਲੀ ਮਸਤ ਚਾਲ ਚੱਲਦੇ ਰਹਿੰਦੇ ਹਨ ਅਤੇ ਲੱਤਾਂ ਖਿੱਚਣ ਵਾਲਿਆਂ ਦੀ ਕੁੱਤੇ-ਭਕਾਈ ਵੱਲ ਧਿਆਨ ਹੀ ਨਹੀਂ ਦਿੰਦੇ।

# ਹਾਇ ਜੇ ਤੂੰ ਰਤਾ ਵੱਡਾ ਹੁੰਦਾ



ਚਿੱਤ ਚੇਤਾ

ਕਾਨਾ ਸਿੰਘ
ਫੋਨ:+91-95019-44944

***ਕਾਨਾ ਸਿੰਘ ਨੇ ਸ਼ਾਇਰੀ ਵੀ ਕੀਤੀ ਹੈ ਅਤੇ ਕਹਾਣੀਆਂ ਵੀ ਲਿਖੀਆਂ ਹਨ। ਬਾਲ ਰਚਨਾਵਾਂ ਵੀ ਸਾਹਿਤ ਜਗਤ ਦੀ ਝੋਲੀ ਪਾਈਆਂ ਹਨ। ਹੋਰ ਵੀ ਕਈ ਕੁਝ ਲਿਖਿਆ ਹੈ, ਨਿੱਕ-ਸੁੱਕ; ਪਰ ਉਹਦੀ ਨਸਰ (ਵਾਰਤਕ) ਦਾ ਰੰਗ ਨਿਰਾਲਾ ਹੈ। ਰਸਦਾਰ, ਸੁਘੜ, ਚੁਸਤ, ਤੇ ਨਾਲ ਹੀ ਨੱਚ-ਨੱਚ ਫਾਵੀਂ ਹੁੰਦੀ ਹੋਈ। ਰਚਨਾ ਵਿਚ ਲੋਹੜੇ ਦੀ ਰਵਾਨੀ...। ਕਰਤਾਰ ਸਿੰਘ ਦੁੱਗਲ ਅਤੇ ਪ੍ਰੋ. ਮੋਹਨ ਸਿੰਘ ਤੋਂ ਬਾਅਦ ਉਹਦੀਆਂ ਰਚਨਾਵਾਂ ਵਿਚ ਪੋਠੋਹਾਰ ਭਰਵੇਂ ਰੂਪ ਵਿਚ ਪੇਸ਼ ਪੇਸ਼ ਹੈ। ਐਤਕੀਂ 'ਹਾਇ ਜੇ ਤੂੰ ਰਤਾ ਵੱਡਾ ਹੁੰਦਾ' ਲੇਖ ਵਿਚ ਉਹਨੇ ਆਪਣੇ ਪਰਿਵਾਰਕ ਪਿਛੋਕੜ ਉਤੇ ਉਡਦੀ ਜਿਹੀ ਝਾਤੀ ਮਾਰੀ ਹੈ। ਕਾਨਾ ਸਿੰਘ ਦੀਆਂ ਲਿਖਤਾਂ ਦੀ ਖਾਸੀਅਤ ਇਹੀ ਹੈ ਕਿ ਇਹ ਬਹੁਤ ਸਹਿਜ ਅਤੇ ਸਲੀਕੇ ਵਾਲੀਆਂ ਹੁੰਦੀਆਂ ਹਨ, ਇਸੇ ਕਰ ਕੇ ਪਾਠਕ ਸੁੱਤੇ-ਸਿੱਧ ਹੀ ਇਨ੍ਹਾਂ ਰਚਨਾਵਾਂ ਦੀ ਉਂਗਲ ਫੜ ਕੇ ਨਾਲ-ਨਾਲ ਤੁਰਨ ਲਗਦਾ ਹੈ। -ਸੰਪਾਦਕ***

'ਇਕ ਗੱਲ ਪੁੱਛਾਂ?'

'ਪੁੱਛੋ।'

'ਸੱਚ ਸੱਚ ਦੱਸੋਗੇ?'

'ਪੁੱਛ ਤਾਂ ਵੇਖੋ।'

'ਤੁਸਾਂ ਦੱਸਣਾ ਨਹੀਂ। ਚਲੋ ਪਹਿਲਾਂ ਮੈਂ ਹੀ ਦੱਸਦਾ ਹਾਂ, ਆਪਣੇ ਬਾਰੇ। ਤੇ ਮੈਨੂੰ ਯਕੀਨ ਹੈ ਕਿ ਫਿਰ ਤੁਸੀਂ ਵੀ ਨਹੀਂ ਝਿਜਕੋਗੇ।'

ਮੰਗਣੀ ਤੋਂ ਕੁਝ ਦਿਨ ਪਿਛੋਂ ਬੈਠੇ ਹੋਏ ਸਾਂ, ਇਕ ਸ਼ਾਮ। ਸਾਗਰ ਕੰਢੇ, ਜੂਹੂ ਦੇ ਤੱਟ ਉਤੇ। ਪੈਰਾਂ ਨਾਲ ਪਾਣੀ ਉਛਾਲਦੇ, ਡੁੱਬਦੇ ਸੂਰਜ ਦੀ ਡਲ੍ਹਕਦੀ ਲਾਲੀ ਨੂੰ ਇਕ ਟੱਕ ਨਿਹਾਰਦੇ, ਰੇਤ ਵਿਚ ਉਂਗਲਾਂ ਫੇਰਦੇ, ਹੱਥਾਂ ਦੀਆਂ ਲਕੀਰਾਂ ਨਾਲ ਤਕਦੀਰਾਂ ਮੇਚਦੇ ਤੇ ਭਵਿੱਖ ਦੇ ਸੁਪਨੇ ਬੁਣਦੇ, ਜੀਤ ਤੇ ਮੈਂ। ਮੈਂ ਤੇ ਜੀਤ! ਅਚਾਨਕ ਉਸ ਪੁੱਛਿਆ ਤੇ ਫਿਰ ਆਪੇ ਹੀ ਦੱਸਣ ਲੱਗਾ, ਆਪਣੇ ਬਾਰੇ।

'ਤਰੱਕੀ ਤੋਂ ਬਾਅਦ ਭਾਪਾ ਜੀ ਦੀ ਬਦਲੀ ਸਤਵਾਰੀ ਹੋ ਗਈ ਸੀ, ਸ਼ਿਮਲੇ ਕੋਲ। ਗਰਮੀ ਦੀਆਂ ਛੁੱਟੀਆਂ ਸਨ। ਭਾਪਾ ਜੀ ਨੇ ਪਰਿਵਾਰ ਨੂੰ ਵੀ ਉਥੇ ਬੁਲਾ ਲਿਆ, ਜੰਮੂ ਤੋਂ। ਮੈਂ ਸ਼ਾਇਦ ਨੌਂ-ਦਸ ਵਰ੍ਹਿਆਂ ਦਾ ਸਾਂ, ਪਰ ਭਰਿਆ ਭਰਿਆ ਤੇ ਕੱਦਾਵਰ ਹੋਣ ਕਰ ਕੇ ਆਪਣੀ ਉਮਰ ਤੋਂ ਵਡੇਰਾ ਜਾਪਦਾ ਸਾਂ। ਬਲਬੀਰ ਮੈਥੋਂ ਚਾਰ ਸਾਲ ਵੱਡਾ ਸੀ ਪਰ ਵੇਖਣ ਨੂੰ ਛੋਟਾ ਲਗਦਾ ਸੀ। ਅੰਮ੍ਰਿਤ ਤੇ ਦੀਪ ਭੈਣਾਂ ਬਲਬੀਰ ਤੋਂ ਵੀ ਵੱਡੀਆਂ ਸਨ, ਦੋ ਦੋ ਸਾਲ ਦੀ ਵਿੱਥ ਉਤੇ। ਉਨ੍ਹਾਂ ਦੀ ਹੀ ਸਹੇਲੀ ਸੀ ਚੰਦਨ। ਬੜੀ ਸੁਹਣੀ। ਤੁਹਾਡੇ ਵਾਂਗ ਹੀ ਗੋਰੀ ਨਿਛੋਹ। ਉਹਦੇ ਮਾਪੇ ਕਿੱਥੇ ਰਹਿੰਦੇ ਸਨ, ਯਾਦ ਨਹੀਂ। ਉਹ ਨਾਨਕੇ ਆਈ ਹੋਈ ਸੀ, ਜੰਮੂ। ਉਹਦੇ ਨਾਨਾ ਜੀ ਸਾਡੇ ਭਾਪਾ ਜੀ ਦੇ ਗੂੜ੍ਹੇ ਮਿੱਤਰ ਸਨ। ਨਾਲ ਨਾਲ ਹੀ ਸਨ ਸਾਡੇ ਘਰ। ਚੰਦਨ ਵੀ ਸਾਡੇ ਨਾਲ ਹੀ ਸਤਵਾਰੀ ਗਈ। ਅੱਠ ਅਸੀਂ ਭੈਣ ਭਰਾ ਤੇ ਨੌਵੀਂ ਚੰਦਨ, ਇਕੱਠੇ ਹੀ ਵਿਚਰਦੇ ਬਾਗਾਂ ਵਿਚ ਨਿੱਕੇ-ਵੱਡੇ। ਟਾਹਣੀਆਂ ਨਾਲ ਪਲੰਮਦੇ, ਖੱਟੇ ਮਿੱਠੇ ਸੇਬ ਕੁਤਰਦੇ, ਰਲ ਕੇ ਗੀਤ ਗਾਂਦੇ, ਟੱਪਿਆਂ ਦੀਆਂ ਵਾਰੀਆਂ ਦੇਂਦੇ-ਲੈਂਦੇ, ਖਿੱਦੋ-ਪਿੱਠੂ, ਟਾਹਲ ਪਲਾਂਘਾ ਤੇ ਬੈਡਮਿੰਟਨ ਖੇਡਦੇ ਨਾ ਰੱਜਦੇ। ਚੰਦਨ ਅੰਮ੍ਰਿਤ ਤੇ ਦੀਪ ਦਾ ਵਸਾਹ ਨਾ ਖਾਂਦੀ। ਉਨ੍ਹਾਂ ਨਾਲ ਹੀ ਰਹਿੰਦੀ। ਉਹ ਉਨ੍ਹਾਂ ਦੇ ਹਾਣ ਦੀ ਹੀ ਸੀ ਲਗਭਗ। ਸ਼ਾਇਦ ਇਕ-ਅੱਧ ਸਾਲ ਨਿੱਕੀ ਹੀ ਹੋਵੇ, ਕਿਉਂਕਿ ਉਹ ਉਨ੍ਹਾਂ ਦੋਹਾਂ ਨੂੰ ਭੈਣ ਜੀ ਕਰ ਕੇ ਹੀ ਬੁਲਾਂਦੀ ਸੀ। ਲੱਗਦੀਆਂ ਵੀ ਤਿੰਨੋਂ ਇਕੋ ਜਿਹੀਆਂ ਸਨ ਤੇ ਰਹਿੰਦੀਆਂ ਵੀ ਸਦਾ 'ਕੱਠੀਆਂ।

'ਆ ਗਿਐ ਮੇਰਾ ਤ੍ਰੈਲੜਾ ਬੋਦਾ।' ਭਾਪਾ ਜੀ ਅਕਸਰ ਛੇੜਦੇ।

ਜਲਦੀ ਹੀ ਚੰਦਨ ਮੇਰੇ ਵਿਚ ਸਭ ਤੋਂ ਵੱਧ ਰੁਚੀ ਲੈਣ ਲੱਗ ਪਈ। ਜਿਵੇਂ ਸਭ ਤੋਂ ਵੱਧ ਉਸ ਨੂੰ ਮੈਂ ਹੀ ਚੰਗਾ ਲੱਗਦਾ ਹੋਵਾਂ। ਬਲਬੀਰ ਉਸ ਦੇ ਹਾਣ ਦਾ ਸੀ, ਪਰ ਚੰਦਨ ਦੀ ਉਸ ਵਿਚ ਕੋਈ ਖ਼ਾਸ ਦਿਲਚਸਪੀ ਨਹੀਂ ਸੀ। ਉਹ ਮੈਨੂੰ ਚੰਦਨ ਦੇ ਨਾਂ ਨਾਲ ਜੋੜ ਕੇ ਬੜਾ ਛੇੜਦਾ।

ਮੈਂ ਪੜ੍ਹਾਈ ਵਿਚ ਬੜਾ ਕਮਜ਼ੋਰ ਸਾਂ। ਭਾਪਾ ਜੀ ਨੇ ਭਾਵੇਂ ਮੇਰੇ ਲਈ ਟਿਊਸ਼ਨ ਵੀ ਲਗਾਈ ਹੋਈ ਸੀ, ਪਰ ਉਹ ਮਾਸਟਰ ਬੜਾ ਜ਼ਾਲਮ ਸੀ। ਫੁੱਟੇ ਮਾਰ ਮਾਰ ਕੇ ਮੇਰੇ ਹੱਥਾਂ ਉਪਰ ਛਾਲੇ ਪਾ ਦੇਂਦਾ। ਮੈਂ ਉਸ ਨੂੰ ਨਫ਼ਰਤ ਕਰਦਾ ਸਾਂ। ਉਪਰੋਂ ਸਾਡੇ ਅਨਪੜ੍ਹ ਭਾਬੀ ਜੀ ਵਲੋਂ ਵੀ ਉਸ ਨੂੰ ਖੁੱਲ੍ਹੀ ਛੁੱਟੀ ਸੀ ਮਾਰਨ ਦੀ। ਜੇ ਸਬਕ ਯਾਦ ਨਾ ਹੋਵੇ ਤਾਂ।

ਇਕ ਦਿਨ ਮੇਰੇ ਚਿਹਰੇ ਉਪਰ ਮਾਸਟਰ ਦੀ ਚੁਪੇੜ ਦੀ ਲਾਸ ਵੇਖ ਕੇ ਚੰਦਨ ਤੜਫ਼ ਉਠੀ। ਮੈਂ ਰੋ ਪਿਆ। ਚੰਦਨ ਨੇ ਮੈਨੂੰ ਪੁਚਕਾਰਿਆ ਅਤੇ ਭਾਬੀ ਜੀ ਭਾਪਾ ਜੀ ਨੂੰ ਆਖ ਕੇ ਮੇਰੀ ਪੜ੍ਹਾਈ ਦਾ ਜ਼ਿੰਮਾ ਆਪਣੇ ਉਪਰ ਲੈ ਲਿਆ। ਉਹ ਬੜੇ ਪਿਆਰ ਤੇ ਧੀਰਜ ਨਾਲ ਮੈਨੂੰ ਪੜ੍ਹਾਂਦੀ ਤੇ ਮੇਰੇ ਲਈ ਖਾਣ ਲਈ ਵੀ ਕੁਝ ਨਾ ਕੁਝ ਜ਼ਰੂਰ ਰੱਖਦੀ। ਕਈ ਵੇਰਾਂ ਹੋਰਨਾਂ ਤੋਂ ਛੁਪਾ ਕੇ ਆਪਣਾ ਹਿੱਸਾ ਵੀ ਮੈਨੂੰ ਖੁਆ ਦੇਂਦੀ। ਮੈਂ ਮਿੱਠੇ ਦਾ ਮਾਰੂ ਸਾਂ ਤੇ ਹਾਂ ਵੀ। ਚੰਦਨ ਮੇਰੇ ਠੀਕ ਸੁਆਲ ਕੱਢਣ 'ਤੇ ਇਨਾਮ ਵਜੋਂ ਮੈਨੂੰ ਕਿਸ਼ਮਿਸ਼, ਸ਼ਕਰਪਾਰੇ, ਫਲ ਜਾਂ ਮਿਠਾਈ ਦੇਂਦੀ ਤੇ ਮੈਨੂੰ ਖਾਂਦੇ ਖਾਂਦੇ ਨੂੰ ਤੱਕ ਕੇ ਖੁਸ਼ ਹੁੰਦੀ, ਖੀਵੀ ਖੀਵੀ। ਕਈ ਵੇਰਾਂ ਮੈਨੂੰ ਚੂਰੀ ਖੁਆਉਂਦੀ ਹੋਈ ਅਚਾਨਕ ਮੇਰਾ ਮੱਥਾ ਚੁੰਮ ਕੇ ਲੰਮਾ ਹੌਕਾ ਭਰਦੀ: 'ਹਾਇ ਜੇ ਤੂੰ ਰਤਾ ਵੱਡਾ ਹੁੰਦਾ'।

ਮੈਂ ਵੀ ਡਾਢਾ ਲੋਚਦਾ ਕਿ ਹਾਇ! ਜੇ ਮੈਂ ਵੱਡਾ ਹੁੰਦਾ, ਉਸ ਦੇ ਹਾਣ ਦਾ। ਤੇ ਫੇਰ ਮੈਂ ਛੇਤੀ ਛੇਤੀ ਵੱਡੇ ਹੋਣ ਦੇ ਯਤਨ ਵਿਚ ਦੱਬ ਕੇ ਖਾਂਦਾ, ਗਲਾਸਾਂ ਦੇ ਗਲਾਸ ਦੁੱਧ ਡੀਕਦਾ, ਛਲਾਂਗਾਂ ਮਾਰਦਾ, ਵਰਜਿਸ਼ਾਂ ਕਰਦਾ ਤੇ ਦਰਖ਼ਤਾਂ ਨਾਲ ਲਟਕ ਲਟਕ ਕੇ ਲੰਮਾ ਹੋਣ ਦੀ ਕੋਸ਼ਿਸ਼ ਕਰਦਾ।

... ਚੰਦਨ ਮੇਰਾ ਪਹਿਲਾ ਪਿਆਰ ਸੀ ਜਾਂ ਨਹੀਂ, ਇਹ ਤਾਂ ਨਹੀਂ ਕਹਿ ਸਕਦਾ ਪਰ ਅੱਲੜ੍ਹ ਉਮਰ ਵਿਚ ਵਿਰੋਧੀ ਲਿੰਗ ਲਈ ਖਿੱਚ ਜਾਂ ਮੋਹ ਵਰਗਾ ਮੇਰਾ ਪਹਿਲਾ ਅਹਿਸਾਸ ਉਸੇ ਲਈ ਹੀ ਸੀ, ਮੇਰੀ ਯਾਦ ਦਾ ਸਭ ਤੋਂ ਪਿਆਰਾ ਜ਼ਖੀਰਾ, ਮੇਰਾ ਕਾਫ਼ ਲਵ...।





*ਕਾਨਾ ਸਿੰਘ ਦੀ ਆਪਣੇ ਖਾਵੰਦ ਮਨਜੀਤ ਸਿੰਘ ਨਾਲ ਤਸਵੀਰ ਅਤੇ (ਸੱਜੇ) ਖਾਵੰਦ ਦਾ 'ਪਹਿਲਾ ਪਿਆਰ' ਚੰਦਨ ਨੇਗੀ।*

'ਕੱਚੀ ਉਮਰ ਦਾ ਲਗਾਓ ਬਚਗਾਨਾ ਹੀ ਹੁੰਦਾ ਹੈ, ਬਸ ਇਕ ਮਿੱਠੀ ਜਿਹੀ ਅਭੁੱਲ ਯਾਦ। ਜੀਵਨ ਸਾਥ ਦੇ ਫੈਸਲੇ ਤਾਂ ਸਭ ਪਾਸਿਓਂ ਸੋਚ ਵਿਚਾਰ ਕੇ ਪੂਰੇ ਤਵਾਜ਼ਨ ਦੇ ਆਧਾਰ ਉਤੇ ਹੀ ਲਏ ਹੋਏ ਸਹੀ ਰਹਿੰਦੇ ਹਨ। ਜੇ ਪੁੱਗ ਗਏ ਤਾਂ ਪਿਆਰ ਨਹੀਂ ਤਾਂ ਉਹ ਵੀ ਨਹੀਂ।' ਮੈਂ ਸੋਚ ਰਹੀ ਸਾਂ।

ਜੇ ਪਿਆਰ ਹੋ ਜਾਵੇ ਤਾਂ ਤਵਾਜ਼ਨ ਦਾ ਭੁਲੇਖਾ ਵੀ ਆਪੇ ਹੀ ਸਿਰਜ ਲਈਦਾ ਹੈ। ਇਹ ਉਦੋਂ ਨਹੀਂ ਸੀ ਪਤਾ।

ਉਸ ਦਿਨ ਤੋਂ ਬਾਅਦ ਅਕਸਰ ਹੀ ਚੰਦਨ ਦਾ ਜ਼ਿਕਰ ਛਿੜ ਪੈਂਦਾ।

ਸਾਡੇ ਵਿਆਹ ਨੂੰ ਮਸਾਂ ਸਾਲ ਹੀ ਹੋਇਆ ਸੀ ਕਿ ਸਾਡੇ ਕੋਲ ਦੀਪ ਭੈਣ ਬੱਚਿਆਂ ਸਮੇਤ ਬੰਗਲੌਰੋਂ ਆ ਗਈ ਤੇ ਅੰਮ੍ਰਿਤ ਅਲੀਗੜ੍ਹ ਤੋਂ।

ਰਲ ਕੇ ਬੈਠੇ ਭੈਣ ਭਰਾ ਜਦੋਂ ਬਚਪਨ ਤੋਂ ਵਿਆਹਾਂ ਤੱਕ ਦੀਆਂ ਆਪਣੀਆਂ ਯਾਦਾਂ ਦੇ ਕਿੱਸੇ ਉਧੇੜਨ ਲੱਗਦੇ ਤਾਂ ਕਈ ਨਾਵਾਂ ਦਾ ਜ਼ਿਕਰ ਆਉਂਦਾ। ਲਲਿਤਾ ਜੋ ਜੀਤ ਨੂੰ ਨਾਲ ਵਾਲੇ ਕੋਠੇ ਤੋਂ ਰੁੱਕੇ ਸੁੱਟਦੀ ਸੀ। ਲਜਿਆ ਜੋ ਬਾਲ ਵਿਧਵਾ ਸੀ ਤੇ ਬੀ.ਐਸਸੀ. ਕਰਦਾ ਜੀਤ ਉਸ ਦੀ ਦਸਵੀਂ ਦੀ ਪੜ੍ਹਾਈ ਵਿਚ ਉਸ ਨੂੰ ਉਸੇ ਤਰ੍ਹਾਂ ਧੀਰਜ ਨਾਲ ਪੜ੍ਹਾਂਦਾ ਸੀ ਜਿਸ ਤਰ੍ਹਾਂ ਚੰਦਨ, ਜੀਤ ਨੂੰ। ਰਾਇ ਬਹਾਦਰ ਦੀ ਇਕਲੌਤੀ ਪੋਤੀ ਕਾਂਤਾ ਜੋ ਜੀਤ ਨੂੰ ਛਿਪ ਛਿਪ ਕੇ ਮਿਲਦੀ ਸੀ, ਦੋਹਾਂ ਵਿਚ ਕੌਲ ਕਰਾਰ ਵੀ ਹੋ ਗਏ ਪਰ ਜਦੋਂ ਇਕ ਮਿਲਣੀ ਦੌਰਾਨ ਕਾਂਤਾ ਨੇ ਜੀਤ ਨੂੰ ਕੇਸ ਕਟਾਉਣ ਲਈ ਕਿਹਾ ਤਾਂ ਅੱਗ ਬਗੂਲਾ ਹੋਏ ਜੀਤ ਨੇ ਉਸ ਦੀ ਬਾਂਹ ਮਰੋੜ ਦਿੱਤੀ, ਅਰ ਆਪਣੀ ਲਵੀ ਲਵੀ ਦਾਹੜੀ ਨੂੰ ਚੁੰਮਦਾ ਹੋਇਆ ਭਰਿਆ ਪੀਤਾ ਉਸ ਦੇ ਸਾਹਮਣੇ ਥੁੱਕ ਕੇ ਪਿੱਠ ਮੋੜ ਆਇਆ। ਹੋਰ ਵੀ ਕਈ ਨਾਵਾਂ ਦਾ ਜ਼ਿਕਰ ਚੱਲਦਾ, ਪਰ ਗੱਲ ਆਖਰ ਚੰਦਨ ਉਤੇ ਆ ਟਿਕਦੀ।

'ਉਹ ਮੈਨੂੰ ਪਿਆਰ ਕਰਦੀ ਸੀ।' ਜੀਤ ਕਹਿੰਦਾ।

'ਤੂੰ ਗਲਤ ਸੋਚਦਾ ਏਂ। ਉਹ ਤਾਂ ਤੈਥੋਂ ਪੰਜ ਸਾਲ ਵੱਡੀ ਸੀ। ਉਹ ਤੈਨੂੰ ਆਪਣਾ ਨਿੱਕਾ ਵੀਰ ਸਮਝਦੀ ਸੀ।' ਅੰਮ੍ਰਿਤ ਕਹਿੰਦੀ।

'ਜੇ ਵੀਰ ਸਮਝਦੀ ਸੀ ਤਾਂ ਫਿਰ ਹੌਕੇ ਭਰ ਕੇ ਕਿਉਂ ਕਹਿੰਦੀ ਸੀ, ਹਾਇ ਜੇ ਤੂੰ ਰਤਾ ਵੱਡਾ ਹੁੰਦਾ।' ਜੀਤ ਜਿਰਾਹ ਕਰਦਾ।

'ਉਹਨੇ ਨਹੀਂ ਕਿਹਾ ਹੋਣਾ। ਇਹ ਤੂੰ ਆਪੇ ਖੁਸ਼ਫਹਿਮੀ ਸਿਰਜ ਲਈ ਏ।' ਦੀਪ ਕਹਿੰਦੀ।

ਮੈਨੂੰ ਇਹ ਸਾਰੀ ਗੱਲਬਾਤ ਬਚਗਾਨੀ ਜਿਹੀ ਲੱਗਦੀ। ਪਿਆਰ ਕੋਈ ਖਾਨਿਆਂ ਵਿਚ ਤਾਂ ਨਹੀਂ ਵੰਡਿਆ ਹੁੰਦਾ ਤੇ ਨਾ ਹੀ ਉਸ ਦਾ ਸ਼੍ਰੇਣੀਕਰਨ ਹੋ ਸਕਦਾ ਹੈ। ਕੋਈ ਚੰਗਾ ਲੱਗਦਾ ਹੈ ਤੇ ਬੱਸ ਲੱਗਦਾ ਹੈ ਚੰਗਾ। ਉਹ ਨਿਰਾ ਪਤੀ, ਮਿੱਤਰ, ਭਰਾ ਜਾਂ ਪਿਓ ਸਮਾਨ ਤਾਂ ਹੋਣਾ ਜ਼ਰੂਰੀ ਨਹੀਂ।

ਉਹ ਸਾਰੇ ਭੈਣ ਭਰਾ ਧਾਰਮਿਕ ਜਕੜ ਵਿਚ ਪਲੇ ਹੋਏ, ਉਸ ਵੇਲੇ ਦੀਆਂ ਹਿੰਦੀ ਫਿਲਮਾਂ ਦੇ ਭਰਮਾਏ ਹੋਏ, ਰਾਖੀਬੰਦ ਭਾਈ ਭੈਣ ਦੇ ਰਿਸ਼ਤੇ ਬਣਾਉਣ ਅਤੇ ਮੰਨਣ ਵਾਲੇ ਸਨ। ਉਨ੍ਹਾਂ ਲਈ ਰਿਸ਼ਤੇ ਨੂੰ ਨਾਂ ਦੇਣਾ ਲਾਜ਼ਮੀ ਹੁੰਦਾ ਸੀ।

ਹੋ ਸਕਦਾ ਹੈ ਉਨ੍ਹਾਂ ਭੈਣਾਂ ਨੂੰ ਆਪਣੀ ਸਖੀ ਚੰਦਨ ਦੇ ਮੂੰਹੋਂ 'ਹਾਇ ਜੇ ਤੂੰ ਰਤਾ ਵੱਡਾ ਹੁੰਦਾ...' ਉਚਰੇ ਸ਼ਬਦ ਆਪਣੇ ਆਪ ਉਤੇ ਇਖ਼ਲਾਕੀ ਚੋਟ ਲੱਗਦੇ ਹੋਣ।

ਬਲਬੀਰ ਭਰਾ ਜੀ ਕਿਸੇ ਕਾਰਨ ਵੱਸ ਸਾਡੇ ਵਿਆਹ ਵਿਚ ਸ਼ਾਮਿਲ ਨਹੀਂ ਸਨ ਹੋ ਸਕੇ। ਦੋ ਸਾਲਾਂ ਬਾਅਦ ਜਦੋਂ ਸਾਡੇ ਕੋਲ ਮੁੰਬਈ ਆਏ ਤਾਂ ਮੈਨੂੰ ਵੇਖਦਿਆਂ ਹੀ ਬੋਲੇ: 'ਇਹ ਤਾਂ ਚੰਦਨ ਵਰਗੀ ਲਗਦੀ ਹੈ।'

'ਜੇ ਤੁਸੀਂ ਇਸ ਦੀ ਵੱਡੀ ਭੈਣ ਨੂੰ ਵੇਖੋ ਤਾਂ ਹੈਰਾਨ ਹੀ ਹੋ ਜਾਵੋ। ਉਹੀ ਰੰਗ, ਉਹੀ ਡੀਲ-ਡੌਲ, ਉਹੀ ਆਵਾਜ਼ ਤੇ ਉਹੀ ਚਾਲ- ਸਗਵੀਂ ਚੰਦਨ।' ਜੀਤ ਬੋਲਿਆ।

'ਤਾਂ ਫਿਰ ਤੂੰ ਸਾਲੀ ਕਰ ਕੇ ਹੀ।' ਭਾਅ ਜੀ ਨੇ ਛੇੜਿਆ।

***000***

ਜਿੰਦਰ ਭੈਣ ਜੀ ਮੈਥੋਂ ਲਗਭਗ ਸੋਲ੍ਹਾਂ ਸਾਲ ਵੱਡੇ ਸਨ। ਡਾਢੇ ਗੋਰੇ, ਮੋਟੀਆਂ ਕਾਲੀਆਂ ਅੱਖਾਂ ਤੇ ਸ਼ਾਹ ਕਾਲੇ ਲਹਿਰੀਏ ਵਾਲ। ਸੁਹਣੇ ਕੱਦਾਵਰ, ਭਰੇ ਭਰੇ। ਕੱਦ-ਕਾਠ ਵਿਚ ਮਧਰੀ, ਸੂਖ਼ਮ ਤੇ ਮਲੂਕ ਹੁੰਦੀ ਵੀ ਮੈਂ ਕੁਝ ਕੁਝ ਉਨ੍ਹਾਂ ਦੀ ਭਾ ਮਾਰਦੀ ਹਾਂ। ਖੂਨ, ਖਾਨਦਾਨ ਤੇ ਹਾਵ-ਭਾਵ ਦੀਆਂ ਸਮਾਨਤਾਵਾਂ ਕਾਰਨ ਕੋਈ ਵੀ ਕਹਿ ਸਕਦਾ ਹੈ ਕਿ ਇਹ ਸਕੀਆਂ ਭੈਣਾਂ ਹਨ, ਮਾਂ ਪਿਓ ਜਾਈਆਂ।

ਮੇਰੇ ਮੁੰਬਈ ਪਰਵਾਸ ਕਰਨ ਤੋਂ ਪਹਿਲਾਂ ਹੀ ਜੀਤ ਮੇਰੀ ਭੈਣ ਜੀ ਦਾ ਫੈਮਿਲੀ ਡਾਕਟਰ ਨੀਯਤ ਹੋ ਚੁੱਕਿਆ ਸੀ। ਡਾਕਟਰ ਹੀ ਨਹੀਂ, ਫੈਮਿਲੀ ਮੈਂਬਰ ਹੀ ਸਮਝੋ। ਉਸ ਦੇ ਦਵਾਖ਼ਾਨੇ ਦਾ ਮਹੂਰਤ ਤਾਂ ਸਿਨੇ ਗਾਇਕ ਮੁਹੰਮਦ ਰਫ਼ੀ ਨੇ ਕੀਤਾ ਸੀ ਪਰ ਖਾਰ, ਬਾਂਦਰਾ, ਸਾਂਤਾ ਕਰੂਜ਼ ਅਤੇ ਅੰਧੇਰੀ ਦੀ ਸਿੱਖ ਬਰਾਦਰੀ ਨਾਲ ਪ੍ਰੀਚੈ ਕਰਾਉਣ ਵਜੋਂ ਮੁੱਖ ਤਕਰੀਰਕਾਰ ਸਿੰਘ ਸਭਾ, ਖਾਰ ਦੇ ਸਕੱਤਰ, ਮੇਰੇ ਜੀਜਾ ਜੀ ਹੀ ਸਨ।

'ਮੈਨੂੰ ਇਹਦੇ ਭੈਣ ਜੀ ਬੜੇ ਚੰਗੇ ਲੱਗੇ। ਬੜੇ ਮਿਲਾਪੜੇ, ਖੁਸ਼ ਰਹਿਣੇ ਤੇ ਨਿੱਘੇ। ਰਿਸ਼ਤੇ ਦੀ ਗੱਲ ਛਿੜਦਿਆਂ ਹੀ ਮੇਰੀ ਉਤਸੁਕਤਾ ਵਧੀ।'

'ਸਮਝ ਗਿਆ। ਤੂੰ ਸਾਲੀ 'ਤੇ ਮੋਹਿਤ ਹੋ ਕੇ ਬੀਵੀ ਪਸੰਦ ਕਰ ਲਈ। ਇਥੋਂ ਤੱਕ ਕਿ ਆਪਣੀਆਂ ਤਿੰਨੇ ਸ਼ਰਤਾਂ ਭੁੱਲ ਕੇ ਇਸ ਦੀ ਭੈਣ ਦਾ ਭਣਵਈਆ ਬਣ ਗਿਆ।' ਬਲਬੀਰ ਭਰਾ ਜੀ ਹੱਸੇ।

'ਸ਼ਰਤਾਂ?' ਮੇਰੇ ਕੰਨ ਖੜ੍ਹੇ ਹੋ ਗਏ।

'ਹਾਂ, ਜਦੋਂ ਵੀ ਇਸ ਦੇ ਵਿਆਹ ਦੀ ਅਸੀਂ ਗੱਲ ਛੇੜਦੇ, ਇਹ ਤਿੰਨ ਸ਼ਰਤਾਂ ਰੱਖਦਾ: ਪਹਿਲੀ, ਕੁੜੀ ਮਧਰੀ ਨਾ ਹੋਵੇ। ਦੂਜੀ, ਐਨਕ ਨਾ ਲਗਾਂਦੀ ਹੋਵੇ ਤੇ ਤੀਜੀ, ਉਹ ਜ਼ਰੂਰ ਗੋਰੀ ਚਿੱਟੀ ਹੋਵੇ, ਚੰਦਨ ਵਰਗੀ ਪਰ ਇਸ ਨੂੰ ਕੀ ਪਤਾ ਸੀ ਕਿ ਕੋਈ ਕੁੜੀ ਮਧਰੀ ਅਤੇ ਐਨਕ ਲਗਾਂਦੀ ਹੋਈ ਵੀ ਸੁਹਣੀ ਹੋ ਸਕਦੀ ਹੈ, ਚੰਦਨ ਵਰਗੀ।' ਬਲਬੀਰ ਭਰਾ ਜੀ ਨੇ ਠਹਾਕਾ ਲਗਾਇਆ।

ਤਾਂ ਇਹ ਚੰਦਨ ਹੀ ਸੀ ਜੋ ਮੇਰੀ ਜਿੰਦਰ ਭੈਣ ਜੀ ਦੇ ਚਿਹਰੇ ਤੋਂ ਤਿਲ੍ਹਕਦੀ ਤਿਲ੍ਹਕਦੀ ਮੇਰੇ ਚਿਹਰੇ ਉਤੇ ਆਣ ਟਿਕੀ। ਰਸ਼ਕ ਹੁੰਦਾ ਮੈਨੂੰ ਉਸ ਅਣਡਿੱਠੀ ਚੰਦਨ ਉਤੇ ਜੋ ਮੈਂ ਨਹੀਂ ਸਾਂ ਤੇ ਸਾਂ ਵੀ। ਜਿਸ ਕਾਰਨ ਜੀਤ ਮੇਰਾ ਹੋ ਗਿਆ ਸੀ ਤੇ ਮੈਂ ਉਸ ਦੀ।

***000***

ਬੜੇ ਸਾਵਣ ਆਏ, ਬਰਸੇ। ਬਸੰਤਾਂ ਆਈਆਂ ਤੇ ਖਿੜ ਖਿੜਾ ਕੇ ਪਤਝੜ ਹੁੰਦੀਆਂ ਗਈਆਂ। ਸਮੇਂ ਦੀ ਲਗਾਤਾਰ ਗਰਦ ਹੇਠਾਂ ਚੰਦਨ ਕਿਧਰੇ ਦਬ ਜਿਹੀ ਗਈ। ਕੋਈ ਭੈਣ ਊਧਮਪੁਰ ਚਲੀ ਗਈ, ਕੋਈ ਚੰਡੀ ਮੰਦਰ ਤੇ ਕੋਈ ਬੰਗਲੌਰ। ਭੈਣਾਂ ਭਰਾਵਾਂ ਦਾ ਮੇਲ ਕਦੇ ਦੁੱਖਾਂ ਸੁੱਖਾਂ 'ਤੇ ਹੀ ਹੋਇਆ। ਕਿਸੇ ਦਾ ਹੋਇਆ ਤੇ ਕਿਸੇ ਦਾ ਨਹੀਂ ਵੀ ਹੋਇਆ। ਭੁੱਲ ਵਿਸਰ ਗਈ ਚੰਦਨ। ਬਸ ਗੁਆਚ ਜਿਹੀ ਹੀ ਗਈ।

***000***

ਚੁਰਾਸੀ ਦੇ ਦੰਗਿਆਂ ਦੀ ਲਪੇਟ ਵਿਚ ਸਾਡਾ ਨਿੱਜੀ ਪਰਿਵਾਰ ਵੀ ਖੇਰੂੰ ਖੇਰੂੰ ਹੋ ਗਿਆ। ਜੀਤ ਮੁੰਬਈ ਦਵਾਖਾਨਾ ਸੰਭਾਲਦਾ ਤੇ ਮੈਂ ਮੁਹਾਲੀ ਆ ਟਿਕੀ। ਵੱਡਾ ਪੁੱਤਰ, ਸੰਨੀ ਮੁੰਬਈ, ਪਿਓ ਕੋਲ ਤੇ ਨਿੱਕਾ, ਦੀਪੀ ਮੁਹਾਲੀ, ਮੇਰੇ ਨਾਲ।

ਪਰਦੇਸ ਜਿਹਾ ਹੀ ਲੱਗੇ ਮੈਨੂੰ ਦੇਸ ਪੰਜਾਬ। ਨਾ ਕੋਈ ਮਿੱਤਰ ਨਾ ਸਨੇਹੀ। ਕਹਿਰਾਂ ਦੀ ਇਕੱਲ ਤੇ ਉਦਰੇਵਾਂ। ਅਜਿਹੀ ਹਾਲਤ ਵਿਚ ਇਕੋ ਇਕ ਸਹਾਰਾ ਮੇਰੀ ਮਾਂ ਬੋਲੀ, ਪੰਜਾਬੀ ਮੇਰੇ ਲਈ ਠੁੰਮ੍ਹਣਾ ਬਣ ਖਲੋਤੀ। ਜਿਹੜੇ ਨਜ਼ਮਾਂ, ਕਹਾਣੀਆਂ ਤੇ ਲੇਖਾਂ ਦੇ ਕੱਚੇ ਪੱਕੇ ਖਰੜੇ, ਜੀਤ ਦੀ ਪੰਜਾਬੀ ਨਾਲ ਨਫ਼ਰਤ ਹੋਣ ਕਾਰਨ ਮੈਂ ਮੁਦਤ ਤੋਂ ਸੰਦੂਕ ਵਿਚ ਦੱਬ ਛੱਡੇ ਸਨ, ਕਦੇ ਨਾ ਕੱਢ ਤੇ ਫਰੋਲ ਸਕਣ ਦੀ ਪੀੜ ਨਾਲ, ਹੁਣ ਉਹ ਆਪੇ ਹੀ ਜੰਦਰਾ ਭੰਨ, ਢੱਕਣ ਉਠਾਅ ਤੇ ਬਾਗ਼ੀ ਹੋ ਕੇ ਮੇਰਾ ਧਿਆਨ ਬੰਨ੍ਹ ਖਲੋਤੇ। ਮੈਂ ਮੁੜ ਪੰਜਾਬੀ ਕਿਤਾਬਾਂ ਖਰੀਦਣ ਲੱਗੀ ਹੋਰ ਹੋਰ ਤੇ ਦਿਨ ਰਾਤ ਪੜ੍ਹਨ ਲੱਗੀ।

ਹੁਣ ਮੇਰੀ ਹਾਲਤ ਭੁੱਖੇ ਹੱਥ ਕਟੋਰਾ ਲੱਭਣ ਵਾਲੀ ਸੀ। ਸਾਹਿਤ ਸਭਾਵਾਂ ਵਿਚ ਸ਼ਾਮਲ ਹੁੰਦੀ, ਲੇਖਕਾਂ ਤੇ ਕਲਾਕਾਰਾਂ ਨੂੰ ਮਿਲਦੀ ਗਿਲਦੀ, ਸਹਿਜੇ ਸਹਿਜੇ ਦਿੱਲੀ ਤੇ ਪੰਜਾਬ ਵਿਚ ਹੋਣ ਵਾਲੇ ਹੋਰ ਸੈਮੀਨਾਰਾਂ, ਸਮਾਗਮਾਂ, ਗੋਸ਼ਟੀਆਂ ਅਤੇ ਕਾਨਫਰੰਸਾਂ ਵਿਚ ਵੀ ਸ਼ਾਮਲ ਹੋਣ ਲੱਗੀ। ਪਹਿਲਾਂ ਪਹਿਲਾਂ ਓਪਰੀ ਓਪਰੀ, ਝਿਜਕਦੀ ਸ਼ਰਮਾਉਂਦੀ, ਨਵੀਂ ਨਵੇਲੀ ਵਹੁਟੀ ਵਾਂਗ ਜੋ ਪਹਿਲਾਂ ਤੋਂ ਪਰਵਾਨਿਤ ਹੋਈਆਂ ਨੂੰਹਾਂ 'ਤੇ ਰਸ਼ਕ ਕਰਦੀ ਹੈ ਤੇ ਫਿਰ ਸਹਿਜੇ ਸਹਿਜੇ ਆਪਣੇ ਬਲਬੂਤੇ 'ਤੇ ਖੜੋਂਦੀ ਆਪਣੀ ਥਾਂ ਬਣਾ ਲੈਂਦੀ ਹੈ, ਪਰ ਫਿਰ ਵੀ ਨਵੀਂ ਤਾਂ ਨਵੀਂ ਹੀ ਹੁੰਦੀ ਹੈ।

ਸਿਰਕੱਢ ਸਾਹਿਤ ਰਚੇਤਿਆਂ ਦੀਆਂ ਕਿਰਤਾਂ ਪੜ੍ਹ ਪੜ੍ਹ ਜਿੰਦ ਵਲਿੱਅਸੀ ਜਿਹੀ ਜਾਂਦੀ।

ਹਾਇ ਕਦੇ ਮੈਂ ਵੀ ਲਿਖ ਸਕਾਂਗੀ। ਮੁੱਦਤਾਂ ਤੋਂ ਇਕ ਸਤਰ ਵੀ ਨਹੀਂ ਸੀ ਲਿਖੀ ਪੰਜਾਬੀ ਵਿਚ। ਮੁੰਬਈ ਦੀ ਰਿਹਾਇਸ਼ ਦੌਰਾਨ ਮੈਂ ਤਾਂ ਸੋਚਣਾ ਵੀ ਅੰਗਰੇਜ਼ੀ ਵਿਚ ਹੀ।

ਪੰਝੀ ਤੀਹ ਸਾਲ ਇਕ ਉਮਰ ਹੁੰਦੀ ਹੈ ਲਿਖਣ ਦੇ ਅਭਿਆਸ ਲਈ ਅਤੇ ਨਾ ਲਿਖ ਸਕਣ ਦੇ ਅਹਿਸਾਸ ਲਈ ਵੀ। ਲਗਾਤਾਰ ਪੰਜਾਬੀ ਸਾਹਿਤ ਦਾ ਅਧਿਐਨ ਕਰਨ ਨਾਲ ਸਹਿਜੇ ਸਹਿਜੇ ਅੰਗਰੇਜ਼ੀ ਵਾਲੀ ਉੱਲੀ ਲਹਿਣ ਲੱਗੀ। ਜਿਸ ਵੀ ਲੇਖਕ ਨੂੰ ਪੜ੍ਹਦੀ, ਨਾਲੋ ਨਾਲ ਉਸ ਲਈ ਸੁਆਲਨਾਮਾ ਤਿਆਰ ਕਰੀ ਜਾਂਦੀ। ਇਹ ਕੰਮ ਰਤਾ ਸੌਖਾ ਤੇ ਰੌਚਕ ਲੱਗਾ। ਨਾਲੇ ਮੁੰਬਈ ਦੇ ਫ਼ਿਲਮ ਜਗਤ ਦੇ ਨੇੜੇ ਰਹਿਣ ਕਾਰਨ ਫਿਲਮ ਕਲਾਕਾਰਾਂ ਦੀਆਂ ਨੋਕਾਂ ਝੋਕਾਂ ਪੜ੍ਹਨ ਦਾ ਪਹਿਲਾਂ ਤੋਂ ਝੱਸ ਜਿਹਾ ਵੀ ਪਿਆ ਹੋਇਆ ਸੀ। ਮੇਰੀ ਕਲਮ ਦੇ ਖੰਭ ਕੁਝ ਕੁਝ ਹਰਕਤ ਕਰਦੇ ਫੜਫੜਾਣ ਲੱਗੇ। ਕੁਝ ਮੁਲਾਕਾਤਾਂ, ਕਹਾਣੀਆਂ ਤੇ ਵਿਅੰਗ ਲੇਖਾਂ ਦੇ ਲਿਖਣ-ਛਪਣ ਕਾਰਨ ਮੇਰੀ ਹਲਕੀ ਹਲਕੀ ਪਛਾਣ ਵੀ ਬਣ-ਹੋਣ ਲੱਗੀ। ਕੁਝ ਨਵ-ਪ੍ਰਕਾਸ਼ਿਤ ਪਹਿਲੇ ਕਾਵਿ ਸੰਗ੍ਰਹਿ 'ਲੋਹਿਓਂ ਪਾਰਸ' ਨੇ ਵੀ ਖਾਸੀ ਹਲਚਲ ਪੈਦਾ ਕੀਤੀ। ਇਹ ਸਭ ਕੁਝ ਮੇਰੀ ਆਸ ਤੋਂ ਵੱਧ ਚੜ੍ਹ ਕੇ ਸੀ।

***000***

ਜਲੰਧਰ ਕਹਾਣੀ ਦਰਬਾਰ ਸੀ। ਹੁਮ-ਹੁਮਾ ਕੇ ਪੁੱਜੇ ਹੋਏ ਸਨ ਸਾਰੇ ਪੰਜਾਬ ਤੋਂ। ਦਿੱਲੀ, ਕਲਕੱਤਾ ਮੁੰਬਈ ਤੋਂ ਇਲਾਵਾ ਹੋਰ ਪ੍ਰਾਂਤਾਂ ਤੇ ਵਿਦੇਸ਼ਾਂ ਤੋਂ ਵੀ। ਲੇਖਕ, ਕਲਾਕਾਰ ਤੇ ਲੇਖਕਾਵਾਂ ਵੀ।

***000***

'ਤੁਸੀਂ ਮੈਨੂੰ ਬੜੇ ਚੰਗੇ ਲੱਗਦੇ ਹੋ। ਤੁਹਾਨੂੰ ਵੇਖਦੀ ਹਾਂ ਤਾਂ ਮੈਨੂੰ ਆਪਣੇ ਵੱਡੇ ਭੈਣ ਜੀ ਯਾਦ ਆ ਜਾਂਦੇ ਹਨ। ਤੁਹਾਡੀ ਸ਼ਕਲ ਉਨ੍ਹਾਂ ਨਾਲ ਬਹੁਤ ਮਿਲਦੀ ਹੈ। ਕੱਦ ਕਾਠ, ਆਵਾਜ਼ ਅੰਦਾਜ਼ ਸਗਵਾਂ ਉਨ੍ਹਾਂ ਵਰਗਾ। ਜਦੋਂ ਉਹ ਤੁਹਾਡੀ ਉਮਰ ਦੇ ਸਨ ਤਾਂ ਹੂ-ਬ-ਹੂ ਤੁਹਾਡੇ ਵਰਗੇ ਹੀ ਸਨ।' ਮਿਲਦਿਆਂ ਹੀ ਮੈਥੋਂ ਕਹਿ ਹੋ ਗਿਆ।

'ਕਿੱਥੇ ਹੁੰਦੇ ਨੇ ਤੁਹਾਡੇ ਭੈਣ ਜੀ?'

'ਮੁੰਬਈ ਤੇ ਕਦੇ ਕਦੇ ਦਿੱਲੀ ਵੀ। ਤੁਸੀਂ ਮੈਨੂੰ ਆਪਣੇ ਪਾਸੇ ਦੇ ਹੀ ਲੱਗਦੇ ਹੋ। ਤੁਹਾਡਾ ਲਹਿਜ਼ਾ ਵੀ ਕੁਝ ਪੱਛਮੀ ਪੰਜਾਬੀ ਵਾਲਾ ਹੈ। ਤੁਸੀਂ

***(ਬਾਕੀ ਅਗਲੇ ਸਫੇ 'ਤੇ)***

# ਸਮਕਾਲੀ ਭਾਰਤ ਦੀ ਕਹਾਣੀ ਕੁਲਦੀਪ ਨਈਅਰ ਦੀ ਜ਼ੁਬਾਨੀ


## ਨਿੱਕ ਸੁੱਕ




**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com


ਹੁਣੇ ਹੁਣੇ ਭਾਰਤ ਦਾ ਗਣਤੰਤਰ ਦਿਵਸ ਮਨਾ ਕੇ ਹਟੇ ਹਾਂ। ਨਿਸਚੇ ਹੀ ਅਜਿਹੇ ਮੌਕੇ ਦੇਸ਼ ਦੀ ਰਾਜਨੀਤੀ ਤੇ ਦੇਸ਼ ਦੀ ਵੰਡ ਦਾ ਦ੍ਰਿਸ਼ ਸਾਹਮਣੇ ਆ ਜਾਂਦਾ ਹੈ। ਪਿਛਲਝਾਤ ਮਾਰਨ ਲਈ ਮੇਰੇ ਕੋਲ ਆਪਣੇ ਮਿੱਤਰ ਕੁਲਦੀਪ ਨਈਅਰ ਦੀ ਸਵੈ-ਜੀਵਨੀ 'ਬਿਔਂਡ ਦੀ ਲਾਈਨਜ਼' ਦਾ ਪੰਜਾਬੀ ਅਨੁਵਾਦ ਪਿਆ ਹੈ। ਉਸ ਦਾ ਅਨੁਭਵ ਵਿਸ਼ਾਲ ਹੈ। ਉਹ ਨਾ ਕੇਵਲ ਆਜ਼ਾਦੀ ਦੀ ਜੰਗ ਦੇ ਸਮੇਂ ਵਿਚੋਂ ਲੰਘਿਆ ਹੈ ਸਗੋਂ ਉਸ ਨੇ ਐਮਰਜੈਂਸੀ ਦੇ ਦਿਨ ਵੀ ਨੇੜਿਉਂ ਵੇਖੇ ਹਨ। ਉਹ ਹਰ ਘਟਨਾ ਨੂੰ ਮਨੁੱਖੀ ਅਧਿਕਾਰ ਦੀ ਸੁਤੰਤਰਤਾ ਦੇ ਸ਼ੀਸ਼ੇ ਰਾਹੀਂ ਵੇਖਦਾ ਹੈ। ਪਾਠਕਾਂ ਦੀ ਦਿਲਚਲਪੀ ਲਈ ਮੈਂ ਇਸ ਪੁਸਤਕ ਦੀਆਂ ਕੁਝ ਟੂਕਾਂ ਪੇਸ਼ ਕਰਦਾ ਹਾਂ।

ਨਿੱਜੀ ਤੌਰ 'ਤੇ ਇਹ ਗੱਲ ਮੇਰੀ ਸਮਝ ਨਹੀਂ ਆਈ ਕਿ ਮੁਸਲਮ ਲੀਗ ਨੂੰ ਦੋ ਸੀਟਾਂ ਦੇਣ ਤੋਂ ਇਨਕਾਰ ਕਰਨ ਨਾਲ ਮੁਸਲਿਮ ਭਾਈਚਾਰੇ (ਅਬੁਲ ਕਲਾਮ ਆਜ਼ਾਦ ਸਮੇਤ) ਨੂੰ ਏਨੀ ਠੇਸ ਪਹੁੰਚੀ ਕਿ ਉਹ ਇਕ ਵੱਖਰਾ ਮੁਲਕ ਪਾਕਿਸਤਾਨ ਬਣਾਉਣ ਦੇ ਰਾਹ ਪੈ ਤੁਰੇ। ਨਹਿਰੂ ਨੇ 1959 ਵਿਚ ਆਪਣਾ ਪੱਖ ਸਪੱਸ਼ਟ ਕਰਦਿਆਂ ਇਸ ਮੁੱਦੇ 'ਤੇ ਆਜ਼ਾਦ ਨੂੰ ਸਹੀ ਨਹੀਂ ਸੀ ਕਿਹਾ। ਉਹ ਆਜ਼ਾਦ ਵੱਲੋਂ ਆਪਣੇ ਆਪ (ਨਹਿਰੂ) ਨੂੰ ਫਜ਼ੂਲ ਬੰਦਾ ਆਖੇ ਜਾਣ ਤੋਂ ਵੀ ਦੁਖੀ ਸੀ। ਨਹਿਰੂ ਬਾਰੇ ਇਹ ਸ਼ਬਦ ਲਿਖਤੀ ਰੂਪ ਵਿਚ ਆਜ਼ਾਦ ਵੱਲੋਂ ਉਨ੍ਹਾਂ 30 ਪੰਨਿਆਂ 'ਚ ਵੀ ਵਾਰ-ਵਾਰ ਵਰਤੇ ਗਏ ਹਨ ਜੋ ਆਜ਼ਾਦ ਦੀ ਇੱਛਾ ਅਨੁਸਾਰ ਉਸ ਦੀ ਮੌਤ ਤੋਂ ਕਈ ਵਰ੍ਹੇ ਪਿਛੋਂ ਪ੍ਰਕਾਸ਼ਿਤ ਕੀਤੇ ਗਏ। ਨਹਿਰੂ ਦੀ ਮੌਤ ਤੋਂ 24 ਵਰ੍ਹੇ ਬਾਅਦ 1988 ਵਿਚ।

"ਪਾਕਿਸਤਾਨ ਦੇ ਪੁਨਰਵਸੇਬਾ ਮੰਤਰੀ ਇਫਤਿਖ਼ਾਰ-ਉਦ-ਦੀਨ ਅਤੇ 'ਪਾਕਿਸਤਾਨ ਟਾਈਮਜ਼' ਦੇ ਸੰਪਾਦਕ ਮਜ਼ਹਰ ਅਲੀ ਖ਼ਾਨ ਨੇ ਮੁਹੰਮਦ ਅਲੀ ਜਿਨਹਾ ਨਾਲ ਇਕ ਦਿਨ ਲਾਹੌਰ ਤੋਂ ਡਕੋਟਾ ਜਹਾਜ਼ ਰਾਹੀਂ ਵੰਡੇ ਹੋਏ ਪੰਜਾਬ ਦਾ ਹਵਾਈ ਦੌਰਾ ਕੀਤਾ। ਉਸ ਨੇ ਜਦੋਂ ਭਾਰਤ ਵਾਲੇ ਪਾਸਿਉਂ ਪਾਕਿਸਤਾਨ ਵੱਲ ਆ ਰਹੀ ਅਤੇ





ਪਾਕਿਸਤਾਨ ਤੋਂ ਭਾਰਤ ਵੱਲ ਜਾ ਰਹੀ ਅਮੁੱਕ ਮਨੁੱਖੀ ਲੜੀ ਉਪਰੋਂ ਦੇਖੀ ਤਾਂ ਉਸ ਨੇ ਆਪਣੇ ਮੱਥੇ 'ਤੇ ਹੱਥ ਮਾਰਦਿਆਂ ਪ੍ਰੇਸ਼ਾਨੀ 'ਚ ਆਖਿਆ, "ਇਹ ਮੈਂ ਕੀ ਕਰ ਬੈਠਾ।" ਇਫ਼ਤਿਖਾਰ ਅਤੇ ਮਜ਼ਹਰ ਦੋਹਾਂ ਨੇ ਸਹੁੰ ਪਾਈ ਕਿ ਉਹ ਜਿਨਾਹ ਵੱਲੋਂ ਆਖੀ ਗਈ ਇਹ ਗੱਲ ਕਿਸੇ ਨਾਲ ਸਾਂਝੀ ਨਹੀਂ ਕਰਨਗੇ। ਮਜ਼ਹਰ ਨੇ ਇਹ ਗੱਲ ਸਿਰਫ਼ ਆਪਣੀ ਪਤਨੀ ਤਾਹਿਰਾ ਨਾਲ ਸਾਂਝੀ ਕੀਤੀ ਅਤੇ ਉਸ ਨੇ ਆਪਣੇ ਪਤੀ ਦੀ ਮੌਤ ਤੋਂ ਕਈ ਵਰ੍ਹੇ ਬਾਅਦ ਇਹ ਗੱਲ ਮੈਨੂੰ ਦੱਸੀ।"

"ਮੈਂ ਦੇਰ ਸ਼ਾਮ ਸ਼ਾਸਤਰੀ ਜੀ ਦੇ ਘਰ ਪੁੱਜਿਆ। ਉਨ੍ਹਾਂ ਮੈਨੂੰ ਕਿਹਾ, "ਮੈਂ ਚਾਹੁੰਦਾ ਹਾਂ ਕਿ ਪ੍ਰਧਾਨ ਮੰਤਰੀ ਦੀ ਚੋਣ ਸਰਬਸੰਮਤੀ ਨਾਲ ਹੋਵੇ।" ਥੋੜ੍ਹਾ ਰੁਕਦਿਆਂ ਉਨ੍ਹਾਂ ਕਿਹਾ, "ਜੇਕਰ ਮੁਕਾਬਲਾ ਲਾਜ਼ਮੀ ਹੀ ਹੋਇਆ ਤਾਂ ਮੈਂ ਮੋਰਾਰਜੀ ਭਾਈ ਦੇ ਖਿਲਾਫ ਚੋਣ ਲੜ ਸਕਦਾ ਹਾਂ ਕਿਉਂਕਿ ਮੈਨੂੰ ਪਤਾ ਹੈ ਕਿ ਮੈਂ ਉਨ੍ਹਾਂ ਨੂੰ ਹਰਾ ਸਕਦਾ ਹਾਂ ਪਰ ਇੰਦਰਾ ਜੀ ਨੂੰ ਨਹੀਂ।"

"ਜਿੱਥੋਂ ਤੱਕ ਮੈਨੂੰ ਜਾਣਕਾਰੀ ਸੀ ਮਸਜਿਦ ਢਾਹੁਣ ਲਈ ਤਤਕਾਲੀ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦੀ ਵੀ ਮਿਲੀਭੁਗਤ ਸੀ। ਕਾਰ ਸੇਵਕਾਂ ਨੇ ਜਿਸ ਵੇਲੇ ਬਾਬਰੀ ਮਸਜਿਦ ਢਾਹੁਣੀ ਸ਼ੁਰੂ ਕੀਤੀ ਤਾਂ ਉਹ ਪੂਜਾ 'ਤੇ ਬੈਠ ਗਿਆ ਅਤੇ ਉਦੋਂ ਹੀ ਉਠਿਆ ਜਦੋਂ ਮਸਜਿਦ ਦੀ ਆਖਰੀ ਇੱਟ ਵੀ ਪੁੱਟੀ ਗਈ ਸੀ। ਸੋਸ਼ਲਿਸਟ ਆਗੂ ਮਧੂ ਲਿਮਏ ਨੇ ਮਗਰੋਂ ਮੈਨੂੰ ਦੱਸਿਆ ਸੀ ਕਿ ਰਾਓ ਦੇ ਸਹਾਇਕ ਨੇ ਪੂਜਾ 'ਤੇ ਬੈਠਿਆਂ ਹੀ ਉਸ ਦੇ ਕੰਨ ਵਿਚ ਆਖਿਆ ਸੀ, 'ਮਸਜਿਦ ਢਾਹ ਦਿੱਤੀ ਗਈ ਹੈ।' ਉਸ ਦੇ ਏਨਾ ਕਹਿਣ ਦੀ ਦੇਰ ਸੀ ਕਿ ਝਟਪਟ ਪੂਜਾ ਸਮਾਪਤ ਕਰ ਦਿੱਤੀ ਗਈ।"

ਉਪਰੋਕਤ ਟੂਕਾਂ ਕੁਲਦੀਪ ਨਈਅਰ ਦੇ ਸਵੈ-ਜੀਵਨੀ ਦੇ ਪੰਜਾਬੀ ਰੂਪ, 'ਅਜੋਕੇ ਭਾਰਤ ਦੀ ਅਣਕਹੀ ਦਾਸਤਾਨ' (ਅਨੁਵਾਦ ਅਰਵਿੰਦ ਕੌਰ, ਪ੍ਰਕਾਸ਼ਕ ਯੂਨੀਸਟਾਰ ਬੁਕਸ ਚੰਡੀਗੜ੍ਹ, ਪੰਨੇ 606, ਮੁੱਲ 595) ਵਿਚੋਂ ਹਨ। ਪੁਸਤਕ ਇਹ ਵੀ ਦੱਸਦੀ ਹੈ ਕਿ ਆਜ਼ਾਦ, ਪਟੇਲ ਨੂੰ ਅਤਿ ਦਾ ਹਿੰਦੂ ਪੱਖੀ ਤੇ ਕ੍ਰਿਸ਼ਨ ਮੈਨਨ ਨੂੰ ਓਨਾ ਹੀ ਅਣਭਰੋਸੇਯੋਗ ਮੰਨਦਾ ਸੀ। ਏਥੋਂ ਤੱਕ ਕਿ ਜਦੋਂ ਨਹਿਰੂ ਨੇ ਪਹਿਲੀ ਵਾਰ 1954 ਵਿਚ ਕੈਬਨਿਟ ਮੰਤਰੀ ਲੈਣਾ ਚਾਹਿਆ ਸੀ ਤਾਂ ਆਜ਼ਾਦ ਨੇ ਨਹਿਰੂ ਨੂੰ ਆਪਣਾ ਅਸਤੀਫਾ ਦੇ ਦਿੱਤਾ ਸੀ।

ਪੁਸਤਕ ਵਿਚ ਸਵੈ-ਜੀਵਨੀ ਅੰਸ਼ ਤਾਂ ਨਾ ਮਾਤਰ ਹੀ ਹੈ ਕੁਝ ਏਦਾਂ ਜਿਵੇਂ ਉਹ ਵਕੀਲ ਬਣਨਾ ਚਾਹੁੰਦਾ ਸੀ ਪਰ ਹਾਲਾਤ ਨੇ ਪੱਤਰਕਾਰੀ ਵੱਲ ਧੱਕ ਦਿੱਤਾ। ਪੱਤਰਕਾਰਾਂ ਨੂੰ ਪੱਤਰਕਾਰੀ ਇੰਜ ਜੱਫਾ ਮਾਰ ਲੈਂਦੀ ਹੈ ਕਿ ਉਨ੍ਹਾਂ ਨੂੰ ਆਪਣੇ ਜੀਵਨ ਦੀਆਂ ਹੋਰ ਘਟਨਾਵਾਂ ਦਿਖਾਈ ਦੇਣੋਂ ਹੱਟ ਜਾਂਦੀਆਂ ਹਨ। ਕੁਲਦੀਪ ਨਈਅਰ ਨਾਲ ਵੀ ਕੁਝ ਏਸੇ ਤਰ੍ਹਾਂ ਵਾਪਰਿਆ। ਉਸ ਦੇ ਪਾਠਕਾਂ ਲਈ ਤਾਂ ਇਹ ਗੱਲ ਸੁਭਾਗੀ ਹੈ ਕਿ ਉਨ੍ਹਾਂ ਨੂੰ ਉਕਤ ਗੱਲਾਂ ਕਿਸੇ ਇਕ ਪੁਸਤਕ ਦੇ ਰੂਪ ਵਿਚ ਹੋਰ ਕਿਧਰੇ ਨਹੀਂ ਸੀ ਮਿਲਣੀਆਂ। ਲੇਖਕ ਨੇ ਕਿਹਾ ਹੈ ਕਿ ਉਸ ਨੂੰ ਇਹ ਗੱਲਾਂ ਚੇਤੇ ਕਰਨ 'ਤੇ ਇਕੱਠੀਆਂ ਕਰਨ ਵਿਚ ਦੋ ਦਹਾਕੇ ਲੱਗੇ ਹਨ। ਜੇ ਪੂਰਾ ਸਵਾਦ ਲੈਣਾ ਹੋਵੇ ਤਾਂ ਇਹ ਕਿਤਾਬ ਸਚਮੁੱਚ ਪੜ੍ਹਨ ਵਾਲੀ ਹੈ।



**ਸੰਗਤਰੀ ਪੈਂਡੇ ਦਾ ਪਾਂਧੀ:** ਮੈਨੂੰ ਕਿਸੇ ਕੰਮ ਪਿਛਲੇ ਐਤਵਾਰ ਦਿੱਲੀ ਜਾਣਾ ਪੈ ਗਿਆ। ਇਹ ਪਹਿਲੀ ਵਾਰ ਸੀ ਕਿ ਮੈਂ ਗੱਡੀ ਆਪ ਨਹੀਂ ਚਲਾਈ। ਜਦੋਂ ਗੱਡੀ ਦਾ ਸਟੇਅਰਿੰਗ ਡਰਾਈਵਰ ਹੱਥ ਹੋਵੇ ਤਾਂ ਆਲਾ ਦੁਆਲਾ ਦੇਖਣ ਦਾ ਆਪਣਾ ਹੀ ਸੁਆਦ ਹੈ। ਏਸ ਵਾਰ ਚੰਡੀਗੜ੍ਹ ਤੋਂ ਦਿੱਲੀ ਦਾ ਅੱਧਾ ਪੈਂਡਾ ਸੜਕ ਉਤੇ ਸੰਗਤਰੇ ਵੇਚਣ ਵਾਲੇ ਸੰਗਤਰਿਆਂ ਦੇ ਬੋਹਲ ਲਾ ਕੇ ਉਨ੍ਹਾਂ ਦੀ ਰਾਖੀ ਕਰਦੇ ਦੇਖੇ। ਇਹ ਸੰਗਤਰੇ ਦੀਆਂ ਬਰਕਤਾਂ ਸੁਤੰਤਰਤਾ ਦੀ ਦੇਣ ਹਨ। ਇਸ ਤੋਂ ਪਹਿਲਾਂ ਸੰਗਤਰਾ ਏਨਾ ਘੱਟ ਮਿਲਦਾ ਸੀ ਕਿ ਜੇ ਕਿਸੇ ਦੇ ਘਰ ਸੰਗਤਰਾ ਜਾਣ ਦਾ ਪਤਾ ਲੱਗਦਾ ਸੀ ਤਾਂ ਫਿਕਰ ਲੱਗ ਜਾਂਦਾ ਸੀ ਕਿ ਉਸ ਘਰ ਕੋਈ ਬਿਮਾਰ ਨਾ ਪੈ ਗਿਆ ਹੋਵੇ। ਏਸ ਵਾਰੀ ਮੈਨੂੰ ਏਸ ਪੈਂਡੇ ਦਾ ਪਾਂਧੀ ਹੋਣਾ ਵਧੀਆ ਲੱਗਿਆ।

**ਅੰਤਿਕਾ:**

ਹੀਰੇ, ਜ਼ਮੁਰਦ, ਮੋਤੀ, ਗੀਟੇ ਜਿਹੇ ਨਾ ਭਾਵੇਂ
ਪੈਂਦਾ ਹੈ ਮੁੱਲ ਐਪਰ,
ਅੰਦਰ ਦੀ ਰੌਸ਼ਨੀ ਦਾ।

---

# ਹਾਇ ਜੇ ਤੂੰ ਰਤਾ ਵੱਡਾ ਹੁੰਦਾ

***(ਪਿਛਲੇ ਸਫੇ ਦੀ ਬਾਕੀ)***

> ***ਅੱਠਵੀਂ ਵਿਚ ਪੜ੍ਹਦਾ ਸੀ ਮੇਰਾ ਪਲੇਠਾ ਪੁੱਤਰ, ਸੰਨੀ। ਗੋਲ ਮਟੋਲ, ਭਰਿਆ ਭਰਿਆ, ਸੋਹਣਾ ਗਦਰਾਇਆ ਕਿਸ਼ੋਰ, ਬਾਰ੍ਹਾਂ ਤੇਰ੍ਹਾਂ ਵਰ੍ਹਿਆਂ ਦਾ। ਸਾਲਾਨਾ ਇਮਤਿਹਾਨ ਦੇ ਦਿਨ ਸਨ। ਦੋਵੇਂ ਭਰਾ ਆਪਣੇ ਸਾਂਝੇ ਕਮਰੇ ਵਿਚ ਆਪੋ-ਆਪਣੇ ਮੇਜ਼ਾਂ ਉਪਰ ਪੜ੍ਹਨ ਲਿਖਣ ਵਿਚ ਮਸ਼ਗੂਲ। ਦੁਪਹਿਰ ਦੇ ਖਾਣੇ ਦਾ ਵਕਤ। ਜੀਤ ਅਛੋਪਲੇ ਹੀ ਘਰ ਵਿਚ ਦਾਖ਼ਲ ਹੋਇਆ। ਉਸ ਦੀ ਗੱਡੀ ਦੇ ਦਲਾਨ ਵਿਚ ਪ੍ਰਵੇਸ਼ ਕਰਦਿਆਂ ਹੀ ਆਂਢ ਗੁਆਂਢ ਸਮੇਤ ਸਾਰੇ ਹੀ ਖ਼ਬਰਦਾਰ ਹੋ ਜਾਂਦੇ ਸਨ, ਪਰ ਅੱਜ ਉੱਕਾ ਹੀ ਪਤਾ ਨਾ ਲੱਗਾ। ਉਹ ਆਪਣੀ ਗੱਡੀ ਮੁਰੰਮਤ ਲਈ ਗੈਰੇਜ ਵਿਚ ਛੱਡ ਆਇਆ ਸੀ। ਜੀਤ ਟੈਕਸੀ ਕਰ ਕੇ ਆਇਆ ਹੋਣੈ ਤੇ ਟੈਕਸੀਆਂ ਸੁਸਾਇਟੀ ਦੇ ਬਾਈ ਘਰਾਂ ਦੇ ਸਾਂਝੇ ਦਲਾਨ ਵਿਚ ਆਉਂਦੀਆਂ ਹੀ ਰਹਿੰਦੀਆਂ ਸਨ। ਸਾਡੇ ਫਲੈਟ ਦਾ ਪਿਛਲੇਰਾ ਬੂਹਾ ਸਿੱਧਾ ਕੰਪਾਊਂਡ ਵਿਚ ਹੀ ਖੁੱਲ੍ਹਦਾ ਤੇ ਸਾਰਾ ਦਿਨ ਖੁੱਲ੍ਹਿਆ ਹੀ ਰਹਿੰਦਾ ਸੀ। ਸੋ, ਸਾਨੂੰ ਕੋਈ ਖ਼ਬਰ ਨਾ ਹੋਈ ਤੇ ਜੀਤ ਸਿੱਧਾ ਹੀ ਜਾ ਵੜਿਆ ਬੱਚਿਆਂ ਦੇ ਕਮਰੇ ਵਿਚ। ਦਾਖ਼ਲ ਹੋਇਆ ਹੀ ਸੀ ਕਿ: 'ਤੇਰੀ ਇਹ ਮਜਾਲ? ਖੋਲ੍ਹ ਮੁੱਠੀ ਦੱਸ ਕੀ ਏ?'***

ਕਿਧਰੇ ਪਿੰਡੀ ਦੇ ਤਾਂ ਨਹੀਂ?'

'ਨਹੀਂ, ਮੈਂ ਪਿੱਛੋਂ ਪਿਸ਼ੌਰ ਦੀ ਹਾਂ। ਜ਼ਿਆਦਾ ਕਰ ਕੇ ਜੰਮੂ ਹੀ ਰਹੀ ਹਾਂ ਤੇ ਹੁਣ ਕੁਝ ਅਰਸੇ ਤੋਂ ਦਿੱਲੀ ਹਾਂ।'

'ਜੰਮੂ ਨਾਲ ਮੇਰਾ ਵੀ ਗੂੜ੍ਹਾ ਰਿਸ਼ਤਾ ਹੈ। ਮੇਰੇ ਸਹੁਰੇ ਜੰਮੂ ਦੇ ਹਨ।'

'ਜੰਮੂ ਦੇ? ਜੰਮੂ ਦੇ ਤਾਂ ਬੱਚੇ ਬੱਚੇ ਤੋਂ ਵਾਕਿਫ਼ ਹਾਂ ਮੈਂ। ਕੌਣ ਨੇ ਉਹ?'

'ਲੈਫ਼ਟੀਨੈਂਟ ਕਰਨਲ ਡਾ. ਅਨੰਤ ਸਿੰਘ ਜੀ, ਸਵਰਗਵਾਸੀ ਡਾ. ਪ੍ਰੀਤਮ ਸਿੰਘ ਜੀ ਦੇ ਸਪੁੱਤਰ। ਮੈਂ ਉਨ੍ਹਾਂ ਦੀ ਨੂੰਹ ਹਾਂ?'

'ਕਰਨਲ ਅਨੰਤ ਸਿੰਘ ਦੀ ਨੂੰਹ?' ਉਸ ਘੁੱਟ ਕੇ ਮੈਨੂੰ ਜੱਫ਼ੀ ਪਾ ਲਈ।

'ਮੈਂ ਉਨ੍ਹਾਂ ਦੇ ਗੁਰਭਾਈ ਮੰਗਤ ਸਿੰਘ ਬਾਹਰੀ ਦੀ ਦੋਹਤਰੀ ਹਾਂ। ਤੇਰੇ ਸਹੁਰਿਆਂ ਨਾਲ ਮੇਰਾ ਬਿਲਕੁਲ ਨਾਨਕਿਆਂ ਵਾਲਾ ਰਿਸ਼ਤਾ ਹੈ।'

'ਉਹ ਕਿਸ ਤਰ੍ਹਾਂ?'

'ਮੈਂ ਮਸਾਂ ਚਾਰ ਵਰ੍ਹਿਆਂ ਦੀ ਸਾਂ ਜਦੋਂ ਮੇਰੀ ਜਨਨੀ ਮਾਂ ਮੈਨੂੰ ਤੇ ਮੇਰੇ ਛੋਟੇ ਵੀਰ ਨੂੰ ਛੱਡ ਕੇ ਪਰਲੋਕ ਸਿਧਾਰ ਗਈ। ਸਾਨੂੰ ਸਾਡੀ ਨਵੀਂ ਮਾਂ, ਬਾਹਰੀ ਜੀ ਦੀ ਧੀ ਨੇ ਹੀ ਪਾਲਿਆ। ਮੈਂ ਦਸਾਂ ਵਰ੍ਹਿਆਂ ਦੀ ਸਾਂ ਜਦੋਂ ਮੇਰਾ ਭਰਾ ਜੋ ਮੈਥੋਂ ਸਾਲ ਹੀ ਛੋਟਾ ਸੀ, ਮੈਨੂੰ ਛੱਡ ਕੇ ਸਦਾ ਲਈ ਮਾਂ ਕੋਲ ਚਲਾ ਗਿਆ। ਅਨੰਤ ਸਿੰਘ ਨਾਨਾ-ਚਾਚਾ ਜੀ ਨੇ ਮੈਨੂੰ ਆਪਣੀ ਦੋਹਤਰੀ ਹੀ ਕਰ ਕੇ ਜਾਣਿਆ ਤੇ ਅੰਮ੍ਰਿਤ, ਦੀਪ ਦੇ ਬਰਾਬਰ ਹੀ ਰੱਜਵਾਂ ਪਿਆਰ ਦਿੱਤਾ। ਵੀਰੇ ਦੀ ਮੌਤ ਮਗਰੋਂ ਮੈਂ ਬੜੀ ਉਦਾਸ ਰਹਿੰਦੀ ਸਾਂ, ਗੁੰਮ ਸੁੰਮ, ਬੇਚੈਨ, ਇਕਲਾਪੇ ਦੀ ਮਾਰੀ। ਉਸ ਨੂੰ ਮਰੇ ਨੂੰ ਚਾਰ ਪੰਜ ਸਾਲ ਹੋ ਚੁੱਕੇ ਸਨ, ਪਰ ਮੈਂ ਉਸ ਦੀ ਮੌਤ ਦੇ ਸਦਮੇ ਤੋਂ ਅਜੇ ਬਾਹਰ ਨਹੀਂ ਸਾਂ ਨਿਕਲ ਸਕੀ। ਉਨ੍ਹਾਂ ਦਿਨਾਂ ਵਿਚ ਹੀ ਮੈਂ ਨਾਨਕੇ ਆਈ, ਜੰਮੂ। ਅਨੰਤ ਸਿੰਘ ਚਾਚਾ ਜੀ ਦੇ ਪਰਿਵਾਰ ਵਿਚ ਮੈਂ ਅਜਿਹੀ ਰਚ ਮਿਚ ਗਈ ਕਿ ਵਾਪਸ ਜਾਣ ਦਾ ਨਾਂ ਹੀ ਨਾ ਲਵਾਂ। ਬਲਬੀਰ, ਮਨਜੀਤ, ਤੇਜੀ, ਨੰਨੀ ਭਰਾਵਾਂ ਤੇ ਅੰਮ੍ਰਿਤ ਦੀਪ ਭੈਣਾਂ ਨਾਲ ਹੱਸਦੀ ਖੇਡਦੀ ਮੈਂ ਆਪਣੇ ਭਰਾ ਦੇ ਵਿਛੋੜੇ 'ਚੋਂ ਕੁਝ ਨਿਕਲਣ ਲੱਗੀ। ਬਲਬੀਰ ਵੀਰੇ ਦੀ ਆਵਾਜ਼ ਵਿਚ ਜਾਦੂ ਸੀ, ਉਹ ਰੇਡੀਓ ਸਿੰਗਰ ਸੀ ਤੇ ਮਨਜੀਤ? ਗੋਲ ਮੋਲ ਗੋਭਲਾ ਜਿਹਾ ਮੇਰੇ ਵੀਰੇ ਦਾ ਸਿਰਨਾਵੀਂ। ਸਗਵਾਂ ਉਹਦਾ ਰੂਪ, ਉਸੇ ਦੀ ਉਮਰ ਦਾ ਸੀ ਮੇਰਾ ਵੀਰ ਜਦੋਂ ਸਦਾ ਸਦਾ ਲਈ ਤੁਰ ਗਿਆ। ਮੈਂ ਮਨਜੀਤ ਨੂੰ ਪਿਆਰ ਕਰਦੀ ਨਾ ਰੱਜਦੀ। ਹਰ ਹੀਲੇ ਉਸ ਕੋਲ ਢੁੱਕ ਢੁੱਕ ਬਹਿੰਦੀ। ਉਹ ਪੜ੍ਹਾਈ ਵਿਚ ਕਮਜ਼ੋਰ ਸੀ। ਮੈਂ ਉਸ ਨਾਲ ਬੜੀ ਮਿਹਨਤ ਕੀਤੀ। ਕਾਫ਼ੀ ਹੁਸ਼ਿਆਰ ਹੋ ਗਿਆ ਉਹ। ਉਸ ਲਈ ਮੇਰੇ ਮੋਹ ਦਾ ਕੋਈ ਅੰਤ ਨਹੀਂ ਸੀ। ਸੋਚਦੀ ਜੇ ਮਨਜੀਤ ਚਾਰ ਪੰਜ ਸਾਲ ਹੋਰ ਵੱਡਾ ਹੁੰਦਾ ਤਾਂ ਮੇਰੇ ਵੀਰੇ ਦੇ ਕਿਸ਼ੋਰ ਰੂਪ ਦੇ ਵੀ ਮੈਨੂੰ ਉਸ 'ਚੋਂ ਦੀਦਾਰ ਹੋ ਜਾਂਦੇ। ਬਸ ਮੈਂ ਉਸ ਵੱਲ ਤਕਦੀ ਰਹਿੰਦੀ, ਤੱਕਦੀ ਰਹਿੰਦੀ।'

ਮੇਰਾ ਹੱਥ ਚੰਦਨ ਦੀ ਮੁੱਠੀ ਵਿਚ ਘੁਟਿਆ ਹੋਇਆ ਸੀ। ਪੱਕੀ ਪੀਢੀ ਮੁੱਠੀ, ਪਰ ਉਹ ਬੇਖ਼ਬਰ ਸੀ, ਇਕ ਟੱਕ ਦੂਰ ਨੀਝਦੀ, ਅਤੀਤ ਵਿਚ ਗੁਆਚੀ ਹੋਈ...

'ਉਸੇ ਮਨਜੀਤ ਦੀ ਬੀਵੀ ਹਾਂ ਨਾ ਮੈਂ, ਪਰ ਉਹ ਤਾਂ ਕਿਸੇ ਚੰਦਨ ਦਾ ਜ਼ਿਕਰ ਕਰਦੇ ਹੁੰਦੇ ਸਨ ਜਿਹੜੀ ਉਨ੍ਹਾਂ ਨੂੰ ਪੜ੍ਹਾਉਂਦੀ ਸੀ, ਖੁਆਉਂਦੀ ਸੀ, ਪਿਆਰ ਕਰਦੀ ਸੀ। ਉਨ੍ਹਾਂ ਦਾ ਕਾਫ਼...।'

'ਤੇ ਉਹੀ ਚੰਦਨ ਹਾਂ ਨਾ ਮੈਂ, ਹੋਰ ਕੌਣ?'

'ਤੁਸੀਂ ਤਾਂ ਚੰਦਨ ਨੇਗੀ ਹੋ... ਉਹੋ, ਮੈਂ ਤੁਹਾਨੂੰ ਨੇਗੀ ਤੋਂ ਬਗੈਰ ਕਦੇ ਸੋਚਿਆ ਹੀ ਨਹੀਂ। ਤਾਂ ਤੁਸੀਂ ਹੀ ਉਹ ਚੰਦਨ, ਉਨ੍ਹਾਂ ਦੀ...।'

'ਹਾਂ, ਉਸ ਦੀ ਭੈਣ ਤੇ ਤੇਰੀ ਨਨਾਣ ਕਾਨਾ ਭਾਬੀਏ। ਅੰਮ੍ਰਿਤ ਤੇ ਦੀਪ ਜਿੰਨੀ ਹੀ ਸਕੀ। ਤੇ ਇਕ ਵੇਰਾਂ ਫਿਰ ਘੁੱਟਵੀਂ ਜੱਫ਼ੀ ਨਾਲ ਉਸ ਮੇਰਾ ਮੱਥਾ ਚੁੰਮ ਲਿਆ।

'ਕਿਆ ਬਾਤ ਹੈ। ਦਾਦ ਦੇਂਦੀ ਹਾਂ ਜੀਤ ਦੇ ਕਾਫ਼ ਲਵ ਦੀ।'

ਮੇਰੇ ਹੋਠ ਫਰਕੇ ਤਾਂ ਸਹੀ, ਪਰ ਆਵਾਜ਼ ਨੇ ਉਨ੍ਹਾਂ ਦਾ ਸਾਥ ਨਾ ਦਿੱਤਾ ਤੇ ਮੈਂ ਇਕਦਮ ਗੁਆਚ ਗਈ ਅਤੀਤ ਵਿਚ। ਪਥਰਾਈ ਪਥਰਾਈ।

***000***

ਅੱਠਵੀਂ ਵਿਚ ਪੜ੍ਹਦਾ ਸੀ ਮੇਰਾ ਪਲੇਠਾ ਪੁੱਤਰ, ਸੰਨੀ। ਗੋਲ ਮਟੋਲ, ਭਰਿਆ ਭਰਿਆ, ਸੋਹਣਾ ਗਦਰਾਇਆ ਕਿਸ਼ੋਰ, ਬਾਰ੍ਹਾਂ ਤੇਰ੍ਹਾਂ ਵਰ੍ਹਿਆਂ ਦਾ। ਸਾਲਾਨਾ ਇਮਤਿਹਾਨ ਦੇ ਦਿਨ ਸਨ। ਦੋਵੇਂ ਭਰਾ ਆਪਣੇ ਸਾਂਝੇ ਕਮਰੇ ਵਿਚ ਆਪੋ-ਆਪਣੇ ਮੇਜ਼ਾਂ ਉਪਰ ਪੜ੍ਹਨ ਲਿਖਣ ਵਿਚ ਮਸ਼ਗੂਲ। ਦੁਪਹਿਰ ਦੇ ਖਾਣੇ ਦਾ ਵਕਤ। ਜੀਤ ਅਛੋਪਲੇ ਹੀ ਘਰ ਵਿਚ ਦਾਖ਼ਲ ਹੋਇਆ। ਉਸ ਦੀ ਗੱਡੀ ਦੇ ਦਲਾਨ ਵਿਚ ਪ੍ਰਵੇਸ਼ ਕਰਦਿਆਂ ਹੀ ਆਂਢ ਗੁਆਂਢ ਸਮੇਤ ਸਾਰੇ ਹੀ ਖ਼ਬਰਦਾਰ ਹੋ ਜਾਂਦੇ ਸਨ, ਪਰ ਅੱਜ ਉੱਕਾ ਹੀ ਪਤਾ ਨਾ ਲੱਗਾ। ਉਹ ਆਪਣੀ ਗੱਡੀ ਮੁਰੰਮਤ ਲਈ ਗੈਰੇਜ ਵਿਚ ਛੱਡ ਆਇਆ ਸੀ। ਜੀਤ ਟੈਕਸੀ ਕਰ ਕੇ ਆਇਆ ਹੋਣੈ ਤੇ ਟੈਕਸੀਆਂ ਸੁਸਾਇਟੀ ਦੇ ਬਾਈ ਘਰਾਂ ਦੇ ਸਾਂਝੇ ਦਲਾਨ ਵਿਚ ਆਉਂਦੀਆਂ ਹੀ ਰਹਿੰਦੀਆਂ ਸਨ। ਸਾਡੇ ਫਲੈਟ ਦਾ ਪਿਛਲੇਰਾ ਬੂਹਾ ਸਿੱਧਾ ਕੰਪਾਊਂਡ ਵਿਚ ਖੁੱਲ੍ਹਦਾ ਤੇ ਸਾਰਾ ਦਿਨ ਖੁੱਲ੍ਹਾ ਰਹਿੰਦਾ ਸੀ। ਸੋ, ਸਾਨੂੰ ਕੋਈ ਖ਼ਬਰ ਨਾ ਹੋਈ ਤੇ ਜੀਤ ਸਿੱਧਾ ਹੀ ਜਾ ਵੜਿਆ ਬੱਚਿਆਂ ਦੇ ਕਮਰੇ ਵਿਚ। ਦਾਖ਼ਲ ਹੋਇਆ ਹੀ ਸੀ ਕਿ: 'ਤੇਰੀ ਇਹ ਮਜਾਲ? ਖੋਲ੍ਹ ਮੁੱਠੀ ਦੱਸ ਕੀ ਏ?'

ਜੀਤ ਦੇ ਗਰਜਣ ਨਾਲ ਮੈਂ ਰਸੋਈ ਵਿਚੋਂ ਦੌੜੀ ਗਈ। ਉਹ ਸੰਨੀ ਦੀ ਬੰਦ ਮੁੱਠੀ ਜ਼ਬਰਦਸਤੀ ਖੋਲ੍ਹਣ ਦਾ ਜਤਨ ਕਰ ਰਿਹਾ ਸੀ ਤੇ ਸੰਨੀ ਪੂਰੇ ਜ਼ੋਰ ਨਾਲ ਪੱਕੀ ਭੀੜਨ ਦਾ।

'ਜ਼ਰੂਰ ਕੁਝ ਵਾਹਯਾਤ ਹੀ ਲਿਖਿਆ ਹੋਣੈ ਹਰਾਮਜ਼ਾਦੇ ਨੇ...।' ਕਾੜ ਕਰਦੀ ਚੁਪੇੜ ਸੰਨੀ ਦੇ ਮੂੰਹ 'ਤੇ।

'ਕੀ ਹੋ ਗਿਐ? ਸਬਰ ਤੋਂ ਕੰਮ ਲਵੋ।... ਪਿਆਰ ਨਾਲ ਪੁੱਛੋ...।' ਤ੍ਰਹਿਕੀ ਤ੍ਰਹਿਕੀ ਮੈਂ, ਤੇ ਸੰਨੀ ਨਿਰਾ ਖੌਫ਼ ਦਾ ਬੁੱਤ!

ਕਿੱਥੇ ਸੁਣਾਈ ਸੀ ਮੇਰੀ।

ਅੱਖ ਪਲਕਾਰੇ ਵਿਚ ਹੀ ਸੰਨੀ ਬੰਦ ਮੁੱਠੀ ਮੂੰਹ ਤੱਕ ਲੈ ਗਿਆ, ਗੜੱਪ ਮੂੰਹ ਵਿਚ, ਕੁਝ ਨਿਗਲਣ ਦੇ ਇਰਾਦੇ ਨਾਲ।

ਜੀਤ ਨੇ ਝਪਟ ਕੇ ਸੰਨੀ ਦਾ ਮੂੰਹ ਦੋਹਾਂ ਹੱਥਾਂ ਵਿਚ ਕੱਸ ਕੇ ਜਬਾੜਿਆਂ ਤੋਂ ਦਬਾਇਆ। ਚਿਚਲਾਅ ਉਠਿਆ ਮਾਸੂਮ ਬਾਲਕ ਤੇ ਜੀਤ ਨੇ ਜਬਰਨ ਉਸ ਦੇ ਮੂੰਹ ਵਿਚ ਉਂਗਲ ਪਾ ਕੇ ਕੱਢ ਲਿਆ, ਗੁਲਾਬੀ ਕਾਗਜ਼ ਦਾ ਪੁਰਜਾ। ਖੋਲ੍ਹਿਆ, ਪੜ੍ਹਿਆ ਤੇ ਚੁੱਪ ਚਾਪ ਸਿਰ ਸੁੱਟੀ ਚਲਾ ਗਿਆ ਆਪਣੇ ਕਮਰੇ ਵਿਚ।

ਪਿੱਛੇ ਪਿੱਛੇ ਮੈਂ। ਥਰ ਥਰ ਕੰਬਦੀ। ਖ਼ਾਮੋਸ਼। ਸਕਤੇ ਵਿਚ। ਸਾਰਾ ਵਜੂਦ ਸੁਆਲੋ ਸੁਆਲ।

'ਇਹ ਕਰਦਾ ਪਿਆ ਈ ਪੜ੍ਹਾਈਆਂ, ਤੇਰਾ ਪੁੱਤਰ।' ਜੀਤ ਨੇ ਕਾਗਜ਼ ਦਾ ਪੁਰਜ਼ਾ ਮੇਰੇ ਹੱਥ ਵਿਚ ਥਮਾਅ ਦਿੱਤਾ। ਲਿਖਿਆ ਸੀ: 'ਆਈ ਲਵ ਬਬਲੀ ਐਂਡ ਸ਼ੀ ਲਵਜ਼ ਮੀ ਟੂ।'

ਬਬਲੀ ਸਾਡੇ ਗੁਆਂਢ ਵਿਚ ਵਸਦੇ ਨਰੂਲਾ ਭਾਅ ਜੀ ਦੀ ਕੁੜੀ। ਦੋਵੇਂ ਜਮਾਤੀ ਰੋਜ਼ ਸਵੇਰੇ ਇਕੱਠੇ ਹੀ ਸਕੂਲ ਜਾਂਦੇ ਤੇ ਸ਼ਾਮੀ ਖੇਡਦੇ ਵੀ ਸਾਂਝੀਆਂ ਖੇਡਾਂ।

ਜੇ ਪਤੰਗ ਸੰਨੀ ਉਡਾਂਦਾ ਤਾਂ ਫਿਰਕੀ ਬਬਲੀ ਪਕੜਦੀ।

'ਕਾਫ਼ ਲਵ।'

ਮੇਰੇ ਹੋਠ ਫਰਕੇ ਤਾਂ ਸਹੀ ਪਰ ਕੁਸਕ ਨਾ ਸਕੇ।

'ਕਿਥੇ ਗੁਆਚ ਗਈ ਏਂ ਮੇਰੀ ਕਾਨਾ ਭਾਬੀਏ।' ਚੰਦਨ ਨੇ ਮੇਰਾ ਮੋਢਾ ਝੰਜੋੜਿਆ।


---

# ਮਿੱਟੀ ਦਾ ਮੋਹ

## ਪੁਸਤਕ ਰਿਵੀਊ

ਲੇਖਕ: ਗੁਰਚਰਨ ਸਿੰਘ ਦਿਲਬਰ
ਸਫ਼ੇ:112, ਮੁੱਲ: 150 ਰੁਪਏ।
ਪ੍ਰਕਾਸ਼ਨ: ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ।
ਫੋਨ: 91-01679-241744

'ਮਿੱਟੀ ਦਾ ਮੋਹ' ਗੁਰਚਰਨ ਸਿੰਘ ਦਿਲਬਰ ਦਾ ਪਲੇਠਾ ਕਹਾਣੀ-ਸੰਗ੍ਰਹਿ ਹੈ ਤੇ ਇਸ ਵਿਚ ਪੰਦਰਾਂ ਕਹਾਣੀਆਂ ਸ਼ਾਮਲ ਹਨ।




ਕਹਾਣੀਆਂ ਦੇ ਵਿਸ਼ੇ ਉਸਾਰੂ ਤੇ ਅਗਾਂਹਵਧੂ ਹਨ। ਦਿਲਬਰ ਪੂਰੀ ਤਰ੍ਹਾਂ ਪੇਂਡੂ ਧਰਾਤਲ ਨਾਲ ਜੁੜਿਆ ਹੋਇਆ ਹੈ। ਕਹਾਣੀਆਂ ਵਿਚ ਯਥਾਰਥਕ ਚਿਤਰਣ ਕਰਦਿਆਂ ਉਸ ਨੇ ਇਸ ਵਿਧੀ ਦੇ ਕਲਾਤਮਕ ਪੱਖ ਨੂੰ ਅੱਖੋਂ ਉਹਲੇ ਨਹੀਂ ਕੀਤਾ। ਲਗਭਗ ਸਾਰੀਆਂ ਕਹਾਣੀਆਂ 'ਵਰਣਾਤਮਕ ਸ਼ੈਲੀ' ਵਿਚ ਹਨ। ਇਸ ਦੇ ਬਾਵਜੂਦ ਕਿਤੇ ਅਸਪੱਸ਼ਟਤਾ ਤੇ ਧੁੰਧਲਾਪਣ ਨਜ਼ਰ ਨਹੀਂ ਆਉਂਦਾ। ਪਾਠਕ ਦੀ ਦਿਲਚਪਸੀ ਲਗਾਤਾਰ ਬਣੀ ਰਹਿੰਦੀ ਹੈ।

ਉਸ ਦੀਆਂ ਕਹਾਣੀਆਂ ਦਾ ਮੁੱਖ ਗੁਣ ਤਰਕਸ਼ੀਲਤਾ ਹੈ। ਸੰਤ, ਬੇਮੁਖ, ਪੁੰਨ, ਪੱਕਾ ਜੰਡ, ਸੰਤਾਂ ਦਾ ਬਾਗ਼ ਵਿਚ ਇਸੇ ਸੋਚ ਦਾ ਬਾਖ਼ੂਬੀ ਪ੍ਰਗਟਾਵਾ ਕੀਤਾ ਗਿਆ ਹੈ। 'ਮਿੱਟੀ ਦਾ ਮੋਹ' ਵਿਚ ਵੰਡ ਦੇ ਦੁਖਾਂਤ ਦਾ ਵਰਣਨ ਹੈ, ਬੇਸ਼ਕ ਗ਼ੈਰ ਕਾਨੂੰਨੀ ਢੰਗ ਨਾਲ ਹੀ ਸਹੀ, ਸਦੀਕ ਨੂੰ ਮਿੱਟੀ ਦਾ ਮੋਹ ਵਾਪਸ ਖਿੱਚ ਲਿਆਉਂਦਾ ਹੈ। 'ਪੁਨਰ ਜਨਮ' ਕੰਤੋ ਨਾਂ ਦੀ ਹਿੰਮਤੀ ਕੁੜੀ ਦੀ ਜੀਵਨ ਕਹਾਣੀ ਹੈ।

'ਮੈਂ ਪਾਤਰ' ਵਿਚ ਵੀ ਵਧੀਆ ਨਿਭਾਅ ਕੀਤਾ ਗਿਆ ਹੈ। ਲੇਖਕ ਸਮਾਜ ਲਈ-ਕੁੱਝ ਚੰਗਾ ਕਰ ਗੁਜ਼ਰਨ ਦੀ ਸੋਚ ਰੱਖਦਾ ਹੈ। 'ਗੁਲਾਮ' ਇਸ ਦੀ ਮਿਸਾਲ ਹੈ। ਡਾ. ਤੇਜਵੰਤ ਮਾਨ ਨੇ ਇਨ੍ਹਾਂ ਨੂੰ 'ਪ੍ਰਾਪਤ ਯਥਾਰਥ ਦੀ ਕਰੂਰ ਆਲੋਚਨਾ ਕਰਦੀਆਂ ਕਹਾਣੀਆਂ' ਕਿਹਾ ਹੈ। ਦਿਲਬਰ ਨੇ ਨਿਸਚੇ ਹੀ ਕਹਾਣੀ ਰੂਪੀ ਜੰਗ ਜਿੱਤ ਲਈ ਹੈ।

***-ਬਿਕਰਮਜੀਤ ਨੂਰ***

## ਕਹਾਣੀ

# ਅਜਨਬੀ


***ਕਹਾਣੀਕਾਰ ਅਸ਼ੋਕ ਵਾਸਿਸ਼ਠ ਦੀ ਕਹਾਣੀ 'ਅਜਨਬੀ' ਵਿਚ ਜਜ਼ਬਾਤ ਦੇ ਬਹੁਤ ਸਾਰੇ ਰੰਗ ਖਿੜਦੇ ਹਨ। ਇਸ ਵਿਚ ਜਿਥੇ ਉਦਾਸੀ ਦਾ ਆਲਮ ਭਾਰੂ ਹੁੰਦਾ ਹੈ, ਉਥੇ ਗੁੱਸਾ ਵੀ ਚੜ੍ਹਦਾ ਹੈ, ਅਚੰਭਾ ਵੀ ਪੈਦਾ ਹੁੰਦਾ ਹੈ ਅਤੇ ਸਭ ਤੋਂ ਵੱਧ ਜਜ਼ਬਾਤ ਦੀਆਂ ਲਹਿਰਾਂ ਉਦੋਂ ਉਠਦੀਆਂ ਹਨ ਜਦੋਂ ਕਹਾਣੀ ਦੀ ਮੁੱਖ ਪਾਤਰ ਮਹਿਕ ਵਿਆਹ ਪਿਛੋਂ ਸਹੁਰੇ ਜਾਣ ਲਈ 'ਅਜਨਬੀ' ਪਿਤਾ ਨੂੰ ਮਿਲਦੀ ਹੈ। ਉਸ ਵਕਤ ਪਾਠਕ ਵੀ ਜਜ਼ਬਾਤੀ ਹੋਏ ਬਿਨਾ ਨਹੀਂ ਰਹਿ ਸਕਦਾ। -ਸੰਪਾਦਕ***

ਮਹਿਕ ਨੇ ਆਪਣੇ ਵੱਲੋਂ ਪੂਰਾ ਤਾਣ ਲਾਇਆ, ਅਦਾਲਤ ਵਿਚ ਜੋਰਦਾਰ ਬਹਿਸ ਵੀ ਕਰਨੀ ਚਾਹੀ ਪਰ ਸਭ ਯਤਨਾਂ ਦੇ ਬਾਵਜੂਦ ਉਹ ਵਿਰੋਧੀ ਵਕੀਲ ਦੀਆਂ ਦਲੀਲਾਂ ਨੂੰ ਕੱਟ ਨਹੀਂ ਸੀ ਸਕੀ। ਪੂਰਾ ਕੇਸ ਦੂਜੇ ਪਾਸੇ ਲੱਰਦਾ ਦਿਖਾਈ ਦੇ ਰਿਹਾ ਸੀ। ਪਹਿਲੇ ਗੇੜ ਦੀ ਸੁਣਵਾਈ ਖਤਮ ਹੋਣ ਮਗਰੋਂ ਉਹ ਬੋਝਲ ਮਨ ਨਾਲ ਆਪਣੇ ਚੈਂਬਰ ਵਿਚ ਆਈ। ਮੇਜ਼ 'ਤੇ ਪਏ ਕਾਗਜ਼ਾਂ 'ਤੇ ਸਰਸਰੀ ਨਜ਼ਰ ਮਾਰ ਉਨ੍ਹਾਂ ਨੂੰ ਇਕ ਪਾਸੇ ਕਰ ਦਿੱਤਾ। ਉਸ ਕੁਰਸੀ 'ਤੇ ਢਾਸਣਾ ਲਾ ਅੱਖਾਂ ਬੰਦ ਕਰ ਲਈਆਂ।

"ਮੈਡਮ, ਤੁਹਾਡਾ ਇਹ ਕੇਸ ਪਹਿਲਾਂ ਹੀ ਕਮਜੋਰ ਸੀ, ਰਹਿੰਦੀ ਕਸਰ ਹੁਣ ਪੂਰੀ ਹੋ ਗਈ ਏ" ਵੱਡੇ ਬਾਬੂ ਨੇ ਥੋੜ੍ਹਾ ਚਿੰਤਿਤ ਹੁੰਦਿਆਂ ਕਿਹਾ। ਉਸ ਦੇ ਬੋਲਾਂ ਨੇ ਮਹਿਕ ਨੂੰ ਹਲੂਣ ਕੇ ਰੱਖ ਦਿੱਤਾ।

"ਇਹਦਾ ਕੋਈ ਲੜ ਸਿਰਾ ਹੱਥ ਨਹੀਂ ਆ ਰਿਹਾ, ਪਹਿਲੀ ਵਾਰ ਜਦ ਇਸ ਕੇਸ 'ਤੇ ਮੈਂ ਨਜ਼ਰ ਮਾਰੀ ਸੀ ਤਾਂ ਇਹ ਏਨਾਂ ਟੇਢਾ ਨਹੀਂ ਸੀ ਲੱਗਾ, ਇਸੇ ਲਈ ਹੱਥ ਪਾ ਲਿਆ। ਹੁਣ ਸੋਚਦੀ ਹਾਂ, ਇਹ ਕੇਸ ਲੈ ਕੇ ਮੈਂ ਕੋਈ ਗਲਤੀ ਤਾਂ ਨਹੀਂ ਕੀਤੀ!"

"ਏਨਾ ਵੀ ਘਾਬਰਨ ਦੀ ਲੋੜ ਨਹੀਂ, ਕਈ ਕੇਸ ਪਹਿਲਾਂ ਟੇਢੇ ਲਗਦੇ ਨੇ ਪਰ ਜਦ ਉਨ੍ਹਾਂ ਵਿਚ ਖੁੱਭ ਜਾਈਏ ਤਾਂ ਅਸਾਨ ਹੋ ਜਾਂਦੇ ਨੇ।" ਵੱਡੇ ਬਾਬੂ ਨੇ ਤਜਰਬੇ ਦੀ ਗੱਲ ਕੀਤੀ।



"ਤੁਸੀਂ ਠੀਕ ਕਹਿੰਦੇ ਹੋ, ਮੇਰੇ ਨਾਲ ਪਹਿਲਾਂ ਵੀ ਇਸ ਤਰ੍ਹਾਂ ਹੋ ਚੁੱਕੈ, ਇਕ ਵਾਰ ਤਾਂ ਮੈਂ ਕੇਸ ਹਾਰਦੀ-ਹਾਰਦੀ ਬਚੀ ਸਾਂ। ਜਦੋਂ ਜੱਜ ਨੇ ਮੇਰੇ ਮੁਵੱਕਿਲ ਦੇ ਹੱਕ ਵਿਚ ਫੈਸਲਾ ਸੁਣਾਇਆ ਤਾਂ ਇਕ ਪਲ ਲਈ ਮੈਨੂੰ ਯਕੀਨ ਹੀ ਨਾ ਆਇਆ। ਜਦ ਮੇਰੇ ਮੁਵੱਕਿਲ ਦੇ ਇਕ ਰਿਸ਼ਤੇਦਾਰ ਨੇ ਮੇਰੇ ਸਾਹਮਣੇ ਮਿਠਾਈ ਦਾ ਡੱਬਾ ਕੀਤਾ ਤਾਂ ਮੈਂ ਹੋਸ਼ ਵਿਚ ਆਈ। ਅਜਿਹੇ ਪਲ ਵੀ ਆਉਂਦੇ ਨੇ ਸਾਡੀ ਜ਼ਿੰਦਗੀ ਵਿਚ। ਪਰ ਏਸ ਵਾਰ ਪਤਾ ਨਹੀਂ ਕਿਉਂ, ਇਹ ਕੇਸ ਮੈਨੂੰ ਸੁਲਝਦਾ ਨਹੀਂ ਜਾਪਦਾ।"

**ਅਸ਼ੋਕ ਵਾਸਿਸ਼ਠ**
**ਫੋਨ:91-98106-28570**
**I-263, karampura,**
**New Delhi, 110015**

"ਹੌਂਸਲਾ ਰੱਖੋ, ਪਹਿਲਾਂ ਤਾਂ ਇਸ ਬਾਰੇ ਸੋਚਣਾ ਬੰਦ ਕਰੋ...ਜੋ ਹੋਊ ਦੇਖੀ ਜਾਊ। ਵਾਧੂ ਦੀ ਫਿਕਰ ਕਰਨ ਦੀ ਲੋੜ ਨਹੀਂ। ਅੰਦਰ ਜਾ ਕੇ ਆਰਾਮ ਕਰੋ।" ਵੱਡੇ ਬਾਬੂ ਨੇ ਇਕ ਤਰ੍ਹਾਂ ਨਾਲ ਹੁਕਮ ਚਾੜ੍ਹ ਦਿੱਤਾ।

"ਠੀਕ ਹੈ" ਕਹਿੰਦਿਆਂ ਉਸ ਅੱਖਾਂ ਬੰਦ ਕਰ ਲਈਆਂ ਤੇ ਕੁਰਸੀ 'ਤੇ ਬੈਠੀ-ਬੈਠੀ ਸੁਸਤਾਣ ਲੱਗੀ। ਵੱਡੇ ਬਾਬੂ ਵੀ ਕੁਝ ਦੇਰ ਲਈ ਮੈਡਮ ਨੂੰ ਇਕੱਲੀ ਛੱਡ ਬਾਹਰ ਚਲੇ ਗਏ।

***

"ਤੁਹਾਡਾ ਦਿਲ ਨਹੀਂ ਕਰਦਾ ਮਿਲਣ ਨੂੰ?"

"ਕਰਦਾ ਏ। ਬਹੁਤ ਕਰਦਾ ਏ ਪਰ?"

"ਪਰ ਕੀ ਮਾਂ?"

"ਐਵੇਂ ਚਾਹੁਣ ਨਾਲ ਕੀ ਹੁੰਦਾ ਏ!"

"ਤੁਸੀਂ ਚਾਹੋ ਤਾਂ ਬਹੁਤ ਕੁਝ ਹੋ ਸਕਦਾ ਹੈ।"

"ਪਰ ਬੱਚੀਏ, ਤਾੜੀ ਕਦੇ ਇਕ ਹੱਥ ਨਾਲ ਨਹੀਂ ਵੱਜਦੀ।"

ਮਹਿਕ ਨੂੰ ਮਾਂ ਦੀ ਮਜ਼ਬੂਰੀ ਸਮਝ ਵਿਚ ਆ ਗਈ। ਉਹ ਠੀਕ ਕਹਿ ਰਹੀ ਸੀ। ਉਸ ਅੱਗੋਂ ਕੋਈ ਸਵਾਲ ਨਾ ਕੀਤਾ। ਗਹਿਰੀਆਂ ਨਜ਼ਰਾਂ ਨਾਲ ਮਾਂ ਨੂੰ ਤੱਕ ਕੇ ਪੁੱਛਿਆ, "ਤੁਸੀਂ ਆਖਰੀ ਵਾਰ ਪਾਪਾ ਨੂੰ ਕਦੋਂ ਮਿਲੇ ਸੀ।"

"ਤਲਾਕ ਹੋ ਜਾਣ ਮਗਰੋਂ ਅਦਾਲਤ ਵਿਚੋਂ ਬਾਹਰ ਆਉਣ ਸਮੇਂ। ਉਹ ਇਕ ਪਲ-ਛਿਣ ਲਈ ਮੇਰੇ ਪਾਸ ਰੁਕੇ ਸਨ। ਉਨ੍ਹਾਂ ਦੇ ਚਿਹਰੇ 'ਤੇ ਖੁਸ਼ੀ ਜਾਂ ਗ਼ਮੀ ਦੇ ਕੋਈ ਭਾਵ ਨਹੀਂ ਸਨ। ਉਨ੍ਹਾਂ ਮੈਨੂੰ ਤੱਕਿਆ, ਕੁਝ ਸੋਚਿਆ, ਬੁਲ੍ਹ ਫੜਕੇ, ਮੂੰਹੋਂ ਨਿਕਲਿਆ, "ਓ ਕੇ ਦੈਨ!" ਤੇ ਉਹ ਕਾਹਲੀ ਨਾਲ ਉਥੋਂ ਚਲੇ ਗਏ। ਪਰ ਮੈਂ ਉਥੇ ਖਲੋਤੀ ਕਿੰਨੀ ਦੇਰ ਉਨ੍ਹਾਂ ਨੂੰ ਦੇਖਦੀ ਰਹੀ, ਉਨ੍ਹਾਂ ਇਕ ਵਾਰ ਵੀ ਪਿੱਛੇ ਮੁੜ ਕੇ ਨਹੀਂ ਤੱਕਿਆ। ਜਦ ਉਨ੍ਹਾਂ ਦੀ ਪਿੱਠ ਦਿਸਣੋਂ ਹਟ ਗਈ ਤਾਂ ਬੋਝਲ ਮਨ ਨਾਲ ਘਰ ਆ ਗਈ। ਭਾਵੇਂ ਉਨ੍ਹਾਂ ਨਾਲ ਮੇਰੇ ਸਬੰਧ ਬਹੁਤੇ ਸੁਖਾਵੇਂ ਨਹੀਂ ਸਨ, ਫਿਰ ਵੀ ਉਨ੍ਹਾਂ ਦਾ ਵਿਛੋੜਾ ਮੈਥੋਂ ਸਹਿ ਨਹੀਂ ਸੀ ਹੋ ਰਿਹਾ। ਪਤਾ ਨਹੀਂ ਕਿਉਂ? ਉਹ ਮੁੜ-ਮੁੜ ਯਾਦ ਆਉਂਦੇ ਰਹੇ। ਸੱਚੀ ਗੱਲ ਤਾਂ ਇਹ ਹੈ, ਮੈਂ ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰ ਉਸ ਦਿਨ ਬਹੁਤ ਤੜਪੀ ਸਾਂ।

"ਫੇਰ ਕਦੇ ਮੁਲਾਕਾਤ ਨਹੀਂ ਹੋਈ?" ਮਹਿਕ ਨੇ ਜੋਰ ਦੇ ਕੇ ਪੁਛਿਆ।

"ਉਹ ਦਿਨ ਗਿਆ ਤੇ ਇਹ ਦਿਨ ਆਇਆ। ਮੁਲਾਕਾਤ ਤਾਂ ਕੀ ਮੈਂ ਉਨ੍ਹਾਂ ਦੀ ਸ਼ਕਲ ਵੀ ਮੁੜ ਕੇ ਨਹੀਂ ਦੇਖੀ।"

"ਤਕਲੀਫ ਤਾਂ ਪਾਪਾ ਨੂੰ ਵੀ ਹੋਈ ਹੋਵੇਗੀ!"

"ਕਹਿ ਨਹੀਂ ਸਕਦੀ...ਉਹ ਥੋੜ੍ਹੇ ਵਿਰਕਤ ਸੁਭਾਅ ਦੇ ਹਨ। ਕਦੇ ਰੁਮਾਂਟਿਕ ਨਹੀਂ ਰਹੇ। ਇਹੋ ਜਿਹੇ ਬੰਦੇ ਸਹਿਜੇ ਹੀ ਮਨ ਹੋਰ ਪਾਸੇ ਲਾ ਲੈਂਦੇ ਨੇ।"

"ਝਗੜਾ ਕਿਸ ਗੱਲ ਦਾ ਸੀ ਕਿ ਤਲਾਕ ਦੀ ਨੌਬਤ ਆ ਗਈ?" ਮਹਿਕ ਦੇ ਦਿਮਾਗ ਵਿਚ ਲੰਮੇਂ ਅਰਸੇ ਤੋਂ ਇਹ ਪ੍ਰਸ਼ਨ ਚੱਕਰ ਕੱਟ ਰਿਹਾ ਸੀ, ਉਸ ਕਈ ਵਾਰ ਮਾਂ ਤੋਂ ਪੁੱਛਣਾ ਚਾਹਿਆ, ਪਰ ਸਬਬ ਹੀ ਨਹੀਂ ਬਣਿਆ, ਮੌਕਾ ਚੰਗਾ ਦੇਖ ਉਸ ਮਾਂ ਨੂੰ ਪੁੱਛ ਹੀ ਲਿਆ।

"ਉਹ ਹਰ ਵੇਲੇ ਆਪਣੇ ਵਿਚ ਮਸਤ ਰਹਿੰਦੇ ਸਨ। ਇਸ ਦੇ ਉਲਟ ਮੈਂ ਬਹੁਤ ਚੁਲਬੁਲੀ ਸਾਂ। ਕਈ ਵਾਰ ਤਾਂ ਨਿੱਕੀ ਜਿਹੀ ਗੱਲ 'ਤੇ ਉਨ੍ਹਾਂ ਨਾਲ ਖਹਿਬੜ ਪੈਂਦੀ। ਉਹ ਚੁਪਚਾਪ ਸੁਣਦੇ ਰਹਿੰਦੇ। ਮੇਰੇ ਵਿਚ ਬਚਪਨਾ ਸੀ ਤੇ ਉਹ ਗੰਭੀਰ ਸੁਭਾਅ ਦੇ ਸਨ। ਮੈਂ ਦਿਲ ਖੋਲ੍ਹ ਕੇ ਗੱਲ ਕਰਦੀ ਤੇ ਉਨ੍ਹਾਂ ਦੇ ਅੰਦਰ ਕੀ ਚਲ ਰਿਹਾ, ਉਹ ਇਸ ਦੀ ਹਵਾ ਵੀ ਲੱਗਣ ਨਾ ਦਿੰਦੇ। ਬਹੁਤ ਹੋਇਆ ਤਾਂ ਹਾਂ ਹੂੰ ਕਰਦੇ ਪਰ ਖੁਲ੍ਹ ਕੇ ਗੱਲ ਨਾ ਕਰਦੇ। ਮੈਨੂੰ ਇਸੇ ਗੱਲ ਦੀ ਚਿੜ੍ਹ ਸੀ। ਇਸੇ ਕਰਕੇ ਕਈ ਵਾਰ ਅਚਨਚੇਤ ਉਨ੍ਹਾਂ 'ਤੇ ਅਗਨ ਵਰਖਾ ਕਰ ਦਿੰਦੀ ਪਰ ਉਨ੍ਹਾਂ 'ਤੇ ਕੋਈ ਅਸਰ ਨਾ ਹੁੰਦਾ ਤੇ ਉਹ ਚੁਪਚਾਪ ਉਥੋਂ ਖਿਸਕ ਜਾਂਦੇ। ਸਾਡੇ ਵਿਚਕਾਰ ਕੋਈ ਸਾਂਝ ਨਹੀਂ ਸੀ ਬਣ ਸਕੀ। ਮੈਂ ਤੰਗ ਆ ਚੁੱਕੀ ਸਾਂ। ਤੇਰੇ ਨਾਨਾ ਜੀ ਦੀ ਮਰਜੀ ਦੇ ਉਲਟ ਮੈਂ ਉਨ੍ਹਾਂ ਤੋਂ ਵੱਖ ਹੋ ਜਾਣ ਦਾ ਫੈਸਲਾ ਕਰ ਲਿਆ। ਤੇਰੇ ਪਾਪਾ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੇ ਮੂੰਹੋਂ ਇਹ ਦੋ ਸ਼ਬਦ ਨਿਕਲੇ, "ਜਿੱਦਾਂ ਤੁਹਾਡੀ ਮਰਜੀ।" ਜਵਾਬ ਸੁਣ ਮੇਰੇ ਸੱਤੀਂ ਕਪੜੀਂ ਅੱਗ ਲੱਗ ਗਈ। ਏਸ ਬੰਦੇ ਨੂੰ ਕੋਈ ਫਰਕ ਹੀ ਨਹੀਂ। ਜੇ ਇਹਨੂੰ ਮੇਰੀ ਪਰਵਾਹ ਨਹੀਂ ਤਾਂ ਮੈਂ ਕਿਉਂ ਤਰਲੋ-ਮੱਛੀ ਹੁੰਦੀ ਰਹਾਂ। ਮੈਂ ਕਿੰਨੇ ਦਿਨ ਅੰਦਰੋਂ ਅੰਦਰੀ ਉਬਾਲੇ ਖਾਂਦੀ ਰਹੀ। ਉਸ ਸ਼ਖਸ ਨੇ ਇਹ ਪੁੱਛਣ ਦੀ ਖੇਚਲ ਵੀ ਨਾ ਕੀਤੀ ਕਿ ਆਖਰ ਮੈਂ ਏਨਾ ਵੱਡਾ ਫੈਸਲਾ ਕਿਉਂ ਲੈ ਲਿਐ; ਕਿਤੇ ਮੈਥੋਂ ਕੋਈ ਗੁਸਤਾਖੀ ਤਾਂ ਨਹੀਂ ਹੋ ਗਈ। ਮਨ ਦੀ ਇਕ ਨੁੱਕਰ ਵਿਚੋਂ ਇਹ ਆਵਾਜ਼ ਆਈ, ਉਹ ਆਵੇਗਾ ਜਰੂਰ ਪੈਚ ਅਪ ਕਰਨ ਦਾ ਯਤਨ ਕਰੇਗਾ। ਮੈਨੂੰ ਮਨਾਉਣ ਦੀ ਕੋਸ਼ਿਸ਼ ਕਰੇਗਾ ਪਰ ਅਜਿਹਾ ਕੁਝ ਨਾ ਹੋਇਆ ਤੇ ਮੈਂ ਤੜਪ ਕੇ ਰਹਿ ਗਈ। ਹੁਣ ਮੇਰੇ ਲਈ ਪਿੱਛੇ ਹਟਣ ਦਾ ਸਵਾਲ ਹੀ ਨਹੀਂ ਸੀ।"

"ਮੈ ਉਸ ਸਮੇਂ ਕਿੰਨੇ ਸਾਲਾਂ ਦੀ ਸਾਂ?"

"ਤੇਰੇ ਸੰਸਾਰ ਵਿਚ ਆਉਣ ਤੋਂ ਪਹਿਲਾਂ ਹੀ ਇਹ ਸਭ ਹੋ ਗਿਆ ਸੀ।"

"ਤੁਸੀਂ ਮੁੜ ਵਿਆਹ ਨਹੀਂ ਕਰਾਇਆ, ਮੇਰੇ ਕਾਰਨ ਜਾਂ ਤੁਹਾਨੂੰ ਉਨ੍ਹਾਂ ਦੀ ਉਡੀਕ ਸੀ?"


"ਇਸ ਦੀ ਲੋੜ ਮਹਿਸੂਸ ਨਹੀਂ ਹੋਈ। ਦੂਜੀ ਗੱਲ, ਤੇਰੇ ਪਾਪਾ ਨਾਲ ਉਂਜ ਤਾਂ ਕੋਈ ਲੜਾਈ-ਝਗੜਾ ਨਹੀਂ ਸੀ। ਮੇਰੇ ਮਨ ਵਿਚ ਥੋੜ੍ਹਾ ਬਹੁਤ ਗੁੱਸਾ ਜਰੂਰ ਸੀ, ਪਰ ਏਨਾ ਵੀ ਨਹੀਂ ਕਿ ਉਨ੍ਹਾਂ ਦੀ ਸ਼ਕਲ ਤੋਂ ਨਫਤਰ ਹੋ ਜਾਂਦੀ। ਅਸੀਂ ਜਿੰਨੀ ਦੇਰ ਵੀ ਇਕੱਠੇ ਰਹੇ, ਉਨ੍ਹਾਂ ਮੈਨੂੰ ਕਦੇ ਉਚਾ-ਨੀਵਾਂ ਨਹੀਂ ਬੋਲਿਆ। ਕੋਈ ਚੋਭਵੀਂ ਗੱਲ ਵੀ ਨਹੀਂ ਕੀਤੀ। ਕਿਸ ਗੱਲ ਨੂੰ ਯਾਦ ਕਰਕੇ ਸੜਦੀ-ਕੁੜ੍ਹਦੀ। ਮੇਰਾ ਗੁੱਸਾ ਜਿਦਾਂ ਚੜ੍ਹਿਆ ਸੀ ਓਦਾਂ ਈ ਉਤਰ ਗਿਆ। ਮੇਰੇ ਮਨ ਵਿਚ ਕੋਈ ਮਲਾਲ ਨਹੀਂ ਰਿਹਾ। ਮੈਂ ਪਹਿਲਾਂ ਵਾਂਗ ਨਾਰਮਲ ਹੋ ਗਈ। ਪਰ ਉਨ੍ਹਾਂ ਦੀ ਘਾਟ ਪੂਰੀ ਨਹੀਂ ਹੋਈ।"

"ਉਨ੍ਹਾਂ ਦੀ ਕੋਈ ਯਾਦ!"

"ਮੇਰੇ ਨਾਲ ਜੁੜੀ ਉਨ੍ਹਾਂ ਦੀ ਕੋਈ ਯਾਦ ਨਹੀਂ, ਪਰ ਤੇਰੇ ਨਾਲ ਜੁੜੀਆਂ ਅਣਗਿਣਤ ਯਾਦਾਂ ਦੀ ਪਿਟਾਰੀ ਸਾਂਭੀ ਪਈ ਏ, ਮੇਰੇ ਚੇਤਿਆਂ 'ਚ। ਜਦ ਕਹੇਂਗੀ ਖੋਲ੍ਹ ਦਿਆਂਗੀ। ਇਕ ਯਾਦ ਤਾਂ ਬਈ ਬਹੁਤ ਹੀ ਨਿੱਘੀ ਹੈ। ਜਦ ਉਹ ਘੜੀ-ਪਲ ਚੇਤੇ ਆਉਂਦੇ ਨੇ, ਮਨ ਗਦਗਦ ਹੋ ਜਾਂਦੈ, ਇਕ ਮਿੱਠੀ ਜਿਹੀ ਝੁਣਝੁਣੀ ਆ ਜਾਂਦੀ ਹੈ।"

"ਉਹ ਕਿਹੜੀ, ਜ਼ਰਾ ਮੈਂ ਵੀ ਤਾਂ ਸੁਣਾਂ!"

"ਤੂੰ ਉਦੋਂ ਬਹੁਤ ਨਿੱਕੀ ਸੈਂ। ਇਕ ਵਾਰ ਦੀ ਗੱਲ ਹੈ। ਮੈਂ ਇਕ ਕੰਮ ਦੇ ਸਿਲਸਿਲੇ ਵਿਚ ਬਾਹਰ ਗਈ ਸਾਂ। ਉਥੇ ਕੁਝ ਦਿਨ ਲੱਗ ਗਏ। ਤੇਰੇ ਸਕੂਲ ਦੀ ਫੀਸ ਸਮੇਂ ਸਿਰ ਤਾਰੀ ਨਾ ਜਾ ਸਕੀ। ਸਕੂਲ ਵਾਲਿਆਂ ਤੇਰਾ ਨਾਂ ਕੱਟ ਦਿੱਤਾ। ਤੇਰੇ ਨਾਨਾ ਜੀ ਨੇ ਦਸਿਆ ਤਾਂ ਮੈਂ ਦੰਗ ਰਹਿ ਗਈ। ਇਹ ਕਿੱਦਾਂ ਹੋ ਸਕਦੈ? ਮੈਂ ਕਦੇ ਇਕ ਦਿਨ ਵੀ ਲੇਟ ਨਹੀਂ ਹੋਈ। ਮੈਨੂੰ ਬਹੁਤ ਪਰੇਸ਼ਾਨੀ ਹੋਈ ਪਰ ਉਸ ਸਮੇਂ ਦੂਰ ਬੈਠੀ ਸਾਂ। ਕੁਝ ਕਰ ਵੀ ਨਹੀਂ ਸਾਂ ਸਕਦੀ। ਵਾਪਸ ਆਈ। ਦੂਜੇ ਦਿਨ ਈ ਸਕੂਲ ਪੁੱਜ ਗਈ। ਜਾਂਦਿਆਂ ਹੀ ਕੜਕ ਆਵਾਜ਼ ਵਿਚ ਤਲਖੀ ਨਾਲ ਪੁਛਿਆ, 'ਕਿੰਨੇ ਪੈਸੇ ਲੈਣੇ ਨੇ ਤੁਸੀਂ?' ਦੂਜੇ ਪਾਸਿਓਂ ਜਵਾਬ ਮਿਲਿਆ, "ਜੀ ਅਸਾਂ ਕੁਝ ਨਹੀਂ ਲੈਣਾ, ਤੁਸੀਂ ਸਕੂਲ ਦਾ



ਕੋਈ ਪੈਸਾ ਨਹੀਂ ਦੇਣਾ।" "ਜੇ ਮੈਂ ਤੁਹਾਡਾ ਕੋਈ ਪੈਸਾ ਨਹੀਂ ਦੇਣਾ ਤਾਂ ਮੇਰੀ ਬੱਚੀ ਦਾ ਨਾਂ ਕਿਉਂ ਕੱਟਿਆ ਗਿਆ ਏ?"

"ਮੈਡਮ ਜੀ, ਪਹਿਲਾਂ ਸ਼ਾਂਤੀ ਨਾਲ ਸਾਡੀ ਗੱਲ ਸੁਣ ਲਓ।" ਉਨ੍ਹਾਂ ਬੇਨਤੀ ਕੀਤੀ, ਪਰ ਮੈਂ ਗੁੱਸੇ ਵਿਚ ਬੋਲਦੀ ਰਹੀ, "ਕੀ ਗੱਲ ਸੁਣਾਂ ਮੈਂ ਤੁਹਾਡੀ। ਮੈਂ ਕਿਤੇ ਨੱਸ ਤਾਂ ਨਹੀਂ ਚੱਲੀ ਸੀ। ਥੋੜ੍ਹੇ ਦਿਨਾਂ ਲਈ ਬਾਹਰ ਗਈ ਸੀ। ਇਸ ਲਈ ਸਮੇਂ ਸਿਰ ਫੀਸ ਨਹੀਂ ਦੇ ਸਕੀ ਤੇ ਤੁਸਾਂ ਮੇਰੀ ਬੱਚੀ ਦਾ ਨਾਂ ਕੱਟ ਦਿੱਤਾ।"

"ਮੈਡਮ ਜੀ, ਗੱਲ ਥੋੜ੍ਹੇ ਦਿਨਾਂ ਦੀ ਹੁੰਦੀ ਤਾਂ ਇਹ ਨੌਬਤ ਨਹੀਂ ਆਉਣੀ ਸੀ। ਪਿਛਲੇ ਦੋ ਮਹੀਨਿਆਂ ਤੋਂ ਤੁਸੀਂ ਫੀਸ ਜਮ੍ਹਾਂ ਨਹੀਂ ਕਰਾਈ ਇਸੇ ਲਈ ਮਜਬੂਰ ਹੋ ਕੇ ਪ੍ਰਿੰਸੀਪਲ ਮੈਡਮ ਨੇ ਇਹ ਕਦਮ ਚੁੱਕਿਆ।"

"ਦੋ ਮਹੀਨੇ? ਕੀ ਗੱਲ ਕਰਦੇ ਹੋ ਤੁਸੀਂ?"

"ਜੀ ਪੂਰੇ ਦੋ ਮਹੀਨੇ।"

"ਪਰ ਮੈਂ ਤਾਂ ਮਹੀਨਾ ਚੜ੍ਹਨ ਸਾਰ ਆਪਣੇ ਸਹਾਇਕ ਨੂੰ ਪੈਸੇ ਦੇ ਕੇ ਭੇਜ ਦਿੰਦੀ ਹਾਂ!"

"ਉਹ ਦੋ ਮਹੀਨਿਆਂ ਤੋਂ ਨਹੀਂ ਆਇਆ।" ਦਫ਼ਤਰ ਵਾਲਿਆਂ ਦਸਿਆ ਤਾਂ ਮੇਰੇ ਖਾਨਿਓਂ ਗਈ। 'ਓ ਮਾਈ ਗੱਾਡ!' ਜਾਣੋਂ ਕਿਸੇ ਨੇ ਗੂਹੜੀ ਨੀਂਦ ਵਿਚੋਂ ਹਲੂਣ ਕੇ ਉਠਾ ਦਿੱਤਾ ਹੋਵੇ। ਨਾ ਉਹ ਗਲਤ ਸਨ ਤੇ ਨਾ ਮੈਂ। ਘਰ ਆ ਕੇ ਪੜਤਾਲ ਕੀਤੀ। ਮੇਰੇ ਸਹਾਇਕ ਨੂੰ ਕਿਸੇ ਕਾਰਨ ਪੈਸੇ ਦੀ ਲੋੜ ਪੈ ਗਈ, ਉਸ ਡਰਦੇ ਮਾਰੇ ਮੈਥੋਂ ਪੈਸੇ ਨਾ ਮੰਗੇ ਪਰ ਤੇਰੀ ਫੀਸ ਖਰਚ ਕੇ ਆਪਣਾ ਕੰਮ ਸਾਰ ਲਿਆ। ਭਾਵੇਂ ਇਹ ਅਣਗਹਿਲੀ ਮੈਥੋਂ ਨਹੀਂ ਸੀ ਹੋਈ, ਕਸੂਰ ਮੇਰੇ ਸਹਾਇਕ ਦਾ ਸੀ, ਪਰ ਜਿਮੇਵਾਰੀ ਤਾਂ ਮੇਰੀ ਬਣਦੀ ਸੀ, ਇਹ ਸੋਚ ਮੈਂ ਢੈਲੀ ਪੈ ਗਈ। ਮੈਂ ਬੜੀ ਹਲੀਮੀ ਨਾਲ ਪੁੱਛਿਆ, "ਪ੍ਰਿੰਸੀਪਲ ਮੈਡਮ ਨਾਲ ਮੇਰੀ ਗੱਲ ਕਰਾਓਗੇ ਪਲੀਜ?"

"ਮਿਲਣਾ ਚਾਹੋ ਤਾਂ ਬੇਸ਼ਕ ਮਿਲ ਲਵੋ, ਪਰ ਇਸ ਦੀ ਲੋੜ ਕੋਈ ਨਹੀਂ।"

"ਮਤਲਬ?" "ਮਤਲਬ ਇਹ ਕਿ ਬੱਚੀ ਦੀ ਫੀਸ ਭਰੀ ਜਾ ਚੁੱਕੀ ਹੈ।"

"ਭਰੀ ਜਾ ਚੁੱਕੀ ਹੈ?" "ਹਾਂ ਜੀ।" "ਕੀ ਮੇਰਾ ਸਹਾਇਕ ਆਇਆ ਸੀ?" "ਜੀ ਨਹੀਂ।" "ਫੇਰ।" "ਬੱਚੀ ਦਾ ਨਾਂ ਕੱਟ ਹੋਣ ਤੋਂ ਪਹਿਲਾਂ ਹੀ ਇਕ ਸੱਜਣ ਸਾਡੇ ਪਾਸ ਆਏ। ਉਹ ਕੌਣ ਸਨ, ਅਸੀਂ ਨਹੀਂ ਜਾਣਦੇ, ਅਸੀਂ ਉਨ੍ਹਾਂ ਨੂੰ ਪਹਿਲਾਂ ਕਦੇ ਦੇਖਿਆ ਵੀ ਨਹੀਂ ਸੀ। ਉਹ ਸ਼ਕਲੋਂ ਚੰਗੇ ਰੱਜੇ ਪੁੱਜੇ ਤੇ ਅਸਰ-ਰਸੂਖ ਵਾਲੇ ਜਾਪਦੇ ਸਨ। ਉਨ੍ਹਾਂ ਨੇ ਅਗਲੇ-ਪਿਛਲੇ ਸਾਰੇ ਪੈਸਿਆਂ ਦੇ ਨਾਲ-ਨਾਲ ਪੂਰੇ ਸਾਲ ਦੀ ਫੀਸ ਭਰ ਦਿੱਤੀ। ਜਾਂਦੇ ਹੋਏ ਇਹ ਵੀ ਕਹਿ ਗਏ, 'ਅੱਗੋਂ ਇਹੋ ਜਿਹੀ ਕੋਈ ਗੱਲ ਹੋਵੇ ਤਾਂ ਉਨ੍ਹਾਂ ਨੂੰ ਦਸਿਆ ਜਾਏ, ਪਰ ਕਿਸੇ ਵੀ ਹਾਲਤ ਵਿਚ ਮੇਰੀ ਬੇਟੀ ਦੀ ਪੜ੍ਹਾਈ ਦਾ ਹਰਜਾ ਨਹੀਂ ਹੋਣਾ ਚਾਹੀਦਾ।'

"ਗੁਡ ਪਾਪਾ ਹੋਣ ਤਾਂ ਇਹੋ ਜਿਹੇ!" ਸੁਣ ਮਹਿਕ ਖੁਸ਼ੀ ਨਾਲ ਉਛਲ ਪਈ।

"ਤੇਰੇ ਨਾਲ ਜੁੜੇ ਇਹੋ ਜਿਹੇ ਹੋਰ ਪਲ ਵੀ ਆਏ ਨੇ ਜ਼ਿੰਦਗੀ ਵਿਚ, ਪਰ ਇਹ ਪਹਿਲੀ ਘਟਨਾ ਸੀ, ਇਸ ਲਈ ਮੁੜ-ਘੁੜ ਚੇਤੇ ਆ ਜਾਂਦੀ ਏ।"

***

"ਮੈਡਮ!"

"ਹੂੰ!"

"ਕੋਈ ਤੁਹਾਨੂੰ ਮਿਲਣ ਆਇਐ।"

"ਉਨ੍ਹਾਂ ਨੂੰ ਅੰਦਰ ਲੈ ਆ।"

"ਕੋਈ ਫਾਇਦਾ ਨਹੀਂ, ਜਿਹੜਾ ਆਇਆ ਸੀ, ਉਹ ਚਲਾ ਗਿਐ।" ਵੱਡੇ ਬਾਬੂ ਨੇ ਅੰਦਰ ਆਉਂਦਿਆਂ ਦਸਿਆ।

"ਪਰ ਮੈਨੂੰ ਮਿਲਣ ਆਇਆ ਸੀ, ਫੇਰ ਚਲਾ ਕਿਉਂ ਗਿਆ?" ਮੈਡਮ ਨੇ ਹੈਰਾਨ ਹੁੰਦਿਆਂ ਪੁਛਿਆ।

"ਇਹ ਮੈਂ ਨਹੀਂ ਜਾਣਦਾ ਪਰ ਜਾਂਦਾ ਹੋਇਆ ਤੁਹਾਡੇ ਨਾਂ ਇਹ ਖ਼ਤ ਦੇ ਗਿਆ ਏ।" ਵੱਡੇ ਬਾਬੂ ਨੇ ਮੈਡਮ ਨੂੰ ਖ਼ਤ ਦਿੰਦਿਆਂ ਕਿਹਾ।

"ਖ਼ਤ? ਕੀ ਲਿਖਿਐ ਖ਼ਤ ਵਿਚ...ਤੁਸੀਂ ਪੜ੍ਹਿਆ ਹੋਵੇਗਾ!"

"ਪੜ੍ਹ ਮੈਂ ਕਿਹੜੇ ਵੇਲੇ ਲਿਆ।" ਵੱਡੇ ਬਾਬੂ ਨੇ ਕਾਹਲੀ ਨਾਲ ਕਿਹਾ।

"ਚਲ ਕੋਈ ਨਾ, ਲਿਆਓ ਮੈਂ ਪੜ੍ਹ ਲੈਂਦੀ ਆਂ।" ਮੈਡਮ ਵੱਡੇ ਬਾਬੂ ਦੇ ਹੱਥੋਂ ਖ਼ਤ ਲੈ ਕੇ ਪੜ੍ਹਨ ਲਗ ਪਈ। ਲਿਖਿਆ ਸੀ, "ਮਹਿਕ, ਮੇਰੀ ਬੱਚੀ, ਤੂੰ ਇਸੇ ਤਰ੍ਹਾਂ ਚਹਿਕਦੀ ਰਹੇਂ, ਰੱਬ ਪਾਸ ਇਹੋ ਅਰਦਾਸ ਕਰਦਾ ਹਾਂ। ਹੋਰ ਮੈਨੂੰ ਕੁਝ ਨਹੀਂ ਚਾਹੀਦਾ। ਇਹ ਜਿਹੜੇ ਕੇਸ ਨੂੰ ਤੈਂ ਹੱਥ 'ਚ ਲਿਐ, ਉਹਨੇ ਤੇਰੀ ਨੀਂਦ ਉਡਾ ਦਿੱਤੀ ਏ, ਇਸ ਕੇਸ ਦਾ ਕੀ ਬਣੇਗਾ, ਤੈਨੂੰ ਹਰ ਵੇਲੇ ਇਹੋ ਚਿੰਤਾ ਲੱਗੀ ਰਹਿੰਦੀ ਏ। ਮੇਰੀ ਬੱਚੀ ਆਪਣੇ ਕੰਮ ਲਈ ਚਿੰਤਿਤ ਹੋਣਾ ਚੰਗੀ ਗੱਲ ਹੈ। ਇਹੋ ਜਿਹੀ ਚਿੰਤਾ ਉਹੀ ਕਰਦੈ ਜਿਹੜਾ ਆਪਣੇ ਕੰਮ ਲਈ ਇਮਾਨਦਾਰ ਹੋਵੇ। ਤੂੰ ਬਹੁਤ ਇਮਾਨਦਾਰ ਏਂ ਤੇ ਪੂਰੇ ਸਿਰੜ ਨਾਲ ਆਪਣਾ ਕੰਮ ਕਰਦੀ ਏਂ। ਅੱਗੋਂ ਵੀ ਏਦਾਂ ਈ ਕਰਦੀ ਰਹੇਂਗੀ, ਮੈਨੂੰ ਭਰੋਸਾ ਹੈ। ਤੂੰ ਉਨ੍ਹਾਂ ਲੋਕਾਂ ਵਿਚੋਂ ਨਹੀਂ ਜਿਹੜੇ ਐਵੇਂ ਹਾਰ ਮੰਨ ਲੈਂਦੇ ਨੇ, ਤੂੰ ਤਾਂ ਮੇਰੀ ਬਹਾਦਰ ਬੱਚੀ ਏਂ, ਐਵੇਂ ਘਾਬਰੀਦਾ ਨਹੀਂ।

ਮੈਂ ਪੂਰੇ ਕੇਸ ਦੀ ਸਟੱਡੀ ਕੀਤੀ ਏ, ਤੇਰੀਆਂ ਦਲੀਲਾਂ ਵੀ ਸੁਣੀਆਂ ਨੇ, ਬੱਚੇ, ਤੈਂ ਹਨੇਰੇ ਵਿਚ ਖੂਬ ਲਾਠੀਆਂ ਚਲਾਈਆਂ ਨੇ, ਪਰ ਕਿਤੇ ਵੀ ਅਸਲ ਮੁੱਦੇ ਦੀ ਗੱਲ ਨਹੀਂ ਕੀਤੀ, ਕੇਸ ਕਮਜੋਰ ਹੋਣਾ ਹੀ ਸੀ। ਮੁਕੱਦਮੇ ਦੇ ਜਿਸ ਪਹਿਲੂ ਨੂੰ ਘੋਖਣ ਦੀ ਲੋੜ ਸੀ, ਉਹ ਤੈਂ ਘੋਖਿਆ ਨਹੀਂ। ਮੈਂ ਕੁਝ ਨੁਕਤਿਆਂ ਵੱਲ ਤੇਰਾ ਧਿਆਨ ਦਿਵਾ ਰਿਹਾਂ। ਉਨ੍ਹਾਂ 'ਤੇ ਫੋਕਸ ਕਰ, ਕੁਝ ਪੜ੍ਹਨ ਦੀ ਲੋੜ ਵੀ ਏ। ਕੀ ਪੜ੍ਹਨਾ ਏ, ਇਹ ਮੈਂ ਲਿਖ ਦਿੱਤੈ, ਮਨ-ਚਿਤ ਲਾ ਕੇ ਕੰਮ ਕਰ। ਜਿੱਤ ਹਰ ਹਾਲਤ ਵਿਚ ਮੇਰੀ ਬੱਚੀ ਦੀ ਹੋਵੇਗੀ।"

ਮਹਿਕ ਨੇ ਪੱਤਰ ਦੇ ਦੂਜੇ ਹਿੱਸੇ ਨੂੰ ਘੋਖਿਆ, ਦੋ-ਤਿੰਨ ਵਾਰ ਪੜ੍ਹਿਆ। ਕੇਸ ਦਾ ਠੰਡੇ ਦਿਮਾਗ ਨਾਲ ਮੁਲਾਂਕਣ ਕੀਤਾ ਤਾਂ ਅਸਲ ਘੁੰਡੀ ਉਸ ਦੀ ਸਮਝ ਵਿਚ ਆ ਗਈ। ਉਹ ਖੁਸ਼ੀ ਨਾਲ ਉਛਲ ਪਈ, ਅਰੇ ਵਾਹ ਇਹ ਅੰਕਲ ਤਾਂ ਬਹੁਤ ਲਾਜਵਾਬ ਹਨ! ਕੌਣ ਹਨ? ਉਸ ਇਹ ਜਾਨਣ ਲਈ ਪੱਤਰ ਨੂੰ ਇਕ ਵਾਰ ਫੇਰ ਘੋਖਿਆ, ਪਰ ਕਿਧਰੇ ਵੀ ਕੋਈ ਨਾਂ-ਪਤਾ ਨਹੀਂ ਸੀ। ਵੱਡੇ ਬਾਬੂ ਕਮਰੇ ਵਿਚ ਆਏ ਤਾਂ ਪੁੱਛਿਆ, "ਇਹ ਅੰਕਲ ਕੌਣ ਹਨ?"

"ਕੀ ਗੱਲ?"

"ਉਹ ਸਧਾਰਨ ਵਕੀਲ ਹੋ ਨਹੀਂ ਸਕਦੇ। ਵ੍ਹਟ ਏ ਜੀਨੀਅਸ! ਵਕਾਲਤ ਦੀਆਂ ਬਾਰੀਕੀਆਂ ਨੂੰ ਸਮਝਣ ਵਾਲੇ ਇਹੋ ਜਿਹੇ ਧੁਰੰਧਰ ਕਿੱਥੇ ਮਿਲਦੇ ਹਨ, ਇਨ੍ਹਾਂ ਮੇਰੇ ਕਪਾਟ ਖੋਲ੍ਹ ਦਿਤੇ ਨੇ। ਮੈਂ ਕਿੱਥੇ ਗਲਤ ਸੀ, ਇਹਨੂੰ ਪੜ੍ਹ ਕੇ ਸਮਝ ਵਿਚ ਆਇਆ।"

"ਇਨ੍ਹਾਂ ਲੋਕਾਂ ਨੇ ਉਮਰਾਂ ਗਾਲ ਦਿੱਤੀਆਂ ਇਸ ਕੰਮ ਵਿਚ, ਪਰ ਮੈਡਮ ਸਾਡੀ ਨਵੀਂ ਪੀੜ੍ਹੀ ਵਿਚ ਆਪਣੇ ਕੰਮ ਲਈ ਇਹੋ ਜਿਹਾ ਸਮਰਪਣ ਦੇਖਣ ਨੂੰ ਨਹੀਂ ਮਿਲਦਾ।"

"ਅੰਕਲ ਤੁਹਾਡੀ ਗੱਲ ਕੁਝ ਹੱਦ ਤਕ ਠੀਕ ਹੈ, ਪਰ ਨਵੀਂ ਪੀੜ੍ਹੀ ਵਿਚ ਵੀ ਇਹੋ ਜਿਹੇ ਵਿਰਲੇ ਲੋਕ ਮਿਲ ਜਾਂਦੇ ਹਨ।"

"ਚਲੋ ਹੁਣ ਨਵੇਂ ਸਿਰੇ ਤੋਂ ਮੁਕੱਦਮੇ ਦੀ ਤਿਆਰੀ ਕਰੋ। ਤੁਹਾਡੇ ਪਾਸ ਚੋਖਾ ਸਮਾਂ ਹੈ।" ਵੱਡੇ ਬਾਬੂ ਨੇ ਬਾਹਰ ਜਾਂਦਿਆਂ ਕਿਹਾ।

***

"ਓ ਮਾਂ, ਮੇਰੀ ਪਿਆਰੀ ਮਾਂ।" ਬਾਹਰੋਂ ਆਉਂਦਿਆਂ ਸਾਰ ਮਹਿਕ ਆਪਣੀ ਮਾਂ ਨੂੰ ਕਲਾਵੇ ਵਿਚ ਲੈ ਕੇ ਉਛਲਣ ਲਗੀ। ਸੱਚ ਤੂੰ ਕਿੰਨੀ ਚੰਗੀ ਏਂ, ਮੇਰੀ ਅੰਮੜੀਏ।" ਉਹ ਇਕ ਵਾਰ ਫੇਰ ਮਾਂ ਨੂੰ ਚੰਬੜ ਗਈ!"

"ਬਸ ਵੀ ਕਰ ਹੁਣ, ਮਾਰ ਹੀ ਸੁਟੇਂਗੀ, ਏਨਾ ਪਿਆਰ ਕਰਕੇ, ਤੇਰਾ ਕੁਝ ਨਹੀਂ ਵਿਗੜਨਾ ਪਰ ਜੇ ਇਸ ਬੁੱਢੀ ਦੀ ਕੋਈ ਹੱਡੀ ਕੜਕ ਗਈ ਤਾਂ ਲੈਣੇ ਦੇ ਦੇਣੇ ਪੈ ਜਾਣਗੇ।" ਮਾਂ ਨੇ ਲਾਡ ਨਾਲ ਉਹਦੀਆਂ ਗਲ੍ਹਾਂ 'ਤੇ ਹੱਥ ਫੇਰਦਿਆਂ ਕਿਹਾ।

"ਓਹ ਹਾਏ, ਮੈਂ ਤਾਂ ਭੁੱਲ ਈ ਗਈ ਸਾਂ; ਕੱਚੀ ਕਲੀ ਕਚਨਾਰ ਕੀ; ਮੇਰੀ ਮਾਂ ਬਹੁਤ ਨਾਜ਼ਕ ਹੈ। ਮਲੂਕੜੀ ਏ, ਪਰ ਮੈਂ ਵੀ ਕੀ ਕਰਾਂ; ਦਿਲ ਹੀ ਨਹੀਂ ਮੰਨਦਾ; ਇਹੋ ਜਿਹੀ ਸੋਹਣੀ ਨੱਢੀ ਨੂੰ ਦੇਖ ਵਾਰ-ਵਾਰ ਪਿਆਰ ਕਰਨ ਨੂੰ ਜੀ ਕਰਦੈ...ਬਈ ਜੀ ਕਰਦੈ...ਪਿਆਰ ਕਰਨ ਨੂੰ ਜੀ ਕਰਦੈ।" ਉਹ ਮਾਂ ਦੇ ਮੋਢਿਆਂ 'ਤੇ ਹੱਥ ਰੱਖ ਗੁਣਗੁਣਾਉਣ ਲੱਗ ਪਈ।

"ਉਹ ਤਾਂ ਠੀਕ ਐ, ਪਰ ਇਹੋ ਜਿਹਾ ਪਿਆਰ ਨਾ ਕਰੀਂ...!"

"ਪਿਆਰ ਤਾਂ ਪਿਆਰ ਹੀ ਹੁੰਦਾ ਏ ਮੇਰੀ ਪਿਆਰੀ-ਪਿਆਰੀ ਮਾਂ!"

"ਅੱਜ ਮਾਂ 'ਤੇ ਏਨਾ ਪਿਆਰ ਕਿਉਂ ਆ ਰਿਹਾ ਏ, ਜਿਵੇਂ ਕੋਈ ਕੇਸ ਜਿੱਤ ਲਿਆ ਹੋਵੇ?"

"ਕੇਸ ਈ ਜਿੱਤਿਐ ਮਾਂ, ਉਹ ਵੀ ਬਹੁਤ ਔਖਾ ਤੇ ਗੁੰਝਲਦਾਰ। ਇਹ ਕੋਈ ਸਧਾਰਨ ਕੇਸ ਨਹੀਂ ਸੀ...ਇਕ ਵਾਰ ਤਾਂ ਮੇਰੇ ਪਸੀਨੇ ਛੁੱਟ ਗਏ ਸਨ, ਇਹਦੀ ਪੁਜੀਸ਼ਨ ਦੇਖ ਕੇ, ਕੋਈ ਲੜ ਸਿਰਾ ਦਿਸ ਨਹੀਂ ਸੀ ਰਿਹਾ।"

"ਫੇਰ ਕੀ ਕੌਤਕ ਹੋਇਆ?"

***(ਬਾਕੀ ਅਗਲੇ ਸਫੇ 'ਤੇ)***

"ਕੌਤਕ ਜਿਹਾ ਕੌਤਕ, ਮੈਂ ਤਾਂ ਦਿਲ ਛੱਡ ਦਿੱਤਾ ਸੀ, ਪਰ!"

"ਪਰ ਇਹ ਕੌਤਕ ਹੋਇਆ ਕਿਵੇਂ!"

"ਇਸ ਖ਼ਤ ਨੇ ਕੀਤੈ ਇਹ ਕੌਤਕ!"

"ਮੈਨੂੰ ਨਹੀਂ ਦਿਖਾਏਂਗੀ, ਇਹ ਖ਼ਤ?"

"ਤੁਸੀਂ ਵੀ ਦੇਖ ਲਓ ਇਹ ਖ਼ਤ। ਇਸ ਖ਼ਤ ਨੇ ਮੈਨੂੰ ਚੜ੍ਹਦੀ ਕਲਾ ਵਿਚ ਲੈ ਆਂਦਾ ਤੇ ਨਤੀਜਾ ਤੇਰੇ ਸਾਹਮਣੇ ਈ ਹੈ।" ਕਹਿੰਦਿਆਂ ਮਹਿਕ ਨੇ ਇਕ ਵਾਰ ਫੇਰ ਮਾਂ ਨੂੰ ਕਲਾਵੇ ਵਿਚ ਲੈ ਲਿਆ।

"ਚਲ ਹੁਣ ਬਹੁਤੀਆਂ ਗੱਲਾਂ ਨਾ ਕਰ, ਲਿਆ ਦੇਖਾਂ ਜ਼ਰਾ ਖ਼ਤ ਨੂੰ, ਜਿਸ ਮੇਰੀ ਬੱਚੀ ਨੂੰ ਏਨੀ ਵੱਡੀ ਖ਼ੁਸ਼ੀ ਦਿੱਤੀ ਏ?" ਮਹਿਕ ਨੇ ਅੱਖ ਝਪਕਦੇ ਹੀ ਖ਼ਤ ਮਾਂ ਦੇ ਹੱਥਾਂ ਵਿਚ ਰੱਖ ਦਿੱਤਾ। ਮਾਂ ਨੇ ਖ਼ਤ ਦੇਖਿਆ। ਖ਼ਤ ਦਾ ਮਜ਼ਮੂਨ ਪੜ੍ਹਨ ਸਾਰ ਉਹ ਗੰਭੀਰ ਜਿਹੀ ਹੋ ਗਈ। ਉਹ ਕੁਝ ਸੋਚਣ ਲੱਗੀ। ਇਸ ਤੋਂ ਪਹਿਲਾਂ ਕਿ ਮਹਿਕ ਉਸ ਨੂੰ ਕੁਝ ਪੁੱਛਦੀ, ਉਹਦੇ ਮੂੰਹ ਵਿਚੋਂ ਆਪ ਮੁਹਾਰੇ ਨਿਕਲਿਆ, "ਤੈਨੂੰ ਇਹ ਕਦੋਂ ਮਿਲੇ ਨੇ?"

"ਨਹੀਂ, ਕਦੇ ਨਹੀਂ!"

"ਅਜੀਬ ਆਦਮੀ ਏ।"

"ਅਜੀਬ ਕਿਉਂ ਮਾਂ?"

"ਤੇਰੀ ਏਨੀ ਚਿੰਤਾ ਕਰਦੇ ਨੇ। ਇਕ-ਇਕ ਪਲ ਦੀ ਖ਼ਬਰ ਰੱਖਦੇ ਨੇ। ਸਾਹਮਣੇ ਆਉਂਦੇ ਨਹੀਂ, ਇਸ ਲੁਕਾ-ਛਿਪੀ ਦਾ ਕੀ ਮਤਲਬ, ਮੇਰੀ ਸਮਝ ਵਿਚ ਨਹੀਂ ਆਉਂਦਾ।"

"ਮੈਂ ਇਨ੍ਹਾਂ ਦੀ ਪ੍ਰੀਤ ਛੋਹ ਮਾਣ ਚੁੱਕੀ ਹਾਂ, ਮੈਨੂੰ ਇੰਜ ਲਗਦਾ ਏ, ਪਤਾ ਨਹੀਂ ਕਿਉਂ?"

"ਧੀ ਦੇ ਮੋਹ ਦੀ ਤੰਦ ਨੇ ਉਨ੍ਹਾਂ ਨੂੰ ਤੈਥੋਂ ਪਰ੍ਹੇ ਨਹੀਂ ਹੋਣ ਦਿੱਤਾ। ਉਹ ਮੁੜ-ਘੁੜ ਤੇਰੇ ਦੁਆਲੇ ਚੱਕਰ ਕੱਟਦੇ ਰਹੇ ਨੇ। ਪਰ ਅੰਦਰਲੀ ਝਿਝਕ ਨੇ ਉਨ੍ਹਾਂ ਨੂੰ ਕਦੇ ਅੱਗੇ ਵੱਧਣ ਨਹੀਂ ਦਿੱਤਾ। ਇਹੋ ਅਜੀਬ ਗੱਲ ਏ।"

"ਮੈਂ ਇਹ ਤਾਂ ਨਹੀਂ ਜਾਣਦੀ, ਉਹ ਮੈਨੂੰ ਖੁਲ੍ਹ ਕੇ ਕਿਉਂ ਨਹੀਂ ਮਿਲਦੇ, ਕੋਈ ਨਾ ਕੋਈ ਘੁੰਡੀ ਜ਼ਰੂਰ ਹੋਵੇਗੀ, ਪਰ ਇਸ 'ਤੇ ਵੀ ਮੈਂ ਇਸ ਨੂੰ ਅਜੀਬ ਗੱਲ ਨਹੀਂ ਮੰਨਦੀ।"

ਸੱਚੀ ਗੱਲ ਤਾਂ ਇਹ ਹੈ ਮਾਮਾ, ਬੰਦਾ ਆਪਣੇ ਆਪ ਵਿਚ ਹੀ ਅਜੀਬ ਪ੍ਰਾਣੀ ਹੁੰਦੈ, ਉਹਦੇ ਅੰਦਰ ਕੀ ਚਲਦਾ, ਕੋਈ ਨਹੀਂ ਜਾਣਦਾ। ਹਰ ਬੰਦਾ ਆਪਣੇ ਸੁਪਨਿਆਂ ਦੇ ਸੰਸਾਰ ਵਿਚ ਵਿਚਰਦਾ ਏ, ਕਈ ਵਾਰ ਤਾਂ ਉਹ ਆਪਣੀ ਧੁਰ ਅੰਦਰਲੀ ਗੱਲ ਦੀ ਭਿਣਕ ਵੀ ਦੂਜੇ ਨੂੰ ਲੱਗਣ ਨਹੀਂ ਦਿੰਦਾ। ਪਾਪਾ ਭਾਵੇਂ ਜ਼ਾਹਰਾ ਤੌਰ 'ਤੇ ਕਦੇ ਮੇਰੇ ਸਾਹਮਣੇ ਨਹੀਂ ਆਏ, ਜੇ ਆਏ ਵੀ ਹੋਣਗੇ ਤਾਂ ਮੈਨੂੰ ਪਤਾ ਨਹੀਂ, ਪਰ ਉਨ੍ਹਾਂ ਦੀ ਨੇੜਤਾ, ਉਨ੍ਹਾਂ ਦੇ ਲਾਡ-ਪਿਆਰ ਤੇ ਉਨ੍ਹਾਂ ਦੀ ਪ੍ਰੀਤ ਛੋਹ ਦਾ ਨਿੱਘਾ ਅਹਿਸਾਸ ਮੈਨੂੰ ਜ਼ਰੂਰ ਹੁੰਦਾ ਰਿਹਾ ਹੈ। ਤੁਸੀਂ ਇਹ ਖ਼ਤ ਹੀ ਦੇਖ ਲਓ, ਉਪਰਲੀਆਂ ਸਤਰਾਂ ਵਿਚ ਉਨ੍ਹਾਂ ਅੰਦਰਲਾ ਪਿਤਾ ਮੈਨੂੰ ਸਾਫ ਦਿਖਾਈ ਦਿੰਦਾ ਹੈ। ਮੇਰੇ ਸਿਰ ਉਪਰ ਨਾ ਕੇਵਲ ਮੇਰੀ ਪਿਆਰੀ ਮਾਮਾ ਸਗੋਂ ਮੇਰੇ ਪਾਪਾ ਦਾ ਹੱਥ ਵੀ ਹੈ। ਮੈਨੂੰ ਇਸ ਗੱਲ ਦਾ ਫ਼ਖ਼ਰ ਹੈ ਮਾਂ। ਮੇਰੇ ਲਈ ਇਹ ਅਹਿਸਾਸ ਹੀ ਕਾਫੀ ਏ, ਭਾਗਾਂ ਵਿਚ ਹੋਵੇਗਾ ਤਾਂ ਉਨ੍ਹਾਂ ਦੇ ਦਰਸ਼ਨ ਵੀ ਹੋ ਜਾਣਗੇ। ਚਲੋ ਉਠੋ ਹੁਣ ਡਾਢੀ ਭੁੱਖ ਲੱਗੀ ਐ, ਕੁਝ ਖਾ-ਪੀ ਲਈਏ।"

***

"ਵੱਡੇ ਬਾਬੂ, ਇਹ ਸਭ ਕਿੰਦਾਂ ਹੋਵੇਗਾ, ਮਹਿਕ ਆਪਣੇ ਕੰਮ ਵਿਚ ਖੁੱਭੀ ਹੋਈ ਏ, ਉਸ ਪਾਸ ਸਮਾਂ ਹੀ ਨਹੀਂ, ਮੈਂ ਇਕੱਲੀ ਜਾਨ, ਕੀ ਕਰਾਂ ਤੇ ਕੀ ਨਾ ਕਰਾਂ, ਮੇਰੇ ਵਸ ਦਾ ਨਹੀਂ ਇਹ ਸਭ।"

"ਮੈਡਮ, ਤੁਹਾਨੂੰ ਕੋਈ ਟੈਨਸ਼ਨ ਲੈਣ ਦੀ ਲੋੜ ਨਹੀਂ। ਸਾਰਾ ਕੰਮ ਸਮੇਂ ਸਿਰ ਹੋ ਜਾਵੇਗਾ।"

"ਪਰ ਕਰੂ ਕੌਣ?"

"ਅਸੀਂ ਕਰਾਂਗੇ ਮਿਲ-ਜੁਲ ਕੇ, ਕਿਹੜਾ ਤੁਸੀਂ ਇਕੱਲੇ ਹੋ!"

"ਕੁੜੀ ਦਾ ਵਿਆਹ ਏ, ਸੌ ਕੰਮ ਹੁੰਦੇ ਨੇ ਕਰਨ ਵਾਲੇ। ਬੈਂਕੁਇਟ ਹਾਲ ਦੀ ਬੁਕਿੰਗ, ਕੇਟਰਿੰਗ ਤੇ ਡੈਕੋਰੇਸ਼ਨ ਆਦਿ ਈ ਮਾਣ ਨਹੀਂ, ਫੇਰ ਘਰ ਵਿਚ ਵੀ ਤਾਂ ਕਈ ਕੰਮ ਹੋਣਗੇ!" ਮੈਡਮ ਨੇ ਕਿਹਾ।

"ਸਾਰੀਆਂ ਬੁਕਿੰਗ ਮੇਰੇ ਹਵਾਲੇ, ਤੁਸੀਂ ਕੇਵਲ ਘਰ ਦਾ ਕੰਮ ਦੇਖਣੈ, ਉਹ ਵੀ ਇਕੱਲਿਆਂ ਨੇ ਨਹੀਂ, ਅਸੀਂ ਸਾਰੇ ਇਕ ਟੀਮ ਵਾਂਗ ਤੁਹਾਡੇ ਨਾਲ ਕੰਮ ਕਰਾਂਗੇ!"

"ਕੱਪੜੇ ਲੱਤੇ ਦਾ ਕੰਮ, ਉਹ ਤਾਂ ਮੈਨੂੰ ਇਕੱਲੀ ਨੂੰ ਹੀ ਕਰਨਾ ਪਊ।"

"ਤੁਸੀਂ ਆਪਣੀ ਪਸੰਦ ਦੀਆਂ ਚੀਜ਼ਾਂ ਖਰੀਦਣਾ ਚਾਹੋ ਤਾਂ ਬੇਸ਼ਕ ਖਰੀਦ ਲਿਓ, ਬਾਕੀ ਲਿਸਟ ਮੈਨੂੰ ਦੇ ਦਿਓ। ਮੈਂ ਜਾਣਾ ਮੇਰਾ ਕੰਮ ਜਾਣੇ।"

"ਮੈਂ ਜਾਣਾ ਜਾਂ ਮੇਰਾ ਕੰਮ ਜਾਣੇ, ਬੜੇ ਸਿਆਣੇ ਹੋ। ਮੈਂ ਨਹੀਂ ਜਾਣਦੀ ਕੰਮ ਕਰਨ ਵਾਲਾ ਕੌਣ ਏ?"

"ਤੁਸੀਂ ਸਭ ਜਾਣਦੇ ਹੋ ਮੈਡਮ, ਮੈਨੂੰ ਜਿਦਾਂ ਕਿਹਾ ਗਿਐ, ਓਦਾਂ ਕਰ ਰਿਹਾਂ। ਨੌਕਰ ਕੀ ਤੇ ਨਖ਼ਰਾ ਕੀ!"

"ਏਦਾਂ ਤਾਂ ਨਾ ਕਹੋ ਵੱਡੇ ਬਾਬੂ। ਤੁਸੀਂ ਕਿਹੜੇ ਪਾਸਿਓਂ ਨੌਕਰ ਹੋਏ? ਸਾਡੇ ਲਈ ਤਾਂ ਤੁਸੀਂ ਸਕੇ ਰਿਸ਼ਤੇਦਾਰਾਂ ਤੋਂ ਵੀ ਵੱਧ ਹੋ। ਦੁੱਖ-ਸੁੱਖ ਦੇ ਸਾਥੀ। ਤੁਹਾਡੇ ਸਾਹਿਬ ਚੰਗੀ ਤਰ੍ਹਾਂ ਸੋਚੇ ਵਿਚਾਰੇ ਬਿਨਾਂ ਕਦੇ ਕੋਈ ਕੰਮ ਨਹੀਂ ਕਰਦੇ। ਮੈਂ ਚੰਗੀ ਤਰ੍ਹਾਂ ਜਾਣਦੀ ਹਾਂ। ਉਨ੍ਹਾਂ ਮਹਿਕ ਦੇ ਭਵਿਖ ਨੂੰ ਸਵਾਰਨ ਲਈ ਤੁਹਾਨੂੰ ਭੇਜਿਆ। ਤੁਸੀਂ ਵੀ ਇਕ ਚੰਗੇ ਗੁਰੂ ਵਾਂਗ ਪੈਰ ਪੈਰ 'ਤੇ ਉਸਦੀ ਅਗਵਾਈ ਕੀਤੀ ਏ। ਉਹ ਅੱਜ ਜੋ ਕੁਝ ਵੀ ਹੈ, ਉਸ ਪਿੱਛੇ ਜੇ ਉਨ੍ਹਾਂ ਦੀ ਦੂਰ ਦਰਸ਼ੀ ਸੋਚ ਸੀ ਤਾਂ ਤੁਹਾਡਾ ਯੋਗਦਾਨ ਵੀ ਘਟ ਨਹੀਂ।" ਮੈਡਮ ਦਾ ਗੱਚ ਭਰ ਆਇਆ; ਉਸ ਦੀਆਂ ਅੱਖਾਂ ਵਿਚੋਂ ਹੰਝੂ ਕਿਰਨ ਲੱਗੇ। ਜਜ਼ਬਾਤ ਦੇ ਹੜ੍ਹ ਨੇ ਹੋਰ ਜੋਰ ਮਾਰਿਆ ਤਾਂ ਉਹ ਫਿਸ ਪਈ। ਉਹ ਰੋਣ ਲੱਗੀ। ਕਿੰਨੀ ਦੇਰ ਇਹ ਸਿਲਸਿਲਾ ਚਲਦਾ ਰਿਹਾ, ਉਹ ਨਹੀਂ ਸਨ ਜਾਣਦੇ।

***

ਮਹਿਕ ਬਹੁਤ ਉਚਾਟ ਸੀ। ਉਸ ਦਾ ਮਨ ਰਹਿ ਰਹਿ ਕੇ ਰੋਣ ਨੂੰ ਕਰਦਾ ਸੀ। ਵੱਡੇ ਬਾਬੂ ਕਿਸੇ ਕੰਮ ਲਈ ਉਸ ਪਾਸ ਆਏ ਤਾਂ ਉਹ ਆਪਣੇ 'ਤੇ ਕਾਬੂ ਨਾ ਰੱਖ ਸਕੀ। ਉਸ ਵੱਡੇ ਬਾਬੂ ਨੂੰ ਫੜ੍ਹ ਆਪਣੇ ਪਾਸ ਬਹਾ ਲਿਆ। ਵੱਡੇ ਬਾਬੂ ਵੀ ਉਸ ਦੇ ਚਿਹਰੇ ਦੇ ਹਾਵ ਭਾਵ ਨੂੰ ਦੇਖ ਸੋਚੀਂ ਪੈ ਗਏ। ਪੁਛਣ ਲੱਗੇ, "ਕਿਸੇ ਨੇ ਕੁਝ ਕਿਹਾ ਤਾਂ ਨਹੀਂ ਮੇਰੀ ਬੇਟੀ ਨੂੰ?"

"ਨਹੀਂ ਤੁਹਾਡੇ ਹੁੰਦਿਆਂ ਕਿਸੇ ਦੀ ਕੀ ਮਜਾਲ ਮੇਰੀ ਵ੍ਹਾ ਵੱਲ ਵੀ ਤੱਕ ਜਾਏ!"

"ਫੇਰ, ਇਸ ਉਦਾਸੀ ਦਾ ਸਬਬ?"

"ਮੇਰੇ ਪਾਪਾ ਮੈਥੋਂ ਏਨੇ ਬੇਮੁਖ ਕਿਉਂ ਹਨ? ਕੀ ਉਨ੍ਹਾਂ ਨੂੰ ਧੀ ਦੀ ਯਾਦ ਨਹੀਂ ਆਉਂਦੀ?"

"ਉਹ ਤੈਥੋਂ ਕਦੇ ਬੇਮੁਖ ਨਹੀਂ ਹੋਏ ਧੀ ਰਾਣੀ। ਸੱਚ ਪੁੱਛੇਂ ਤਾਂ ਧੀ ਦੇ ਮੋਹ ਵਸ ਹੋ ਸਦਾ ਤੇਰੇ ਦੁਆਲੇ ਮੰਡਰਾਉਂਦੇ ਰਹੇ ਨੇ।"

"ਫੇਰ ਦੂਰ ਰਹਿਣ ਦਾ ਮਤਲਬ ਕੀ ਏ?"

"ਉਹ ਦੂਰ ਦੂਰ ਕਦੇ ਨਹੀਂ ਰਹੇ। ਹਰ ਮੁਸ਼ਕਲ ਘੜੀ ਬਹੁੜਦੇ ਰਹੇ ਨੇ। ਤੁਸੀਂ ਲਾਅ ਕੀਤੀ ਤਾਂ ਉਹ ਬਹੁਤ ਖ਼ੁਸ਼ ਹੋਏ ਸਨ। ਇਕ ਦਿਨ ਕਹਿਣ ਲੱਗੇ, "ਵੱਡੇ ਬਾਬੂ, ਦੇਖ ਲੈਣਾ ਮੇਰੀ ਬੇਟੀ ਇਕ ਦਿਨ ਬਹੁਤ ਵੱਡੀ ਵਕੀਲ ਬਣੇਗੀ।" ਮੈਂ ਵੀ ਤਬਲੇ ਦੀ ਸੰਗਤ ਕਰਦਿਆਂ ਕਹਿ ਦਿੱਤਾ ਸੀ, "ਤੁਹਾਡੀ ਬੇਟੀ ਹੈ, ਤੁਹਾਡਾ ਖ਼ੂਨ, ਉਹ ਬਾਪ ਦਾ ਨਾਂ ਰੌਸ਼ਨ ਕਰੇਗੀ ਇਕ ਦਿਨ, ਤੁਸੀਂ ਵੀ ਦੇਖ ਲੈਣਾ ਸਾਹਿਬ ਜੀ।" ਪਹਿਲਾਂ ਪਹਿਲ ਤੁਹਾਡੀ ਪ੍ਰੈਕਟਿਸ ਬਹੁਤ ਢਿਲੀ ਮੱਠੀ ਸੀ, ਉਨ੍ਹਾਂ ਨੂੰ ਚੰਗਾ ਨਹੀਂ ਲੱਗ ਰਿਹਾ ਸੀ, ਇਕ ਦਿਨ ਉਹ ਆਪਣੇ ਚੈਂਬਰ ਵਿਚ ਨਹੀਂ ਆਏ। ਮੈਨੂੰ ਕੁਝ ਜ਼ਰੂਰੀ ਵਿਚਾਰ ਵਟਾਂਦਰੇ ਲਈ ਬੰਗਲੇ ਵਿਚ ਬੁਲਾ ਲਿਆ। ਉਹ ਡਰਾਇੰਗ ਰੂਮ ਵਿਚ ਬੈਠੇ ਇਕ ਕੇਸ ਦੀ ਸਟਡੀ ਕਰ ਰਹੇ ਸਨ। ਮੈਂ ਪੁੱਛਿਆ, "ਸਾਹਿਬ ਜੀ, ਕੀ ਹੁਕਮ ਹੈ ਮੇਰੇ ਲਈ?"

"ਵੱਡੇ ਬਾਬੂ, ਆ ਜਾਓ, ਮੇਰੇ ਕੋਲ ਬੈਠੋ, ਤੁਹਾਡੇ ਨਾਲ ਇਕ ਖ਼ਾਸ ਕੱਲ ਕਰਨੀ ਏ।" ਸਾਹਿਬ ਨੇ ਮੈਨੂੰ ਨਾਲ ਬਹਾ ਲਿਆ।

"ਸਾਹਿਬ ਜੀ, ਮੇਰੇ ਲਈ ਤਾਂ ਤੁਹਾਡੀ ਹਰ ਗੱਲ ਖ਼ਾਸ ਹੁੰਦੀ ਏ। ਤੁਸੀਂ ਹੁਕਮ ਕਰੋ।"

"ਬਈ ਹੁਕਮ ਤਾਂ ਕੀਤਾ ਜਾਂਦਾ ਜੇ ਗੱਲ ਕਾਰੋਬਾਰੀ ਕਿਸਮ ਦੀ ਹੋਵੇ, ਗੱਲ ਨਿਜ ਦੀ ਹੋਵੇ ਤਾਂ ਅਰਜ਼ ਕਰਨਾ ਹੀ ਬਣਦਾ ਹੈ।"

"ਹੁਕਮ ਕਰੋ।"

"ਮਹਿਕ ਇਸ ਫੀਲਡ ਦੀ ਨਵੀਂ ਖਿਡਾਰਨ ਏ, ਉਸ ਨੂੰ ਕੰਮ ਦਾ ਤਜਰਬਾ ਨਹੀਂ, ਸਮਝ ਦੀ ਵੀ ਕਮੀ ਹੈ, ਇਸ ਲਈ ਉਸ ਦੀ ਬੇੜੀ ਡਿੱਕੋ ਡੋਲੇ ਖਾ ਰਹੀ ਹੈ, ਜੇ ਇਸੇ ਤਰ੍ਹਾਂ ਰਿਹਾ ਤਾਂ ਬੇੜੀ ਉਲਟ ਵੀ ਸਕਦੀ ਹੈ। ਉਸ ਨਾਲ ਇਹੋ ਜਿਹਾ ਕੁਝ ਹੋਵੇ, ਮੈਂ ਹਰਗਿਜ਼ ਨਹੀਂ ਚਾਹੁੰਦਾ। ਮੈਂ ਚਾਹੁੰਦਾ ਹਾਂ, ਤੁਸੀਂ ਉਸ ਕੋਲ ਜਾਓ, ਉਥੇ ਕੰਮ ਕਰੋ, ਜਿਥੇ ਕਿਤੇ ਦਿੱਕਤ ਹੋਵੇ, ਮੈਨੂੰ ਦਸੋ ਪਰ ਕਿਸੇ ਕੀਮਤ 'ਤੇ ਉਸ ਦੀ ਪਿੱਠ ਨਹੀਂ ਲੱਗਣੀ ਚਾਹੀਦੀ। ਪੈਸੇ ਦੀ ਪਰਵਾਹ ਨਹੀਂ ਕਰਨੀ, ਮੈਂ ਬੈਠਾਂ।"

"ਮੈਂ ਦੂਜੇ ਦਿਨ ਹੀ ਤਹਾਡੇ ਪਾਸ ਆ ਗਿਆ। ਜਿਥੇ ਕਿਤੇ ਦਿੱਕਤ ਹੁੰਦੀ, ਉਨ੍ਹਾਂ ਪਾਸ ਜਾਂਦਾ। ਉਹ ਜੋ ਸਲਾਹ ਦਿੰਦੇ ਉਸ ਨੂੰ ਆਪਣੀ ਸਲਾਹ ਬਣਾ ਕੇ ਤੁਹਾਨੂੰ ਦਸ ਦਿੰਦਾ। ਇਸ ਤਰ੍ਹਾਂ ਪਿੱਠ ਪਿੱਛੇ ਰਹਿ ਕੇ ਸਾਹਿਬ ਜੀ ਨੇ ਤੁਹਾਨੂੰ ਇਕ ਸਫਲ ਵਕੀਲ ਬਣਾ ਦਿੱਤੈ, ਮੈਡਮ ਜੀ।" ਏਨਾਂ ਕਹਿ ਕੇ ਵੱਡੇ ਬਾਬੂ ਚੁਪ ਕਰ ਗਏ। ਕੁਝ ਦੇਰ ਚੁਪ ਰਹਿਣ ਮਗਰੋਂ ਕਹਿਣ ਲੱਗੇ, "ਮੈਡਮ ਜੀ, ਉਸ ਦਿਨ ਜਿਹੜੇ ਸੱਜਣ ਤੁਹਾਨੂੰ ਮਿਲਣ ਆਏ ਸਨ, ਉਹ ਕੋਈ ਹੋਰ ਨਹੀਂ ਸਗੋਂ ਤੁਹਾਡੇ ਪਾਪਾ ਸਨ। ਮੇਰੇ ਕਹਿਣ 'ਤੇ ਉਨ੍ਹਾਂ ਪੂਰੇ ਮੁਕੱਦਮੇ ਦੀ ਸਟਡੀ ਕੀਤੀ ਤੇ ਇਕ ਖ਼ਤ ਰਾਹੀਂ ਤੁਹਾਡਾ ਮਾਰਗ ਦਰਸ਼ਨ ਕੀਤਾ। ਉਹ ਗਾਹੇ-ਬਗਾਹੇ ਤੁਹਾਡੇ ਪਾਸ ਆਉਂਦੇ ਰਹੇ ਹਨ ਪਰ ਤੁਸੀਂ ਉਨ੍ਹਾਂ ਨੂੰ ਪਛਾਣ ਨਹੀਂ ਸਕੇ।"

"ਪਛਾਣਨ ਦਾ ਸਵਾਲ ਹੀ ਕਿੱਥੇ ਪੈਦਾ ਹੁੰਦਾ ਹੈ? ਮੈਂ ਉਨ੍ਹਾਂ ਨੂੰ ਕਦੇ ਦੇਖਿਆ ਵੀ ਤਾਂ ਨਹੀਂ।" ਮਹਿਕ ਨੇ ਕਿਹਾ।

"ਤੁਸੀਂ ਉਨ੍ਹਾਂ ਨੂੰ ਕਦੇ ਦੇਖਿਆ ਨਹੀਂ, ਇਹ ਠੀਕ ਹੈ। ਪਰ ਇਸ ਨਾਲ ਕੀ ਫਰਕ ਪੈਂਦਾ, ਆਪਣਾ ਖ਼ੂਨ ਸੱਤ ਪਰਦਿਆਂ ਵਿਚ ਵੀ ਹੋਵੇ ਤਾਂ ਲੋਕ ਪਛਾਣ ਲੈਂਦੇ ਨੇ, ਉਸ ਦਾ ਮੜੰਗਾ ਦੇਖ ਕੇ, ਗੱਲ ਕਰਨ ਦੇ ਲਹਿਜੇ ਤੋਂ, ਬੰਦਾ ਆਪਣੇ ਉਠਣ-ਬੈਠਣ ਤੋਂ ਈ ਪਛਾਣਿਆ ਜਾਂਦੈ। ਇਹ ਕੁਦਰਤੀ ਗੱਲ ਐ। ਗੱਲਬਾਤ ਕਰਨ ਦਾ ਤੁਹਾਡਾ ਅੰਦਾਜ਼, ਤੁਹਾਡੀ ਤੁਨਕ ਮਿਜਾਜ਼ੀ, ਤੁਹਾਡੀ ਬੇਬਾਕੀ, ਹੋਰ ਤਾਂ ਹੋਰ ਤੁਹਾਡੇ ਨੈਣ ਨਕਸ਼, ਤੁਹਾਡੀ ਸੁੰਦਰਤਾ, ਸਭ ਕੁਝ ਤਾਂ ਇੰਨ-ਬਿੰਨ ਉਨ੍ਹਾਂ ਨਾਲ ਮਿਲਦੀ ਏ। ਤੁਸੀ ਫੇਰ ਵੀ ਕਹਿ ਰਹੇ ਓ ਪਛਾਣਨ ਦਾ ਸਵਾਲ ਹੀ ਕਿੱਥੇ ਪੈਦਾ ਹੁੰਦਾ ਹੈ।" ਵੱਡੇ ਬਾਬੂ ਰੌਂ ਵਿਚ ਆ ਕੇ ਬੋਲਦੇ ਚਲੇ ਗਏ।

***

"ਆਪਣੇ ਬਦਨਸੀਬ ਪਾਪਾ ਨੂੰ ਮਾਫ ਨਹੀਂ ਕਰੇਂਗੀ ਬੇਟੇ?" ਡੋਲੀ ਤੋਰਨ ਸਮੇਂ ਬਜ਼ੁਰਗਾਂ ਦੇ ਮੂੰਹੋਂ ਬਸ ਏਨਾ ਹੀ ਨਿਕਲ ਸਕਿਆ।

"ਪਾਪਾ ਨਹੀਂ, ਅਜਨਬੀ! ਇਸ ਅਜਨਬੀ ਨਾਲ ਨਰਾਜ਼ ਤਾਂ ਮੈਂ ਹੋ ਈ ਨਹੀਂ ਸਕਦੀ। ਬੜੀਆਂ ਮਿੱਠੀਆਂ ਯਾਦਾਂ ਨੇ ਮੇਰੇ ਅਜਨਬੀ ਪਾਪਾ ਦੀਆਂ। ਮੈਂ ਸਾਰੀਆਂ ਦੀਆਂ ਸਾਰੀਆਂ ਸਾਂਭ ਕੇ ਰੱਖੀਆਂ ਹੋਈਆਂ ਨੇ। ਮੈਂ ਤੁਹਾਡੇ ਨਾਲ ਨਰਾਜ਼ ਹੁੰਦੀ ਵੀ ਤਾਂ ਕਿੰਦਾਂ ਹੁੰਦੀ ਮੇਰੇ ਪਿਆਰੇ ਪਿਆਰੇ ਪਾਪਾ।" ਡਾਢੇ ਮੋਹ ਨਾਲ ਪਾਪਾ ਦੇ ਗੱਲ ਲੱਗਦਿਆਂ ਮਹਿਕ ਨੇ ਕਿਹਾ। ਉਸ ਦੀਆਂ ਅੱਖਾਂ ਵਿਚੋਂ ਪਰਲ ਪਰਲ ਹੰਝੂ ਵਗਣ ਲੱਗੇ। ਉਸ ਇਕ ਵਾਰ ਫੇਰ ਪਾਪਾ ਨੂੰ ਆਪਣੇ ਨਾਲ ਘੁੱਟ ਲਿਆ। ਉਨ੍ਹਾਂ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਕਹਿਣ ਲੱਗੀ, "ਇਹ ਅਜਨਬੀ ਅੱਜ ਤੋਂ ਪਹਿਲਾਂ ਮੈਨੂੰ ਕਦੇ ਨਹੀਂ ਮਿਲਿਆ ਪਰ ਇਸ ਨੇ ਮੈਨੂੰ ਇਕੱਲੀ ਵੀ ਤਾਂ ਨਹੀਂ ਛਡਿਆ, ਜਮਾਨੇ ਦੀਆਂ ਠੋਕਰਾਂ ਖਾਣ ਲਈ। ਤੁਸੀਂ ਕਿਹੜੀ ਗੱਲ ਲਈ ਖਿਮਾਂ ਮੰਗ ਰਹੇ ਹੋ, ਪਾਪਾ? ਤੁਸੀਂ ਕੁਝ ਗਲਤ ਨਹੀਂ ਕੀਤਾ। ਤੁਸੀਂ ਉਹ ਸਭ ਕੀਤਾ ਹੈ, ਜੋ ਹਰ ਮਾਂ-ਬਾਪ ਆਪਣੀ ਬੇਟੀ ਲਈ ਕਰਦਾ ਹੈ। ਸਗੋਂ ਮੈਂ ਤਾਂ ਕਹਿੰਦੀ ਹਾਂ, ਤੁਸੀਂ ਪਰਦੇ ਪਿੱਛੇ ਰਹਿ ਕੇ ਵੀ ਉਸ ਤੋਂ ਕਿਤੇ ਵੱਧ ਕੀਤਾ ਏ।"

#

## ਸਿਫਤੀ ਦਾ ਘਰ

ਰਾਮ ਦਾਸ ਗੁਰ ਤਾਲ ਖੁਦਾਇਆ,
ਨਾਮ ਦਾ ਉਸ ਵਿਚ ਅੰਮ੍ਰਿਤ ਪਾਇਆ।
ਜਨਮ ਜਨਮ ਤੋਂ ਸੜੀ ਆਤਮਾ
ਅੰਮ੍ਰਿਤ ਪੀ ਕੇ ਜਾਵੇ ਠਰ।
ਜੋ ਵੀ ਇਸ ਦੇ ਦਰ 'ਤੇ ਆਵੇ,
ਝੋਲੀ ਉਸ ਦੀ ਜਾਵੇ ਭਰ।

ਗੁਰੂ ਨਾਨਕ ਇਸ ਘਰ ਦੇ ਮੋਢੀ
ਬੇਦੀ, ਭੱਲੇ, ਤਰਿਣ ਤੇ ਸੋਢੀ।
ਗੁਰੂ ਗ੍ਰੰਥ ਦੀ ਬਾਣੀ ਆਖੇ
ਗੁਰੂ ਅਰਜਨ ਪਰਤੱਖ ਹੈ ਹਰ।
ਜੋ ਵੀ ਇਸ ਦੇ ਦਰ 'ਤੇ ਆਵੇ,
ਝੋਲੀ ਉਸ ਦੀ ਜਾਵੇ ਭਰ।

ਦੁਖ ਭੰਜਨੀ ਬੇਰੀ ਦੇ ਥੱਲੇ
ਹੁੰਦੇ ਨੇ ਦੁੱਖ ਦੂਰ ਅਵੱਲੇ।
ਕਾਗੋਂ ਹੰਸ ਕਰੇ ਮੇਰਾ ਸਤਿਗੁਰ
ਨਹੀਂ ਮੰਨਦਾ ਉਹ ਕਿਸੇ ਦਾ ਡਰ।
ਜੋ ਵੀ ਇਸ ਦੇ ਦਰ 'ਤੇ ਆਵੇ,
ਝੋਲੀ ਉਸ ਦੀ ਜਾਵੇ ਭਰ।

ਖੰਨਿਓਂ ਤਿੱਖੀ ਵਾਲਹੁ ਨਿੱਕੀ
ਇਹ ਹੈ ਗੁਰੂ ਨਾਨਕ ਦੀ ਸਿੱਖੀ।
ਜੋ ਚਾਹੁੰਦੇ ਨੇ ਰੱਬ ਨੂੰ ਮਿਲਣਾ
ਸੀਸ ਤਲੀ 'ਤੇ ਲੈਂਦੇ ਧਰ।
ਜੋ ਵੀ ਇਸ ਦੇ ਦਰ 'ਤੇ ਆਵੇ,
ਝੋਲੀ ਉਸ ਦੀ ਜਾਵੇ ਭਰ।

ਸਾਰੀ ਦੁਨੀਆਂ ਰੱਬ ਨੂੰ ਲੱਭਦੀ
ਅੰਮ੍ਰਿਤਸਰ ਵਿਚ ਜੋਤ ਹੈ ਜਗਦੀ।
ਜਨਮ-ਮਰਨ ਦੇ ਗੇੜ ਜੋ ਕਟਦਾ
ਇਹ ਹੈ ਗੁਰੂ ਨਾਨਕ ਦਾ ਦਰ।
ਜੋ ਵੀ ਇਸ ਦੇ ਦਰ 'ਤੇ ਆਵੇ,
ਝੋਲੀ ਉਸ ਦੀ ਜਾਵੇ ਭਰ।

ਰਿਮ ਝਿਮ ਵਰਸੇ ਅੰਮ੍ਰਿਤ ਧਾਰਾ
ਮਨ ਪੀਵੇ ਸੁਣ ਸਬਦ ਵੀਚਾਰਾ।
ਜੋ ਵੀ ਇਸ ਅੰਮ੍ਰਿਤ ਨੂੰ ਪੀਵੇ
ਭਵ ਸਾਗਰ ਤੋਂ ਜਾਵੇ ਤਰ।
ਜੋ ਵੀ ਇਸ ਦੇ ਦਰ 'ਤੇ ਆਵੇ,
ਝੋਲੀ ਉਸ ਦੀ ਜਾਵੇ ਭਰ।

ਜਿਸ 'ਤੇ ਹੋਵੇ ਰੱਬ ਦੀ ਰਹਿਮਤ
ਅੰਮ੍ਰਿਤ ਸਰ 'ਚੋਂ ਪੀਵੇ ਅੰਮ੍ਰਿਤ।
ਪੀ ਅੰਮ੍ਰਿਤ 'ਸੁਰਜੀਤ' ਜੋ ਹੁੰਦੇ
ਫੇਰ ਕਦੀ ਨਾ ਸਕਦੇ ਮਰ।
ਜੋ ਵੀ ਇਸ ਦੇ ਦਰ 'ਤੇ ਆਵੇ,
ਝੋਲੀ ਉਸ ਦੀ ਜਾਵੇ ਭਰ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

## ਕਾਵਿ-ਕਿਆਰੀ

### ਗਜ਼ਲ

ਲੋਕ ਰਿਸ਼ਵਤਖੋਰ ਨੇ, ਇਸ ਸ਼ਹਿਰ ਦੇ।
ਸਾਰੇ ਹਾਕਮ ਚੋਰ ਨੇ, ਇਸ ਸ਼ਹਿਰ ਦੇ।

ਪਾ ਮਖੌਟੇ ਧਰਮ ਦੇ ਹਨ ਫਿਰ ਰਹੇ,
ਲੋਕ ਅੰਦਰੋਂ ਹੋਰ ਨੇ, ਇਸ ਸ਼ਹਿਰ ਦੇ।

ਖੰਭ ਲਾ ਮੋਰਾਂ ਦੇ, ਨੱਚਦੇ ਨੇ ਕਾਂ ਵੀ,
ਫੁੱਲਾਂ ਲੱਦੇ ਥੋਰ ਨੇ, ਇਸ ਸ਼ਹਿਰ ਦੇ।

ਖੋਰੇ ਕਿਸ ਦਿੱਤਾ ਇਨ੍ਹਾਂ ਨੂੰ ਇਹ ਸਰਾਪ,
ਘਰ ਮੁਹੱਲੇ ਗੋਰ ਨੇ, ਇਸ ਸ਼ਹਿਰ ਦੇ।

ਕੀ ਕਰੇ ਵਿਸ਼ਵਾਸ਼ ਹੁਣ ਇਹ 'ਸੈਂਪਲੇ',
ਰਾਖੇ ਆਦਮਖੋਰ ਨੇ, ਇਸ ਸ਼ਹਿਰ ਦੇ।

*-ਨਾਇਬ ਸਿੰਘ 'ਸੈਂਪਲੇ'*
*ਫੋਨ: 91-98724-05203*

## ਗੁਰਬਾਣੀ-ਰਮਜ਼ਾਂ!

ਗੁਰਬਾਣੀ ਨੂੰ ਜਦ ਵੀ ਸੱਜਣੋ, ਦੁਨੀਆਂ ਨਾਲ ਵਿਚਾਰੋ।
ਅਟੱਲ ਬ੍ਰਹਿਮੰਡੀ ਨਿਯਮਾਂ ਨੂੰ, ਨਾ ਭੁੱਲ ਕੇ ਕਦੇ ਵਿਸਾਰੋ।
ਸ਼ਬਦੀ ਅਰਥ ਇਕੱਲਿਆਂ ਦੇ ਨਾਲ, ਜੇਕਰ ਬਣੇ ਦੁਚਿੱਤੀ,
ਗੁਰਸ਼ਬਦਾਂ ਦੇ ਅਰਥਾਂ ਦੇ ਨਾਲ, ਭਾਵ ਅਰਥ ਚਿਤਾਰੋ।
ਸ਼ਬਦ-ਕੋਸ਼ਾਂ ਦੇ ਅਰਥ ਸਦਾ, ਗੁਰਬਾਣੀ ਨਹੀਂ ਅਰਥਾਉਂਦੇ,
ਗੁਰਬਾਣੀ ਦੇ ਅਰਥਾਂ ਨੂੰ, ਗੁਰਬਾਣੀ ਰਾਹੀਂ ਨਿਹਾਰੋ।
ਗੁਰ-ਸਿਧਾਂਤ ਸਪੱਸ਼ਟੀ ਖਾਤਿਰ, ਅਨਮਤ ਦੀਆਂ ਮਸਾਲਾਂ,
ਅਤੇ ਪ੍ਰਚਲਿਤ ਮੁਹਾਵਰਿਆਂ ਨੂੰ ਗੁਰਮਤਿ ਨਾ ਸਵੀਕਾਰੋ।
ਇੱਕ ਹੀ ਸ਼ਬਦ ਦੇ ਵਿਚੋਂ ਜੇਕਰ, ਨੁਕਤਾ ਸਮਝ ਨਾ ਆਵੇ,
ਉਸ ਵਿਸ਼ੇ ਦੇ ਬਾਕੀ ਸ਼ਬਦਾਂ ਵੱਲ ਨਿਗਾਹ ਵੀ ਮਾਰੋ।
ਇੱਕੋ ਹੀ ਪ੍ਰਕਰਣ ਦੇ ਸਾਰੇ, ਸ਼ਬਦ ਇਕੱਠੇ ਕਰਕੇ,
ਗੁਰਮਤਿ ਦਾ ਸਿਧਾਂਤ ਜੋ ਉਘੜੇ, ਉਸ ਨੂੰ ਹੀ ਸਤਿਕਾਰੋ।
ਗੁਰੂਆਂ ਭਗਤਾਂ ਭਾਵੇਂ ਸੀ, ਪ੍ਰਚਲਿਤ ਸ਼ਬਦ ਹੀ ਵਰਤੇ,
ਪਰ ਦੇ ਕੇ ਸੀ ਅਰਥ ਨਵੇਂ, ਸਮਝਾਇਆ ਬ੍ਰਹਮ ਪਸਾਰੋ।
ਕੁਦਰਤ ਦੇ ਨਿਯਮਾਂ ਨੂੰ ਦੁਨੀਆਂ, ਹੁਕਮ ਰੱਬ ਦਾ ਮੰਨਦੀ,
ਨਾਮ-ਧਰਮ ਵੀ ਇੱਕ ਨਿਯਮ ਹੈ, ਵੱਖਰਾ ਨਾ ਪ੍ਰਚਾਰੋ।
ਕੁਦਰਤ ਵਾਲੇ ਨਿਯਮ ਜਗਤ ਤੇ, ਸਦਾ ਹੀ ਸੱਚੇ ਰਹਿਣੇ,
ਗੁਰਬਾਣੀ ਉਪਦੇਸ਼ ਵੀ ਇੰਜ ਹੀ, ਦੁਨੀਆਂ ਵਿਚ ਸ਼ਿੰਗਾਰੋ।
ਗੁਰਬਾਣੀ ਤਾਂ ਕੁਦਰਤ ਅੰਗ-ਸੰਗ, ਹੋ ਕੇ ਜੀਣਾ ਦੱਸੇ,
ਕੁਦਰਤ ਉਲਟ ਨਾ ਚਿਤਵ ਕਦੇ ਵੀ, ਧਰਮ ਵਿਖਾਵਾ ਧਾਰੋ।
ਗੁਰਬਾਣੀ ਦੀਆਂ ਰਮਜ਼ਾਂ ਵਿਚੋਂ, ਜੀਵਨ ਜਾਚ ਨੂੰ ਸਿੱਖ ਕੇ,
ਆਪਣਾ ਜੀਵਨ ਅਤੇ ਚੌਗਿਰਦਾ, ਬਣ ਇਨਸਾਨ ਸਵਾਰੋ।

*-ਡਾ. ਗੁਰਮੀਤ ਸਿੰਘ ਬਰਸਾਲ, ਕੈਲੀਫੋਰਨੀਆ*

## ਜਾਗੋ ਕਲਮਾਂ ਵਾਲਿਓ

ਹੁਣ ਜਾਗੋ ਮੇਰੇ ਦੇਸ਼ ਦੇ ਕਲਮਾਂ ਵਾਲਿਓ।
ਆਪਣੀ ਕੀਮਤ ਨਾ ਘਟਾਓ ਐ ਕਲਮਾਂ ਵਾਲਿਓ।
ਇਕ ਕਲਮ ਦੀ ਕੀਮਤ ਕੱਖ ਹੀ ਨਹੀਂ ਹੁੰਦੀ।
ਇਸ ਦੇ ਲਿਖੇ ਸ਼ਬਦ ਦੀ ਕੀਮਤ ਸਵਾ ਲੱਖ ਹੁੰਦੀ।
ਕੀ ਤੁਸੀਂ ਇਹ ਜਾਣਦੇ ਹੋ ਐ ਕਲਮਾਂ ਵਾਲਿਓ।
ਹੁਣ ਜਾਗੋ ਮੇਰੇ ਦੇਸ਼ ਦੇ ਕਲਮਾਂ ਵਾਲਿਓ।

ਅੱਜ ਸਾਡੇ ਦੇਸ਼ 'ਤੇ ਜ਼ੁਲਮਾਂ ਦੇ ਬਾਦਲ ਛਾਏ ਨੇ।
ਅੱਜ ਆਪਣੇ ਹੀ ਬਾਬਰੀ-ਫੌਜੀ ਜੰਜ ਲੈ ਧਾਏ ਨੇ।
ਸ਼ਰਮ, ਕਰਮ, ਧਰਮ, ਪੰਖ ਲਾ ਉਡਿਆ,
ਆਪਣਿਆਂ 'ਤੇ ਆਪ ਹੀ ਰਾਵਣ ਬਣ ਢਾਏ ਨੇ।
ਇਹ ਕੀ ਹੈ ਉਸ ਦੀ ਲੀਲਾ, ਤਮਾਸ਼ਾ ਵੇਖਣ ਵਾਲਿਓ।
ਹੁਣ ਜਾਗੋ ਮੇਰੇ ਦੇਸ਼ ਦੇ ਸੁੱਤੇ ਕਲਮਾਂ ਵਾਲਿਓ।

ਇਹ ਕੁਰਸੀ ਖਾਤਰ ਲੀਡਰ ਨੇ ਪਾਗਲ ਹੋਏ।
ਇਹ ਕਿਸੇ ਦੇ ਮਿਤ ਨਹੀਂ, ਇਹ ਗੱਲ ਸਮਝ ਨਾ ਆਵੇ।
ਗਿਰਗਟ ਵਾਂਗ ਇਹ ਹੁਣ ਰੰਗ ਬਦਲਣ ਦਿਨ ਰਾਤ,
ਅੱਜ ਇਕ ਰੰਗ ਆਏ, ਤੇ ਇਕ ਰੰਗ ਜਾਏ।
ਵਕਤ ਨੂੰ ਸਮਝੋ, ਐ ਭੈੜੇ ਕਰਮਾਂ ਵਾਲਿਓ।
ਹੁਣ ਜਾਗੋ ਮੇਰੇ ਦੇਸ਼ ਦੇ ਕਲਮਾਂ ਵਾਲਿਓ।

ਧਰਮ ਵਿਖਾਵਾ ਹੋ ਗਿਆ ਵਕਤ ਨੇ ਬਦਲੀ ਤੋਰ।
ਹੁਣ ਇਸ ਤਰ੍ਹਾਂ ਹੈ ਚਲਾ ਦਿੱਤਾ ਇਨ੍ਹਾਂ ਨੇ ਇਹ ਦੌਰ।
ਕਿਸ ਨੂੰ ਆਪਣਾ ਆਖੀਏ, ਇਹ ਸੱਭੇ ਲੱਗਣ ਚੋਰ।
ਮਾਲੀ ਖਪਦਾ ਰਹਿ ਗਿਆ, ਕਲੀਆਂ ਲੈ ਗਏ ਭੌਰ।
ਤੁਸੀਂ ਨਸ਼ਿਆਂ ਵਿਚ ਸੁੱਤੇ ਰਹਿ ਗਏ, ਵੇ ਰਖਵਾਲਿਓ
ਹੁਣ ਜਾਗੋ ਮੇਰੇ ਦੇਸ਼ ਦੇ ਕਲਮਾਂ ਵਾਲਿਓ।

ਤੁਸੀਂ ਆਜ਼ਾਦੀ ਦੇ ਗੀਤ ਬਹੁਤ ਬਣਾ ਲਏ।
ਇਸ਼ਕ ਮੁਸ਼ਕ ਦੇ ਤਰਾਨੇ-ਅਫ਼ਸਾਨੇ ਬਹੁਤ ਸੁਣਾ ਲਏ।
ਇਨ੍ਹਾਂ ਜਥੇਦਾਰਾਂ ਦੇ ਝੰਡੇ ਬਹੁਤ ਲਹਿਰਾ ਲਏ।
ਕੀ ਵਿਖਾਇਆ ਇਨ੍ਹਾਂ ਆਪਣਾ ਰੰਗ ਐ ਦੁਨੀਆਂ ਵਾਲਿਓ।
ਹੁਣ ਜਾਗੋ ਮੇਰੇ ਦੇਸ਼ ਦੇ ਕਲਮਾਂ ਵਾਲਿਓ।

ਤੁਹਾਡੀ ਕਲਮ ਕਿਸੇ ਨੂੰ ਗੋਲੀ ਨਹੀਂ ਮਾਰ ਸਕਦੀ।
ਇਹ ਕਿਸੇ ਮਾਸੂਮ ਦਾ ਗਲਾ ਵੀ ਨਹੀਂ ਕਟਵਾ ਸਕਦੀ।
ਕਿਸੇ ਜ਼ਾਲਮ ਨੂੰ ਹੈ ਫਾਂਸੀ ਜ਼ਰੂਰ ਦੁਆ ਸਕਦੀ।
ਤੁਸੀਂ ਜਾਣਦੇ ਹੋ ਕਲਮ ਦੀ ਕੀਮਤ ਚੰਗੇ ਕਰਮਾਂ ਵਾਲਿਓ।
ਹੁਣ ਜਾਗੋ ਮੇਰੇ ਦੇਸ਼ ਦੇ ਕਲਮਾਂ ਵਾਲਿਓ।

ਕਦੇ ਆਖਦੇ ਸੀ ਦੇਸ਼ਾਂ ਵਿਚੋਂ ਦੇਸ਼ ਹੈ ਪੰਜਾਬ।
ਜਿਵੇਂ ਫੁੱਲਾਂ ਵਿਚ ਫੁੱਲ ਖਿੜਿਆ ਹੋਏ ਗੁਲਾਬ।
ਅੱਜ ਇਸ ਫੁੱਲ ਤੇ ਪੱਤੀਆਂ ਸਭ ਖਿੰਡ ਰਹੇ।
ਹੁਣ ਸੰਭਾਲੋ ਇਸ ਫੁੱਲ ਨੂੰ ਪੰਜਾਬੀ ਧਰਮਾਂ ਵਾਲਿਓ।
ਹੁਣ ਜਾਗੋ ਮੇਰੇ ਦੇਸ਼ ਦੇ ਕਲਮਾਂ ਵਾਲਿਓ।
ਹੁਣ ਜਾਗੋ ਮੇਰੇ ਦੇਸ਼ ਦੇ ਕਲਮਾਂ ਵਾਲਿਓ।

*-ਮੱਤ ਸਿੰਘ ਢਿੱਲੋਂ, ਸ਼ਿਕਾਗੋ*
*ਫੋਨ: 847-308-5411*

### ਗਜ਼ਲ


ਫੁੱਲਾਂ ਦੀ ਖੁਸ਼ਬੋਈ ਯਾਰਾ
ਸ਼ੀਸ਼ੀ ਵਿਚ ਲਕੋਈ ਯਾਰਾ।
ਸ਼ੇਅਰ ਮੋਤੀ ਗਜ਼ਲ ਏ ਮਾਲਾ
ਕੰਡਿਆਂ ਨਾਲ ਪਰੋਈ ਯਾਰਾ।
ਬੇਆਦਲ ਨੇ ਹਾਕਮ ਏਥੇ
ਕੌਣ ਸੁਣੇ ਅਰਜ਼ੋਈ ਯਾਰਾ।
ਦੁਨੀਆਂ ਵਿਚ ਅਨੇਕਾਂ ਬੇਲੀ
ਨਿਭਦਾ ਕੋਈ ਕੋਈ ਯਾਰਾ।
ਹੋਣੀ ਕੋਲੋਂ ਭੱਜਿਆਂ ਬੇਸ਼ਕ
ਸਾਹਵੇਂ ਆਣ ਖਲੋਈ ਯਾਰਾ।
ਦੁਸ਼ਮਣ ਨਾਲ ਹੋਵੇ ਐਸੀ
'ਗਿੱਲ' ਨਾਲ ਜੋ ਹੋਈ ਯਾਰਾ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

# ਲਖਨਊ ਦੇ ਅਦਬ ਨੂੰ ਦਿੱਤੀ ਲੋਰੀ


ਆਵਾਜ਼ ਦੇ ਕਹਾਂ ਹੈ...
-36-

ਕੁਲਦੀਪ ਕੌਰ
ਫੋਨ: +91-98554-04330




ਫਿਲਮ 'ਉਮਰਾਓ ਜਾਨ' 1981 ਵਿਚ ਰਿਲੀਜ਼ ਹੋਈ। ਇਹ ਫਿਲਮ ਉਰਦੂ ਵਿਚ ਰਚੀ ਖ਼ੂਬਸੂਰਤ ਗ਼ਜ਼ਲ ਹੈ। ਫਿਲਮ ਦੇ ਵਿਸ਼ਾ-ਵਸਤੂ ਬਾਰੇ ਚਰਚਾ ਕਰਨ ਤੋਂ ਪਹਿਲਾਂ ਇਸ ਦੇ ਗਾਣਿਆਂ ਬਾਰੇ ਚਰਚਾ ਕੁਥਾਂ ਨਹੀਂ ਹੋਵੇਗੀ। 'ਕਾਹੇ ਕੋ ਬਿਹਾਈ ਬਿਦੇਸ਼' ਔਰਤ ਦੇ ਵਲਵਲਿਆਂ ਅਤੇ ਮਨੋਦਸ਼ਾ ਨੂੰ ਸੂਖਮ ਢੰਗ ਨਾਲ ਚਿਤਰਨ ਵਾਲੇ ਅਨੋਖੇ ਸ਼ਾਇਰ ਅਮੀਰ ਖੁਸਰੋ ਦੀ ਕਲਮ ਵਿਚੋਂ ਨਿਕਲਿਆ ਸੀ। ਗਾਣੇ ਦੇ ਬੋਲਾਂ 'ਭਈਆ ਕੋ ਦਿਉਂ ਬਾਬਲ ਮਹਿਲ ਦੋ-ਮਹਿਲ, ਅਰੇ ਹਮਕੋ ਦੀਆ ਪਰਦੇਸ। ਕਾਹੇ ਕੋ ਬਿਹਾਈ ਬਿਦੇਸ਼' ਰਾਹੀਂ ਅਮੀਰ ਖੁਸਰੋ ਭਾਰਤੀ ਸਮਾਜ ਵਿਚ ਔਰਤ ਹੋਣ ਦੇ ਨਾਤੇ ਹੁੰਦੇ ਵਿਤਕਰਿਆਂ ਦਾ ਕੱਚਾ ਚਿੱਠਾ ਬਿਆਨ ਕਰਦਾ ਹੈ। ਫਿਲਮ ਦਾ ਇੱਕ ਹੋਰ ਗਾਣਾ 'ਜ਼ਿੰਦਗੀ ਜਬ ਭੀ ਤੇਰੀ ਬਜ਼ਮ ਮੇਂ ਲਾਤੀ ਹੈ ਮੁਝੇ, ਯੇ ਜ਼ਮੀਂ ਚਾਂਦ ਸੇ ਬਿਹਤਰ ਨਜ਼ਰ ਆਤੀ ਹੈ ਮੁਝੇ।

ਯਾਦ ਤੇਰੀ ਕਭੀ ਦਸਤਕ ਕਭੀ ਸਰਗੋਸ਼ੀ ਸੇ, ਰਾਤ ਕੇ ਪਿਛਲੇ ਪਹਿਰ ਰੋਜ਼ ਜਗਾਤੀ ਹੈ ਹਮੇਂ' ਸ਼ਾਇਰ ਸ਼ਹਿਰਯਾਰ ਦੀ ਰਚਨਾ ਸੀ ਤੇ ਇਸ ਨੂੰ ਤਲਤ ਅਜ਼ੀਜ਼ ਨੇ ਆਪਣੀ ਮਦਹੋਸ਼ ਆਵਾਜ਼ ਵਿਚ ਗਾਇਆ ਸੀ। ਸ਼ਹਿਰਯਾਰ ਦਾ ਹੀ ਲਿਖਿਆ ਗਾਣਾ 'ਜਬ ਭੀ ਮਿਲਤੀ ਹੈ ਅਜਨਬੀ ਲਗਤੀ ਕਿਉਂ ਹੈ, ਜ਼ਿੰਦਗੀ ਰੋਜ਼ ਨਏ ਰੰਗ ਬਦਲਤੀ ਕਿਉਂ ਹੈ' ਆਸ਼ਾ ਭੌਸਲੇ ਦੀ ਆਵਾਜ਼ ਵਿਚ ਸੀ। 'ਜੁਸਤਜੂ ਜਿਸਕੀ ਥੀ ਉਸਕੋ ਤੋ ਨਾ ਪਾਇਆ ਹਮਨੇ, ਇਸ ਬਹਾਨੇ ਸੇ ਮਗਰ ਦੇਖ ਲੀ ਦੁਨੀਆ ਹਮਨੇ, ਤੁਮਕੋ ਰੁਸਵਾ ਨਾ ਕੀਆ ਖੁਦ ਵੀ ਪਸ਼ੇਮਾਂ ਨਾ ਹੁਏ, ਇਸ਼ਕ ਕੀ ਰਸਮ ਕੋ ਇਸ ਤਰਹ ਨਿਭਾਇਆ ਹਮਨੇ' ਵਿਚ ਉਮਰਾਓ ਜਾਨ ਅਦਾ ਦੀ ਜ਼ਿੰਦਗੀ ਸਮੇਟੀ ਹੋਈ ਹੈ।


ਫਿਲਮਸਾਜ਼ ਮੁਜ਼ੱਫਰ ਅਲੀ

ਫਿਲਮ 'ਉਮਰਾਓ ਜਾਨ' ਮਿਰਜ਼ਾ ਰੁਸਵਾ ਦੁਆਰਾ ਲਿਖੇ ਨਾਵਲ 'ਉਮਰਾਓ ਜਾਨ ਅਦਾ' ਉਤੇ ਆਧਾਰਤ ਸੀ। ਕਿਹਾ ਜਾਂਦਾ ਹੈ ਕਿ ਇਹ ਸਾਰੀ ਕਹਾਣੀ ਲਖਨਊ ਦੀ ਕੋਠੇ ਵਾਲੀ ਉਮਰਾਓ ਜਾਨ ਨੇ ਖੁਦ ਲਿਖਵਾਈ ਸੀ। ਉਮਰਾਓ ਜਾਨ ਫੈਜ਼ਾਬਾਦ ਦੇ ਕਿਸੇ ਸਰਕਾਰੀ ਕਰਮਚਾਰੀ ਦੇ ਘਰ ਪੈਦਾ ਹੋਈ। ਜਦੋਂ ਉਹ ਮਹਿਜ਼ ਨੌਂ ਸਾਲ ਦੀ ਸੀ, ਤਾਂ ਉਸ ਦੇ ਅੱਬਾ ਦੇ ਦੁਸ਼ਮਣ ਦਿਲਾਵਰ ਖਾਨ ਨੇ ਉਸ ਨੂੰ ਅਗਵਾ ਕਰ ਲਿਆ ਅਤੇ ਲਖਨਊ ਦੇ ਇੱਕ ਕੋਠੇ 'ਤੇ ਲਿਜਾ ਕੇ ਵੇਚ ਦਿੱਤਾ। ਇਹ ਕੋਠਾ ਲਖਨਊ ਦੇ ਅਮੀਰਾਂ ਦਾ ਪੇਸ਼ਾਵਰ ਕੋਠਾ ਸੀ ਜਿੱਥੇ ਉਹ ਆਪਣੇ ਜਿਸਮ ਵਿਚੋਂ ਨਿਕਲ ਕੇ ਰੂਹ ਲਈ ਸਕੂਨ ਤਲਾਸ਼ਦੇ ਹਨ। ਸਕੂਨ ਦਾ ਜ਼ਰੀਆ ਸੀ ਉਮਰਾਓ ਜਾਨ ਦੀ ਸ਼ਾਇਰੀ ਅਤੇ ਗਾਇਕੀ ਜਿਸ ਨੂੰ ਉਹ ਵਿਕਣ ਵਾਲੀ ਸ਼ੈਅ ਵਜੋਂ ਪਛਾਣਦੇ ਸਨ, ਪਰ ਉਮਰਾਓ ਜਾਨ ਦਾ ਇਹ ਦਰਦ, ਇਕਲਾਪਾ ਤੇ ਤੜਫਾਹਟ ਸੀ ਜੋ ਉਸ ਦੀਆਂ ਅਦਾਵਾਂ ਵਿਚੋਂ ਝਲਕਦੀ ਸੀ, ਪਰ ਸਮਾਜ ਵਿਚ ਨੀਵਾਂ ਪੇਸ਼ਾ ਕਰਨ ਵਾਲੀ ਉਚ ਪਾਏ ਦੀ ਸ਼ਾਇਰਾ ਦਾ ਕੀ ਮੁੱਲ ਪਾਇਆ ਜਾ ਸਕਦਾ ਹੈ? ਇਸ ਨੂੰ ਦੂਜੇ ਅਰਥਾਂ ਵਿਚ ਇੰਜ ਵੀ ਸਮਝਿਆ ਜਾ ਸਕਦਾ ਹੈ ਕਿ ਕਈ ਵਾਰ ਕਲਾ ਵੀ ਸਮਾਜਕ ਰੁਤਬੇ ਦੀਆਂ ਨੀਵੀਆਂ ਵਲਗਣਾਂ ਦੀ ਮੁਹਤਾਜ ਬਣ ਕੇ ਰਹਿ ਸਕਦੀ ਹੈ। ਉਮਰਾਓ ਜਾਨ ਦੀ ਜ਼ਿੰਦਗੀ ਵਿਚ ਕਈ ਮਰਦ ਆਏ ਜਿਨ੍ਹਾਂ ਨਾਲ ਉਸ ਨੇ ਪੇਸ਼ਾਵਰ ਤੌਰ 'ਤੇ 'ਪਿਆਰ' ਕੀਤਾ ਪਰ 'ਪਿਆਰ' ਦੀ ਅਦਾਇਗੀ ਵੀ ਪੇਸ਼ਗੀ ਲਈ। ਨਾਵਲ ਦੀ ਕਹਾਣੀ ਵਿਚ ਉਮਰਾਓ ਜਾਨ ਆਖਦੀ ਹੈ- ਨਾ ਤਾਂ ਮੈਂ ਕਿਸੇ ਨੂੰ ਪਿਆਰ ਕੀਤਾ ਅਤੇ ਨਾ ਹੀ ਕਿਸੇ ਨੇ ਮੈਨੂੰ ਦਿਲੋਂ ਪਿਆਰ ਕੀਤਾ।


ਅਦਾਕਾਰਾ ਰੇਖਾ

ਇਸ ਫਿਲਮ ਲਈ ਨਾਇਕਾ ਰੇਖਾ ਨੂੰ ਖੂਬ ਤਾਰੀਫ ਮਿਲੀ, ਪਰ ਕਈ ਆਲੋਚਕਾਂ ਅਨੁਸਾਰ ਉਸ ਦੀ ਅਦਾਕਾਰੀ ਸਾਧਾਰਨ ਸੀ। ਫਿਲਮ ਦੀ ਸਭ ਤੋਂ ਵੱਡੀ ਖਾਸੀਅਤ ਮੁਜ਼ੱਫਰ ਅਲੀ ਦੁਆਰਾ ਲਖਨਊ ਦੀ ਨਫਾਸਤ ਅਤੇ ਤਹਿਜ਼ੀਬ ਨੂੰ ਪਰਦੇ 'ਤੇ ਜ਼ਿੰਦਾ ਕਰਨਾ ਸੀ। ਇਸ ਲਈ ਉਨ੍ਹਾਂ ਫਿਲਮ ਵਿਚ ਵਰਤੀ ਭਾਸ਼ਾ ਦੇ ਉਰਦੂ ਰੰਗ, ਕੋਠਿਆਂ ਦੀ ਸਜਾਵਟ, ਰਈਸਾਂ-ਨਵਾਬਾਂ ਦੀ ਮਨਸੂਈ ਹੈਂਕੜ ਅਤੇ ਸਮਾਜਕ ਤੌਰ 'ਤੇ ਕੋਠਿਆਂ ਪ੍ਰਤੀ ਖਿੱਚ ਭਰੀ ਨਫਰਤ ਨੂੰ ਬਹੁਤ ਬਰੀਕੀ ਨਾਲ ਪੇਸ਼ ਕੀਤਾ।

ਉਮਰਾਓ ਜਾਨ ਲਖਨਊ ਦੀ ਉਹ ਬੇਬਾਕ ਰੂਹ ਹੈ ਜੋ ਇਸ ਸ਼ਹਿਰ ਦੀਆਂ ਰਗਾਂ ਵਿਚ ਲਹੂ ਨੂੰ ਰਵਾਂ ਰੱਖਦੀ ਹੈ। ਉਹ ਫਿਲਮਸਾਜ਼ ਮੁਜ਼ੱਫਰ ਅਲੀ ਵੱਲੋਂ ਲਖਨਊ ਦੇ ਅਦਬ ਨੂੰ ਦਿੱਤੀ ਲੋਰੀ ਹੈ।

# ਮਾਵਰਾ ਹੁਸੈਨ ਦਾ ਹੁਸਨ



ਪੰਜ ਫਰਵਰੀ ਨੂੰ ਇਕ ਹੋਰ ਪਾਕਿਸਤਾਨੀ ਸੁੰਦਰੀ ਹਿੰਦੀ ਫਿਲਮਾਂ ਦਾ ਸ਼ਿੰਗਾਰ ਬਣ ਗਈ। ਮਾਵਰਾ ਹਸਨ ਅਤੇ ਹਰਸ਼ਵਰਧਨ ਰਾਣੇ ਦੀ ਫਿਲਮ 'ਸਨਮ ਤੇਰੀ ਕਸਮ' ਰਿਲੀਜ਼ ਹੋ ਗਈ ਹੈ। ਭਾਰਤ ਤੇ ਪਾਕਿਸਤਾਨ, ਦੋਹਾਂ ਮੁਲਕਾਂ ਵਿਚ ਇਸ ਫਿਲਮ ਬਾਰੇ ਬੜੀ ਉਤਸੁਕਤਾ ਸੀ। ਕੁਝ ਸਮੇਂ ਤੋਂ ਦੋਹਾਂ ਮੁਲਕਾਂ ਦੇ ਸਬੰਧ ਕੁਝ ਕੁ ਤਲਖ ਹੋ ਗਏ ਸਨ ਅਤੇ ਦੋਹਾਂ ਮੁਲਕਾਂ ਦੀਆਂ ਕੱਟੜ ਜਥੇਬੰਦੀਆਂ ਮਾਨੋ ਡਾਂਗਾਂ ਲੈ ਕੇ ਕਲਾਕਾਰਾਂ ਪਿੱਛੇ ਪੈ ਗਈਆਂ ਸਨ। ਤੇਈ ਵਰ੍ਹਿਆਂ ਦੀ ਮਾਵਰਾ ਹਸਨ ਦਾ ਇਸ ਬਾਰੇ ਕਹਿਣਾ ਹੈ ਕਿ ਕਿਸੇ ਕਲਾਕਾਰ ਲਈ ਕੋਈ ਹੱਦ ਜਾਂ ਸਰਹੱਦ ਨਹੀਂ ਹੁੰਦੀ। ਉਹ ਖੁਸ਼ ਹੈ ਕਿ ਉਸ ਨੂੰ ਹਿੰਦੀ ਫਿਲਮ ਵਿਚ ਕੰਮ ਕਰਨ ਦਾ ਮੌਕਾ ਮਿਲਿਆ। ਉਸ ਮੁਤਾਬਕ, ਦੋਹਾਂ ਮੁਲਕਾਂ ਦੇ ਕਲਾਕਾਰਾਂ ਵਿਚਕਾਰ ਜਿੰਨਾ ਰਾਬਤਾ ਬਣੇ, ਉਨਾ ਥੋੜ੍ਹਾ ਹੈ। ਦੋਹਾਂ ਮੁਲਕਾਂ ਵਿਚਕਾਰਲੇ ਤਣਾਅ ਵਾਲੇ ਸਬੰਧਾਂ ਨੂੰ ਉਹ ਆਰਜ਼ੀ ਆਖਦੀ ਹੈ। ਉਹ ਕਹਿੰਦੀ ਹੈ ਕਿ ਹੁਣ ਸਾਂਝ ਤੋਂ ਬਗੈਰ ਦੋਹਾਂ ਮੁਲਕਾਂ ਦਾ ਸਰਨਾ ਹੀ ਨਹੀਂ ਹੈ ਅਤੇ ਇਸ ਸਾਂਝ ਵਿਚ ਕਲਾਕਾਰਾਂ ਦੀ ਸਾਂਝ ਅਹਿਮ ਹੋਵੇਗੀ।

ਚੇਤੇ ਰਹੇ ਕਿ ਮਾਵਰਾ ਹਸਨ ਪਾਕਿਸਤਾਨ ਵਿਚ ਵਾਹਵਾ ਮਸ਼ਹੂਰ ਹੈ ਅਤੇ ਪਾਕਿਸਤਾਨੀ ਲੜੀਵਾਰਾਂ ਵਿਚ ਉਸ ਦੀ ਚੜ੍ਹਤ ਬਥੇਰੀ ਹੈ। ਪਾਕਿਸਤਾਨ ਦੀਆਂ ਕੱਟੜ ਜਥੇਬੰਦੀਆਂ ਵੱਲੋਂ ਹਿੰਦੀ ਫਿਲਮ 'ਫੈਂਟਮ' ਦੇ ਕੀਤੇ ਜਾ ਰਹੇ ਵਿਰੋਧ ਖਿਲਾਫ ਬੋਲਣ 'ਤੇ ਇਹ ਜਥੇਬੰਦੀਆਂ ਉਸ ਦੇ ਮਗਰ ਪੈ ਗਈਆਂ ਸਨ, ਪਰ ਉਸ ਨੇ ਇਨ੍ਹਾਂ ਜਥੇਬੰਦੀਆਂ ਦੇ ਕੂੜ ਪ੍ਰਚਾਰ ਦਾ ਡਟ ਕੇ ਮੁਕਾਬਲਾ ਕੀਤਾ। ਇਸ ਤੋਂ ਬਾਅਦ ਸਨਅਤ ਨਾਲ ਜੁੜੇ ਹੋਰ ਲੋਕ ਵੀ ਉਸ ਨਾਲ ਆਣ ਜੁੜੇ ਅਤੇ ਹੌਲੀ-ਹੌਲੀ ਕਾਫਲਾ ਬਣ ਗਿਆ।

# ਮਹੇਸ਼ ਭੱਟ ਦੀ 'ਅਰਥ' ਪਾਕਿਸਤਾਨ ਵਿਚ

ਫਿਲਮਸਾਜ਼ ਮਹੇਸ਼ ਭੱਟ ਦੀ 1982 ਵਿਚ ਬਣੀ ਫਿਲਮ 'ਅਰਥ' ਪਾਕਿਸਤਾਨ ਪੁੱਜ ਗਈ ਹੈ। ਪਾਕਿਸਤਾਨ ਦਾ ਪ੍ਰੋਡਿਊਸਰ ਅਤੇ ਡਿਸਟਰੀਬਿਊਟਰ ਹਮਾਦ ਚੌਧਰੀ ਇਹ ਫਿਲਮ ਬਣਾ ਰਿਹਾ ਹੈ। ਫਿਲਮ ਨੂੰ ਨਿਰਦੇਸ਼ਨ 'ਖੁਦਾ ਕੇ ਲੀਏ' ਵਾਲਾ ਫਿਲਮਸਾਜ਼ ਸ਼ਾਨ ਸ਼ਾਹਿਦ ਦੇਵੇਗਾ ਅਤੇ ਉਹ ਫਿਲਮ ਵਿਚ ਮੁਖ ਕਿਰਦਾਰ ਵੀ ਨਿਭਾਏਗਾ। ਇਸ ਤੋਂ ਫਿਲਮ ਵਿਚ ਹੁਮੈਮਾ ਮਲਿਕ, ਮੋਹਿਬ ਮਿਰਜ਼ਾ ਅਤੇ ਉਜ਼ਮਾ ਹਸਨ ਵੀ ਵੱਖ-ਵੱਖ ਕਿਰਦਾਰ ਨਿਭਾਉਣਗੇ। ਮਹੇਸ਼ ਭੱਟ ਇਸ ਪ੍ਰੋਜੈਕਟ ਤੋਂ ਬਾਗੋ-ਬਾਗ ਹੈ ਅਤੇ ਉਸ ਨੇ ਦਿਲ ਖੋਲ੍ਹ ਕੇ ਐਲਾਨ ਕੀਤਾ ਹੈ ਕਿ ਸ਼ਾਨ ਸ਼ਾਹਿਦ ਤੇ ਹਮਾਦ ਚੌਧਰੀ ਲੋੜ ਮੁਤਾਬਕ ਕੋਈ ਤਬਦੀਲੀ ਕਰ ਸਕਦੇ ਹਨ। ਇਹ ਫਿਲਮ ਇਸੇ ਸਾਲ ਰਿਲੀਜ਼ ਕੀਤੀ ਜਾ ਰਹੀ ਹੈ।

ਯਾਦ ਰਹੇ ਕਿ 'ਅਰਥ' ਵਿਚ ਸ਼ਬਾਨਾ ਆਜ਼ਮੀ, ਸਮਿਤਾ ਪਾਟਿਲ ਤੇ ਕੁਲਭੂਸ਼ਨ ਖਰਬੰਦਾ ਨੇ ਮੁੱਖ ਕਿਰਦਾਰ ਨਿਭਾਏ ਸਨ ਅਤੇ ਇਹ ਫਿਲਮ ਮਨੁੱਖੀ ਰਿਸ਼ਤਿਆਂ 'ਤੇ ਆਧਾਰਿਤ ਹੈ। ਇਸ ਵਿਚ ਬੇਵਫਾਈ ਅਤੇ ਵਿਆਹ ਦਾ ਬਿਰਤਾਂਤ ਨਾਲੋ-ਨਾਲ ਚੱਲਦਾ ਹੈ।



ਸ਼ਾਨ ਸ਼ਾਹਿਦ ਅਤੇ (ਸੱਜੇ) ਮਹੇਸ਼ ਭੱਟ।

# Amolak Singh Gakhal & Brothers

## Present

## A Smeep Kang Film

# vaisakhi list




***Ad Sponsored by Punjab Times***

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

## Real Estate and Loans Under One Roof

ਪਿਛਲੇ 28 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

**Selling Homes from Gilroy to Sacramento, CA**

**Call us before visiting any model homes to save big time.**

### JUST SOLD

1. 3222 Pumpherston Way, San Jose, CA 95148
2. 3236 Ormande Ct., Tracy, CA 95377
3. 3136 Ormonde Dr., Tracy CA 95377
4. 1492 Christina Ct., Hayward, CA94545
5. 4709 Valencia Way, Union City, CA 94587
6. 3313 Oak Bluff Ct., Dublin, CA 94568
7. 816 Climbing Rose Ct., Hayward, CA 94544
8. 32526 Endeavour Way, Union City, CA 94587
9. 916 Brook Way, Gilroy, CA 95020
10. 4205 Lunar Way, Union City, CA 94587
11. 4124 Polaris Ave., Union City, CA 94587
12. 4105 Pluto Way, Union City, CA 94587
13. 49077 Tomahawk Pl Fremont, CA 94539
14. 3155 Courthouse Drive, Union City, CA 94587
15. 2781 Determine Drive, Atwater, CA 95301
16. 105 Machado Ct., Tracy, CA 95376
17. 2622 Daniel Hansen Way, Tracy, CA 95377

**Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



**Jaswinder Gill** M.Sc (PAU)
CA BRE# 00966763
Broker/Owner/Notary

Grand Master Award Winner 2012, 2013 & 2014

Commercial Unit
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

**Follow us on zillow.com and trulia.com**

## Purchase Loan and Refinance

15 & 30 Yr Fixed Rates Are Still Better!!!
5/1, 7/1 ARM are also attractive Refinance Now At Zero Cost

Call Sukhi Gill DHMS, Loan Broker @ 510-207-9067 CA BRE Lic.#01180969 NMLS# 352095